ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES
West/East Coast Edition | Volume 22 | Issue 155| 25 Dec. to 31 Dec., 2024 | Ph.: (510) 240-5949 | Email: asrtimes@gmail.com

# ਫ਼ਤਹਿਗੜ੍ਹ ਸਾਹਿਬ ਵਿਖੇ ਮਾਤਾ ਗੁਜਰ ਕੌਰ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਸ਼ਹੀਦੀ ਸਭਾ ਸ਼ੁਰੂ

## ਮਹਾਨ ਸ਼ਹੀਦਾਂ ਨੂੰ ਸਿਜਦਾ ਕਰਨ ਲਈ ਸ਼ਰਧਾਲੂਆਂ ਦਾ ਆਇਆ ਸੈਲਾਬ

## ਸੰਗਤਾਂ ਨੇ ਵੱਖ-ਵੱਖ ਥਾਵਾਂ 'ਤੇ ਲਗਾਏ ਲੰਗਰ





ਫ਼ਤਹਿਗੜ੍ਹ ਸਾਹਿਬ/ ਏ.ਟੀ.ਨਿਊਜ਼: ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ, ਬਾਬਾ ਫ਼ਤਹਿ ਸਿੰਘ ਅਤੇ ਮਾਤਾ ਗੁਜਰ ਕੌਰ ਜੀ ਦੀ ਅਦੁੱਤੀ ਸ਼ਹਾਦਤ ਨੂੰ ਸਿਜਦਾ ਕਰਨ ਲਈ ਫਤਿਹਗੜ੍ਹ ਸਾਹਿਬ ਦੀ ਧਰਤੀ 'ਤੇ ਲੱਗਣ ਵਾਲੀ ਸਲਾਨਾ ਤਿੰਨ ਰੋਜ਼ਾ ਸ਼ਹੀਦੀ ਸਭਾ ਅੱਜ ਗੁਰਦੁਆਰਾ ਸ੍ਰੀ ਜੋਤੀ ਸਰੂਪ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੀ ਆਰੰਭਤਾ ਨਾਲ ਰਸਮੀ ਤੌਰ 'ਤੇ ਸ਼ੁਰੂ ਹੋ ਗਈ ਹੈ। ਇਸ ਮੌਕੇ ਗੁਰਦੁਆਰਾ ਸ੍ਰੀ ਜੋਤੀ ਸਰੂਪ ਸਾਹਿਬ ਦੇ ਹੈਡ ਗ੍ਰੰਥੀ ਭਾਈ ਅਤਰ ਸਿੰਘ ਨੇ ਸ੍ਰੀ ਅਖੰਡ ਪਾਠ ਸਾਹਿਬ ਦੀ ਆਰੰਭਤਾ ਦੀ ਅਰਦਾਸ ਕੀਤੀ।

ਕੜਾਕੇ ਦੀ ਠੰਡ 'ਚ ਵੱਡੀ ਗਿਣਤੀ ਸੰਗਤ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਸਿਜਦਾ ਕਰਨ ਲਈ ਫ਼ਤਹਿਗੜ੍ਹ ਸਾਹਿਬ ਵਿਖੇ ਪੁੱਜਣੀ ਸ਼ੁਰੂ ਹੋ ਗਈ ਹੈ। ਸ਼ਰਧਾਲੂਆਂ ਵੱਲੋਂ ਥਾਂ-ਥਾਂ 'ਤੇ ਲੰਗਰ ਲਗਾਏ ਗਏ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਾਰੇ ਪ੍ਰਬੰਧਾਂ ਦਾ ਜਾਇਜ਼ਾ ਲੈਣ ਉਪਰੰਤ ਕਿਹਾ ਕਿ ਸ਼ਰਧਾਲੂਆਂ ਨੂੰ ਕੋਈ ਮੁਸ਼ਕਿਲ ਨਹੀਂ ਆਉਂਣ ਦਿੱਤੀ ਜਾਵੇਗੀ। ਗੁਰਦੁਆਰੇ ਦੇ ਮੈਨੇਜਰ ਗੁਰਦੀਪ ਸਿੰਘ ਨੇ ਦੱਸਿਆ ਕਿ ਅੱਜ ਗੁਰਦੁਆਰਾ ਸ੍ਰੀ ਜੋਤੀ ਸਰੂਪ ਸਾਹਿਬ 'ਚ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣ ਨਾਲ ਸ਼ਹੀਦੀ ਸਭਾ ਦੀ ਰਸਮੀ ਸ਼ੁਰੂਆਤ ਹੋ ਗਈ ਹੈ, ਜਿਨ੍ਹਾਂ ਦੇ ਭੋਗ 27 ਦਸੰਬਰ ਨੂੰ ਪਾਏ ਜਾਣਗੇ। ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੇ ਮੈਬਰ ਰਵਿੰਦਰ ਸਿੰਘ ਖਾਲਸਾ ਅਤੇ ਸਾਬਕਾ




ਜੂਨੀਅਰ ਮੀਤ ਪ੍ਰਧਾਨ ਅਵਤਾਰ ਸਿੰਘ ਨੇ ਦੱਸਿਆ ਕਿ ਅੱਜ ਤੋਂ 28 ਦਸੰਬਰ ਤੱਕ ਦਿਨ-ਰਾਤ ਧਾਰਮਿਕ ਦੀਵਾਨ ਸਜਾਏ ਜਾਣਗੇ, ਜਿਨ੍ਹਾਂ ਵਿੱਚ ਪੰਥਕ ਸ਼ਖ਼ਸੀਅਤਾਂ ਤੋਂ ਇਲਾਵਾ ਪ੍ਰਸਿੱਧ ਵਿਦਵਾਨ, ਰਾਗੀ, ਢਾਡੀ, ਕਵੀਸ਼ਰ ਅਤੇ ਪ੍ਰਚਾਰਕ ਸੰਗਤ ਨੂੰ ਗੁਰ ਇਤਿਹਾਸ ਤੋਂ ਜਾਣੂ ਕਰਵਾਉਣਗੇ। ਉਨ੍ਹਾਂ ਦੱਸਿਆ ਕਿ 26 ਦਸੰਬਰ ਦੀ ਰਾਤ ਨੂੰ 9 ਵਜੇ ਵਿਸ਼ੇਸ਼ ਕਵੀ ਸਮਾਗਮ ਹੋਵੇਗਾ ਅਤੇ 27 ਦਸੰਬਰ ਨੂੰ ਸਵੇਰੇ 9 ਵਜੇ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਤੋਂ ਨਗਰ ਕੀਰਤਨ ਸਜਾਇਆ ਜਾਵੇਗਾ, ਜਿਸ ਦੀ ਦੁਪਹਿਰ 12 ਵਜੇ ਗੁਰਦੁਆਰਾ ਸ੍ਰੀ ਜੋਤੀ ਸਰੂਪ ਸਾਹਿਬ 'ਚ ਸੰਪੂਰਨਤਾ ਹੋਵੇਗੀ। ਇਸੇ ਤਰ੍ਹਾਂ 27 ਦਸੰਬਰ ਨੂੰ ਦੁਪਹਿਰ 12 ਵਜੇ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ 'ਚ ਅੰਮ੍ਰਿਤ ਸੰਚਾਰ ਕਰਵਾਇਆ ਜਾਵੇਗਾ। ਸਾਹਿਬਜ਼ਾਦਿਆਂ ਦੇ ਲਾਸਾਨੀ ਜੀਵਨ ਤੇ ਸ਼ਹੀਦੀ ਸਫ਼ਰ ਦੀ ਅਦੁੱਤੀ ਕਥਾ 28 ਦਸੰਬਰ ਤੱਕ ਅੰਮ੍ਰਿਤ ਵੇਲੇ ਮੁੱਖ ਦਰਬਾਰ ਹਾਲ ਵਿੱਚ ਭਾਈ ਹਰਪਾਲ ਸਿੰਘ ਹੈੱਡ ਗ੍ਰੰਥੀ ਵੱਲੋਂ ਕੀਤੀ ਜਾਵੇਗੀ।

ਫ਼ਤਹਿਗੜ੍ਹ ਸਾਹਿਬ ਦੀ ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸ਼ਨ ਵੱਲੋਂ ਸੰਗਤ ਦੀ ਸਹੂਲਤ ਲਈ ਲਗਭਗ 100 ਮੁਫਤ ਬੱਸਾਂ ਤੇ ਈ. ਰਿਕਸ਼ਾ ਦਾ ਪ੍ਰਬੰਧ ਕੀਤਾ ਗਿਆ ਹੈ। 06 ਪੁੱਛਗਿੱਛ ਕੇਂਦਰ ਤੇ 05 ਰੈਣ ਬਸੇਰਿਆਂ ਦਾ ਪ੍ਰਬੰਧ ਵੀ ਕੀਤਾ ਗਿਆ ਹੈ। ਪਹਿਲੀ ਵਾਰ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਵੀ ਇੱਕ ਰੈਣ ਬਸੇਰਾ ਸਥਾਪਤ ਕੀਤਾ ਗਿਆ ਹੈ ਜਿਥੇ ਕਿ ਬਜ਼ੁਰਗ, ਔਰਤਾਂ ਤੇ ਬੱਚਿਆਂ ਦੇ ਆਰਾਮ ਕਰਨ ਲਈ ਪ੍ਰਬੰਧ ਕੀਤਾ ਗਿਆ ਹੈ। ਡਾ: ਸੋਨਾ ਥਿੰਦ ਨੇ ਦੱਸਿਆ ਕਿ ਸ਼ਹੀਦੀ ਸਭਾ ਦੌਰਾਨ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਵਿਕਾਸ ਪ੍ਰਦਰਸ਼ਨੀ ਲਗਾਈ ਜਾਵੇਗੀ ਅਤੇ ਆਮ ਖਾਸ ਬਾਗ ਵਿਖੇ ਇਤਿਹਾਸਕ ਨਾਟਕ 'ਜਿੰਦਾਂ ਨਿੱਕੀਆਂ' ਦੀ ਪੇਸ਼ਕਾਰੀ ਕੀਤੀ ਜਾਵੇਗੀ। ਉਨ੍ਹਾਂ ਸ਼ਹੀਦੀ ਸਭਾ ਦੌਰਾਨ ਦੇਸ਼ ਵਿਦੇਸ਼ ਤੋਂ ਆਉਣ ਵਾਲੀ ਸੰਗਤ ਨੂੰ ਅਪੀਲ ਕੀਤੀ ਕਿ ਸ਼ਹੀਦੀ ਸਭਾ ਦੌਰਾਨ ਟਰੈਕਟਰਾਂ ਤੇ ਟਰਾਲੀਆਂ ਉੱਤੇ ਉੱਚੀ ਆਵਾਜ਼ ਵਿੱਚ ਲਾਊਡ ਸਪੀਕਰ ਨਾ ਚਲਾਏ ਜਾਣ ਤਾਂ ਜੋ ਸੰਗਤ ਨੂੰ ਕੋਈ ਮੁਸ਼ਕਿਲ ਪੇਸ਼ ਨਾ ਆਵੇ।

**(ਬਾਕੀ ਸਫ਼ਾ 30 'ਤੇ)**




## ਬੀਬੀ ਜਗੀਰ ਕੌਰ ਨੂੰ ਅਪਸ਼ਬਦ ਬੋਲਣ ਦਾ ਮਾਮਲਾ

# ਪੰਜ ਪਿਆਰਿਆਂ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਲਗਾਈ ਧਾਰਮਿਕ ਸਜ਼ਾ

ਅੰਮ੍ਰਿਤਸਰ/ਏ.ਟੀ.ਨਿਊਜ਼: ਬੀਬੀ ਜਗੀਰ ਕੌਰ ਨੂੰ ਬੋਲੇ ਗਏ ਅਪਸ਼ਬਦਾਂ ਦੇ ਮਾਮਲੇ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅੱਜ ਸ੍ਰੀ ਅਕਾਲ ਤਖ਼ਤ ਦੇ ਪੰਜ ਪਿਆਰਿਆਂ ਕੋਲ ਪੇਸ਼ ਹੋਏ ਹਨ, ਜਿਨ੍ਹਾਂ ਨੇ ਉਨ੍ਹਾਂ ਨੂੰ ਸੰਗਤਾਂ ਦੇ ਜੋੜੇ ਸਾਫ ਕਰਨ, ਲੰਗਰ ਦੇ ਜੂਠੇ ਬਰਤਨ ਮਾਂਜਣ ਅਤੇ ਜਪੁਜੀ ਸਾਹਿਬ ਦਾ ਪਾਠ ਕਰਨ ਦੀ ਤਨਖ਼ਾਹ ਲਾਈ ਹੈ। ਇਸ ਤੋਂ ਬਾਅਦ ਐਡਵੋਕੇਟ ਧਾਮੀ ਨੇ ਲਾਈ ਗਈ ਤਨਖ਼ਾਹ ਦੀ ਪੂਰਤੀ ਵਾਸਤੇ ਸ੍ਰੀ ਹਰਿਮੰਦਰ ਸਾਹਿਬ ਦੇ ਜੋੜਾ ਘਰ ਵਿੱਚ ਬੈਠ ਕੇ ਸੰਗਤਾਂ ਦੇ ਜੋੜੇ ਸਾਫ ਕੀਤੇ ਹਨ।

ਦੱਸਣਯੋਗ ਹੈ ਕਿ ਐਡਵੋਕੇਟ ਧਾਮੀ ਨੇ ਬੀਤੇ ਦਿਨੀਂ ਬੀਬੀ ਜਗੀਰ ਕੌਰ ਦੇ ਖਿਲਾਫ ਇਤਰਾਜ਼ਯੋਗ ਸ਼ਬਦ ਬੋਲੇ ਸਨ। ਬਾਅਦ ਵਿੱਚ ਆਪਣੀ ਗ਼ਲਤੀ ਦਾ ਅਹਿਸਾਸ ਕਰਦਿਆ ਉਨ੍ਹਾਂ ਇਸ ਮਾਮਲੇ ਵਿੱਚ



ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਪੱਤਰ ਦੇ ਕੇ ਮੁਆਫ਼ੀ ਮੰਗੀ ਸੀ ਅਤੇ ਇਸ ਮਾਮਲੇ ਵਿੱਚ ਬੀਬੀ ਜਗੀਰ ਕੌਰ ਕੋਲੋਂ ਵੀ ਜਨਤਕ ਤੌਰ 'ਤੇ ਮੁਆਫ਼ੀ ਮੰਗ ਲਈ ਸੀ। ਇਸ ਮਾਮਲੇ ਵਿੱਚ ਪੰਜਾਬ ਰਾਜ ਮਹਿਲਾ ਕਮਿਸ਼ਨ ਨੇ ਵੀ ਉਨ੍ਹਾਂ ਨੂੰ ਸੰਮਨ ਜਾਰੀ ਕੀਤੇ ਸਨ, ਜਿੱਥੇ ਉਨ੍ਹਾਂ ਹੋਈ ਗ਼ਲਤੀ ਦਾ ਸਪਸ਼ਟੀਕਰਨ ਦਿੱਤਾ ਸੀ। ਅੱਜ ਇਸ ਮਾਮਲੇ ਵਿੱਚ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਮਿਲਣ ਗਏ ਅਤੇ ਜਿਨ੍ਹਾਂ ਦੇ ਆਦੇਸ਼ ਅਨੁਸਾਰ ਉਹ ਮਗਰੋਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਪਿਆਰਿਆਂ ਦੇ ਸਨਮੁਖ ਪੇਸ਼ ਹੋਏ। ਇਸ ਦੌਰਾਨ ਪੰਜ ਪਿਆਰਿਆਂ ਵੱਲੋਂ ਐਡਵੋਕੇਟ ਧਾਮੀ ਨੂੰ ਇੱਕ ਘੰਟਾ ਜੋੜਾ ਘਰ ਵਿੱਚ ਜੋੜੇ ਸਾਫ਼ ਕਰਨ, ਇੱਕ ਘੰਟਾ ਲੰਗਰ ਵਿਖੇ ਬਰਤਨ ਮਾਂਜਣ ਦੀ ਸੇਵਾ ਕਰਨ ਦੇ ਨਾਲ-ਨਾਲ ਪੰਜ ਜਪੁਜੀ ਸਾਹਿਬ ਦੇ ਪਾਠ ਕਰਨ ਉਪਰੰਤ 500 ਰੁਪਏ ਦੀ ਦੇਗ ਕਰਵਾ ਕੇ ਅਰਦਾਸ ਕਰਵਾਉਣ ਦਾ ਆਦੇਸ਼ ਕੀਤਾ ਹੈ।

ਇਸੇ ਦੌਰਾਨ ਐਡਵੋਕੇਟ ਧਾਮੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ ਮੰਨਦਿਆਂ ਜੋੜਾ ਘਰ ਅਤੇ ਲੰਗਰ ਸ੍ਰੀ ਗੁਰੂ ਰਾਮਦਾਸ ਜੀ ਵਿਖੇ ਆਪਣੀ ਸੇਵਾ ਸੰਪੂਰਨ ਕੀਤੀ।

# ਅਮਰੀਕਨ ਡੀਪ ਸਟੇਟ ਕੀ ਹੈ ? ਜਿਸ ’ਤੇ ਬੀਜੇਪੀ ਨੇ ਲਾਏ ਸਨ ਗੰਭੀਰ ਦੋਸ਼

## ਅਮਰੀਕਾ ਵਿੱਚ ਕਿਵੇਂ ਮਿਲਦੀ ਹੈ ਡੀਪ ਸਟੇਟ ਨੂੰ ਤਾਕਤ ?

ਵਾਸ਼ਿੰਗਟਨ/ਏ.ਟੀ.ਨਿਊਜ਼: ਭਾਰਤੀ ਜਨਤਾ ਪਾਰਟੀ ਨੇ ਹਾਲ ਹੀ ਵਿੱਚ ਅਮਰੀਕੀ ਵਿਦੇਸ਼ ਵਿਭਾਗ ਅਤੇ ਵਾਸ਼ਿੰਗਟਨ ਵਿੱਚ ਡੀਪ ਸਟੇਟ ਤੱਤਾਂ ’ਤੇ ਭਾਰਤ ਨੂੰ ਅਸਥਿਰ ਕਰਨ ਦੀ ਕੋਸ਼ਿਸ਼ ਕਰਨ ਦਾ ਦੋਸ਼ ਲਗਾਇਆ ਸੀ। ਭਾਜਪਾ ਨੇ ਖੋਜੀ ਪੱਤਰਕਾਰਾਂ ਦੇ ਇੱਕ ਸਮੂਹ ਅਤੇ ਵਿਰੋਧੀ ਕਾਂਗਰਸ ਪਾਰਟੀ ’ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਰਕਾਰ ਉਪਰ ਹਮਲਾ ਕਰਨ ਲਈ ਅਮਰੀਕੀ ਡੀਪ ਸਟੇਟ ਨਾਲ ਸਹਿਯੋਗ ਕਰਨ ਦਾ ਦੋਸ਼ ਵੀ ਲਗਾਇਆ। ਇਹ ਦੋਸ਼ ਹੈਰਾਨੀਜਨਕ ਸਨ ਕਿਉਂਕਿ ਦੋਵਾਂ ਦੇਸ਼ਾਂ ਨੇ ਹਾਲ ਹੀ ਦੇ ਸਾਲਾਂ ਵਿੱਚ ਸਿਆਸੀ, ਆਰਥਿਕ ਅਤੇ ਰੱਖਿਆ ਸਬੰਧਾਂ ਨੂੰ ਹੁਲਾਰਾ ਦੇਣ ਲਈ ਬਹੁਤ ਕੁਝ ਕੀਤਾ ਹੈ। ਅਜਿਹੇ ਵਿੱਚ ਸਵਾਲ ਇਹ ਉੱਠਦਾ ਹੈ ਕਿ ਅਮਰੀਕੀ ਡੀਪ ਸਟੇਟ ਕੀ ਹੈ ਅਤੇ ਕੀ ਡੋਨਾਲਡ ਟਰੰਪ ਦੇ ਸੱਤਾ ਵਿੱਚ ਆਉਣ ਨਾਲ ਇਹ ਕਮਜ਼ੋਰ ਹੋ ਜਾਵੇਗਾ ?



ਅਮਰੀਕਾ ਡੀਪ ਸਟੇਟ ਕੀ ਹੈ ?

ਡੀਪ ਸਟੇਟ ਸ਼ਬਦ, 1990 ਦੇ ਦਹਾਕੇ ਵਿੱਚ, ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪਹਿਲੇ ਕਾਰਜਕਾਲ ਦੌਰਾਨ ਪ੍ਰਸਿੱਧ ਹੋਇਆ ਸੀ। ਖਾਸ ਤੌਰ ’ਤੇ ਅਮਰੀਕੀ ਚੋਣਾਂ ਵਿੱਚ ਰੂਸੀ ਮਿਲੀਭੁਗਤ ਨੂੰ ਲੈ ਕੇ ਡੀਪ ਸਟੇਟ ’ਤੇ ਕਈ ਗੰਭੀਰ ਦੋਸ਼ ਲੱਗੇ ਸਨ। ਟਰੰਪ ਨੇ ਖੁਦ ਇਸ ਲਈ ‘ਡੀਪ ਸਟੇਟ’ ਨੂੰ ਜ਼ਿੰਮੇਵਾਰ ਠਹਿਰਾਇਆ ਸੀ। ਇੱਕ ਯੂ.ਐਸ. ਰਾਜਨੀਤਿਕ ਸਾਜ਼ਿਸ਼ ਸਿਧਾਂਤ ਦੇ ਅਨੁਸਾਰ, ਡੀਪ ਸਟੇਟ ਸੰਘੀ ਸਰਕਾਰ ਦੇ ਮੈਂਬਰਾਂ ਦਾ ਇੱਕ ਗੁਪਤ ਨੈਟਵਰਕ ਹੈ (ਖਾਸ ਤੌਰ ’ਤੇ ਐਫ.ਬੀ.ਆਈ. ਅਤੇ ਸੀ.ਆਈ.ਏ. ਦੇ ਅੰਦਰ) ਜੋ ਉੱਚ-ਪੱਧਰੀ ਵਿੱਤੀ ਅਤੇ ਉਦਯੋਗਿਕ ਸੰਸਥਾਵਾਂ ਅਤੇ ਸਿਆਸਤਦਾਨਾਂ ਨਾਲ ਮਿਲ ਕੇ ਕੰਮ ਕਰਦੇ ਹਨ ਤਾਂ ਜੋ ਚੁਣੀ ਹੋਈ ਸੰਯੁਕਤ ਰਾਜ ਸਰਕਾਰ ਦੇ ਨਾਲ ਜਾਂ ਅੰਦਰ ਸੱਤਾ ਦੀ ਵਰਤੋਂ ਕੀਤੀ ਜਾ ਸਕੇ।

ਡੀਪ ਸਟੇਟ ਸ਼ਬਦ ਦੀ ਸ਼ੁਰੂਆਤ ਕਿਵੇਂ ਹੋਈ ?

ਡੀਪ ਸਟੇਟ ਸ਼ਬਦ ਦੀ ਸ਼ੁਰੂਆਤ 1990 ਦੇ ਦਹਾਕੇ ਵਿੱਚ ਤੁਰਕੀ ਵਿੱਚ ਕਥਿਤ ਤੌਰ ’ਤੇ ਲੰਬੇ ਸਮੇਂ ਤੋਂ ਮੌਜੂਦ ਡੀਪ ਸਟੇਟ ਦੇ ਸੰਦਰਭ ਵਿੱਚ ਹੋਈ ਸੀ, ਪਰ ਇਹ ਓਬਾਮਾ ਪ੍ਰਸ਼ਾਸਨ ਦੇ ਦੌਰਾਨ, ਯੂ.ਐਸ. ਸਰਕਾਰ ਲਈ ਵੀ ਵਰਤਿਆ ਜਾਣ ਲੱਗਾ। 2017 ਅਤੇ 2018 ਵਿੱਚ ਕਰਵਾਏ ਗਏ ਓਪੀਨੀਅਨ ਪੋਲ ਦਰਸਾਉਂਦੇ ਹਨ ਕਿ ਲਗਭਗ ਅੱਧੇ ਅਮਰੀਕੀ ਦੇਸ਼ ਵਿੱਚ ਇੱਕ ਡੀਪ ਸਟੇਟ ਦੀ ਮੌਜੂਦਗੀ ਮੰਨਦੇ ਹਨ।

ਰੋਨਾਲਡ ਰੀਗਨ ਪ੍ਰਸ਼ਾਸਨ ਦੇ ਇੱਕ ਸਾਬਕਾ ਅਧਿਕਾਰੀ ਡਾ. ਪੌਲ ਕ੍ਰੇਗ ਰੌਬਰਟਸ ਨੇ ਆਪਣੀ ਵੈੱਬਸਾਈਟ ’ਤੇ ਲਿਖਿਆ ਕਿ ਅਮਰੀਕੀ ਸਰਕਾਰ ਦੇ ਅੰਦਰ ਡੀਪ ਸਟੇਟ ‘ਜੜ੍ਹ ਡੂੰਘੀ ਅਤੇ ਸੰਸਥਾਗਤ’ ਹੈ, ਜਿਸ ਵਿੱਚ ਰਾਸ਼ਟਰਪਤੀ ਦੇ ਯਤਨਾਂ ਵਿੱਚ ਹੇਰਾਫੇਰ ਕਰਨ ਜਾਂ ਰੁਕਾਵਟ ਪਾਉਣ ਦੇ ਕਈ ਤਰੀਕੇ ਹਨ।

ਵਾਲ ਸਟ੍ਰੀਟ ਦੇ ਵਿਸ਼ਲੇਸ਼ਕ ਚਾਰਲਸ ਓਰਟੇਲ ਨੇ ਅਮਰੀਕੀ ਸਰਕਾਰ ਦੀਆਂ ਗੈਰ-ਕਾਨੂੰਨੀ ਗਤੀਵਿਧੀਆਂ ਨੂੰ ਛੁਪਾਉਣ ਵਿੱਚ ਐਫ.ਬੀ.ਆਈ., ਡੀ.ਓ.ਜੇ. ਅਤੇ ਹੋਰ ਸੰਘੀ ਏਜੰਸੀਆਂ ਦੇ ਅੰਦਰ ਡੀਪ ਸਟੇਟ ਕਾਰਜਕਰਤਾਵਾਂ ਦੀ ਭੂਮਿਕਾ ਨੂੰ ਉਜਾਗਰ ਕੀਤਾ। ਉਸਨੇ ਦੱਸਿਆ ਕਿ ਕਿਸ ਤਰ੍ਹਾਂ ਮੁਖਬਰਾਂ ਨੂੰ ਅਕਸਰ ਨਜ਼ਰਅੰਦਾਜ਼ ਜਾਂ ਚੁੱਪ ਕਰ ਦਿੱਤਾ ਜਾਂਦਾ ਹੈ ਅਤੇ ਕਿਵੇਂ ਦੇਸ਼ ਦੇ ਹਿੱਤਾਂ ਨੂੰ ਨੁਕਸਾਨ ਪਹੁੰਚਾਉਣ ਵਾਲੇ ਸਬੂਤ ਗਾਇਬ ਹੋ ਜਾਂਦੇ ਹਨ।

ਅਮਰੀਕੀ ਸ਼ਾਂਤੀ ਅੰਦੋਲਨ ਦੇ ਕਾਰਕੁਨ ਜੌਹਨ ਆਰ ਵੇਨਬਰਗ ਨੇ ਡੀਪ ਸਟੇਟ ਨੂੰ ਸ਼ਕਤੀਸ਼ਾਲੀ ਰੱਖਿਆ ਕੰਟਰੈਕਟਰਾਂ ਦੁਆਰਾ ਸੰਚਾਲਿਤ ਦੱਸਿਆ। ਉਸ ਨੇ ਇੱਥੋਂ ਤੱਕ ਦਾਅਵਾ ਕੀਤਾ ਕਿ ਦੇਸ਼ ਵਿੱਚ ਫੌਜ ਅਤੇ ਹਥਿਆਰਾਂ ਦੇ ਵਪਾਰ ਨਾਲ ਜੁੜੇ ਲੋਕਾਂ ਕੋਲ ਰਾਸ਼ਟਰਪਤੀ ਨਾਲੋਂ ਵੱਧ ਸ਼ਕਤੀ ਹੈ। ਡੀਪ ਸਟੇਟ ਇਹ ਵੀ ਯਕੀਨੀ ਬਣਾਉਂਦਾ ਹੈ ਕਿ ਅਮਰੀਕੀ ਰਾਜਨੀਤੀ ਵਿੱਚ ਕੋਈ ਤਬਦੀਲੀ ਨਹੀਂ ਹੁੰਦੀ।

### ਡੀਪ ਸਟੇਟ ਦਾ ਅਰਥ ਹੈ ਕੇਵਲ ਧਨ

ਡੀਪ ਸਟੇਟ ਵਜੋਂ ਜਾਣੀ ਜਾਂਦੀ ਰਹੱਸਮਈ ਇਕਾਈ , ਇਸਦੀ ਬਣਤਰ ਜਾਂ ਇਸਦੇ ਖਾਸ ਫੈਸਲੇ ਲੈਣ ਵਾਲੇ ਨੂੰ ਪਰਿਭਾਸ਼ਿਤ ਕਰਨਾ ਚੁਣੌਤੀਪੂਰਨ ਹੈ। ਲਿਲੀ ਫੇਰੀਓਲ ਪ੍ਰੈਟ, ਡਰਬਨ ਯੂਨੀਵਰਸਿਟੀ ਆਫ਼ ਟੈਕਨਾਲੋਜੀ, ਦੱਖਣੀ ਅਫ਼ਰੀਕਾ ਜੋ ਕਿ ਬ੍ਰਿਕਸ ਰਿਸਰਚ ਇੰਸਟੀਚਿਊਟ ਵਿੱਚ ਪ੍ਰੋਜੈਕਟ/ਖੋਜ ਸਹਾਇਕ ਹਨ, ਡੀਪ ਸਟੇਟ ਨੂੰ ਜ਼ਰੂਰੀ ਤੌਰ ’ਤੇ ਇੱਕ ਫ਼ਲਸਫ਼ੇ ਵਜੋਂ ਪਰਿਭਾਸ਼ਿਤ ਕਰਦੀ ਹੈ ਜਿਸ ਵਿੱਚ ਕੁਝ ਲੋਕ ਬਹੁਮਤ ਦੀ ਕੀਮਤ ’ਤੇ ਲਾਭ ਪ੍ਰਾਪਤ ਕਰਦੇ ਹਨ, ਜਿਸ ਨੂੰ ਵਿਭਿੰਨ ਤਰੀਕਿਆਂ ਨਾਲ ਪ੍ਰਗਟ ਕੀਤਾ ਜਾਂਦਾ ਹੈ। ਉਹ ਇਸਦੀ ਸ਼ੁਰੂਆਤ ਯੂਐਸ ਫੈਡਰਲ ਰਿਜ਼ਰਵ ਪ੍ਰਣਾਲੀ ਦੀ ਸਥਾਪਨਾ ਨਾਲ ਜੋੜਦੀ ਹੈ, ਜਿਸ ਨੂੰ ਪੈਸੇ ਛਾਪਣ ਦਾ ਅਧਿਕਾਰ ਦਿੱਤਾ ਗਿਆ ਸੀ। ਇਹ ਡੀਪ ਸਟੇਟ ਸਰਕਾਰ ਦੇ ਨਾਲ ਮਿਲ ਕੇ, ਬਹੁਤ ਸਾਰਾ ਪੈਸਾ ਕਮਾਉਂਦੇਹਨ ਅਤੇ ਇਸ ਵਿੱਚੋਂ ਕੁਝ ਕਾਰਪੋਰੇਟਾਂ ਨੂੰ ਲਾਭ ਪਹੁੰਚਾਉਣ ਲਈ ਖਰਚ ਕਰਦੇ ਹਨ, ਜੋ ਸਰਕਾਰ ਕਾਨੂੰਨੀ ਤੌਰ ’ਤੇ ਨਹੀਂ ਕਰ ਸਕਦੀ।

ਅਮਰੀਕੀ ਡੀਪ ਸਟੇਟ ’ਤੇ ਪੁਤਿਨ ਨੇ ਕੀ ਕਿਹਾ

ਫਰਵਰੀ 2024 ਵਿੱਚ ਅਮਰੀਕੀ ਪੱਤਰਕਾਰ ਟਕਰ ਕਾਰਲਸਨ ਨਾਲ ਇੱਕ ਇੰਟਰਵਿਊ ਵਿੱਚ, ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਅਮਰੀਕੀ ਲੀਡਰਸ਼ਿਪ ਨਾਲ ਗੱਲਬਾਤ ਵਿੱਚ ਚੁਣੌਤੀਆਂ ਬਾਰੇ ਗੱਲ ਕਰਦੇ ਹੋਏ ਡੀਪ ਸਟੇਟ ਦਾ ਜ਼ਿਕਰ ਕੀਤਾ। ਪੁਤਿਨ ਨੇ ਮਈ 2017 ਵਿੱਚ ਫਰਾਂਸੀਸੀ ਪੱਤਰਕਾਰਾਂ ਨੂੰ ਕਿਹਾ, ‘ਮੈਂ ਪਹਿਲਾਂ ਹੀ ਤਿੰਨ ਅਮਰੀਕੀ ਰਾਸ਼ਟਰਪਤੀਆਂ ਨਾਲ ਗੱਲ ਕਰ ਚੁੱਕਾ ਹਾਂ।’ ਉਸ ਨੇ ਕਿਹਾ, ‘ਅਮਰੀਕੀ ਰਾਸ਼ਟਰਪਤੀ ਤਾਂ ਆਉਂਦੇ-ਜਾਂਦੇ ਰਹਿੰਦੇ ਹਨ, ਪਰ ਸਿਆਸਤ ਉਹੀ ਰਹਿੰਦੀ ਹੈ। ਪਤਾ ਨਹੀਂ ਕਿਉਂ ? ਤਾਕਤਵਰ ਨੌਕਰਸ਼ਾਹੀ ਕਾਰਨ। ਜਦੋਂ ਕੋਈ ਵਿਅਕਤੀ ਚੁਣਿਆ ਜਾਂਦਾ ਹੈ ਤਾਂ ਉਸ ਦੇ ਕੁਝ ਖ਼ਿਆਲ ਹੋ ਸਕਦੇ ਹਨ। ਫਿਰ ਲੋਕ ਬ੍ਰੀਫ਼ਕੇਸ ਲੈ ਕੇ ਉਸ ਨੂੰ ਮਿਲਣ ਆਉਂਦੇ ਹਨ। ਚੰਗੇ ਕੱਪੜੇ ਪਾਏ ਹੋਏ, ਗੂੜ੍ਹੇ ਸੂਟ ਪਹਿਨੇ ਹੋਏ...ਇਹ ਲੋਕ ਰਾਸ਼ਟਰਪਤੀ ਨੂੰ ਸਮਝਾਉਂਦੇ ਹਨ ਕਿ ਕੀ ਕਰਨਾ ਹੈ।’ ਪੁਤਿਨ ਨੇ ਅੱਗੇ ਕਿਹਾ, ‘ਅਸੀਂ ਗੱਲ ਕਰਨ ਲਈ ਤਿਆਰ ਹਾਂ। ਪਰ ਕਿਸ ਨਾਲ ? ਗਾਰੰਟੀ ਕੀ ਹੈ ? ਕੋਈ ਗਾਰੰਟੀ ਨਹੀਂ ਹੈ।’

# ਇੰਡੀਅਨ ਸਟੇਟ ਵੱਲੋਂ ਵਿਦੇਸ਼ਾਂ ’ਚ ਸਿੱਖਾਂ ’ਚ ਦਖ਼ਲ ਅੰਦਾਜ਼ੀ ਦਾ ਨਵਾਂ ਪੈਂਤੜਾ

## ਸਿੱਖਾਂ ਨੂੰ ਹਿੰਦੂਤਵ ਦਾ ਅੰਗ ਦੱਸਣ ਵਾਲੀ ਪ੍ਰਦਰਸ਼ਨੀ ਲਾਈ ਤੇ ਹਟਾਈ

## ਸਿੱਖਾਂ ਵੱਲੋਂ ਬੀ.ਸੀ. ਸਰਕਾਰ ਅਤੇ ਸਿਟੀ ਮਿਊਜ਼ਮ ਤੋਂ ਮੁਆਫ਼ੀ ਦੀ ਮੰਗ

ਡਾ. ਗੁਰਵਿੰਦਰ ਸਿੰਘ

ਸਰੀ/ਏ.ਟੀ.ਨਿਊਜ਼: ਇੰਡੀਅਨ ਸਟੇਟ ਵੱਲੋਂ ਵਿਦੇਸ਼ਾਂ ’ਚ ਸਿੱਖਾਂ ਅੰਦਰ ਦਖਲਅੰਦਾਜ਼ੀ ਦੇ ਹਰ ਤਰ੍ਹਾਂ ਦੇ ਢੰਗ ਤਰੀਕੇ ਵਰਤੇ ਜਾ ਰਹੇ ਹਨ। ਜਿੱਥੇ ਇੱਕ ਪਾਸੇ ਕੌਮਾਂਤਰੀ ਪੱਧਰ ’ਤੇ ਸਿੱਖ ਆਗੂਆਂ ’ਤੇ ਹਮਲਿਆਂ ਨੂੰ ਇਸ ਵਿੱਚ ਸ਼ਾਮਿਲ ਕੀਤਾ ਗਿਆ ਹੈ, ਉੱਥੇ ਧਾਰਮਿਕ ਖੇਤਰ ਵਿੱਚ ਦਖਲ ਅੰਦਾਜ਼ੀ ਵੀ ਨਾਲੋ ਨਾਲ ਜਾਰੀ ਹੈ। ਇਸ ਦੀ ਇੱਕ ਮਿਸਾਲ ਸਰੀ ਦੇ ਮਿਊਜ਼ੀਅਮ ਅੰਦਰ ਜਿਸ ਤਰੀਕੇ ਨਾਲ ‘ਹਿੰਦੂ ਸਿਵਿਲਾਈਜੇਸ਼ਨ’ ਦੇ ਸਿਰਲੇਖ ਅਧੀਨ ਸਿੱਖ ਧਰਮ ਨੂੰ ਉਸ ਦਾ ਹਿੱਸਾ ਪੇਸ਼ ਕੀਤਾ ਗਿਆ ਹੈ, ਇਹ ਨਫ਼ਰਤ ਭੜਕਾਉਣ ਦੀ ਸਾਜ਼ਿਸ਼ ਘੜੀ ਗਈ ਹੈ। ਇਸ ਵਿੱਚ ਆਰ.ਐਸ.ਐਸ. ਅਤੇ ਵਿਸ਼ਵ ਹਿੰਦੂ ਪਰਿਸ਼ਦ ਵਰਗੀਆਂ ਤਾਕਤਾਂ ਪ੍ਰਮੁੱਖ ਹਨ, ਜੋ ਬੀ.ਸੀ. ਵਿੱਚ ਵੀ ਭਾਰੂ ਹਨ। ਇਸ ਪ੍ਰਦਰਸ਼ਨੀ ਵਿੱਚ ਜਿਸ ਤਰ੍ਹਾਂ ਸਿੱਖਾਂ ਨੂੰ ਹਿੰਦੂ ਸਿਵਿਲਾਈਜੇਸ਼ਨ ਦਾ ਹਿੱਸਾ ਦਿਖਾਇਆ ਗਿਆ ਹੈ, ਉਹ ਨਾ ਸਿਰਫ਼ ਨਿੰਦਣਯੋਗ ਹੈ, ਬਲਕਿ ਉਸਦੀ ਮੁਕੰਮਲ ਜਾਂਚ ਵੀ ਹੋਣੀ ਚਾਹੀਦੀ ਹੈ। ਇਸ ਪਿੱਛੇ ਜਿਹੜੀਆਂ ਤਾਕਤਾਂ ਸ਼ਾਮਿਲ ਹਨ, ਉਹਨਾਂ ਨੂੰ ਜਨਤਕ ਕੀਤਾ ਜਾਣਾ ਚਾਹੀਦਾ ਹੈ। ਸਿੱਖਾਂ ਤੋਂ ਇਲਾਵਾ ਜੈਨ ਧਰਮ ਅਤੇ ਬੁੱਧ ਧਰਮ ਨੂੰ ਵੀ ਇਸ ਵਿਵਾਦਗ੍ਰਸਤ ਪ੍ਰਦਰਸ਼ਨੀ ਵਿੱਚ ਹਿੰਦੂ ਸਿਵਲਾਈਜੇਸ਼ਨ ਦਾ ਹਿੱਸਾ ਵਿਖਾਇਆ ਗਿਆ ਹੈ, ਜੋ ਕਿ ਝੂਠ ਦਾ ਪੁਲੰਦਾ ਹੈ।

ਅਜਿਹੀਆਂ ਸਿੱਖ ਵਿਰੋਧੀ ਤਾਕਤਾਂ ਨੂੰ ਨੱਥ ਪਾਉਣ ਲਈ ਵਿਸ਼ਵ ਸਿੱਖ ਸੰਸਥਾ ਅਤੇ ਬੀ.ਸੀ. ਗੁਰਦੁਆਰਾ ਸਿੱਖ ਕੌਂਸਲ ਵੱਲੋਂ ਮੌਕੇ ’ਤੇ ਕਦਮ ਚੁੱਕੇ ਗਏ ਹਨ। ਇਸ ਦੀ ਜਾਂਚ ਹੋਣੀ ਚਾਹੀਦੀ ਹੈ ਅਤੇ ਜਨਤਕ ਮੁਆਫ਼ੀ ਵੀ ਚਾਹੀਦੀ ਹੈ। ਆਪਣੇ ਇੱਕ ਪੱਤਰ ਰਾਹੀਂ ਵਰਲਡ ਸਿੱਖ ਆਰਗੇਨਾਈਜੇਸ਼ਨ ਨੇ ਸਰੀ ਮਿਊਜ਼ਮ ਵਿੱਚ ਹਿੰਦੂ ਸਭਿਅਤਾ ਦੀ ਇੱਕ ਪ੍ਰਦਰਸ਼ਨੀ ਵਿੱਚ ਸਿੱਖ ਧਰਮ ਨੂੰ ਹਿੰਦੂ ਧਰਮ ਦਾ ਅੰਗ ਦੱਸਣ ਤੇ ਪਵਿੱਤਰ ੴ ਨੂੰ ਹਿੰਦੂ ਧਰਮ ਦੇ ਦੂਸਰੇ ਚਿੰਨਾਂ ਵਿੱਚ ਵਿਖਾਏ ਜਾਣ ’ਤੇ ਚਿੰਤਾ ਤੇ ਨਿਰਾਸ਼ਾ ਪ੍ਰਗਟ ਕੀਤੀ ਹੈ। ਸਿੱਖ ਸੰਸਥਾ ਵੱਲੋਂ ਜਾਰੀ ਇੱਕ ਪ੍ਰੈਸ ਨੋਟ ਵਿੱਚ ਕਿਹਾ ਗਿਆ ਹੈ ਕਿ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਸਹਿਯੋਗ ਨਾਲ ਆਯੋਜਿਤ ਇਸ ਹਿੰਦੂਤਵ-ਪ੍ਰੇਰਿਤ ਪ੍ਰਦਰਸ਼ਨੀ ਦੌਰਾਨ ਸਿੱਖ ਧਰਮ ਅਤੇ ਸਿੱਖੀ ਬਾਰੇ ਅਣਉਚਿਤ ਅਤੇ ਅਪਮਾਨਜਨਕ ਦਾਅਵੇ ਕੀਤੇ ਗਏ ਹਨ। ਇਸ ਵਿੱਚ ਸਿੱਖ ਧਰਮ ਨੂੰ ਹਿੰਦੂ ਧਰਮ ਦੇ ਅਧੀਨ ਅਤੇ ਵੱਖਰੀ ਸਿੱਖ ਪਛਾਣ ਨੂੰ ਮਿਟਾਉਣ ਦੀ ਕੋਸ਼ਿਸ਼ ਕੀਤੀ ਗਈ ਹੈ।




ਇਹ ਪ੍ਰਦਰਸ਼ਨੀ ਸਿੱਖੀ ਨੂੰ ਹਿੰਦੂ ਧਰਮ ਦੀ ਸਿਰਫ਼ ਇੱਕ ਪਰੰਪਰਾ ਵਜੋਂ ਦਰਸਾਉਂਦੀ ਹੈ ਅਤੇ ਸਿੱਖ ਧਰਮ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਹਿੰਦੂ ਧਰਮ ਦੇ ਇਕ ਪਵਿੱਤਰ ਗ੍ਰੰਥ ਵਜੋਂ ਗਲਤ ਦਾਅਵਾ ਪੇਸ਼ ਕਰਦੀ ਹੈ। ਇਸ ਤੋਂ ਇਲਾਵਾ, ਹਿੰਦੂ ਪ੍ਰਤੀਕਾਂ ਦੇ ਨਾਲ ੴ ਨੂੰ ਕੇਵਲ ਇੱਕ ਚਿੱਤਰ ਵਜੋਂ ਪ੍ਰਦਰਸ਼ਿਤ ਕੀਤਾ ਗਿਆ ਹੈ, ਜੋ ਕਿ ਸਿੱਖਾਂ ਲਈ ਨਿਰਾਦਰ ਹੈ। ਇਹ ਪ੍ਰਦਰਸ਼ਨੀ ਹਿੰਦੂ ਧਰਮ ਦੇ ਹੋਰ ਫ਼ਿਰਕਿਆਂ ਵਜੋਂ ਬੁੱਧ ਅਤੇ ਜੈਨ ਧਰਮ ਬਾਰੇ ਵੀ ਦਾਅਵਾ ਕਰਦੀ ਹੈ। ਪ੍ਰੈਸ ਨੋਟ ਵਿੱਚ ਡਬਲਿਊ ਐਸ ਓ ਨੇ ਪ੍ਰਦਰਸ਼ਨੀ ਬਾਰੇ ਬ੍ਰਿਟਿਸ਼ ਕੋਲੰਬੀਆ ਸਰਕਾਰ ਅਤੇ ਸਰੀ ਮਿਊਜ਼ਮ ਨੂੰ ਸਿੱਖ ਭਾਈਚਾਰੇ ਤੋਂ ਜਨਤਕ ਸਪੱਸ਼ਟੀਕਰਨ ਦੇਣ ਤੇ ਮੁਆਫ਼ੀ ਦੀ ਮੰਗ ਕੀਤੀ ਹੈ।

ਇਸ ਦੌਰਾਨ ਸਿੱਖਾਂ ਦੇ ਸਖ਼ਤ ਵਿਰੋਧ ਉਪਰੰਤ ਪ੍ਰਦਰਸ਼ਨੀ ਸਿੱਖਾਂ ਨੂੰ ਹਿੰਦੂਆਂ ਦਾ ਹਿੱਸਾ ਦੱਸਣ ਵਾਲੀ ਤਖਤੀ ਅਜੈਬ ਘਰ ਵਿੱਚੋਂ ਲਾਹ ਦਿੱਤੀ ਗਈ ਹੈ। ਬੀ.ਸੀ. ਗੁਰਦੁਆਰਾ ਕੌਂਸਲ ਅਤੇ ਹੋਰ ਸਿੱਖ ਸੰਸਥਾਵਾਂ ਵੱਲੋਂ ਸਖ਼ਤ ਇਤਰਾਜ਼ ਉਪਰੰਤ ਸਰੀ ਮਿਊਜ਼ਮ ਨੇ ਇਸ ਤਖਤੀ ਨੂੰ ਪ੍ਰਦਰਸ਼ਨੀ ਨੂੰ ਹਟਾਇਆ ਹੈ। ਇਸ ਮੌਕੇ ਡਬਲਿਊ. ਐਸ. ਓ. ਨੇ ਇੱਕ ਬਿਆਨ ਵਿੱਚ ਕਿਹਾ ਕਿ ਉਹ ਹਿੰਦੂਤਵੀ ਸੰਗਠਨਾਂ ਨੂੰ ਸਿੱਖੀ ਦੀ ਪਰਿਭਾਸ਼ਾ ਜਾਂ ਪਛਾਣ ਨੂੰ ਮਿਟਾਉਣ ਦੀ ਕੋਸ਼ਿਸ਼ ਦੀ ਇਜ਼ਾਜਤ ਨਹੀ ਦੇਣਗੇ।

ਬ੍ਰਿਟਿਸ਼ ਕੋਲੰਬੀਆ ਗੁਰਦੁਆਰਾ ਕੌਂਸਿਲ ਦੇ ਬੁਲਾਰੇ ਭਾਈ ਮਨਿੰਦਰ ਸਿੰਘ ਨੇ ਦੱਸਿਆ ਕਿ ਸਰੀ ਮਿਊਜ਼ੀਅਮ ਵਿੱਚ ਹਿੰਦੂ ਸਿਵਲਾਈਜੇਸ਼ਨ ਹੇਠ ਐਕਸੀਬਿਟ ਜਿਸ ਵਿੱਚ ਸਿੱਖਾਂ ਨੂੰ ਹਿੰਦੂਆਂ ਦਾ ਇੱਕ ਅੰਗ ਦਿਖਾਇਆ ਗਿਆ ਸੀ, ਉਹ ਐਕਸੀਬਿਟ ਲਾਹਿਆ ਗਿਆ ਹੈ। ਆਉਣ ਵਾਲੇ ਦਿਨਾਂ ਵਿੱਚ ਸਰੀ ਮਿਊਜ਼ੀਅਮ, ਸਿਟੀ ਆਫ਼ ਸਰੀ ਅਤੇ ਬ੍ਰਿਟਿਸ਼ ਕੋਲੰਬੀਆ ਸਰਕਾਰ ਨਾਲ ਵੀ ਇਹ ਵਿਚਾਰ ਹੋਣਗੇ ਕਿ ਇਸ ਗਲਤ ਅਤੇ ਨਫ਼ਰਤ ਭਰੇ ਐਕਸੀਬਿਟ ਦੀ ਅਪਰੂਵਲ ਕਿਓਂ ਅਤੇ ਕਿਸ ਦੀ ਸਲਾਹ ਨਾਲ ਹੋਈ ? ਵਿਦੇਸ਼ਾਂ ਵਿੱਚ ਇੰਡੀਅਨ ਸਟੇਟ ਵੱਲੋਂ ਸਿੱਖਾਂ ਅੰਦਰ ਦਖਲ ਅੰਦਾਜ਼ੀ ਦੀਆਂ ਕੋਸ਼ਿਸ਼ਾਂ ਨੂੰ ਮੂੰਹ ਤੋੜ ਜਵਾਬ ਦਿੱਤੇ ਜਾਣ ਨਾਲ ਸਿੱਖ ਭਾਈਚਾਰੇ ਦਾ ਹੌਸਲਾ ਵਧਿਆ ਹੈ।

# ਬਾਈਡੇਨ ਨੇ ਮੌਤ ਦੀ ਸਜ਼ਾ ਦਾ ਸਾਹਮਣਾ ਕਰ ਰਹੇ 40 ’ਚੋਂ 37 ਦੀ ਸਜ਼ਾ ਨੂੰ ਉਮਰ ਕੈਦ ’ਚ ਕੀਤਾ ਤਬਦੀਲ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕੀ ਰਾਸ਼ਟਰਪਤੀ ਜੋਅ ਬਾਈਡੇਨ ਨੇ ਪਿਛਲੇ ਦਿਨੀਂ ਐਲਾਨ ਕੀਤਾ ਕਿ ਉਹ ਸੰਘੀ ਮੌਤ ਦੀ ਸਜ਼ਾ ਦਾ ਸਾਹਮਣਾ ਕਰ ਰਹੇ 40 ਵਿੱਚੋਂ 37 ਲੋਕਾਂ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਤਬਦੀਲ ਕਰ ਰਹੇ ਹਨ। ਇਹ ਐਲਾਨ ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਅਹੁਦਾ ਸੰਭਾਲਣ ਤੋਂ ਕੁਝ ਹਫ਼ਤੇ ਪਹਿਲਾਂ ਕੀਤਾ ਗਿਆ ਹੈ, ਜੋ ਮੌਤ ਦੀ ਸਜ਼ਾ ਦੇ ਜ਼ੋਰਦਾਰ ਸਮਰਥਕ ਹਨ।

ਇਹ ਕਦਮ ਪੁਲਿਸ ਅਤੇ ਫ਼ੌਜੀ ਅਧਿਕਾਰੀਆਂ, ਸੰਘੀ ਜ਼ਮੀਨਾਂ ’ਤੇ ਰਹਿਣ ਵਾਲੇ ਲੋਕਾਂ ਦੀ ਹੱਤਿਆ ਅਤੇ ਘਾਤਕ ਬੈਂਕ ਡਕੈਤੀਆਂ ਜਾਂ ਨਸ਼ੀਲੇ ਪਦਾਰਥਾਂ ਦੇ ਸੌਦਿਆਂ ਵਿੱਚ ਸ਼ਾਮਲ ਲੋਕਾਂ ਦੇ ਨਾਲ-ਨਾਲ ਫੈਡਰਲ ਯੂਨਿਟਾਂ ਵਿੱਚ ਸੁਰੱਖਿਆ ਗਾਰਡਾਂ ਜਾਂ ਕੈਦੀਆਂ ਦੀਆਂ ਹੱਤਿਆਵਾਂ ਵਿੱਚ ਦੋਸ਼ੀ ਪਾਏ ਗਏ ਲੋਕਾਂ ਨੂੰ ਜੀਵਨ ਦਾਨ ਦਿੰਦਾ ਹੈ।



ਇਸ ਦਾ ਮਤਲਬ ਹੈ ਕਿ ਹੁਣ ਸਿਰਫ਼ ਤਿੰਨ ਸੰਘੀ ਕੈਦੀਆਂ ਨੂੰ ਹੀ ਫ਼ਾਂਸੀ ਦੀ ਸਜ਼ਾ ਦਿੱਤੀ ਜਾਵੇਗੀ। ਬਾਈਡੇਨ ਨੇ ਇੱਕ ਬਿਆਨ ਵਿੱਚ ਕਿਹਾ, ਮੈਂ ਆਪਣਾ ਕੈਰੀਅਰ ਹਿੰਸਕ ਅਪਰਾਧ ਨੂੰ ਘਟਾਉਣ ਅਤੇ ਇੱਕ ਨਿਰਪੱਖ ਅਤੇ ਪ੍ਰਭਾਵਸ਼ਾਲੀ ਨਿਆਂ ਪ੍ਰਣਾਲੀ ਨੂੰ ਯਕੀਨੀ ਬਣਾਉਣ ਲਈ ਸਮਰਪਿਤ ਕੀਤਾ ਹੈ। ਮੈਂ ਪੈਰੋਲ ਦੀ ਸੰਭਾਵਨਾ ਤੋਂ ਬਿਨਾਂ ਸੰਘੀ ਮੌਤ ਦੀ ਸਜ਼ਾ ਵਾਲੇ 40 ਵਿਅਕਤੀਆਂ ਵਿੱਚੋਂ 37 ਦੀ ਸਜ਼ਾ ਨੂੰ ਉਮਰ ਕੈਦ ਵਿੱਚ ਬਦਲ ਰਿਹਾ ਹਾਂ। ਇਹ ਅੱਤਵਾਦ ਅਤੇ ਨਫ਼ਰਤ ਤੋਂ ਪ੍ਰੇਰਿਤ ਸਮੂਹਿਕ ਕਤਲੇਆਮ ਤੋਂ ਇਲਾਵਾ ਹੋਰ ਮਾਮਲਿਆਂ ਵਿੱਚ ਮੌਤ ਦੀ ਸਜ਼ਾ ’ਤੇ ਮੇਰੇ ਪ੍ਰਸ਼ਾਸਨ ਵੱਲੋਂ ਲਗਾਈ ਗਈ ਰੋਕ ਦੇ ਅਨੁਰੂਪ ਹੈ।

# ਕੜਾਕੇ ਦੀ ਠੰਡ ਵਿੱਚ ਗਰਮਾਈ ਪੰਜਾਬ ਦੀ ਸਿਆਸਤ

## ਸਿਆਸਤ 'ਚ ਨਵੇਂ ਸਮੀਕਰਨ ਬਣਾਉਣ ਦੇ ਸਮਰਥ ਹਨ ਪੰਜਾਬੀ

## ਪੰਜਾਬ ਦੀ ਸਿਆਸਤ ਦਾ ਦਿਨੋਂ ਦਿਨ ਬਦਲ ਰਿਹੈ ਮੁਹਾਂਦਰਾ

### ਸੂਬਾ ਸਿਆਸਤ 'ਤੇ ਵੀ ਪ੍ਰਭਾਵ ਪਾਉਣਗੇ ਨਗਰ ਨਿਗਮ ਅਤੇ ਕੌਂਸਲ ਚੋਣ ਨਤੀਜੇ

**ਪੰਜਾਬ 'ਚ ਪੈ ਰਹੀ ਕੜਾਕੇ ਦੀ ਠੰਡ ਦੌਰਾਨ ਪੰਜਾਬ ਦੀ ਸਿਆਸਤ ਪੂਰੀ ਤਰ੍ਹਾਂ ਗਰਮਾਈ ਹੋਈ ਹੈ। ਪਿਛਲੇ ਦਿਨੀਂ ਪੰਜਾਬ ਵਿੱਚ ਹੋਈਆਂ ਨਗਰ ਨਿਗਮ, ਕੌਂਸਲ ਅਤੇ ਨਗਰ ਪੰਚਾਇਤ ਚੋਣਾਂ ਤੋਂ ਬਾਅਦ ਵੱਖ ਵੱਖ ਨਿਗਮਾਂ ਦੇ ਮੇਅਰ ਅਤੇ ਕੌਂਸਲਾਂ ਦੇ ਪ੍ਰਧਾਨ ਚੁਣਨ ਲਈ ਜੋੜ ਤੋੜ ਦੀ ਸਿਆਸਤ ਸ਼ੁਰੂ ਹੋ ਗਈ ਹੈ। ਇਸੇ ਦੌਰਾਨ ਚੁਣੇ ਗਏ ਕੌਂਸਲਰਾਂ ਦਾ ਇੱਕ ਪਾਰਟੀ ਵਿਚੋਂ ਦੂਜੀ ਪਾਰਟੀ ਵਿੱਚ ਜਾਣਾ ਵੀ ਸ਼ੁਰੂ ਹੋ ਗਿਆ ਹੈ, ਜਿਸ ਕਾਰਨ ਨਵੇਂ ਸਿਆਸੀ ਸਮੀਕਰਨ ਬਣਦੇ ਜਾ ਰਹੇ ਹਨ।**



ਪੰਜਾਬ ਵਿੱਚ ਸ਼ਨੀਵਾਰ ਨੂੰ ਹੋਈਆਂ ਪੰਜ ਨਗਰ ਨਿਗਮਾਂ ਅਤੇ 42 ਨਗਰ ਕੌਂਸਲਾਂ ਤੇ ਨਗਰ ਪੰਚਾਇਤ ਦੀਆਂ ਚੋਣਾਂ ਵਿੱਚ ਸੱਤਾਧਾਰੀ ਧਿਰ ਆਮ ਆਦਮੀ ਪਾਰਟੀ ਸਿਰਫ਼ ਨਗਰ ਨਿਗਮ ਪਟਿਆਲਾ ਵਿੱਚ ਬਹੁਮਤ ਹਾਸਲ ਕਰ ਸਕੀ ਹੈ ਜਦੋਂ ਕਿ ਬਾਕੀ ਚਾਰ ਨਗਰ ਨਿਗਮਾਂ ਅੰਮ੍ਰਿਤਸਰ, ਜਲੰਧਰ, ਲੁਧਿਆਣਾ ਤੇ ਫਗਵਾੜਾ ਵਿੱਚ ਕਿਸੇ ਵੀ ਸਿਆਸੀ ਪਾਰਟੀ ਨੂੰ ਬਹੁਮਤ ਨਹੀਂ ਮਿਲਿਆ ਹੈ ਪਰ ਨਗਰ ਨਿਗਮ ਜਲੰਧਰ ਤੇ ਲੁਧਿਆਣਾ ਵਿੱਚ 'ਆਪ' ਅਤੇ ਅੰਮ੍ਰਿਤਸਰ ਤੇ ਫਗਵਾੜਾ ਵਿੱਚ ਕਾਂਗਰਸ ਪਾਰਟੀ ਸਭ ਤੋਂ ਵੱਡੀ ਪਾਰਟੀ ਬਣ ਕੇ ਉੱਭਰੀਆਂ ਹਨ। ਇਸੇ ਤਰ੍ਹਾਂ ਪੰਜਾਬ ਵਿੱਚ 42 ਨਗਰ ਕੌਂਸਲਾਂ ਤੇ ਦੋ ਨਗਰ ਪੰਚਾਇਤਾਂ ਵਿੱਚੋਂ 29 'ਤੇ 'ਆਪ' ਅਤੇ ਦੋ 'ਤੇ ਕਾਂਗਰਸ ਨੇ ਸਪੱਸ਼ਟ ਬਹੁਮਤ ਹਾਸਲ ਕੀਤਾ ਹੈ। ਇਸ ਤਰ੍ਹਾਂ ਇਹਨਾਂ ਚੋਣਾਂ ਵਿੱਚ ਕਿਸੇ ਵੀ ਸਿਆਸੀ ਪਾਰਟੀ ਦੀ ਝੰਡੀ ਨਹੀਂ ਰਹੀ ਅਤੇ ਵੋਟਰਾਂ ਨੇ ਰਲਵਾਂ ਮਿਲਵਾਂ ਫਤਵਾ ਦਿੱਤਾ ਹੈ। ਜਿਸ ਕਰਕੇ ਇਹਨਾਂ ਚੋਣਾਂ ਦੇ ਨਤੀਜਿਆਂ ਦੇ ਆਧਾਰ 'ਤੇ ਕੋਈ ਵੀ ਸਿਆਸੀ ਪਾਰਟੀ ਆਪਣੇ ਆਪ ਨੂੰ ਇਹਨਾਂ ਚੋਣਾਂ ਵਿੱਚੋਂ ਮਜਬੂਤ ਹੋ ਕੇ ਨਿਕਲੀ ਨਹੀਂ ਕਹਿ ਸਕਦੀ।

ਪੰਜਾਬ 'ਚ ਕੁਝ ਸਮਾਂ ਪਹਿਲਾਂ ਚਾਰ ਵਿਧਾਨ ਸਭਾ ਹਲਕਿਆਂ ਵਿੱਚ ਹੋਈਆਂ ਜ਼ਿਮਨੀ ਚੋਣਾਂ ਵਿੱਚ ਤਿੰਨ ਹਲਕਿਆਂ ਵਿੱਚ ਆਮ ਆਦਮੀ ਪਾਰਟੀ ਜੇਤੂ ਰਹੀ ਸੀ ਜਦੋਂ ਕਿ ਚੌਥੀ ਸੀਟ ਬਰਨਾਲਾ ਹਲਕੇ ਬਾਰੇ ਕਿਹਾ ਗਿਆ ਕਿ ਇਹ ਸੀਟ ਵੀ ਆਮ ਆਦਮੀ ਪਾਰਟੀ ਅੰਦਰੂਨੀ ਫੁੱਟ ਕਾਰਨ ਜਿੱਤ ਨਾ ਸਕੀ। ਜ਼ਿਮਨੀ ਚੋਣਾਂ ਵਿਚੋਂ ਆਮ ਆਦਮੀ ਪਾਰਟੀ ਇੱਕ ਵਾਰ ਮੁੜ ਮਜਬੂਤ ਹੋ ਕੇ ਪੰਜਾਬ ਦੀ ਸਿਆਸਤ ਵਿੱਚ ਉਭਰੀ ਸੀ। ਇਸ ਕਰਕੇ ਆਮ ਆਦਮੀ ਪਾਰਟੀ ਨੂੰ ਉਮੀਦ ਸੀ ਕਿ ਨਗਰ ਨਿਗਮ, ਕੌਂਸਲ ਤੇ ਨਗਰ ਪੰਚਾਇਤ ਚੋਣਾਂ ਵਿੱਚ ਉਸਦੀ ਹੂੰਝਾ ਫੇਰੂ ਜਿੱਤ ਹੋਵੇਗੀ ਪਰ ਆਮ ਆਦਮੀ ਪਾਰਟੀ ਦੀਆਂ ਆਸਾਂ ਨੂੰ ਬੂਰ ਨਹੀਂ ਪਿਆ।

ਜਦੋਂ ਵੀ ਪੰਜਾਬ ਦੀ ਸਿਆਸਤ ਦੀ ਗੱਲ ਤੁਰਦੀ ਹੈ ਤਾਂ ਇਹ ਗੱਲ ਉਭਰ ਕੇ ਸਾਹਮਣੇ ਆਉਂਦੀ ਹੈ ਕਿ ਪੰਜਾਬੀ ਸਿਆਸਤ ਵਿੱਚ ਨਵੇਂ ਸਮੀਕਰਨ ਬਣਾਉਣ ਦੇ ਸਮਰਥ ਹਨ। ਮਰਹੂਮ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਵੀ ਇੱਕ ਵਾਰ ਆਪਣੇ ਮੁੱਖ ਮੰਤਰੀ ਦੇ ਕਾਰਜਕਾਲ ਦੌਰਾਨ ਉਸ ਸਮੇਂ ਲੋਕ ਸਭਾ ਚੋਣਾਂ ਵਿੱਚ ਅਕਾਲੀ ਦਲ ਦੀ ਢਿੱਲੀ ਕਾਰਗੁਜਾਰੀ ਅਤੇ ਨਵੀਂ ਸਿਆਸੀ ਪਾਰਟੀ ਆਮ ਆਦਮੀ ਪਾਰਟੀ ਨੂੰ ਮਿਲੀ ਸਫਲਤਾ ਬਾਰੇ ਗੱਲ ਕਰਦਿਆਂ ਕਿਹਾ ਸੀ ਕਿ ਪੰਜਾਬ ਦੇ ਲੋਕ ਕ੍ਰਾਂਤੀਕਾਰੀ ਹਨ, ਜੋ ਕਿ ਨਵੀਂ ਚੀਜ਼ ਨੂੰ ਛੇਤੀ ਅਪਨਾਅ ਲੈਂਦੇ ਹਨ। ਉਸ ਤੋਂ ਬਾਅਦ ਸਾਲ 2022 ਵਿੱਚ ਹੋਈਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਪੰਜਾਬੀਆਂ ਨੇ ਵੱਡਾ ਉਲਟ ਫੇਰ ਕਰਦਿਆਂ ਪੰਜਾਬ ਵਿੱਚ ਆਮ ਆਦਮੀ ਪਾਰਟੀ ਨੂੰ ਖੁੱਲ ਕੇ ਵੋਟਾਂ ਪਾਈਆਂ ਅਤੇ ਇਸ ਸਮੇਂ ਆਮ ਆਦਮੀ ਪਾਰਟੀ ਦੀ ਸਰਕਾਰ ਹੀ ਪੰਜਾਬ ਵਿੱਚ ਰਾਜ ਕਰ ਰਹੀ ਹੈ। ਇਸ ਤਰ੍ਹਾਂ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੇ ਰੂਪ ਵਿੱਚ ਪੰਜਾਬੀਆਂ ਨੇ ਨਵਾਂ ਸਿਆਸੀ ਬਦਲ ਦਾ ਰੂਪ ਦੇ ਦਿੱਤਾ। ਇਥੇ ਜ਼ਿਕਰ ਯੋਗ ਹੈ ਕਿ ਪੰਜਾਬ ਦੇ ਲੋਕ ਲੰਬਾ ਸਮਾਂ ਕਣਕ ਝੋਨੇ ਦੇ ਆਰਥਿਕ ਚੱਕਰ ਵਾਂਗੂੰ ਹੀ ਪੰਜਾਬ ਦੀ ਸਿਆਸਤ ਵਿੱਚ ਵੀ ਕਾਂਗਰਸ ਅਤੇ ਅਕਾਲੀ ਦਲ ਦੇ ਸਿਆਸੀ ਚੱਕਰ ਵਿੱਚ ਹੀ ਉਲਝ ਕੇ ਰਹਿ ਗਏ ਸਨ। ਜਿਸ ਤਰ੍ਹਾਂ ਪੰਜਾਬੀ ਕਿਸਾਨ ਖੇਤਾਂ ਵਿੱਚ ਇੱਕ ਵਾਰ ਕਣਕ ਦੀ ਬਿਜਾਈ ਕਰ ਦਿੰਦੇ ਹਨ ਅਤੇ ਦੂਜੀ ਵਾਰ ਖੇਤਾਂ ਵਿੱਚ ਝੋਨੇ ਦੀ ਬਿਜਾਈ ਕਰ ਦਿੰਦੇ ਹਨ। ਉਸੇ ਤਰ੍ਹਾਂ ਪੰਜਾਬ ਵਿੱਚ ਪੰਜਾਬੀ ਇਕ ਵਾਰੀ ਕਾਂਗਰਸ ਦੀ ਸਰਕਾਰ ਬਣਾ ਦਿੰਦੇ ਸਨ ਅਤੇ ਦੂਜੀ ਵਾਰ ਅਕਾਲੀ ਦਲ ਦੀ ਸਰਕਾਰ ਬਣਾ ਦਿੰਦੇ ਸਨ। ਇਸ ਤਰ੍ਹਾਂ ਕਾਂਗਰਸ ਅਤੇ ਅਕਾਲੀ ਦਲ ਵੱਲੋਂ 'ਉਤਰ ਕਾਟੋ ਮੈਂ ਚੜ੍ਹਾਂ' ਦੀ ਰਵਾਇਤ ਚਲਾਉਂਦਿਆਂ ਵਾਰੋ ਵਾਰੀ ਪੰਜਾਬ 'ਤੇ ਰਾਜ ਕੀਤਾ ਜਾ ਰਿਹਾ ਸੀ। ਇਸ ਤਰ੍ਹਾਂ ਸਾਲ 2022 ਵਿੱਚ ਹੋਈਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਪੰਜਾਬੀਆਂ ਨੇ ਕ੍ਰਾਂਤੀਕਾਰੀ ਕਦਮ ਚੁਕਦਿਆਂ ਪੰਜਾਬ ਵਿੱਚ ਆਮ ਆਦਮੀ ਪਾਰਟੀ ਨੂੰ ਭਰਪੂਰ ਸਮਰਥਣ ਦਿੱਤਾ ਅਤੇ ਪੰਜਾਬ ਵਿੱਚ ਤੀਜਾ ਸਿਆਸੀ ਬਦਲ ਹੋਂਦ ਵਿੱਚ ਆ ਗਿਆ।

ਇਸ ਤੋਂ ਪਹਿਲਾਂ ਵੀ ਕਈ ਵਾਰ ਪੰਜਾਬੀਆਂ ਨੇ ਪੰਜਾਬ ਦੀਆਂ ਰਵਾਇਤੀ ਸਿਆਸੀ ਪਾਰਟੀਆਂ ਕਾਂਗਰਸ ਅਤੇ ਅਕਾਲੀ ਦਲ ਦੀ ਥਾਂ ਤੀਜਾ ਸਿਆਸੀ ਬਦਲ ਬਣਾਉਣ ਦੇ ਯਤਨ ਕੀਤੇ ਹਨ। ਸਾਲ 1989 ਵਿੱਚ ਹੋਈਆਂ ਲੋਕ ਸਭਾ ਚੋਣਾਂ ਦੌਰਾਨ ਪੰਜਾਬੀਆਂ ਨੇ ਵੱਡਾ ਉਲਟ ਫੇਰ ਕਰਦਿਆਂ ਅਕਾਲੀ ਦਲ ਮਾਨ ਵਿੱਚ ਵਿਸ਼ਵਾਸ ਪ੍ਰਗਟ ਕੀਤਾ ਸੀ ਅਤੇ ਮਾਨ ਦਲ ਦੇ ਰੂਪ ਵਿੱਚ ਪੰਜਾਬ ਵਿੱਚ ਤੀਜਾ ਸਿਆਸੀ ਬਦਲ ਲਿਆਉਣ ਦਾ ਯਤਨ ਕੀਤਾ ਸੀ ਪਰ ਮਾਨ ਦਲ ਪੰਜਾਬੀਆਂ ਦੀ ਉਮੀਦਾਂ 'ਤੇ ਖਰਾ ਨਹੀਂ ਉਤਰਿਆ। ਉਸ ਤੋਂ ਬਾਅਦ ਵੀ ਕਈ ਸਿਆਸੀ ਪਾਰਟੀਆਂ ਨੇ ਪੰਜਾਬ ਵਿੱਚ ਕਾਂਗਰਸ ਅਤੇ ਅਕਾਲੀ ਦਲ ਤੋਂ ਬਿਨਾਂ ਤੀਜਾ ਸਿਆਸੀ ਬਦਲ ਲਿਆਉਣ ਦੇ ਯਤਨ ਅਤੇ ਦਾਅਵੇ ਕੀਤੇ ਪਰ ਇਹ ਸਭ ਕੁਝ ਹਵਾ ਹਵਾਈ ਹੀ ਰਿਹਾ।

ਇਸ ਸਮੇਂ ਜੇ ਪੰਜਾਬ ਦੀ ਮੌਜੂਦ ਸਿਆਸਤ ਦੀ ਗਲ ਕੀਤੀ ਜਾਵੇ ਤਾਂ ਇਹ ਮਹਿਸੂਸ ਹੁੰਦਾ ਹੈ ਕਿ ਪੰਜਾਬ ਦੀ ਸਿਆਸਤ ਵਿੱਚ ਇਸ ਸਮੇਂ ਉਸਾਰੂ ਬਹਿਸ ਹੋਣ ਦੀ ਥਾਂ ਨਿੱਜੀ ਦੂਸ਼ਣਬਾਜ਼ੀ ਭਾਰੂ ਹੋ ਗਈ ਹੈ। ਇਸ ਤੋਂ ਇਲਾਵਾ ਪੰਜਾਬ ਦੀ ਸਿਆਸਤ ਵਿੱਚ ਇਸ ਸਮੇਂ ਬੇਲੋੜੇ ਮੁੱਦਿਆਂ ਨੂੰ ਉਠਾਉਣ ਦੀ ਰੀਤ ਚਲ ਪਈ ਹੈ, ਜਿਸ ਕਾਰਨ ਆਮ ਲੋਕਾਂ ਦੇ ਵੱਡੇ ਮਸਲੇ ਪਹਿਲਾਂ ਵਾਂਗ ਲਮਕ ਰਹੇ ਹਨ। ਇਹ ਵੀ ਵੇਖਣ ਵਿੱਚ ਆਇਆ ਹੈ ਕਿ ਸਿਆਸੀ ਆਗੂ ਕਈ ਵਾਰ ਅਜਿਹੀਆਂ ਬੇਤੁਕੀਆਂ ਗੱਲਾਂ ਕਰ ਜਾਂਦੇ ਹਨ ਜਾਂ ਬੇਤੁਕੇ ਬਿਆਨ ਦੇ ਦਿੰਦੇ ਹਨ, ਜਿਹਨਾਂ ਦਾ ਕੋਈ ਅਰਥ ਨਹੀਂ ਹੁੰਦਾ ਅਤੇ ਨਾ ਹੀ ਅਜਿਹੇ ਬਿਆਨਾਂ ਨਾਲ ਕਿਸੇ ਦਾ ਲਾਭ ਹੁੰਦਾ ਹੈ। ਕਈ ਨੇਤਾ ਤਾਂ ਸਿਰਫ਼ ਆਪਣੀ ਫੋਟੋ ਤੇ ਬਿਆਨ ਅਖਬਾਰਾਂ ਵਿੱਚ ਛਪਣ ਲਈ ਬੇਤੁਕੇ ਅਤੇ ਵਾਦ ਵਿਵਾਦ ਵਾਲੇ ਬਿਆਨ ਜਾਰੀ ਕਰਦੇ ਰਹਿੰਦੇ ਹਨ। ਜਿਸ ਕਾਰਨ ਪੰਜਾਬ ਦੀ ਸਿਆਸਤ ਦਾ ਮੁਹਾਂਦਰਾਂ ਬਦਲਦਾ ਜਾ ਰਿਹਾ ਹੈ।

# ਕਿਸਾਨ ਮੋਰਚਿਆਂ 'ਚ ਸ਼ਾਮਲ ਨਹੀਂ ਹੋਵੇਗਾ ਸੰਯੁਕਤ ਕਿਸਾਨ ਮੋਰਚਾ

## ਜਨਵਰੀ 'ਚ ਰਾਸ਼ਟਰਪਤੀ ਨਾਲ ਮੁਲਾਕਾਤ ਤੇ ਮੋਗਾ ਵਿੱਚ ਵੱਡਾ ਇਕੱਠ ਕਰਨ ਦਾ ਲਿਆ ਫ਼ੈਸਲਾ



ਚੰਡੀਗੜ੍ਹ/ਏ.ਟੀ.ਨਿਊਜ਼: ਸੰਯੁਕਤ ਕਿਸਾਨ ਮੋਰਚਾ ਪੰਜਾਬ ਨੇ ਸੰਯੁਕਤ ਕਿਸਾਨ ਮੋਰਚਾ (ਗੈਰ ਸਿਆਸੀ) ਅਤੇ ਕਿਸਾਨ ਮਜ਼ਦੂਰ ਮੋਰਚਾ ਵੱਲੋਂ ਪੰਜਾਬ ਤੇ ਹਰਿਆਣਾ ਦੇ ਬਾਰਡਰਾਂ 'ਤੇ ਸਾਢੇ 10 ਮਹੀਨਿਆਂ ਤੋਂ ਚਲਾਏ ਰਹੇ ਮੋਰਚਿਆਂ ਵਿੱਚ ਸ਼ਾਮਲ ਨਾ ਹੋਣ ਦਾ ਫ਼ੈਸਲਾ ਕੀਤਾ ਹੈ। ਇਸ ਗੱਲ ਦਾ ਪ੍ਰਗਟਾਵਾ ਬੀਤੇ ਦਿਨ ਸੰਯੁਕਤ ਕਿਸਾਨ ਮੋਰਚਾ ਦੇ ਆਗੂਆਂ ਨੇ ਚੰਡੀਗੜ੍ਹ ਦੇ ਕਿਸਾਨ ਭਵਨ ਵਿੱਚ ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਇਹ ਮੀਟਿੰਗ ਕਿਸਾਨ ਆਗੂ ਨਿਰਭੈ ਸਿੰਘ ਢੁੱਡੀਕੇ, ਪ੍ਰੇਮ ਸਿੰਘ ਭੰਗੂ ਅਤੇ ਹਰਜਿੰਦਰ ਸਿੰਘ ਟਾਂਡਾ ਦੀ ਪ੍ਰਧਾਨਗੀ ਹੇਠ ਹੋਈ। ਕਿਸਾਨ ਆਗੂਆਂ ਨੇ ਜਨਵਰੀ ਦੇ ਪਹਿਲੇ ਹਫ਼ਤੇ ਰਾਸ਼ਟਰਪਤੀ ਨੂੰ ਮਿਲਣ ਦਾ ਫ਼ੈਸਲਾ ਕੀਤਾ ਹੈ।

ਇਸ ਤੋਂ ਇਲਾਵਾ 9 ਜਨਵਰੀ ਨੂੰ ਮੋਗਾ ਵਿੱਚ ਵੱਡਾ ਇਕੱਠ ਕਰਨ ਦਾ ਐਲਾਨ ਵੀ ਕੀਤਾ। ਸੰਯੁਕਤ ਕਿਸਾਨ ਮੋਰਚਾ ਦੇ ਆਗੂਆਂ ਨੇ ਕਿਹਾ ਕਿ 21 ਦਸੰਬਰ ਨੂੰ ਪਟਿਆਲਾ ਵਿੱਚ ਕਿਸਾਨ ਮਜ਼ਦੂਰ ਮੋਰਚਾ ਨਾਲ ਸੰਯੁਕਤ ਕਿਸਾਨ ਮੋਰਚਾ ਦੀ 6 ਮੈਂਬਰੀ ਏਕਤਾ ਕਮੇਟੀ ਦੀ ਮੀਟਿੰਗ ਸੁਖਾਵੇਂ ਮਾਹੌਲ 'ਚ ਹੋਈ ਸੀ। ਹਾਲਾਂਕਿ ਸੰਯੁਕਤ ਕਿਸਾਨ ਮੋਰਚਾ (ਗੈਰ ਰਾਜਨੀਤਕ) ਦਾ ਹੁੰਗਾਰਾ ਮੱਠਾ ਰਿਹਾ ਹੈ। ਇਸ ਦੇ ਬਾਵਜੂਦ ਐੱਸ.ਕੇ.ਐੱਮ. ਨੇ ਫ਼ੈਸਲਾ ਕੀਤਾ ਕਿ ਕਿਸਾਨਾਂ ਤੇ ਮਜ਼ਦੂਰਾਂ ਦੀਆਂ ਮੰਗਾਂ ਲਈ ਸੰਘਰਸ਼ ਕਰਨ ਵਾਲੀਆਂ ਕਿਸਾਨ ਜਥੇਬੰਦੀਆਂ ਦੇ ਏਕੇ ਲਈ ਯਤਨ ਜਾਰੀ ਰੱਖੇ ਜਾਣ। ਇਸ ਲਈ ਆਉਣ ਵਾਲੇ ਸਮੇਂ ਵਿੱਚ ਹੋਰ ਵੀ ਮੀਟਿੰਗਾਂ ਹੋਣਗੀਆਂ, ਉਸ ਤੋਂ ਬਾਅਦ ਕੋਈ ਫ਼ੈਸਲਾ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਐੱਸ.ਕੇ.ਐੱਮ. ਆਗੂ ਖਨੌਰੀ ਬਾਰਡਰ 'ਤੇ ਵੀ ਜਗਜੀਤ ਸਿੰਘ ਡੱਲੇਵਾਲ ਦਾ ਹਾਲ-ਚਾਲ ਪੁੱਛਣ ਗਏ ਸੀ, ਪਰ ਕਿਸੇ ਨੇ ਉਨ੍ਹਾਂ ਨਾਲ ਸਹੀ ਢੰਗ ਨਾਲ ਗੱਲ ਨਹੀਂ ਕੀਤੀ। 30 ਦਸੰਬਰ ਨੂੰ ਭਾਰਤ ਬੰਦ ਦੇ ਸੱਦੇ ਦੀ ਹਮਾਇਤ ਬਾਰੇ ਐੱਸ.ਕੇ.ਐੱਮ. ਆਗੂਆਂ ਨੇ ਕਿਹਾ ਕਿ ਇਹ ਐਲਾਨ ਉਨ੍ਹਾਂ ਨਾਲ ਸਲਾਹ ਕੀਤੇ ਬਿਨਾਂ ਕੀਤਾ ਗਿਆ ਹੈ। ਇਸ ਲਈ ਐੱਸ.ਕੇ.ਐੱਮ. ਉਸ ਵਿੱਚ ਸ਼ਮੂਲੀਅਤ ਨਹੀਂ ਕਰੇਗਾ।

ਮੀਟਿੰਗ ਵਿੱਚ ਸਾਰਿਆਂ ਨੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦੇ ਭੁੱਖ ਹੜਤਾਲ 'ਤੇ ਬੈਠਣ ਕਰਕੇ ਵਿਗੜ ਰਹੀ ਸਿਹਤ 'ਤੇ ਚਿੰਤਾ ਦਾ ਪ੍ਰਗਟਾਵਾ ਕੀਤਾ।

ਇਸ ਮੌਕੇ ਜੋਗਿੰਦਰ ਸਿੰਘ ਉਗਰਾਹਾਂ, ਹਰਿੰਦਰ ਸਿੰਘ ਲੱਖੋਵਾਲ, ਡਾ. ਦਰਸ਼ਨ ਪਾਲ, ਮਨਜੀਤ ਸਿੰਘ ਧਨੇਰ, ਡਾ. ਸਤਨਾਮ ਸਿੰਘ ਅਜਨਾਲਾ, ਮੁਕੇਸ਼ ਚੰਦਰ ਸ਼ਰਮਾ, ਰੁਲਦੂ ਸਿੰਘ ਮਾਨਸਾ, ਬੂਟਾ ਸਿੰਘ ਬੁਰਜ ਗਿੱਲ ਤੋਂ ਇਲਾਵਾ ਹੋਰ ਕਿਸਾਨ ਆਗੂ ਹਾਜ਼ਰ ਸਨ।

**ਕਿਸਾਨਾਂ ਨੇ ਕੇਂਦਰ ਤੇ ਪੰਜਾਬ ਸਰਕਾਰ ਨੂੰ ਘੇਰਿਆ**

ਕਿਸਾਨ ਆਗੂਆਂ ਨੇ ਕੇਂਦਰ ਸਰਕਾਰ 'ਤੇ ਕਿਸਾਨੀ ਮਸਲਿਆਂ ਨੂੰ ਅਣਗੌਲਿਆਂ ਕਰਨ ਦੇ ਦੋਸ਼ ਲਗਾਏ। ਇਸ ਦੇ ਨਾਲ ਹੀ ਕਿਸਾਨੀ ਪ੍ਰਤੀ ਪੰਜਾਬ ਸਰਕਾਰ ਦੇ ਰਵੱਈਏ ਦੀ ਵੀ ਆਲੋਚਨਾ ਕੀਤੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਫਰਵਰੀ ਮਹੀਨੇ ਵਿੱਚ ਮੋਰਚਾ ਸ਼ੁਰੂ ਕਰਨ ਸਮੇਂ ਕਿਸਾਨਾਂ ਦੀ ਹਮਾਇਤ ਕਰ ਰਹੇ ਸਨ ਪਰ ਉਸ ਤੋਂ ਬਾਅਦ ਉਨ੍ਹਾਂ ਇੱਕ ਵਾਰ ਵੀ ਕਿਸਾਨਾਂ ਦੀਆਂ ਮੰਗਾਂ ਕੇਂਦਰ ਸਰਕਾਰ ਮੂਹਰੇ ਨਹੀਂ ਚੁੱਕੀਆਂ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਕੋਈ ਵੀ ਜਗਜੀਤ ਸਿੰਘ ਡੱਲੇਵਾਲ ਦਾ ਹੱਲ-ਚਾਲ ਪੁੱਛਣ ਲਈ ਨਹੀਂ ਪਹੁੰਚਿਆ।

### ਐਸ.ਕੇ.ਐਮ. ਵੱਲੋਂ ਕੇਂਦਰ ਤੇ ਪੰਜਾਬ ਸਰਕਾਰ ਦੇ 'ਉਦਾਸੀਨ ਰਵੱਈਏ' ਦੀ ਨਿਖੇਧੀ

ਸੰਯੁਕਤ ਕਿਸਾਨ ਮੋਰਚਾ ਦੀ ਪੰਜਾਬ ਇਕਾਈ ਦੇ ਆਗੂਆਂ ਨੇ ਬੈਠਕ ਕਰਕੇ ਕੇਂਦਰ ਤੇ ਪੰਜਾਬ ਸਰਕਾਰ ਦੇ 'ਉਦਾਸੀਨ ਰਵੱਈਏ' ਦੀ ਨਿਖੇਧੀ ਕਰਦਿਆਂ ਕਿਹਾ ਕਿ ਡੱਲੇਵਾਲ ਦੀ ਨਿੱਘਰਦੀ ਹਾਲਤ ਦੇ ਮੱਦੇਨਜ਼ਰ ਉਨ੍ਹਾਂ ਨੂੰ ਹੁਣ ਤੱਕ ਦਖ਼ਲ ਦੇ ਕੇ ਮਸਲੇ ਦਾ ਹੱਲ ਕੱਢਣਾ ਚਾਹੀਦਾ ਸੀ। ਮੋਰਚੇ ਦੇ ਆਗੂ ਪ੍ਰੇਮ ਸਿੰਘ ਭੰਗੂ ਨੇ ਕਿਹਾ ਕਿ ਐੱਮਐੱਸਪੀ ਤੇ ਕਿਸਾਨੀ ਕਰਜ਼ਿਆਂ 'ਤੇ ਲੀਕ ਮਾਰਨ ਸਣੇ ਹੋਰਨਾਂ ਮੰਗਾਂ ਬਾਰੇ ਕੇਂਦਰ ਸਰਕਾਰ 'ਤੇ ਦਬਾਅ ਬਣਾਉਣ ਲਈ ਕਿਸਾਨ ਆਗੂ ਜਨਵਰੀ ਦੇ ਪਹਿਲੇ ਹਫਤੇ ਰਾਸ਼ਟਰਪਤੀ ਦਰੋਪਦੀ ਮੁਰਮੂ ਨੂੰ ਮਿਲਣ ਦਾ ਸਮਾਂ ਮੰਗਣਗੇ। ਉਨ੍ਹਾਂ ਕਿਹਾ ਕਿ ਕਿਸਾਨਾਂ ਨਾਲ ਜੁੜੇ ਮਸਲਿਆਂ ਨੂੰ (ਬਾਕੀ ਸਫ਼ਾ 30 'ਤੇ)

### ਡੱਲੇਵਾਲ ਵੱਲੋਂ ਅੰਦੋਲਨ ਜਿੱਤਣ ਲਈ ਸਮੁੱਚੇ ਦੇਸ਼ ਨੂੰ ਇਕਜੁੱਟ ਹੋਣ ਦਾ ਸੱਦਾ



ਪਟਿਆਲਾ/ਪਾਤੜਾਂ: 29 ਦਿਨਾਂ ਤੋਂ ਮਰਨ ਵਰਤ 'ਤੇ ਬੈਠੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੇ ਚਾਰ ਦਿਨਾਂ ਮਗਰੋਂ ਮੰਚ ਤੋਂ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅੰਦੋਲਨ ਤਾਂ ਹੀ ਜਿੱਤਿਆ ਜਾ ਸਕਦਾ ਹੈ ਜੇ ਪੂਰਾ ਦੇਸ਼ ਇਕਜੁੱਟ ਹੋ ਕੇ ਲੜੇਗਾ। ਉਨ੍ਹਾਂ ਕਿਸਾਨੀ ਮੰਗ ਮਨਵਾਉਣ ਲਈ ਹਰਿਆਣਾ ਸਮੇਤ ਹੋਰ ਸੂਬਿਆਂ ਨੂੰ ਵੀ ਅੰਦੋਲਨ ਨਾਲ ਜੁੜਨ ਦਾ ਸੱਦਾ ਦਿੱਤਾ। ਡੱਲੇਵਾਲ ਨੇ ਕਿਹਾ ਕਿ ਸਰਕਾਰ ਕਿਸੇ ਵੀ ਸੂਰਤ 'ਚ ਉਨ੍ਹਾਂ ਨੂੰ ਅੰਦੋਲਨ ਤੋਂ ਨਾ ਉਠਾਅ ਸਕੇ ਅਤੇ ਉਹ ਉਮੀਦ ਕਰਦੇ ਹਨ ਕਿ ਲੋਕ ਉਨ੍ਹਾਂ ਨੂੰ ਚੁੱਕਣ ਨਹੀਂ ਦੇਣਗੇ। ਇਸ ਦੌਰਾਨ ਬੀਤੀ ਦੇਰ ਸ਼ਾਮ ਢਾਬੀ ਗੁੱਜਰਾਂ ਬਾਰਡਰ 'ਤੇ ਕਿਸਾਨਾਂ ਨੇ ਮੋਮਬੱਤੀ ਮਾਰਚ ਕੀਤਾ। ਕਿਸਾਨਾਂ ਨੇ ਹਕੂਮਤ ਨੂੰ ਕਰੜੇ ਹੱਥੀਂ ਲੈਂਦਿਆਂ ਦਸ ਮਹੀਨੇ ਪਹਿਲਾਂ ਢਾਬੀ ਗੁੱਜਰਾਂ ਬਾਰਡਰ 'ਤੇ ਹਰਿਆਣਾ ਪੁਲਿਸ ਦੀ ਗੋਲੀ ਨਾਲ਼ ਫੌਤ ਹੋਏ ਨੌਜਵਾਨ ਕਿਸਾਨ ਸ਼ੁਭਕਰਨ ਸਿੰਘ ਬੱਲੋ ਨੂੰ ਵੀ ਯਾਦ ਕੀਤਾ।

ਉਨ੍ਹਾਂ ਕਿਹਾ ਕਿ ਅੰਦੋਲਨ ਜਿੱਤਾਂਗੇ ਜਾਂ ਫੇਰ ਮਰਾਂਗੇ ਅਤੇ ਐਤਕੀਂ ਦੋਹਾਂ ਵਿਚੋਂ ਕੁਝ ਨਾ ਕੁਝ ਜ਼ਰੂਰ ਹੋ ਕੇ ਰਹੇਗਾ। ਤਕਰੀਰ ਕਰਦਿਆਂ ਡੱਲੇਵਾਲ ਨੇ ਕਿਹਾ, "ਮੈਂ ਚਾਹੁੰਦਾ ਹਾਂ ਕਿ ਸਰਕਾਰ ਮੈਨੂੰ ਇਥੋਂ ਕਿਸੇ ਵੀ ਰੂਪ 'ਚ ਚੁੱਕ ਨਾ ਸਕੇ। ਮੌਤ ਅਟੱਲ ਹੈ ਪਰ ਹਾਲਾਤ ਅਜਿਹੇ ਬਣ ਚੁੱਕੇ ਹਨ ਕਿ ਹੁਣ ਮੌਤ ਹੀ ਸਾਡੀ ਜਿੱਤ ਹੋ ਸਕਦੀ ਹੈ।" ਮੋਰਚੇ 'ਚ ਸ਼ਾਮਲ ਕਿਸਾਨਾਂ ਨੂੰ ਹੱਲਾਸ਼ੇਰੀ ਦਿੰਦਿਆਂ ਡੱਲੇਵਾਲ ਨੇ ਕਿਹਾ ਕਿ ਉਹ ਹੋਰ ਵਧੇਰੇ ਤਕੜੇ ਹੋ ਕੇ ਪਹਿਰਾ ਦੇਣ ਤਾਂ ਜੋ ਪੁਲਿਸ ਉਨ੍ਹਾਂ ਨੂੰ ਹੁਣ ਇਥੋਂ ਚੁੱਕ ਕੇ ਨਾ ਲਿਜਾ ਸਕੇ ਕਿਉਂਕਿ ਜੇ ਉਨ੍ਹਾਂ ਨੂੰ ਜਬਰੀ ਹਸਪਤਾਲ 'ਚ ਦਾਖ਼ਲ ਕਰਵਾਇਆ ਗਿਆ ਤਾਂ ਉਨ੍ਹਾਂ ਦੀ ਸਰੀਰਕ (ਬਾਕੀ ਸਫ਼ਾ 30 'ਤੇ)

# ਅਕਾਲੀ ਮੀਰੀ-ਪੀਰੀ ਸਿਧਾਂਤ ਤੋਂ ਆਕੀ: ਮਿਸਲ ਸਤਲੁਜ

## ਮਿਸਲ ਸਤਲੁਜ ਨੇ ਆਪਣੇ ਸੋਸ਼ਲ ਮੀਡੀਆ ’ਤੇ ਅਕਾਲੀਆਂ ਵੱਲੋਂ ਰਾਜਸੀ ਪਾਰਟੀ ਦਾ ਸੈਕੂਲਰ ਹੋਣਾ ਲਾਜ਼ਮੀ ਦੇ ਸਬੰਧ ਵਿੱਚ ਕਈ ਪੋਸਟਾਂ ਪਾਈਆਂ ਹਨ। ਜਿਨ੍ਹਾਂ ਦਾ ਤੱਤ ਸਾਰ ਕੁੱਝ ਇਸ ਤਰ੍ਹਾਂ ਦਾ ਹੈ

ਅਕਾਲੀਆਂ ਨੂੰ ਪਤਾ ਨਹੀਂ ਕਿਹੜਾ ਕਨੂੰਨ ਡਰਾ ਰਿਹਾ ਹੈ ਜਾਂ ਸਿੱਖੀ ਤੋਂ ਹੀ ਭਗੌੜੇ ਹੋਏ ਫ਼ਿਰਦੇ ਐ ਜਿਹੜੇ ਕਹਿੰਦੇ ਕਿ ਸਾਡੀ ਪਾਰਟੀ ਸੈਕੂਲਰ ਹੈ। ਪਹਿਲੀ ਗੱਲ ਤਾਂ ਉਹ ਸਿੱਖ ਹੀ ਕਿਹੜਾ, ਜਿਹੜਾ ਕਹਿ ਦੇਵੇ ਕਿ ਮੇਰੇ ਲਈ ਰਾਜਨੀਤੀ ਪਹਿਲਾਂ ਤੇ ਸਿੱਖੀ ਬਾਅਦ ’ਚ। ਜਿਸ ਦੀ ਇਹ ਸੋਚ ਐ ਉਹ ਆਪਣੀ ਹੋਰ ਪਾਰਟੀ ਬਣਾ ਲਵੇ, ਅਕਾਲੀ ਦਲ ਤਾਂ ਪੰਥ ਦੀ ਪਾਰਟੀ ਹੈ ਜਿਸ ਨੇ ਮੀਰੀ-ਪੀਰੀ ’ਤੇ ਪਹਿਰਾ ਦਿੰਦੇ ਹੋਏ ਸਿੱਖੀ ਨੂੰ ਰਾਜਨੀਤੀ ਤੋਂ ਉੱਪਰ ਹੀ ਰੱਖਣਾ ਹੈ। ਦੂਜਾ, ਅਸੀਂ ਇਹਨਾਂ ਦੇ ਸਲਾਹਕਾਰਾਂ ਤੇ ਵਕੀਲਾਂ ਨੂੰ ਕਹਿਣਾ ਚਾਹੁੰਦੇ ਹਾਂ ਕਿ ਸ਼ਿਵ ਸੈਨਾ ਤੇ ਇੰਡੀਅਨ ਯੂਨੀਅਨ ਮੁਸਲਿਮ ਲੀਗ ਤੇ ਬੀ ਜੇ ਪੀ ਦੇ ਹੀ ਸੰਵਿਧਾਨ ਪੜ੍ਹ ਲੈਣ ਤਾਂ ਇਹਨਾਂ ਨੂੰ ਸ਼ਾਇਦ ਸਮਝ ਪੈ ਜਾਵੇ ਕਿ ਇਲੈਕਸ਼ਨ ਕਮਿਸ਼ਨ ਨੇ ਕਦੇ ਵੀ ਕਿਸੇ ਵੀ ਪਾਰਟੀ ਦੀ ਰਜਿਸਟਰੇਸ਼ਨ ਇਸ ਮੁੱਦੇ ਕਰਕੇ ਖਾਰਜ ਨਹੀਂ ਕੀਤੀ। ਸੁਪਰੀਮ ਕੋਰਟ ਵਿੱਚ ਕਈ ਕੇਸ ਵੀ ਇਸ ਮੁੱਦੇ ’ਤੇ ਹੋਏ ਹਨ ਜਿੱਥੇ ਇਸ ਮੁੱਦੇ ਕਰਕੇ ਕਿਸੇ ਪਾਰਟੀ ਦੀ ਰਜਿਸਟਰੇਸ਼ਨ ਖਾਰਜ ਨਹੀਂ ਹੋਈ।

ਅਕਾਲੀ ਦਲ ਆਪ ਹੀ ਇਸ ਮੁੱਦੇ ’ਤੇ ਸਰਦਾਰ ਖੇੜਾ ਤੋਂ ਸੁਪਰੀਮ ਕੋਰਟ ਜਾ ਕੇ ਕੇਸ ਜਿੱਤਿਆ ਹੈ। ਭਾਰਤੀ ਸੰਵਿਧਾਨ ਧਾਰਮਿਕ ਅਜ਼ਾਦੀ ਦਿੰਦਾ ਹੈ ਤੇ ਭਾਰਤ ਆਜ਼ਾਦ ਕਰਾਉਣ ਲਈ ਸਿੱਖ ਹੋ ਕੇ ਲੜੇ ਸਨ ਨਾ ਕਿ ਪੰਜਾਬੀ ਬਣ ਕੇ। ਅਕਾਲੀ ਦਲ ਨੂੰ ਇਸ ਡਰੋਂ ਮੀਰੀ-ਪੀਰੀ ਤੋਂ ਪਿੱਠ ਕਰਨ ਦੀ ਕੋਈ ਜ਼ਰੂਰਤ ਨਹੀਂ ਸਗੋਂ ਇਹਨਾਂ ਨੂੰ ਤਾਂ ਆਪਣੇ ਸੰਵਿਧਾਨ ਵਿੱਚ ਠੋਕ ਕੇ ਲਿਖਣਾ ਚਾਹੀਦਾ ਹੈ ਕਿ ਮੀਰੀ-ਪੀਰੀ ਦੇ ਸਿਧਾਂਤ ਮੁਤਾਬਕ ਰਾਜਨੀਤੀ ਕਰਨੀ ਅਤੇ ਸਰਬੱਤ ਦੇ ਭਲੇ ਲਈ ਉਪਰਾਲੇ ਕਰਨੇ ਅਕਾਲੀ ਦਲ ਦਾ ਮਨੋਰਥ ਹੈ। ਜਿਸ ਵਿੱਚ ਹਰੇਕ ਵਿਅਕਤੀ ਨੂੰ ਸਮਾਜਿਕ, ਧਾਰਮਿਕ, ਆਰਥਿਕ ਬਰਾਬਰ ਦੇ ਹੱਕ ਪ੍ਰਦਾਨ ਕਰਨੇ ਅਤੇ ਜਾਤ-ਪਾਤ ਤੋਂ ਨਿਜਾਤ ਪੁਆਉਣ ਲਈ ਯਤਨਸ਼ੀਲ ਰਹਿਣਾ।

ਸਾਡੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਅਪੀਲ ਹੈ ਕਿ ਉਹ ਇਹਨਾਂ ਦੇ ਇਸ ਬਹਾਨੇ ਨੂੰ ਨਾ ਮੰਨਦੇ ਹੋਏ ਅਕਾਲੀ ਦਲ ਨੂੰ ਪੰਥਕ ਪਾਰਟੀ ਬਨਾਉਣ ਦੇ ਹੁਕਮ ਜਾਰੀ ਕਰਨ।

### ਮਿਜ਼ੋ ਰਾਸ਼ਟਰੀ ਮੋਰਚਾ ਸੰਵਿਧਾਨ

ਪਰਮਾਤਮਾ ਦਾ ਸਤਿਕਾਰ ਕਰਦੇ ਹੋਏ ਅਤੇ ਉਸ ਦੇ ਮਾਰਗਦਰਸ਼ਨ ਦੀ ਮੰਗ ਕਰਦੇ ਹੋਏ ਜਿਸਨੇ ਇੱਕ ਰਾਸ਼ਟਰ ਬਣਾਇਆ; ਮਿਜ਼ੋਰਮ ਦੇ ਲੋਕਾਂ ਦੀ ਸੇਵਾ ਕਰਨ ਅਤੇ ਇਸਦੀ ਸੱਭਿਆਚਾਰਕ ਵਿਰਾਸਤ ਨੂੰ ਸੰਭਾਲਣ ਅਤੇ ਸੁਰੱਖਿਅਤ ਰੱਖਣ ਲਈ, ‘ਮਿਜ਼ੋਰਮ ਨੈਸ਼ਨਲ ਮੋਰਚਾ’ ‘ਰੱਬ ਅਤੇ ਸਾਡੇ ਦੇਸ਼ ਲਈ’ ਸਥਾਪਿਤ ਕੀਤਾ ਗਿਆ ਹੈ।

ਨਿਸ਼ਾਨੇ ਅਤੇ ਟੀਚੇ

ਮਿਜ਼ੋਰਮ ਨੂੰ ਸੁਰੱਖਿਅਤ ਰੱਖਣ ਰੱਖਣ ਲਈ, ਸਾਡੇ ਪੁਰਖਿਆਂ ਅਤੇ ਇਸ ਦੇ ਪੁੱਤਰਾਂ ਦੀ ਪਰਮਾਤਮਾ ਦੁਆਰਾ ਦਿੱਤੀ ਗਈ ਧਰਤੀ।

* ਸਾਰੇ ਮਿਜ਼ੋ ਆਬਾਦੀ ਵਾਲੇ ਖੇਤਰਾਂ ਨੂੰ ਇੱਕ ਇੱਕਲੇ ਪ੍ਰਸ਼ਾਸਕੀ ਇਕਾਈ ਦੇ ਅਧੀਨ ਮੁੜ-ਏਕੀਕਰਨ।

*ਮਿਜ਼ੋ ਧਰਮ ਨੂੰ ਸੁਰੱਖਿਅਤ ਰੱਖਣ ਅਤੇ ਬਰਕਰਾਰ ਰੱਖਣ ਲਈ।

* ਮਿਜ਼ੋ ਲੋਕਾਂ ਦੀਆਂ ਚੰਗੀਆਂ ਪਰੰਪਰਾਵਾਂ ਅਤੇ ਸੱਭਿਆਚਾਰਕ ਵਿਰਾਸਤ ਨੂੰ ਉਤਸ਼ਾਹਿਤ ਕਰਨ ਅਤੇ ਸੁਰੱਖਿਅਤ ਰੱਖਣ ਲਈ।

* ਮਿਜ਼ੋਰਮ ਵਿੱਚ ਰਹਿਣ ਵਾਲੇ ਘੱਟ ਗਿਣਤੀਆਂ ਦੇ ਅਧਿਕਾਰਾਂ ਅਤੇ ਵਿਸ਼ੇਸ਼ ਅਧਿਕਾਰਾਂ ਦੀ ਰੱਖਿਆ ਕਰਨ ਲਈ।

* ਮਿਜ਼ੋਰਮ ਦੀ ਤਰੱਕੀ ਅਤੇ ਵਿਕਾਸ ਲਈ ਕੰਮ ਕਰਨ ਲਈ।

* ਇੱਕ ਨਿਆਂਪੂਰਨ, ਸਾਫ਼ ਅਤੇ ਕੁਸ਼ਲ ਸਰਕਾਰ ਸਥਾਪਤ ਕਰਨ ਲਈ।

ਪਾਰਟੀ ਦੇ ਨਿਸ਼ਾਨੇ ਅਤੇ ਟੀਚੇ ਹਨ:

(ੳ) ਭਾਰਤ-ਨਾਗਾ ਰਾਜਨੀਤਿਕ ਮੁੱਦੇ ਦੇ ਸ਼ਾਂਤੀਪੂਰਨ ਹੱਲ ਲਈ ਕਿਸੇ ਵੀ ਪਹੁੰਚ ’ਤੇ ਕਿਸੇ ਵੀ ਸੰਭਵ ਤਰੀਕੇ ਨਾਲ ਕੰਮ ਕਰਨਾ ਅਤੇ ਸਹਾਇਤਾ ਕਰਨਾ, ਨਾਲ ਹੀ ਨਾਗਾ ਲੋਕਾਂ ਨੂੰ ਹੋਰ ਵੰਡਣ ਵਾਲੀ ਕਿਸੇ ਵੀ ਤਾਕਤ ਦੇ ਵਿਰੁੱਧ ਖੜ੍ਹੇ ਹੋਣ ਲਈ ਅਣਥੱਕ ਯਤਨਾਂ ਦੀ ਅੱਗ ਨੂੰ ਜ਼ਿੰਦਾ ਰੱਖਣਾ ਅਤੇ ਇਸ ਤਰ੍ਹਾਂ ਨਾਗਾ ਭਾਈਚਾਰੇ ਦੇ ਪੁਨਰਜਾਗਰਣ ਵੱਲ ਵਧਣਾ, ਜੋ ਅੰਦਰ ਅਤੇ ਬਾਹਰ ਨਾਗਾ ਜ਼ਮੀਰ ਨੂੰ ਲਗਾਤਾਰ ਅਪੀਲ ਕਰਦੇ ਹਨ।

(ਅ) ਸਾਡੇ ਜੀਵਨ ਢੰਗ ਦੇ ਅਨੁਕੂਲ ਚੋਣ ਸੁਧਾਰ ਲਿਆਉਣ ਲਈ ਯਤਨਸ਼ੀਲ ਹੋਣਾ ਜਿਸਦਾ ਉਦੇਸ਼ ਸਮਾਜ ਵਿੱਚ ਇੱਕ ਰਾਸ਼ਟਰੀ ਪੁਨਰ-ਉਥਾਨ ਹੈ ਜਿਸ ਪ੍ਰਤੀ ਪਾਰਟੀ ਦਾ ਫਰਜ਼ ਹੈ ਅਤੇ ਇਸ ਤਰ੍ਹਾਂ ਨਾਗਾ ਸਮਾਜ ਨੂੰ ਪਤਨ ਦੇ ਘਾਤਕ ਪੰਜੇ ਤੋਂ ਮੁਕਤ ਕਰਨਾ ਹੈ।

(ੲ) ਸਾਰੇ ਛੂਤ ਵਾਲੇ ਨਾਗਾ ਆਬਾਦੀ ਵਾਲੇ ਖੇਤਰਾਂ ਨੂੰ ਇੱਕ ਪ੍ਰਸ਼ਾਸਕੀ ਛੱਤ ਹੇਠ ਜੋੜ ਕੇ ਲੋਕਾਂ ਦੀ ਏਕਤਾ ਅਤੇ ਅਖੰਡਤਾ ਲਈ ਕੰਮ ਕਰਨਾ ਅਤੇ ਰਾਜ ਦੇ ਆਦਿਵਾਸੀ ਨਿਵਾਸੀ ਸਾਰੇ ਨਸਲੀ ਸਮੂਹਾਂ ਨੂੰ ਸੁਰੱਖਿਆ ਪ੍ਰਦਾਨ ਕਰਨਾ।

ਪਾਰਟੀ ਰਾਜ (ਮਿਜ਼ੋਰਮ) ਅਤੇ ਰਾਸ਼ਟਰੀਅਤਾ (ਮਿਜ਼ੋ) ਅਤੇ ਮਨੁੱਖੀ ਅਧਿਕਾਰਾਂ ਦੀ ਆਜ਼ਾਦੀ ਨੂੰ ਬਰਕਰਾਰ ਰੱਖੇਗੀ ਅਤੇ ਕਿਸੇ ਵੀ ਤਰ੍ਹਾਂ ਦੇ ਦਮਨ ਨੂੰ ਦੂਰ ਕਰਨ ਲਈ ਪੂਰੀ ਕੋਸ਼ਿਸ਼ ਕਰੇਗੀ। ਇਹ ਸਹੀ ਅਤੇ ਕੁਸ਼ਲ ਸਰਕਾਰ ਬਣਾਉਣ ਦੀ ਕੋਸ਼ਿਸ਼ ਕਰੇਗੀ ਜੋ ਰਾਜ, ਰਾਸ਼ਟਰੀਅਤਾ ਅਤੇ ਧਰਮ ਨੂੰ ਸੁਰੱਖਿਅਤ ਰੱਖੇ।

ਇਹ ਪਾਰਟੀ ਮਿਜ਼ੋਰਮ ਅਤੇ ਲੋਕਾਂ ਦੀਆਂ ਜ਼ਰੂਰਤਾਂ ਨੂੰ ਪਾਰਟੀ ਨਾਲੋਂ ਜ਼ਿਆਦਾ ਮਹੱਤਵ ਦੇਵੇਗੀ। ਸ਼ਕਤੀ ਦੀ ਬਰਾਬਰ ਵੰਡ ਅਤੇ ਖੁਸ਼ਹਾਲੀ ਅਤੇ ਗਰੀਬਾਂ ਅਤੇ ਹੱਥੀਂ ਕੰਮ ਕਰਨ ਵਾਲਿਆਂ ਅਤੇ ਕਿਸਾਨਾਂ ਦੇ ਉੱਥਾਨ ਦੇ ਤਰੀਕਿਆਂ ਅਤੇ ਸਾਧਨਾਂ ਦੀ ਖੋਜ ਕਰਨਾ ਮੁੱਖ ਉਦੇਸ਼ ਹੋਵੇਗਾ।

### ਮੁਸਲਿਮ ਲੀਗ

ਇੰਡੀਅਨ ਯੂਨੀਅਨ ਮੁਸਲਿਮ ਲੀਗ ਭਾਰਤ ਦੇ ਮੁਸਲਮਾਨਾਂ ਅਤੇ ਹੋਰ ਘੱਟ ਗਿਣਤੀਆਂ ਅਤੇ ਪਛੜੇ ਭਾਈਚਾਰਿਆਂ ਦੀਆਂ ਧਾਰਮਿਕ ਅਤੇ ਸੱਭਿਆਚਾਰਕ ਪਛਾਣਾਂ ਨੂੰ ਉਚਿਤ ਅੰਤਰ ਨਾਲ ਸੁਰੱਖਿਅਤ ਰੱਖਣ ਅਤੇ ਉਤਸ਼ਾਹਿਤ ਕਰਨ ਅਤੇ ਸਨਮਾਨ ਕਰਨ ਲਈ ਯਤਨਸ਼ੀਲ ਰਹੇਗੀ, ਜੋ ਰਾਸ਼ਟਰੀ ਜੀਵਨ ਨੂੰ ਅਮੀਰ ਬਣਾਉਂਦੀ ਹੈ ਅਤੇ ਇਸ ਦੀਆਂ ਧਰਮ ਨਿਰਪੱਖ ਅਤੇ ਲੋਕਤੰਤਰੀ ਨੀਂਹਾਂ ਨੂੰ ਮਜ਼ਬੂਤ ਬ ?ਣਾਉਂਦੀ ਹੈ ਅਤੇ ਖਾਸ ਤੌਰ ’ਤੇ ਯਤਨ ਕਰੇਗੀ;

ਟੀਚੇ

3.1 ਪਾਰਟੀ ਭਾਰਤ ਯਾਨੀ ਹਿੰਦੁਸਤਾਨ ਨੂੰ ਇੱਕ ਪ੍ਰਮੁੱਖ ਵਿਸ਼ਵ ਸ਼ਕਤੀ ਵਜੋਂ ਬਣਾਉਣ ਲਈ ਦ੍ਰਿੜ ਹੈ ਜੋ ਉਨ੍ਹਾਂ ਲੋਕਾਂ ਦਾ ਸਤਿਕਾਰਯੋਗ ਦੋਸਤ ਹੋਵੇਗਾ ਜੋ ਉਸਦੀ ਦੋਸਤੀ ਦੇ ਹੱਕਦਾਰ ਹੋਣਗੇ ਅਤੇ ਉਨ੍ਹਾਂ ਲੋਕਾਂ ਦਾ ਭਿਆਨਕ ਦੁਸ਼ਮਣ ਹੋਣਗੇ ਜੋ ਉਸਦੀ ਸੁਰੱਖਿਆ, ਅਖੰਡਤਾ ਅਤੇ ਪ੍ਰਭੂਸੱਤਾ ਨੂੰ ਚੁਣੌਤੀ ਦਿੰਦੇ ਹਨ।

3.2 ਪਾਰਟੀ ਭਾਰਤ ਯਾਨੀ ਹਿੰਦੁਸਤਾਨ ਦੀ ਪ੍ਰਾਚੀਨ ਹਿੰਦੂ ਸੱਭਿਆਚਾਰਕ ਵਿਰਾਸਤ ਦੀ ਰੱਖਿਆ ਲਈ ਵੀ ਦ੍ਰਿੜ ਹੈ ਅਤੇ ਪਾਰਟੀ ਦਾ ਮੰਨਣਾ ਹੈ ਕਿ ਸਾਰੇ ਨਾਗਰਿਕਾਂ ਨੂੰ ਧੋਖਾਧੜੀ ਦੀ ਆਜ਼ਾਦੀ ਅਤੇ ਆਪਣੇ ਧਰਮ ਨੂੰ ਸੁਤੰਤਰ ਰੂਪ ਵਿੱਚ ਮੰਨਣ, ਅਭਿਆਸ ਕਰਨ ਅਤੇ ਪ੍ਰਚਾਰ ਕਰਨ ਦਾ ਬਰਾਬਰ ਹੱਕ ਹੈ।

# ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ .ਫਰੀਮਾਂਟ ਪੁਲਿਸ ਵਿਭਾਗ ਵੱਲੋਂ ਕਮਿਊਨਿਟੀ ਸੁਰੱਖਿਆ ਲਈ ਸਿਖਲਾਈ ਸੈਸ਼ਨ ਆਯੋਜਿਤ

## ਸਿੱਖ ਭਾਈਚਾਰਕ ਇਕੱਠ ਲਈ ਇੱਕ ਸੁਰੱਖਿਅਤ ਵਾਤਾਵਰਣ ਨੂੰ ਯਕੀਨੀ ਬਣਾਉਣ ਲਈ ਗੁਰਦੁਆਰੇ ਦੀ ਵਚਨਬੱਧਤਾ ਨੂੰ ਕੀਤਾ ਮਜ਼ਬੂਤ



.ਫਰੀਮਾਂਟ/ਏ.ਟੀ.ਨਿਊਜ਼: ਗੁਰਦੁਆਰਾ ਸਾਹਿਬ .ਫਰੀਮਾਂਟ ਵਿਖੇ ਕਮਿਊਨਿਟੀ ਸੁਰੱਖਿਆ ਅਤੇ ਖਤਰਨਾਕ ਘੁਸਪੈਠੀਏ ਸਿਖਲਾਈ ਨਾਲ ਮੁਕਾਬਲਾ ਕਰਨ ਦੀ ਤਿਆਰੀ ਨੂੰ ਤਰਜੀਹ ਦੇਣ ਲਈ ਗੁਰਦੁਆਰਾ ਸਾਹਿਬ .ਫਰੀਮਾਂਟ ਨੇ ਆਪਣੇ ਸੇਵਾਦਾਰਾਂ, ਪ੍ਰਬੰਧਕੀ ਟੀਮ ਅਤੇ ਸੰਗਤ ਮੈਂਬਰਾਂ ਲਈ ਘੁਸਪੈਠੀਏ ਸਿਖਲਾਈ ਸੈਸ਼ਨ .ਫਰੀਮਾਂਟ ਪੁਲਿਸ ਵਿਭਾਗ ਦੇ ਸਹਿਯੋਗ ਨਾਲ ਲਗਾਇਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਇਸ ਗੁਰਦੁਆਰਾ ਕਮੇਟੀ ਦੇ ਬੁਲਾਰੇ ਨੇ ਦਸਿਆ ਕਿ ਗੁਰਦੁਆਰਾ ਸਾਹਿਬ ਕੰਪਲੈਕਸ ਵਿੱਚ ਆਯੋਜਿਤ ਇਸ ਸਮਾਗਮ ਦਾ ਉਦੇਸ਼ ਸੇਵਾਦਾਰਾਂ ਅਤੇ ਸੰਗਤਾਂ ਨੂੰ ਸੰਭਾਵੀ ਸੁਰੱਖਿਆ ਤੇ ਖਤਰਿਆਂ ਨਾਲ ਨਜਿੱਠਣ ਲਈ ਗਿਆਨ ਅਤੇ ਸਾਧਨਾਂ ਤੋਂ ਜਾਣੂ ਕਰਾਉਣਾ ਸੀ, ਜਿਸ ਨਾਲ ਸਿੱਖ ਭਾਈਚਾਰੇ ਦੀ ਸੁਰੱਖਿਆ ਅਤੇ ਗੁਰਦੁਆਰਾ ਸਾਹਿਬ ਦੀ ਪਵਿੱਤਰਤਾ ਨੂੰ ਯਕੀਨੀ ਬਣਾਇਆ ਜਾ ਸਕੇ।

ਸਿਖਲਾਈ ਦੇ ਉਦੇਸ਼

ਸਥਿਤੀ ਸੰਬੰਧੀ ਜਾਗਰੂਕਤਾ: ਕਮਿਊਨਿਟੀ ਸੁਰੱਖਿਆ ਅਤੇ ਖਤਰਨਾਕ ਘੁਸਪੈਠੀਏ ਸਿਖਲਾਈ ਸੈਸ਼ਨ ਦੌਰਾਨ ਸੇਵਾਦਾਰਾਂ ਅਤੇ ਸੰਗਤਾਂ ਨੂੰ ਸ਼ੱਕੀ ਵਿਵਹਾਰ ਜਾਂ ਗਤੀਵਿਧੀਆਂ ਦੀ ਪਛਾਣ ਕਰਨ ਅਤੇ ਉਹਨਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਰਿਪੋਰਟ ਕਰਨ ਲਈ ਸਿਖਲਾਈ ਦਿੱਤੀ ਗਈ।

ਐਮਰਜੈਂਸੀ ਰਿਸਪਾਂਸ ਪ੍ਰੋਟੋਕੋਲ: ਇਸ ਸੈਸ਼ਨ ਦੌਰਾਨ ਘੁਸਪੈਠ ਕਰਨ ਵਾਲਿਆਂ ਦੇ ਮਾਮਲੇ ਵਿੱਚ ਢੁਕਵੀਆਂ ਕਾਰਵਾਈਆਂ ’ਤੇ ਜ਼ੋਰ ਦਿੱਤਾ ਗਿਆ, ਜਿਸ ਵਿੱਚ ਲੌਕਡਾਊਨ ਪ੍ਰਕਿਰਿਆਵਾਂ, ਨਿਕਾਸੀ ਰੂਟਾਂ, ਅਤੇ ਆਸਰਾ-ਇਨ-ਪਲੇਸ ਦਿਸ਼ਾ-ਨਿਰਦੇਸ਼ ਸ਼ਾਮਲ ਹਨ।

ਡੀ-ਏਸਕੇਲੇਸ਼ਨ ਤਕਨੀਕਾਂ: ਸੰਭਾਵੀ ਤੌਰ ’ਤੇ ਅਸਥਿਰ ਸਥਿਤੀਆਂ ਨਾਲ ਨਜਿੱਠਣ ਲਈ ਸੰਜਮ ਅਤੇ ਸੁਰੱਖਿਆ ਤਕਨੀਕਾਂ ਦੀ ਵਰਤੋਂ ਬਾਰੇ ਦਸਿਆ ਗਿਆ।

ਸੰਚਾਰ ਅਤੇ ਤਾਲਮੇਲ: ਐਮਰਜੈਂਸੀ ਦੌਰਾਨ ਕਾਨੂੰਨ ਲਾਗੂ ਕਰਨ ਵਾਲੇ ਅਤੇ ਕਮਿਊਨਿਟੀ ਮੈਂਬਰਾਂ ਵਿਚਕਾਰ ਸਪੱਸ਼ਟ ਸੰਚਾਰ ਦੇ ਮਹੱਤਵ ਨੂੰ ਕਿਵੇ ਸਮਝਣਾ ਉਸ ’ਤੇ ਚਾਨਣਾ ਪਾਇਆ ਗਿਆ।

ਇਸ ਸਿਖਲਾਈ ਨੇ ਸਿੱਖ ਭਾਈਚਾਰਕ ਇਕੱਠ ਲਈ ਇੱਕ ਸੁਰੱਖਿਅਤ ਵਾਤਾਵਰਣ ਨੂੰ ਯਕੀਨੀ ਬਣਾਉਣ ਲਈ ਗੁਰਦੁਆਰੇ ਦੀ ਵਚਨਬੱਧਤਾ ਨੂੰ ਹੋਰ ਮਜ਼ਬੂਤ ਕੀਤਾ। ਗੁਰਦੁਆਰਾ ਸਾਹਿਬ .ਫਰੀਮਾਂਟ ਵੱਲੋਂ .ਫਰੀਮਾਂਟ ਪੁਲਿਸ ਵਿਭਾਗ ਦਾ ਉਹਨਾਂ ਦੀ ਸਰਗਰਮ ਭਾਈਵਾਲੀ ਅਤੇ ਸਿਖਲਾਈ ਲਈ ਧੰਨਵਾਦ ਕੀਤਾ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਕੈਨੇਡਾ: ਮੁਸ਼ਕਿਲ 'ਚ ਪੀ.ਐਮ. ਟਰੂਡੋ, ਸਹਿਯੋਗੀ ਪਾਰਟੀ ਲਿਆਏਗੀ ਬੇਭਰੋਸਗੀ ਮਤਾ

ਓਟਾਵਾ/ਏ.ਟੀ.ਨਿਊਜ਼: ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀਆਂ ਮੁਸ਼ਕਿਲਾਂ ਵਧਦੀਆਂ ਜਾ ਰਹੀਆਂ ਹਨ। ਪਹਿਲਾਂ ਹੀ, ਉਸ ਦੀ ਆਪਣੀ ਸੱਤਾਧਾਰੀ ਲਿਬਰਲ ਪਾਰਟੀ ਦੇ ਲਗਭਗ ਇੱਕ ਤਿਹਾਈ ਸੰਸਦ ਮੈਂਬਰ ਲੀਡਰਸ਼ਿਪ ਬਦਲਣ ਦੀ ਮੰਗ ਕਰ ਰਹੇ ਹਨ। ਹੁਣ ਉਨ੍ਹਾਂ ਦੀ ਭਾਈਵਾਲ ਪਾਰਟੀ ਨੇ ਵੀ ਦੂਰੀ ਬਣਾ ਲਈ ਹੈ।



ਨਿਊ ਡੈਮੋਕ੍ਰੇਟਿਕ ਪਾਰਟੀ (ਐਨ.ਡੀ.ਪੀ.) ਦੇ ਮੁਖੀ ਜਗਮੀਤ ਸਿੰਘ ਨੇ ਕਿਹਾ ਕਿ ਉਹ ਅਗਲੇ ਸਾਲ ਸਰਕਾਰ ਖ਼ਿਲਾਫ਼ ਬੇਭਰੋਸਗੀ ਮਤਾ ਲਿਆਉਣਗੇ। ਸੰਸਦ ਦੇ ਹੇਠਲੇ ਸਦਨ ਵਿੱਚ ਐਨ.ਡੀ.ਪੀ. ਦੇ 25 ਮੈਂਬਰ ਹਨ। 338 ਮੈਂਬਰਾਂ ਵਿਚੋਂ ਲਿਬਰਲ ਪਾਰਟੀ ਦੇ 153 ਮੈਂਬਰ ਹਨ। ਜਗਮੀਤ ਦੀ ਪਾਰਟੀ ਨੇ ਹਾਲ ਹੀ ਵਿਚ ਸਦਨ ਵਿਚ ਕਈ ਵਿਸ਼ਵਾਸ ਮੱਤ ਵਿੱਚ ਘੱਟ ਗਿਣਤੀ ਲਿਬਰਲ ਪਾਰਟੀ ਦਾ ਸਮਰਥਨ ਕੀਤਾ ਹੈ। ਜਗਮੀਤ ਸਿੰਘ ਨੇ ਇੱਕ ਖੁੱਲ੍ਹੇ ਪੱਤਰ ਵਿੱਚ ਇਹ ਐਲਾਨ ਕੀਤਾ ਹੈ।

ਉਨ੍ਹਾਂ ਕਿਹਾ ਕਿ ਜੇਕਰ ਸਾਰੀਆਂ ਵਿਰੋਧੀ ਪਾਰਟੀਆਂ ਘੱਟਗਿਣਤੀ ਲਿਬਰਲ ਸਰਕਾਰ ਵਿਰੁੱਧ ਵੋਟ ਪਾਉਂਦੀਆਂ ਹਨ, ਤਾਂ ਟਰੂਡੋ ਸੱਤਾ ਗੁਆ ਦੇਣਗੇ ਅਤੇ ਚੋਣਾਂ ਕਰਵਾਈਆਂ ਜਾਣਗੀਆਂ। ਸੰਸਦ ਦਾ ਹੇਠਲਾ ਸਦਨ ਹਾਊਸ ਆਫ਼ ਕਾਮਨਜ਼ ਇਸ ਸਮੇਂ ਸਰਦੀਆਂ ਦੀਆਂ ਛੁੱਟੀਆਂ 'ਤੇ ਹੈ ਅਤੇ ਇਸ ਦਾ ਸੈਸ਼ਨ 27 ਜਨਵਰੀ ਤੋਂ ਸ਼ੁਰੂ ਹੋਵੇਗਾ। ਇਸ ਤੋਂ ਪਹਿਲਾਂ ਬੇਭਰੋਸਗੀ ਮਤਾ ਪੇਸ਼ ਨਹੀਂ ਕੀਤਾ ਜਾ ਸਕਦਾ। ਇਸ ਦੌਰਾਨ ਟਰੂਡੋ ਨੇ ਆਪਣੀ ਕੈਬਨਿਟ ਵਿੱਚ ਫ਼ੇਰਬਦਲ ਕੀਤਾ ਹੈ। ਉਨ੍ਹਾਂ ਨੇ ਅੱਠ ਨਵੇਂ ਮੰਤਰੀਆਂ ਨੂੰ ਸ਼ਾਮਲ ਕੀਤਾ ਅਤੇ ਚਾਰ ਦੇ ਮਹਿਕਮੇ ਬਦਲੇ ਹਨ।

ਦੱਸ ਦੇਈਏ ਕਿ ਹਾਲ ਹੀ ਵਿੱਚ ਉਪ ਪ੍ਰਧਾਨ ਮੰਤਰੀ ਅਤੇ ਵਿੱਤ ਮੰਤਰੀ ਕ੍ਰਿਸਟੀਆ ਫ਼੍ਰੀਲੈਂਡ ਨੇ ਅਸਤੀਫ਼ਾ ਦੇ ਦਿੱਤਾ ਸੀ। ਇਸ ਤੋਂ ਬਾਅਦ ਟਰੂਡੋ ਦੇ ਅਸਤੀਫ਼ੇ ਦੀ ਮੰਗ ਉੱਠਣ ਲੱਗੀ ਹੈ। ਹਾਊਸ ਆਫ਼ ਕਾਮਨਜ਼ 'ਚ ਸੱਤਾਧਾਰੀ ਪਾਰਟੀ ਦੇ 153 ਮੈਂਬਰਾਂ 'ਚੋਂ ਉਨ੍ਹਾਂ ਦੇ ਅਸਤੀਫ਼ੇ ਦੀ ਮੰਗ ਕਰਨ ਵਾਲੇ ਸੰਸਦ ਮੈਂਬਰਾਂ ਦੀ ਗਿਣਤੀ 60 ਦੇ ਕਰੀਬ ਹੋ ਗਈ ਹੈ।

## ਪਾਰਟੀ ਦੇ ਅੰਦਰੋਂ ਵੀ ਟਰੂਡੋ 'ਤੇ ਅਸਤੀਫ਼ੇ ਦਾ ਦਬਾਅ ਵਧਣ ਲੱਗਿਆ

ਵੈਨਕੂਵਰ/ਏ.ਟੀ.ਨਿਊਜ਼: ਨੈਸ਼ਨਲ ਡੈਮੋਕਰੈਟਿਕ ਪਾਰਟੀ ਦੇ ਪ੍ਰਧਾਨ ਜਗਮੀਤ ਸਿੰਘ ਵੱਲੋਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਅਗਵਾਈ ਵਾਲੀ ਘੱਟ ਗਿਣਤੀ ਲਿਬਰਲ ਸਰਕਾਰ ਨੂੰ ਦਿੱਤੀ ਬਾਹਰੀ ਹਮਾਇਤ ਵਾਪਸ ਲੈਣ ਅਤੇ ਉਸ ਖ਼ਿਲਾਫ਼ ਬੇਭਰੋਸਗੀ ਮਤਾ ਲਿਆਉਣ ਦੇ ਐਲਾਨ ਤੋਂ ਬਾਅਦ ਲਿਬਰਲ ਸੰਸਦ ਮੈਂਬਰਾਂ ਵੱਲੋਂ ਵੀ ਟਰੂਡੋ 'ਤੇ ਅਸਤੀਫਾ ਦੇਣ ਦਾ ਦਬਾਅ ਪਾਇਆ ਜਾਣ ਲੱਗਾ ਹੈ। ਬੇਸ਼ੱਕ ਇਸ ਸਬੰਧੀ ਸੂਚੀ ਜਨਤਕ ਨਹੀਂ ਕੀਤੀ ਗਈ ਪਰ ਸੂਤਰਾਂ ਅਨੁਸਾਰ 152 ਲਿਬਰਲ ਸੰਸਦ ਮੈਂਬਰਾਂ 'ਚੋਂ ਹੁਣ ਤੱਕ ਇਸ ਸਬੰਧੀ ਮੰਗ ਪੱਤਰ 'ਤੇ 45 ਸੰਸਦ ਮੈਂਬਰਾਂ ਨੇ ਸਹੀ ਪਾ ਦਿੱਤੀ ਹੈ। ਸਮਝਿਆ ਜਾ ਰਿਹਾ ਹੈ ਕਿ ਟਰੂਡੋ ਨਾਲ ਤੋੜ-ਵਿਛੋੜੇ ਦਾ ਸਖ਼ਤ ਸਟੈਂਡ ਲੈ ਕੇ ਜਗਮੀਤ ਸਿੰਘ ਨੇ ਜਿੱਥੇ ਦੇਸ਼ ਵਿੱਚ ਮੱਧਕਾਲੀ ਚੋਣਾਂ ਦੀ ਸੰਭਾਵਨਾ ਵਧਾ ਦਿੱਤੀ ਹੈ, ਉਸ ਦੇ ਨਾਲ ਹੀ ਪਾਰਟੀ ਵਿਚਲੀ ਆਪਣੀ ਡਾਵਾਂਡੋਲ ਸਥਿਤੀ ਵੀ ਮਜ਼ਬੂਤ ਕਰ ਲਈ ਹੈ। ਜਗਮੀਤ ਸਿੰਘ ਵੱਲੋਂ ਹਾਊਸ ਆਫ ਕਾਮਨਜ਼ ਦੇ ਸਰਦ ਰੁੱਤ ਇਜਲਾਸ ਦੇ ਆਖਰੀ ਦਿਨ ਸਰਕਾਰ ਦੀ ਵਿਰੋਧਤਾ ਕਰਨ 'ਤੇ ਸਵਾਲ ਉੱਠ ਰਹੇ ਹਨ। ਬਸੰਤ ਰੁੱਤ ਦਾ ਸੈਸ਼ਨ 27 ਜਨਵਰੀ ਤੋਂ ਬਾਅਦ ਸੱਦਿਆ ਜਾ ਸਕਦਾ ਹੈ। ਸਿਆਸੀ ਮਾਹਿਰਾਂ ਅਨੁਸਾਰ ਗਵਰਨਰ ਜਨਰਲ ਬੀਬੀ ਮੈਰੀ ਸਾਈਮਨ ਦੀ ਨਿਯੁਕਤੀ ਜਸਟਿਨ ਟਰੂਡੋ ਦੀ ਪਸੰਦ ਸੀ ਤੇ ਸਪੀਕਰ ਨੂੰ ਵੀ ਉਨ੍ਹਾਂ ਦੇ ਨੇੜਲਿਆਂ 'ਚੋਂ ਸਮਝਿਆ ਜਾਂਦਾ ਹੈ। ਹੁਣ ਦੇਖਣਾ ਹੋਵੇਗਾ ਕਿ ਦੋਹਾਂ ਵੱਲੋਂ ਸੰਵਿਧਾਨਕ ਫੈਸਲੇ ਮੌਕੇ ਕੋਈ ਉਲਾਰ ਤਾਂ ਨਹੀਂ ਵਿਖਾਇਆ ਜਾਂਦਾ।

**ਸਿਆਸੀ ਅਸਥਿਰਤਾ ਦਾ ਦੇਸ਼ ਦੀ ਆਰਥਿਕਤਾ 'ਤੇ ਪੈ ਰਿਹੈ ਅਸਰ**

ਕੈਨੇਡਾ ਦੀ ਸਿਆਸੀ ਅਸਥਿਰਤਾ ਦਾ ਅਸਰ ਇਸ ਦੀ ਆਰਥਿਕਤਾ ਨੂੰ ਪ੍ਰਭਾਵਿਤ ਕਰ ਰਿਹਾ ਹੈ। ਬੀਤੇ ਚਾਰ ਦਿਨਾਂ ਵਿੱਚ ਕੈਨੇਡੀਅਨ ਡਾਲਰ ਦੀ ਕੌਮਾਂਤਰੀ ਕੀਮਤ 3.5 ਫੀਸਦ ਹੇਠਾਂ ਡਿੱਗ ਕੇ ਭਾਰਤੀ ਕਰੰਸੀ ਅਨੁਸਾਰ 61.5 ਤੋਂ 59 ਰੁਪਏ ਰਹਿ ਗਈ ਹੈ। ਇਸ ਨੇ ਵਿੱਤੀ ਸੰਸਥਾਵਾਂ ਨੂੰ ਚਿੰਤਾ ਵਿੱਚ ਪਾ ਦਿੱਤਾ ਹੈ। ਦੋ ਹਫਤਿਆਂ ਦੀਆਂ ਕ੍ਰਿਸਮਸ ਛੁੱਟੀਆਂ ਕਾਰਨ ਸਰਕਾਰੀ ਕੰਮਕਾਜ ਪ੍ਰਭਾਵਿਤ ਹੋਣਗੇ।

# ਕੈਨੇਡਾ ਨੇ ਪੀ.ਆਰ. ਨੂੰ ਲੈ ਕੇ ਕੀਤਾ ਨਵੇਂ ਨਿਯਮਾਂ ਦਾ ਐਲਾਨ

## ਭਾਰਤੀ ਇੰਜੀਨੀਅਰ, ਟੈਕਨੀਸ਼ੀਅਨ ਤੇ ਹੋਰ ਆਈ.ਟੀ. ਕਰਮਚਾਰੀ ਹੋਣਗੇ ਪ੍ਰਭਾਵਿਤ

## ਕੈਨੇਡਾ ਦੇ ਮੰਤਰੀ ਮਿਲਰ ਅਨੁਸਾਰ ਦੋ ਮਿਲੀਅਨ ਲੋਕ ਵਾਪਸ ਜਾ ਸਕਦੇ ਨੇ

ਕੈਨੇਡਾ ਦੀ ਜਸਟਿਨ ਟਰੂਡੋ ਸਰਕਾਰ ਨੇ ਦੇਸ਼ ਵਿੱਚ ਪਰਮਾਨੈਂਟ ਰੈਜ਼ੀਡੈਂਸ (ਪੀ.ਆਰ.) ਸਬੰਧੀ ਨਵੇਂ ਨਿਯਮਾਂ ਦਾ ਐਲਾਨ ਕੀਤਾ ਹੈ। ਇਹ ਐਲਾਨ ਐਕਸਪ੍ਰੈੱਸ ਐਂਟਰੀ ਕਰਮਚਾਰੀਆਂ ਲਈ ਕੀਤਾ ਗਿਆ ਹੈ ਜੋ ਦੇਸ਼ ਵਿੱਚ ਸਥਾਈ ਨਿਵਾਸ ਦੀ ਮੰਗ ਕਰ ਰਹੇ ਹਨ। ਕੈਨੇਡਾ ਸਰਕਾਰ ਦੀ ਇਸ ਘੋਸ਼ਣਾ ਦਾ ਭਾਰਤੀ ਇੰਜੀਨੀਅਰਾਂ, ਟੈਕਨੀਸ਼ੀਅਨਾਂ ਅਤੇ ਹੋਰ ਆਈ ਟੀ ਕਰਮਚਾਰੀਆਂ ਦੇ ਨਾਲ-ਨਾਲ ਵਿਆਪਕ ਰੈਂਕਿੰਗ ਪ੍ਰਣਾਲੀ ਵਿੱਚ ਹਾਲ ਹੀ ਵਿੱਚ ਐਲਾਨੀਆਂ ਤਬਦੀਲੀਆਂ ਨੂੰ ਪ੍ਰਭਾਵਤ ਕਰਨ ਦੀ ਸੰਭਾਵਨਾ ਹੈ।

ਸੀ.ਆਰ.ਐਸ. ਅੰਕਾਂ ਵਿੱਚ ਕੋਈ ਢਿੱਲ ਨਹੀਂ ਦਿੱਤੀ ਜਾਵੇਗੀ

ਨਵੇਂ ਨਿਯਮਾਂ ਦੇ ਅਨੁਸਾਰ, ਕੈਨੇਡਾ ਵਿੱਚ ਸਥਾਈ ਨਿਵਾਸ ਲਈ ਅਰਜ਼ੀ ਦੇਣ ਵਾਲੇ ਆਈ.ਟੀ. ਕਰਮਚਾਰੀਆਂ ਨੂੰ ਹੁਣ ਵਾਧੂ ਸੀ.ਆਰ.ਐਸ. ਅੰਕ ਨਹੀਂ ਮਿਲਣਗੇ। ਹੁਣ ਤੱਕ ਆਈ.ਟੀ. ਇੰਜੀਨੀਅਰਾਂ ਨੂੰ ਐਲ. ਐਲ. ਆਈ. ਏ. ਦੁਆਰਾ ਬੈਕਡ ਨੌਕਰੀ ਦੀਆਂ ਪੇਸ਼ਕਸ਼ਾਂ ਮਿਲਦੀਆਂ ਸਨ। ਇਸਦਾ ਮਤਲਬ ਹੈ ਕਿ ਆਈ.ਟੀ. ਪੇਸ਼ੇਵਰਾਂ ਨੂੰ ਉੱਚ ਸੀ.ਆਰ.ਐਸ. ਸਕੋਰ ਪ੍ਰਾਪਤ ਕਰਨ ਲਈ ਹੋਰ ਕਾਰਕਾਂ 'ਤੇ ਭਰੋਸਾ ਕਰਨਾ ਪਵੇਗਾ। ਹਾਲਾਂ ਕਿ, ਇਹ ਅਜੇ ਸਪੱਸ਼ਟ ਨਹੀਂ ਹੈ ਕਿ ਇਹ ਸੋਧਾਂ ਕਦੋਂ ਲਾਗੂ ਹੋਣਗੀਆਂ।

ਇਸ ਤੋਂ ਪਹਿਲਾਂ, ਐਲ.ਐਮ.ਆਈ.ਏ.-ਸਮਰਥਿਤ ਨੌਕਰੀ ਦੀ ਪੇਸ਼ਕਸ਼ ਵਾਲੇ ਐਕਸਪ੍ਰੈੱਸ ਐਂਟਰੀ ਉਮੀਦਵਾਰਾਂ ਨੂੰ ਉਹਨਾਂ ਦੇ ਵਿਆਪਕ ਰੈਂਕਿੰਗ ਸਿਸਟਮ (ਸੀ.ਆਰ.ਐਸ.) ਸਕੋਰ ਵਿੱਚ ਮਹੱਤਵਪੂਰਨ ਵਾਧਾ ਪ੍ਰਾਪਤ ਹੋਇਆ ਸੀ। ਇਹ ਨੌਕਰੀ ਦੀ ਪੇਸ਼ਕਸ਼ ਦੇ ਆਧਾਰ 'ਤੇ 50 ਤੋਂ 200 ਵਾਧੂ ਪੁਆਇੰਟਾਂ ਤੱਕ ਹੋ ਸਕਦਾ ਹੈ। ਇਹ ਬੋਨਸ ਪੁਆਇੰਟ ਐਲ.ਐਮ.ਆਈ.ਏ. ਉਮੀਦਵਾਰਾਂ ਨੂੰ ਸਥਾਈ ਨਿਵਾਸ ਲਈ ਅਰਜ਼ੀ ਦੇਣ ਉਪਰੰਤ ਸੱਦਾ ਪ੍ਰਾਪਤ ਕਰਨ ਵਿੱਚ ਸਹਾਇਤਾ ਦਿੰਦੇ ਹਨ।

ਪੀ.ਆਰ. ਲਈ ਸੱਦਾ ਪੱਤਰ ਮਿਲਣਾ ਮੁਸ਼ਕਿਲ ਹੋਵੇਗਾ

ਇਨ੍ਹਾਂ ਤਬਦੀਲੀਆਂ ਕਾਰਨ ਹੁਣ ਉਹਨਾਂ ਉਮੀਦਵਾਰਾਂ ਨੂੰ ਬੇਨਤੀ ਪੱਤਰ ਦੇ ਬਾਅਦ ਸੱਦਾ ਪ੍ਰਾਪਤ ਕਰਨਾ ਔਖਾ ਹੋ ਸਕਦਾ ਹੈ ਜੋ ਸੀ.ਆਰ.ਐਸ. ਸਕੋਰ ਤੱਕ ਪਹੁੰਚਣ ਲਈ ਐਲ.ਐਮ.ਆਈ.ਏ.-ਸਮਰਥਿਤ ਨੌਕਰੀ ਸਕੋਰਾਂ 'ਤੇ ਨਿਰਭਰ ਕਰਦੇ ਹਨ। ਇਹ ਉਹਨਾਂ ਉਮੀਦਵਾਰਾਂ ਵਿੱਚ ਮੁਕਾਬਲਾ ਵਧਾ ਸਕਦਾ ਹੈ ਜਿਨ੍ਹਾਂ ਦੇ ਪ੍ਰੋਫ਼ਾਈਲਾਂ ਦਾ ਮੁਲਾਂਕਣ ਸਿਰਫ਼ ਉਮਰ, ਸਿੱਖਿਆ ਅਤੇ ਭਾਸ਼ਾ ਦੇ ਹੁਨਰ ਦੇ ਆਧਾਰ 'ਤੇ ਕੀਤਾ ਜਾਂਦਾ ਹੈ।



ਸਥਾਈ ਨਿਵਾਸ ਸਬੰਧੀ ਨਿਯਮਾਂ ਵਿੱਚ ਬਦਲਾਅ ਦਾ ਐਲਾਨ ਅਜਿਹੇ ਸਮੇਂ ਵਿੱਚ ਹੋਇਆ ਹੈ ਜਦੋਂ ਕੈਨੇਡਾ ਸਰਕਾਰ ਇਮੀਗ੍ਰੇਸ਼ਨ ਨੀਤੀਆਂ ਵਿੱਚ ਅਹਿਮ ਬਦਲਾਅ ਕਰ ਰਹੀ ਹੈ। ਟਰੂਡੋ ਸਰਕਾਰ ਨੇ ਇਹ ਜਾਣਕਾਰੀ 15 ਦਿਨ ਪਹਿਲਾਂ ਦਿੱਤੀ ਸੀ। ਨਵੀਂ ਨੀਤੀ ਅਗਲੇ ਤਿੰਨ ਸਾਲਾਂ ਵਿੱਚ ਕੈਨੇਡਾ ਵਿੱਚ ਦਾਖਲ ਹੋਣ ਵਾਲੇ ਸਥਾਈ ਅਤੇ ਅਸਥਾਈ ਨਿਵਾਸੀਆਂ ਦੀ ਗਿਣਤੀ ਵਿੱਚ ਕਟੌਤੀ ਕਰਨ ਦੀ ਯੋਜਨਾ ਬਣਾ ਰਹੀ ਹੈਯਾਦ ਰਹੇ ਕਿ ਕੈਨੇਡਾ ਨੇ ਬੀਤੇ ਦਿਨੀਂ ਆਪਣੀ ਇਮੀਗ੍ਰੇਸ਼ਨ ਨੀਤੀ ਵਿਚ ਹੋਰ ਵੱਡਾ ਬਦਲਾਅ ਕਰਦਿਆਂ ਫ਼ਾਸਟ ਟਰੈਕ ਸਟੂਡੈਂਟ ਵੀਜ਼ਾ, ਜਿਸ ਨੂੰ (ਐੱਸ.ਡੀ.ਐੱਸ.) ਪ੍ਰੋਗਰਾਮ ਵੀ ਕਿਹਾ ਜਾਂਦਾ ਹੈ, ਨੂੰ ਤੁਰੰਤ ਬੰਦ ਕਰ ਦਿੱਤਾ ਸੀ। ਇਸ ਫ਼ੈਸਲੇ ਦਾ ਹਜ਼ਾਰਾਂ ਕੌਮਾਂਤਰੀ ਵਿਦਿਆਰਥੀਆਂ ਖ਼ਾਸ ਕਰ ਕੇ ਕੈਨੇਡਾ ਵਿੱਚ ਪੜ੍ਹਾਈ ਕਰਨ ਦੇ ਚਾਹਵਾਨ ਵਿਦਿਆਰਥੀਆਂ 'ਤੇ ਸਿੱਧਾ ਅਸਰ ਪਵੇਗਾ। ਕੈਨੇਡਾ ਸਰਕਾਰ ਨੇ ਵਿਜ਼ਟਰ ਵੀਜ਼ੇ 'ਤੇ ਆਉਣ ਵਾਲਿਆਂ ਨੂੰ ਵੱਡਾ ਝਟਕਾ ਦਿੰਦਿਆਂ ਨਿਯਮਾਂ ਵਿੱਚ ਸਖ਼ਤ ਤਬਦੀਲੀ ਕੀਤੀ ਸੀ। ਸਰਕਾਰ ਦੇ ਨਵੇਂ ਫ਼ੈਸਲੇ ਅਨੁਸਾਰ ਹੁਣ 10 ਸਾਲ ਦਾ ਵਿਜ਼ਟਰ ਵੀਜ਼ਾ ਨਹੀਂ ਮਿਲੇਗਾ। ਵਿਜ਼ਟਰ ਵੀਜ਼ਾ 'ਤੇ ਆਏ ਲੋਕਾਂ ਦੀ ਗਿਣਤੀ ਸਾਢੇ ਦਸ ਲੱਖ ਤੋਂ ਵੀ ਵੱਧ ਹੈ ਅਤੇ ਇਨ੍ਹਾਂ ਵਿੱਚੋਂ ਜਿਹੜੇ ਹੁਣ ਆਪਣੇ-ਆਪ ਵਾਪਸ ਨਾ ਗਏ, ਉਨ੍ਹਾਂ ਨੂੰ ਵਾਪਸੀ ਲਈ ਸਖ਼ਤ ਕਾਰਵਾਈ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਕੈਨੇਡਾ ਵਿੱਚ ਇਸ ਵੇਲੇ 4 ਲੱਖ ਤੋਂ ਵੱਧ ਭਾਰਤੀ ਵਿਦਿਆਰਥੀ ਪੜ੍ਹਾਈ ਕਰ ਰਹੇ ਹਨ।

**ਕੀ ਕਹਿੰਦੇ ਨੇ ਇੰਮੀਗ੍ਰੇਸ਼ਨ ਮੰਤਰੀ**

ਕੈਨੇਡਾ ਦੇ ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਨੇ ਕਿਹਾ ਕਿ ਕੈਨੇਡਾ ਦੀ ਓਵਰਹੀਟਿਡ ਇਮੀਗ੍ਰੇਸ਼ਨ ਪ੍ਰਣਾਲੀ ਜਿਸਨੇ ਦੇਸ਼ ਵਿੱਚ ਰਿਕਾਰਡ ਗਿਣਤੀ ਵਿੱਚ ਨਵੇਂ ਆਉਣ ਵਾਲੇ ਲੋਕਾਂ ਨੂੰ ਸਵੀਕਾਰ ਕੀਤਾ ਹੈ, ਉਸ ਨੇ ਇਮੀਗ੍ਰੇਸ਼ਨ ਦੇ ਬਾਰੇ ਕੈਨੇਡਾ ਦੀ ਦਹਾਕਿਆਂ ਪੁਰਾਣੀ ਯੋਜਨਾ ਨੂੰ ਨੁਕਸਾਨ ਪਹੁੰਚਾਇਆ ਹੈ, ਉਨ੍ਹਾਂ ਨੇ ਸਾਲ ਦੇ ਅੰਤ ਵਿੱਚ ਇੰਟਰਵਿਊ ਵਿੱਚ ਆਪਣੇ ਵਿਭਾਗ 'ਚ ਤਬਦੀਲੀਆਂ ਬਾਰੇ ਦੱਸਿਆ। ਉਨ੍ਹਾਂ ਕਿਹਾ ਕਿ ਦੇਸ਼ ਨੂੰ ਮੁੜ ਲੀਹ 'ਤੇ ਲਿਆਉਣ ਲਈ ਸਰਕਾਰ ਨੂੰ ਸਿਸਟਮ ਵਿੱਚ ਅਨੁਸ਼ਾਸਨ ਦੀ ਲੋੜ ਹੈ। ਬੁਢਾਪੇ ਦੀ ਆਬਾਦੀ ਅਤੇ ਜਨਮ ਦਰ ਦੇ ਅਨੁਪਾਤ ਵਿੱਚ ਸੁਧਾਰ ਬਾਰੇ ਮਿਲਰ ਨੇ ਕਿਹਾ ਕਿ ਸਿਹਤ ਦੇਖਭਾਲ ਵਰਗੇ ਮੁੱਖ ਪ੍ਰੋਗਰਾਮਾਂ ਲਈ ਭੁਗਤਾਨ ਕਰਨ ਵਿੱਚ ਮਦਦ ਲਈ ਇੱਕ ਮਜ਼ਬੂਤ ਕਿਰਤ ਸ਼ਕਤੀ ਨੂੰ ਯਕੀਨੀ ਬਣਾਉਣ ਲਈ ਇਮੀਗ੍ਰੇਸ਼ਨ ਜ਼ਰੂਰੀ ਹੈ।

(ਬਾਕੀ ਸਫ਼ਾ 30 'ਤੇ)

## ਵਿਦੇਸ਼ੀ ਧਰਤੀ 'ਤੇ ਸਿੱਖ ਨੌਜਵਾਨ ਸੁਖਵੀਰ ਗਰੇਵਾਲ ਨੇ ਸਿਰਜਿਆ ਇਤਿਹਾਸ



ਨਿਊਯਾਰਕ/ਏ.ਟੀ.ਨਿਊਜ਼ : ਪਿਛਲੇ ਦਿਨੀਂ ਅਮਰੀਕਾ ਦੇ ਓਹੀਓ ਸੂਬੇ ਦੇ ਸ਼ਹਿਰ ਕਲੀਵਲੈਂਡ ਵਿਖੇ ਪੰਜਾਬੀ ਸਿੱਖ ਸੁਖਵੀਰ ਗਰੇਵਾਲ ਨੂੰ ਪੁਲਿਸ ਵਿਭਾਗ ਦੇ ਪਹਿਲੇ ਸਿੱਖ ਅਧਿਕਾਰੀ ਬਣਨ ਦਾ ਮਾਣ ਹਾਸਲ ਹੋਇਆ ਹੈ। ਗਰੇਵਾਲ ਆਪਣੇ ਸਿੱਖ ਧਰਮ 'ਚ, ਦਾੜ੍ਹੀ ਅਤੇ ਦਸਤਾਰ ਕੇਸ ਰੱਖ ਕੇ ਨੌਕਰੀ ਕਰੇਗਾ।

ਪੁਲਿਸ ਦੇ ਕਲੀਵਲੈਂਡ ਡਿਵੀਜ਼ਨ ਨੇ ਹਾਲ ਹੀ ਵਿੱਚ ਦਾੜ੍ਹੀ ਰੱਖਣ ਦੀ ਇਜਾਜ਼ਤ ਦੇਣ ਲਈ ਆਪਣੀਆਂ ਨੀਤੀਆਂ ਵਿੱਚ ਤਬਦੀਲੀ ਕੀਤੀ, ਜਿਸ ਨੇ ਗਰੇਵਾਲ ਨੂੰ ਅਰਜ਼ੀ ਦੇਣ ਲਈ ਉਤਸ਼ਾਹਿਤ ਕੀਤਾ ਸੀ। ਕਲੀਵਲੈਂਡ ਡਿਵੀਜਨ ਦੀ ਪੁਲਸ ਮੁਖੀ ਡੋਰੋਥੀ ਟੌਡ ਨੇ ਆਪਣੇ ਸੰਬੋਧਨ 'ਚ ਇਹ ਵੀ ਕਿਹਾ ਕਿ ਅਸੀਂ ਮਰਦਾਂ ਤੇ ਔਰਤਾਂ ਦੇ ਇੱਕ ਵਿਭਿੰਨ ਸਮੂਹ ਲਈ ਉਨ੍ਹਾਂ ਦੇ ਧਰਮਾਂ ਪ੍ਰਤੀ ਵਚਨਬੱਧ ਹਾਂ, ਜੋ ਸਾਡੇ ਭਾਈਚਾਰਿਆਂ 'ਚ ਸ਼ਾਮਲ (ਬਾਕੀ ਸਫ਼ਾ 31 'ਤੇ)

# ਟਰੰਪ ਦੀ ਧਮਕੀ ਤੋਂ ਬਾਅਦ ਕੈਨੇਡਾ ਸਰਹੱਦ ਨੂੰ ਸੁਰੱਖਿਅਤ ਕਰਨ ਲਈ ਬਣਾ ਰਿਹੈ ਯੋਜਨਾ

ਓਟਾਵਾ/ਏ.ਟੀ.ਨਿਊਜ਼ : ਕੈਨੇਡਾ ਦੀ ਸਰਕਾਰ ਅਮਰੀਕਾ ਨਾਲ ਲਗਦੀ ਦੇਸ਼ ਦੀ ਸਰਹੱਦ ਨੂੰ ਸੁਰੱਖਿਅਤ ਕਰਨ ਲਈ 90 ਕਰੋੜ ਅਮਰੀਕੀ ਡਾਲਰ ਤੋਂ ਵੱਧ ਖ਼ਰਚ ਕਰਨ ਦੀ ਯੋਜਨਾ ਬਣਾ ਰਹੀ ਹੈ। ਸੀ.ਬੀ.ਸੀ. ਨਿਊਜ਼ ਪ੍ਰਸਾਰਕ ਨੇ ਵਿੱਤ ਮੰਤਰੀ ਡੋਮਿਨਿਕ ਲੇਬਲਾਂਕ ਦੇ ਹਵਾਲੇ ਨਾਲ ਇਹ ਜਾਣਕਾਰੀ ਦਿਤੀ। ਰਿਪੋਰਟ ਵਿੱਚ ਕਿਹਾ ਗਿਆ ਕਿ ਸਰਕਾਰ ਦੇ ਟੀਚਿਆਂ ਵਿੱਚ ਫੈਂਟਾਨਾਇਲ ਵਪਾਰ ਦਾ ਪਤਾ ਲਗਾਉਣਾ ਅਤੇ ਉਸ 'ਤੇ ਨਕੇਲ ਕਸਣਾ, ਨਵੇਂ ਕਾਨੂੰਨ ਲਾਗੂ ਕਰਨ ਵਾਲੇ ਸਾਧਨਾਂ ਨੂੰ ਪੇਸ਼ ਕਰਨਾ, ਸੰਚਾਲਨ ਤਾਲਮੇਲ ਵਿੱਚ ਸੁਧਾਰ ਕਰਨਾ, ਜਾਣਕਾਰੀ ਸਾਂਝੀ ਕਰਨਾ ਅਤੇ ਇਮੀਗ੍ਰੇਸ਼ਨ ਤੇ ਸ਼ਰਣ ਪ੍ਰਣਾਲੀ ਨੂੰ ਮਜ਼ਬੂਤ ਕਰਨਾ ਸ਼ਾਮਲ ਹੈ।



ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਇਨ੍ਹਾਂ ਟੀਚਿਆਂ ਨੂੰ ਪ੍ਰਾਪਤ ਕਰਨ ਲਈ ਸਰਕਾਰ ਹੋਰ ਚੀਜ਼ਾਂ ਦੇ ਇਲਾਵਾ, ਨਵੇਂ ਡਰੱਗ-ਡਿਟੈਕਸ਼ਨ ਡੌਗ ਯੂਨਿਟਾਂ ਨੂੰ ਸਿਖਲਾਈ ਦੇਵੇਗੀ, ਖ਼ੁਫ਼ੀਆ ਜਾਣਕਾਰੀ ਇਕੱਠੀ ਕਰਨ ਦੀ ਸਮਰਥਾ ਦਾ ਵਿਸਤਾਰ ਕਰੇਗੀ, ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ ਨੂੰ ਹੈਲੀਕਾਪਟਰਾਂ, ਡਰੋਨਾਂ ਅਤੇ ਮੋਬਾਈਲ ਨਿਗਰਾਨੀ ਟਾਵਰਾਂ ਨਾਲ ਲੈਸ ਕਰਨ, ਸੰਗਠਿਤ ਅਪਰਾਧ ਦਾ ਮੁਕਾਬਲਾ ਕਰਨ ਲਈ ਸੰਯੁਕਤ ਸਟਰਾਈਕ ਫ਼ੋਰਸ ਲਈ ਫ਼ੰਡ ਅਲਾਟ ਕਰੇਗੀ।

ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਨਵੰਬਰ ਦੇ ਅਖ਼ੀਰ ਵਿੱਚ ਐਲਾਨ ਕੀਤਾ ਸੀ ਕਿ ਅਹੁਦਾ ਸੰਭਾਲਣ ਤੋਂ ਬਾਅਦ ਉਹ ਅਮਰੀਕਾ ਵਿੱਚ ਗ਼ੈਰ-ਕਾਨੂੰਨੀ ਇਮੀਗ੍ਰੇਸ਼ਨ ਅਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਅਣਸੁਲਝੇ ਮੁੱਦਿਆਂ ਕਾਰਨ ਕੈਨੇਡਾ ਅਤੇ ਮੈਕਸੀਕੋ ਤੋਂ ਆਉਣ ਵਾਲੇ ਸਮਾਨ 'ਤੇ 25 ਫ਼ੀ ਸਦੀ ਟੈਰਿਫ਼ ਲਗਾਉਣਗੇ। ਉਨ੍ਹਾਂ ਚੀਨੀ ਸਮਾਨ'ਤੇ 10 ਫ਼ੀ ਸਦੀ ਨਿਰਯਾਤ ਡਿਊਟੀ ਜੋੜਨ ਦਾ ਵੀ ਵਾਅਦਾ ਕੀਤਾ।

ਅਮਰੀਕਾ, ਮੈਕਸੀਕੋ ਅਤੇ ਕੈਨੇਡਾ ਵਿਚਕਾਰ ਸਮਝੌਤੇ ਦੀਆਂ ਸ਼ਰਤਾਂ ਦੇ ਤਹਿਤ, ਜੇਕਰ ਮੂਲ ਨਿਯਮਾਂ ਅਤੇ ਹੋਰ ਮਾਪਦੰਡਾਂ ਨੂੰ ਪੂਰਾ ਕੀਤਾ ਜਾਂਦਾ ਹੈ ਤਾਂ ਬਹੁਤ ਸਾਰੀਆਂ ਵਸਤਾਂ ਦਾ ਤਿੰਨ ਦੇਸ਼ਾਂ ਵਿੱਚ ਡਿਊਟੀ-ਮੁਕਤ ਵਪਾਰ ਕੀਤਾ ਜਾਂਦਾ ਹੈ। ਟਰੰਪ ਦਾ ਪ੍ਰਸਤਾਵ ਹਾਲਾਂਕਿ ਸਮਝੌਤੇ ਦੀ ਉਲੰਘਣਾ ਕਰੇਗਾ, ਜਿਸ ਨਾਲ ਖੇਤਰ ਦੇ ਰਾਜਾਂ ਵਿਚਕਾਰ ਆਰਥਿਕ ਅਤੇ ਰਾਜਨੀਤਕ ਸਬੰਧਾਂ ਵਿਚ ਸੰਭਾਵਿਤ ਤਣਾਅ ਆ ਸਕਦਾ ਹੈ।

### ਮਾਮਲਾ ਗਿਆਨੀ ਹਰਪ੍ਰੀਤ ਸਿੰਘ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਸਸਪੈਂਡ ਕਰਨ ਦਾ

# ਪੰਥਕ ਜਥੇਬੰਦੀਆਂ ਵਿੱਚ ਸ਼੍ਰੋਮਣੀ ਕਮੇਟੀ ਤੇ ਬਾਦਲਕਿਆਂ ਖ਼ਿਲਾਫ਼ ਫ਼ੈਲਿਆ ਰੋਸ

## ਜਥੇਦਾਰ ਰਘਬੀਰ ਸਿੰਘ ਨੂੰ ਖੁਦ ਪੜਤਾਲ ਕਰਨ ਦੀ ਕੀਤੀ ਅਪੀਲ, ਕਿਹਾ- ਇਸ ਪਿੱਛੇ ਬਾਦਲ ਗਰੁੱਪ ਦੀ ਸਾਜ਼ਿਸ਼

### ਜਥੇਦਾਰਾਂ ਨੂੰ ਜ਼ਲੀਲ ਕਰਕੇ ਅਹੁਦੇ ਤੋਂ ਹਟਾਉਣ ਦਾ ਇਹ ਵਰਤਾਰਾ ਕੋਈ ਨਵਾਂ ਨਹੀਂ : ਜਥੇ. ਗਿ. ਹਰਪ੍ਰੀਤ ਸਿੰਘ

ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੇ ਬਤੌਰ ਜਥੇਦਾਰ ਵਜੋਂ ਕੰਮ-ਕਾਜ 'ਤੇ ਸ਼੍ਰੋਮਣੀ ਕਮੇਟੀ ਵੱਲੋਂ 15 ਦਿਨਾਂ ਦੀ ਰੋਕ ਲਗਾਉਣ ਨੂੰ ਪੰਥਕ ਜਥੇਬੰਦੀਆਂ ਤੇ ਇਸ ਦੇ ਆਗੂਆਂ ਦਲ ਖ਼ਾਲਸਾ, ਨਿਹੰਗ ਸਿੰਘ ਜਥੇਬੰਦੀਆਂ, ਬਾਬਾ ਸਰਬਜੋਤ ਸਿੰਘ ਬੇਦੀ, ਸਿੰਘ ਸਾਹਿਬ ਗਿਆਨੀ ਕੇਵਲ ਸਿੰਘ, ਬੀਬੀ ਜਗੀਰ ਕੌਰ ਦੇ ਅਕਾਲੀ ਧੜੇ, ਭਾਈ ਅੰਮ੍ਰਿਤਪਾਲ ਸਿੰਘ ਦੇ ਜਥੇ 'ਵਾਰਿਸ ਪੰਜਾਬ ਦੇ' ਤੇ ਸਿੱਖ ਚਿੰਤਕਾਂ ਆਦਿ ਨੇ ਬਦਲੇ ਦੀ ਭਾਵਨਾ ਤਹਿਤ ਕੀਤੀ ਗਈ ਕਾਰਵਾਈ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਗਿਆਨੀ ਹਰਪ੍ਰੀਤ ਸਿੰਘ ਦੇ ਖ਼ਿਲਾਫ਼ ਦੋਸ਼ਾਂ ਦੀ ਜਾਂਚ ਲਈ ਚੋਣਵੇਂ ਤੌਰ 'ਤੇ 3 ਮੈਂਬਰੀ ਪੈਨਲ ਸੀਨੀਅਰ ਮੀਤ ਪ੍ਰਧਾਨ ਰਘੂਜੀਤ ਸਿੰਘ ਵਿਰਕ, ਜਨਰਲ ਸਕੱਤਰ ਸ਼ੇਰ ਸਿੰਘ ਮੰਡਵਾਲਾ ਤੇ ਅੰਤ੍ਰਿੰਗ ਕਮੇਟੀ ਮੈਂਬਰ ਦਲਜੀਤ ਸਿੰਘ ਭਿੰਡਰ ਦੀ ਚੋਣ ਕਰਨਾ ਜਥੇਦਾਰਾਂ ਦੇ ਅਹੁਦੇ ਦਾ ਅਪਮਾਨ ਹੈ। ਇਹ ਵੀ ਫ਼ੈਸਲਾ ਗਲਤ ਹੈ ਕਿ ਤਖ਼ਤ ਦਮਦਮਾ ਸਾਹਿਬ ਦੇ ਮੁੱਖ ਗ੍ਰੰਥੀ ਜਗਤਾਰ ਸਿੰਘ ਨੂੰ ਤਖ਼ਤ ਸਾਹਿਬ ਦਾ ਅਧਿਕਾਰ ਖੇਤਰ ਸੌਂਪਿਆ ਜਾਵੇ। ਯਾਦ ਰਹੇ ਕਿ ਜਥੇਦਾਰ ਹਰਪ੍ਰੀਤ ਸਿੰਘ ਦੇ ਸਾਬਕਾ ਸਾਂਢੂ ਗੁਰਪ੍ਰੀਤ ਸਿੰਘ ਵਾਸੀ ਮੁਕਤਸਰ ਸਾਹਿਬ ਵੱਲੋਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਕੋਲ ਸ਼ਿਕਾਇਤ ਕਰਕੇ ਜਥੇਦਾਰ 'ਤੇ ਗੰਭੀਰ ਦੋਸ਼ ਲਾਏ ਸਨ।

ਪੰਥਕ ਜਥੇਬੰਦੀਆਂ ਦਾ ਤਰਕ ਹੈ ਕਿ ਪਿਛਲੇ ਤਿੰਨ ਦਹਾਕਿਆਂ ਤੋਂ ਸਿੱਖ ਜਥੇਬੰਦੀਆਂ ਸ਼੍ਰੋਮਣੀ ਕਮੇਟੀ ਤੋਂ ਤਖ਼ਤ ਸਾਹਿਬ ਦੇ ਜਥੇਦਾਰਾਂ ਦੇ ਅਹੁਦੇ ਲਈ ਸੇਵਾ-ਨਿਯਮ ਬਣਾਉਣ ਦੀ ਮੰਗ ਕਰ ਰਹੀਆਂ ਹਨ ਪਰ ਇਸ ਮੰਗ 'ਤੇ ਕਮੇਟੀ ਵੱਲੋਂ ਕੋਈ ਗੌਰ ਨਹੀਂ ਕੀਤਾ ਗਿਆ।

ਪੰਥਕ ਆਗੂਆਂ ਨੇ ਜਥੇਦਾਰ ਅਕਾਲ ਤਖ਼ਤ ਸਾਹਿਬ ਗਿਆਨੀ ਰਘਬੀਰ ਸਿੰਘ ਨੂੰ ਅਪੀਲ ਕੀਤੀ ਹੈ ਕਿ ਉਹ ਸੱਚ-ਝੂਠ ਦਾ ਨਿਤਾਰਾ ਕਰਨ ਲਈ ਜਾਂਚ ਆਪਣੇ ਹੱਥਾਂ ਵਿਚ ਲੈਣ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਬਣਾਈ ਤਿੰਨ ਮੈਂਬਰੀ ਪੜਤਾਲੀਆ ਕਮੇਟੀ ਨੂੰ ਭੰਗ ਕਰ ਦੇਣ। ਉਨ੍ਹਾਂ ਦਾ ਕਹਿਣਾ ਸੀ ਕਿ ਜਦੋਂ ਤੋਂ ਪੰਜ ਸਿੰਘ ਸਾਹਿਬਾਨ ਨੇ ਅਕਾਲੀ ਦਲ ਨੂੰ ਵਿਰਸਾ ਸਿੰਘ ਵਲਟੋਹਾ ਨੂੰ ਪਾਰਟੀ ਵਿਚੋਂ ਕੱਢਣ ਦੇ ਨਿਰਦੇਸ਼ ਦਿੱਤੇ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫ਼ਸੀਲ ਤੋਂ ਅਕਾਲੀ ਲੀਡਰਸ਼ਿਪ ਨੂੰ ਸਖ਼ਤ ਲਹਿਜੇ ਵਿੱਚ ਤਾੜਨਾ ਕੀਤੀ ਸੀ ਕਿ ਮੌਜੂਦਾ ਲੀਡਰਸ਼ਿਪ ਅਕਾਲੀ ਮਾਮਲਿਆਂ ਨੂੰ ਚਲਾਉਣ ਦਾ ਨੈਤਿਕ ਅਧਿਕਾਰ ਗੁਆ ਚੁੱਕੀ ਹੈ, ਉਸ ਦਿਨ ਤੋਂ ਗਿਆਨੀ ਹਰਪ੍ਰੀਤ ਸਿੰਘ ਦਾ ਜਾਣਾ ਲਗਭਗ ਤੈਅ ਸੀ।

ਪੰਥਕ ਆਗੂਆਂ ਦਾ ਮੰਨਣਾ ਸੀ ਕਿ ਸੁਖਬੀਰ ਸਿੰਘ ਬਾਦਲ ਤੇ ਵਿਰਸਾ ਸਿੰਘ ਵਲਟੋਹਾ ਦੋਵੇਂ ਬਹੁਤ ਹੀ ਹੰਕਾਰੀ ਵਿਅਕਤੀ ਹਨ ਅਤੇ ਉਨ੍ਹਾਂ ਕੋਲੋਂ ਇਹ ਉਮੀਦ ਸੀ ਕਿ ਉਹ ਸਮਾਂ ਆਉਣ 'ਤੇ ਜਥੇਦਾਰਾਂ ਨੂੰ ਨਿਸ਼ਾਨਾ ਬਣਾਉਣਗੇ ਤੇ ਸ੍ਰੀ ਅਕਾਲ ਤਖਤ ਸਾਹਿਬ ਦੀ ਫ਼ਸੀਲ ਤੋਂ ਹੋਇਆ ਗੁਰਮਤਾ ਨਹੀਂ ਮੰਨਣਗੇ। ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਅਹੁਦੇ ਤੋਂ ਫ਼ਾਰਗ ਕਰਨ ਕਾਰਨ ਬਾਦਲ ਗਰੁੱਪ ਦੀ ਰਣਨੀਤੀ ਜੱਗ ਜ਼ਾਹਿਰ ਹੋ ਗਈ ਹੈ। ਉਨ੍ਹਾਂ ਦੋਸ਼ ਲਾਇਆ ਕਿ ਸ਼੍ਰੋਮਣੀ ਅਕਾਲੀ ਦਲ ਦੇ ਸੁਖਬੀਰ ਧੜੇ ਨੇ ਆਪਣੇ ਅਸਤੀਫ਼ਿਆਂ ਨੂੰ ਲਮਕਾਉਣ, ਮਨਮਰਜ਼ੀ ਨਾਲ ਹੁਕਮਨਾਮੇ ਵਿੱਚ ਤਬਦੀਲੀ ਕਰਵਾਉਣ ਅਤੇ ਤਖ਼ਤ ਸਾਹਿਬ ਤੋਂ ਬਣੀ ਕਮੇਟੀ ਨੂੰ ਦਰਕਿਨਾਰ ਕਰਨ ਲਈ ਇਹ ਸਾਜ਼ਿਸ਼ ਘੜੀ ਗਈ। ਉਨ੍ਹਾਂ ਕਿਹਾ ਕਿ ਅਕਾਲੀਆਂ ਦਾ ਆਪਣੇ 'ਪੰਥਕ ਏਜੰਡੇ' ਨੂੰ ਛੱਡਣ ਤੇ ਨਿਘਾਰ ਦਾ ਸਾਹਮਣਾ ਕਰਨ ਦੇ ਬਾਵਜੂਦ ਧਾਰਮਿਕ ਮਾਮਲਿਆਂ ਅਤੇ ਪੰਥਕ ਰਾਜਨੀਤੀ ਵਿੱਚ ਦਖ਼ਲ-ਅੰਦਾਜ਼ੀ ਜਾਰੀ ਰੱਖੀ ਹੈ ਜੋ ਕਿ ਸਿੱਖ ਪੰਥ ਲਈ ਬਰਦਾਸ਼ਤ ਯੋਗ ਨਹੀਂ। ਜਥੇਦਾਰ ਅਕਾਲ ਤਖ਼ਤ ਸਾਹਿਬ ਨੂੰ ਇਸ ਬਾਰੇ ਸਖ਼ਤ ਸਟੈਂਡ ਲੈਣਾ ਚਾਹੀਦਾ ਹੈ।



ਉਧਰ, ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਨਾਲ ਸਬੰਧਿਤ ਰਹੇ ਸੀਨੀਅਰ ਅਕਾਲੀ ਆਗੂਆਂ ਨੇ ਗਿਆਨੀ ਹਰਪ੍ਰੀਤ ਸਿੰਘ ਖ਼ਿਲਾਫ਼ ਸਾਜ਼ਿਸ਼ ਦੇ ਵਿਰੋਧ ਵਿੱਚ ਵੱਡਾ ਇਕੱਠ ਸੱਦਣ ਦਾ ਫ਼ੈਸਲਾ ਕੀਤਾ ਹੈ।

ਬਾਗੀ ਧੜੇ ਦੇ ਅਕਾਲੀ ਆਗੂਆਂ ਜਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ, ਐਸ.ਜੀ.ਪੀ.ਸੀ. ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ, ਸਾਬਕਾ ਮੰਤਰੀ ਸੁਰਜੀਤ ਸਿੰਘ ਰੱਖੜਾ ਤੇ ਪਰਮਿੰਦਰ ਸਿੰਘ ਢੀਂਡਸਾ, ਸਾਬਕਾ ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ, ਸੁੱਚਾ ਸਿੰਘ ਛੋਟੇਪੁਰ, ਸੰਤਾ ਸਿੰਘ ਉਮੈਦਪੁਰੀ, ਬੀਬੀ ਪਰਮਜੀਤ ਕੌਰ ਲਾਂਡਰਾਂ ਨੇ ਕਿਹਾ ਕਿ ਅਗਲੇ ਦਿਨਾਂ ਦੌਰਾਨ ਤਖ਼ਤ ਸ੍ਰੀ ਦਮਦਮਾ ਸਾਹਿਬ 'ਤੇ ਵੱਡਾ ਇਕੱਠ ਕਰਕੇ ਸਾਰੀਆਂ ਪੰਥਕ ਧਿਰਾਂ ਨੂੰ ਨਾਲ ਲੈ ਕੇ ਇਸ ਸਾਜ਼ਿਸ਼ ਖ਼ਿਲਾਫ਼ ਮੋਰਚਾਬੰਦੀ ਕੀਤੀ ਜਾਵੇਗੀ। ਇਸ ਸਾਜ਼ਿਸ਼ ਲਈ ਕੌਮ ਕਦੇ ਬਾਦਲ ਦਲ ਨੂੰ ਮੁਆਫ਼ ਨਹੀਂ ਕਰੇਗੀ।

**ਬਾਦਲ ਦਲ ਨੇ ਪੰਥਕ ਜ਼ਮੀਨ ਨੂੰ ਮੁੜ ਹਾਸਲ ਕਰਨ ਦਾ ਸੁਪਨਾ ਗੁਆਇਆ**

ਬਾਦਲ ਅਕਾਲੀ ਦਲ ਗੁਆਚੀ ਹੋਈ ਪੰਥਕ ਜ਼ਮੀਨ ਨੂੰ ਮੁੜ ਹਾਸਲ ਕਰਨ ਦਾ ਸੁਪਨਾ ਲੈ ਸਕਦੇ ਸਨ। ਗਿਆਨੀ ਹਰਪ੍ਰੀਤ ਸਿੰਘ ਨੂੰ ਤਖ਼ਤ ਦਮਦਮਾ ਸਾਹਿਬ ਦੀ ਜਥੇਦਾਰੀ ਤੋਂ ਲਾਂਭੇ ਕਰਨ ਦੇ ਫ਼ੈਸਲੇ ਨੇ ਸੁਖਬੀਰ ਬਾਦਲ ਦੇ ਵਿਰੋਧੀ ਪੰਥਕ ਜਥੇਬੰਦੀਆਂ ਨੂੰ ਇੱਕ ਹੋਰ ਮੁੱਦਾ ਫੜਾ ਦਿੱਤਾ ਹੈ। ਗਿਆਨੀ ਹਰਪ੍ਰੀਤ ਸਿੰਘ ਨੂੰ ਸਸਪੈਂਡ ਕਰਨ ਨਾਲ ਸ਼੍ਰੋਮਣੀ ਕਮੇਟੀ ਤੇ ਅਕਾਲੀ ਦਲ ਨੂੰ ਫ਼ਾਇਦੇ ਦੀ ਬਜਾਏ ਨੁਕਸਾਨ ਹੋਇਆ ਹੈ।

ਸ਼੍ਰੋਮਣੀ ਕਮੇਟੀ ਦੀ ਅੰਤਰਿੰਗ ਕਮੇਟੀ ਵੱਲੋਂ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਵਿਰੁੱਧ 18 ਸਾਲ ਪੁਰਾਣੀ ਘਟਨਾ ਸੰਬੰਧੀ ਪ੍ਰਾਪਤ ਹੋਈ ਸ਼ਿਕਾਇਤ 'ਤੇ ਬਣਾਈ ਗਈ ਜਾਂਚ ਕਮੇਟੀ ਨੂੰ ਲੈ ਕੇ ਸਿੰਘ ਸਾਹਿਬਾਨ ਵਿਰੁੱਧ ਜਾਂਚ ਜਾਂ ਕਾਰਵਾਈ ਲਈ ਅਧਿਕਾਰ ਖੇਤਰ ਦਾ ਮੁੱਦਾ ਖੜ੍ਹਾ ਹੋ ਗਿਆ ਹੈ। ਤਖ਼ਤਾਂ ਦੇ ਜਥੇਦਾਰ ਸਾਹਿਬਾਨ ਜੋ ਤਕਨੀਕੀ ਤੌਰ 'ਤੇ ਸ਼੍ਰੋਮਣੀ ਕਮੇਟੀ ਦੇ ਤਨਖ਼ਾਹਦਾਰ ਮੁਲਾਜ਼ਮ ਨਹੀਂ ਹੁੰਦੇ ਅਤੇ ਨਾ ਹੀ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮਾਂ ਲਈ ਨਿਯਮ ਹੀ ਉਨ੍ਹਾਂ 'ਤੇ ਲਾਗੂ ਹੁੰਦੇ ਹਨ। ਮਰਹੂਮ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਕਾਰਜਕਾਲ ਦੌਰਾਨ ਹੀ ਉਨ੍ਹਾਂ ਦੀ ਤਨਖ਼ਾਹ ਨੂੰ ਖ਼ਤਮ ਕਰਕੇ ਉਨ੍ਹਾਂ ਨੂੰ ਮਾਣ ਭੱਤਾ ਦੇਣ ਦਾ ਫ਼ੈਸਲਾ ਹੋ ਗਿਆ ਸੀ। ਸਿੰਘ ਸਾਹਿਬਾਨ ਸੰਬੰਧੀ ਕਿਸੇ ਤਰ੍ਹਾਂ ਦੀ ਕਾਰਵਾਈ ਤੇ ਜਾਂਚ ਵੀ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਅਧਿਕਾਰ ਖੇਤਰ ਵਿਚ ਰੱਖੀ ਗਈ ਸੀ, ਜਦੋਂ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸੰਬੰਧੀ ਕੋਈ ਕਾਰਵਾਈ ਦਾ ਅਧਿਕਾਰ ਸ੍ਰੀ ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ ਨੂੰ ਦਿੱਤਾ ਗਿਆ ਸੀ। ਲੇਕਿਨ ਸ਼੍ਰੋਮਣੀ ਕਮੇਟੀ ਵੱਲੋਂ ਜਿਵੇਂ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਵਿਰੁੱਧ ਕਾਰਵਾਈ ਆਪਣੇ ਤੌਰ 'ਤੇ ਹੀ ਕੀਤੀ ਗਈ, ਸੂਚਨਾ ਅਨੁਸਾਰ ਉਸ ਤੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਕਾਫ਼ੀ ਪ੍ਰੇਸ਼ਾਨ ਹਨ ਅਤੇ ਉਨ੍ਹਾਂ ਆਪਣੇ ਵਿਚਾਰਾਂ ਤੋਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੂੰ ਜਾਣੂੰ ਵੀ ਕਰਵਾ ਦਿੱਤਾ ਹੈ। ਪਤਾ ਇਹ ਵੀ ਲੱਗਾ ਹੈ ਕਿ ਸ਼੍ਰੋਮਣੀ ਕਮੇਟੀ ਦੇ ਫ਼ੈਸਲੇ ਕਾਰਨ ਜਥੇਦਾਰ ਅਕਾਲ ਤਖ਼ਤ ਸਾਹਿਬ ਵੱਲੋਂ ਅਹੁਦਾ ਛੱਡਣ ਦੀ ਵੀ ਗੱਲ ਕੀਤੀ ਗਈ । ਇਸ ਤੋਂ ਬਾਅਦ ਬਾਦਲ ਦਲ ਦੇ ਆਗੂਆਂ ਦਲਜੀਤ ਸਿੰਘ ਚੀਮਾ, ਬਲਵਿੰਦਰ ਸਿੰਘ ਭੂੰਦੜ, ਪਰਮਜੀਤ ਸਿੰਘ ਸਰਨਾ ਅਤੇ ਮਹੇਸ਼ਇੰਦਰ ਸਿੰਘ ਗਰੇਵਾਲ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਰਘਬੀਰ ਸਿੰਘ, ਤਖ਼ਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਸੁਲਤਾਨ ਸਿੰਘ ਨਾਲ ਮਾਛੀਵਾੜਾ ਸਾਹਿਬ ਦੇ ਇਤਿਹਾਸਕ ਗੁਰਦੁਆਰਾ ਚਰਨ ਕੰਵਲ ਸਾਹਿਬ ਵਿਖੇ ਡੇਢ ਘੰਟਾ ਬੰਦ ਕਮਰਾ ਮੀਟਿੰਗ ਕੀਤੀ ਸੀ ਤੇ ਜਥੇਦਾਰ ਨੂੰ ਅਸਤੀਫ਼ਾ ਨਾ ਦੇਣ ਲਈ ਮਨਾ ਲਿਆ ਸੀ । ਦਲਜੀਤ ਸਿੰਘ ਚੀਮਾ ਅਨੁਸਾਰ ਉਨ੍ਹਾਂ ਨੇ ਜਥੇਦਾਰ ਅਕਾਲ ਤਖ਼ਤ ਸਾਹਿਬ ਤੋਂ ਫ਼ਸੀਲ ਉੱਪਰ ਹੋਏ ਸਿਆਸੀ ਫ਼ੈਸਲੇ ਮੰਨਣ ਲਈ ਕੁਝ ਸਮਾਂ ਹੋਰ ਦੇਣ ਦੀ ਅਪੀਲ ਕੀਤੀ ਸੀ। ਚੀਮਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀ ਸਮੂਹ ਲੀਡਰਸ਼ਿਪ ਨੇ ਜਥੇਦਾਰ ਨੂੰ ਵਿਸ਼ਵਾਸ ਦਿਵਾਇਆ ਕਿ ਪਾਰਟੀ ਦੇ ਸਮੂਹ ਆਗੂ ਤੇ ਵਰਕਰ ਅਕਾਲ ਤਖ਼ਤ ਸਾਹਿਬ ਦਾ ਹਰ ਹੁਕਮ ਮੰਨਣ ਨੂੰ ਪਾਬੰਦ ਹਨ। ਇਸ ਲਈ ਸ਼ਹੀਦੀ ਜੋੜ ਮੇਲੇ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਵਰਕਿੰਗ ਕਮੇਟੀ ਦੀ ਮੀਟਿੰਗ ਬੁਲਾ ਕੇ ਅਗਲੇ ਫ਼ੈਸਲੇ ਲਏ ਜਾਣਗੇ। ਉਹ ਗੁਰਮਤੇ ਅਨੁਸਾਰ ਸੁਖਬੀਰ ਬਾਦਲ ਦੇ ਬਾਰੇ ਫ਼ੈਸਲਾ ਕਰਨਗੇ। ਭਰਤੀ ਕਮੇਟੀ ਸੰਬੰਧੀ ਅਕਾਲੀ ਦਲ ਵੱਲੋਂ ਚੋਣ ਕਮਿਸ਼ਨ ਦੀਆਂ ਹਦਾਇਤਾਂ ਨੂੰ ਆਧਾਰ ਬਣਾ ਕੇ ਕਾਨੂੰਨੀ ਅੜਚਣਾਂ ਦਾ ਮੁੱਦਾ ਵੀ ਜਥੇਦਾਰ ਅਕਾਲ ਤਖ਼ਤ ਸਾਹਿਬ ਕੋਲ ਉਠਾਇਆ ਗਿਆ ਹੈ।

ਇਸ ਮੀਟਿੰਗ ਬਾਅਦ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਗਿਆਨੀ ਹਰਪ੍ਰੀਤ ਸਿੰਘ ਦੀ ਜਾਂਚ ਜਥੇਦਾਰ ਹਵਾਲੇ ਕਰਨ ਬਾਰੇ 23 ਦਸੰਬਰ ਨੂੰ ਮੀਟਿੰਗ ਕਰਨ ਦਾ ਜੋ ਫ਼ੈਸਲਾ ਕੀਤਾ ਸੀ, ਉਹ ਹੁਣ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਰੁਝੇਵਿਆਂ ਦਾ ਬਹਾਨਾ ਬਣਾਕੇ ਕੈਂਸਲ ਕਰ ਦਿੱਤੀ ਗਈ ਹੈ। ਅਗਲੀ ਮੀਟਿੰਗ ਹੁਣ 30 ਦਸੰਬਰ ਨੂੰ ਸੱਦੀ ਹੈ। ਇਹ ਇਕੱਤਰਤਾ ਸ਼੍ਰੋਮਣੀ ਕਮੇਟੀ ਦੇ ਮੁੱਖ ਦਫ਼ਤਰ ਤੇਜਾ ਸਿੰਘ ਸਮੁੰਦਰੀ ਹਾਲ ਅੰਮ੍ਰਿਤਸਰ ਵਿਖੇ ਹੋਵੇਗੀ। ਇਸ ਇਕੱਤਰਤਾ ਵਿੱਚ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੇ ਮਾਮਲੇ ਵਿੱਚ ਫ਼ੈਸਲਾ ਲਿਆ ਜਾ ਸਕਦਾ ਹੈ। ਇਸ ਇਕੱਤਰਤਾ 'ਚ ਤਖ਼ਤ ਸ੍ਰੀ ਦਮਦਮਾ ਸਾਹਿਬ ਦਾ ਨਵਾਂ ਜਥੇਦਾਰ ਵੀ ਨਿਯੁਕਤ ਕੀਤਾ ਜਾ ਸਕਦਾ ਹੈ। ਉਥੇ ਪੰਥਕ ਮਸਲਿਆ ਸਬੰਧੀ ਵੀ ਮਤੇ ਪਾਸ ਕੀਤੇ ਜਾ ਸਕਦੇ ਹਨ।

ਸਾਫ਼ ਅਰਥ ਇਹ ਹੈ ਕਿ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਅਕਾਲ ਤਖ਼ਤ ਸਾਹਿਬ ਦੀ ਫ਼ਸੀਲ ਤੋਂ ਹੋਏ ਫ਼ੈਸਲੇ ਮੰਨਣ ਨੂੰ ਤਿਆਰ ਨਹੀਂ। ਉਹ ਹੁਣ ਪੰਥਕ ਜਥੇਬੰਦੀਆਂ ਦਾ ਰਾਜਨੀਤਕ ਮੁਕਾਬਲਾ ਕਰਨ ਨੂੰ ਤਿਆਰ ਹਨ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਇਸ ਨਾਲ ਬਾਦਲਕਿਆਂ ਦਾ ਹੋਰ ਰਾਜਨੀਤਿਕ ਘਾਟਾ ਹੋਵੇਗਾ। ਪੰਥਕ ਮਾਹਿਰਾਂ ਦਾ ਮੰਨਣਾ ਕਿ ਅਕਾਲ ਤਖ਼ਤ ਸਾਹਿਬ ਤੋਂ ਅਕਾਲੀ ਦਲ ਬਣਨ ਦੀ ਸੰਭਾਵਨਾ ਘਟ ਹੈ। (**ਬਾਕੀ ਸਫ਼ਾ 30 'ਤੇ**)

## ਗਿਆਨੀ ਹਰਪ੍ਰੀਤ ਸਿੰਘ ਵੱਲੋਂ ਗੁਨਾਹਗਾਰ ਲੀਡਰਸ਼ਿਪ ਨੂੰ ਚੁਣੌਤੀ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗਿਆਨੀ ਹਰਪ੍ਰੀਤ ਸਿੰਘ ਨੂੰ ਦੋ ਹਫ਼ਤਿਆਂ ਲਈ ਜਥੇਦਾਰ ਦੇ ਅਹੁਦੇ ਤੋਂ ਫ਼ਾਰਗ ਕੀਤੇ ਜਾਣ ਤੋਂ ਬਾਅਦ ਗਿਆਨੀ ਹਰਪ੍ਰੀਤ ਸਿੰਘ ਨੇ ਜਥੇਦਾਰ ਦੀਆਂ ਸਾਰੀਆਂ ਸਹੂਲਤਾਂ ਵਾਪਸ ਕਰ ਦਿੱਤੀਆਂ ਹਨ। ਗਿਆਨੀ ਹਰਪ੍ਰੀਤ ਸਿੰਘ ਸ਼੍ਰੋਮਣੀ ਕਮੇਟੀ ਵੱਲੋਂ ਮਿਲੀ ਕੋਠੀ ਪਹਿਲਾਂ ਹੀ ਛੱਡ ਚੁੱਕੇ ਹਨ ਹੁਣ ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਦੀ ਗੱਡੀ ਅਤੇ ਮੁਲਾਜ਼ਮ ਵੀ ਵਾਪਸ ਕਰ ਦਿੱਤੇ ਹਨ। ਗਿਆਨੀ ਹਰਪ੍ਰੀਤ ਸਿੰਘ ਨੇ ਇਹ ਵੀ ਕਿਹਾ ਕਿ ਉਧਰ, ਗਿਆਨੀ ਹਰਪ੍ਰੀਤ ਸਿੰਘ ਨੇ ਜਾਂਚ ਲਈ ਬਣਾਈ ਕਮੇਟੀ ਬਾਰੇ ਅਸਹਿਮਤੀ ਪ੍ਰਗਟਾਈ ਹੈ। ਉਨ੍ਹਾਂ ਕਿਹਾ ਕਿ ਦੋਸ਼ ਲਾਉਣ ਵਾਲਾ ਧੜਾ ਵੀ ਉਹੀ ਹੈ, ਉਹੀ ਧੜਾ ਜਾਂਚ ਕਰਵਾ ਰਿਹਾ ਹੈ ਤੇ ਉਹ ਹੀ ਫ਼ੈਸਲਾ ਕਰੇਗਾ। ਉਨ੍ਹਾਂ ਦੋਸ਼ ਲਾਇਆ ਕਿ ਜਥੇਦਾਰਾਂ ਨੂੰ ਜ਼ਲੀਲ ਕਰਕੇ ਅਹੁਦੇ ਤੋਂ ਹਟਾਉਣ ਦਾ ਇਹ ਵਰਤਾਰਾ ਕੋਈ ਨਵਾਂ ਨਹੀਂ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਸੇਵਾਵਾਂ ਬਰਖ਼ਾਸਤ ਕਰਨ ਦਾ ਕੋਈ ਫ਼ਿਕਰ ਨਹੀਂ ਹੈ। ਉਨ੍ਹਾਂ ਕਿਹਾ ਕਿ ਉਹ ਦੋਸ਼ਾਂ ਬਾਰੇ ਸਪਸ਼ਟੀਕਰਨ ਦੇ ਚੁੱਕੇ ਹਨ। ਸ਼ਹੀਦੀ ਪੰਦਰਵਾੜਾ ਖ਼ਤਮ ਹੋਣ ਤੋਂ ਬਾਅਦ ਉਹ ਮੰਗੇ ਕੁਝ ਹੋਰ ਸਵਾਲਾਂ ਦੇ ਜਵਾਬ ਦੇਣਗੇ। ਮੈਨੂੰ ਕਿਸੇ ਤਰ੍ਹਾਂ ਦੀ ਕੋਈ ਚਿੰਤਾ ਨਹੀਂ ਹੈ ਪਰ ਮੈਂ ਧਰਮ ਅਤੇ ਬਾਣੀ ਦਾ ਖੁੱਲ੍ਹ ਕੇ ਪ੍ਰਚਾਰ ਕਰਾਂਗਾ ਅਤੇ ਬੇਬਾਕੀ ਨਾਲ ਗੱਲ ਕਰਾਂਗਾ। ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਮੈਂ ਪੰਥ ਲਈ ਖੜ੍ਹਾਂਗਾ, ਪੰਥ ਲਈ ਲੜਾਂਗਾ ਅਤੇ ਪੰਥ ਲਈ ਮਰ ਵੀ ਜਾਵਾਂਗਾ, ਮੈਨੂੰ ਕੋਈ ਗਮ ਨਹੀਂ ਹੈ। ਮੈਨੂੰ ਇੰਨੀ ਜ਼ਰੂਰ ਖ਼ੁਸ਼ੀ ਹੈ ਕਿ ਮੇਰੀ ਪੰਥ ਨਾਲ ਬਣੀ ਹੈ ਅਤੇ ਬਣੀ ਰਹੇ। ਬਾਕੀ ਮੈਂ ਕਿਸੇ ਤੋਂ ਕੁੱਝ ਨਹੀਂ ਲੈਣਾ।

# ਬੇਅਦਬੀ ਮਾਮਲੇ 'ਚ ਪ੍ਰਦੀਪ ਕਲੇਰ ਦੇ ਸਰਕਾਰੀ ਗਵਾਹ ਬਣਨ ਨਾਲ ਬਾਦਲ ਦਲ ਦੀਆਂ ਮੁਸ਼ਕਿਲਾਂ ਵਧੀਆਂ

ਪੰਜਾਬ ਵਿੱਚ 2015 ਵਿੱਚ ਵਾਪਰੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਮਾਮਲੇ ਦੀ ਸੁਣਵਾਈ ਬੀਤੇ ਦਿਨੀਂ ਸੈਕਟਰ-43 ਦੀ ਜ਼ਿਲ੍ਹਾ ਅਦਾਲਤ ਵਿੱਚ ਹੋਈ। ਮਾਮਲੇ ਦੀ ਜਾਂਚ ਕਰ ਰਹੀ ਐੱਸ.ਆਈ.ਟੀ. ਨੇ ਮੁਲਜ਼ਮ ਪ੍ਰਦੀਪ ਕਲੇਰ ਨੂੰ ਸਰਕਾਰੀ ਗਵਾਹ ਬਣਾਉਣ ਦੀ ਅਪੀਲ ਅਦਾਲਤ ਨੂੰ ਕੀਤੀ ਹੈ। ਐੱਸ.ਆਈ.ਟੀ. ਨੇ ਇਸ ਮਾਮਲੇ ਵਿੱਚ ਅਰਜ਼ੀ ਦਾਖ਼ਲ ਕੀਤੀ ਸੀ। ਪ੍ਰਦੀਪ ਕਲੇਰ ਵੀ ਅਦਾਲਤ ਵਿੱਚ ਪੇਸ਼ ਹੋਇਆ, ਜਿਸ ਨੂੰ ਫ਼ਰਵਰੀ 2024 ਵਿੱਚ ਗੁਰੂਗ੍ਰਾਮ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਉਸ ਸਮੇਂ ਦਰਜ ਤਿੰਨੋਂ ਮਾਮਲਿਆਂ ਵਿੱਚ ਉਹ ਭਗੌੜਾ ਸੀ। ਹੁਣ ਮਾਮਲੇ ਦੀ ਅਗਲੀ ਸੁਣਵਾਈ 9 ਜਨਵਰੀ ਨੂੰ ਹੋਵੇਗੀ।

ਐੱਸ.ਆਈ.ਟੀ. ਦੀ ਅਰਜ਼ੀ 'ਤੇ ਇਹ ਮਾਮਲਾ ਫ਼ਰੀਦਕੋਟ ਤੋਂ ਚੰਡੀਗੜ੍ਹ ਜ਼ਿਲ੍ਹਾ ਅਦਾਲਤ ਵਿੱਚ ਤਬਦੀਲ ਕਰ ਦਿੱਤਾ ਗਿਆ ਸੀ। ਸਾਲ 2015 ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਤਿੰਨ ਵੱਖ-ਵੱਖ ਮਾਮਲਿਆਂ ਵਿੱਚ ਐੱਸ.ਆਈ.ਟੀ. ਨੂੰ ਮੁੱਖ ਸਾਜ਼ਿਸ਼ ਕਰਤਾ ਵਜੋਂ ਪ੍ਰਦੀਪ ਕਲੇਰ ਦੀ ਭਾਲ ਸੀ। ਉਸ ਨੂੰ ਅਦਾਲਤ ਨੇ 2020 ਵਿੱਚ ਭਗੌੜਾ ਕਰਾਰ ਦਿੱਤਾ ਸੀ। ਉਸ ਨੂੰ ਗ੍ਰਿਫ਼ਤਾਰ ਕਰਨ ਲਈ ਐੱਸ.ਆਈ.ਟੀ. ਵੱਲੋਂ ਚਾਰ ਵੱਖ-ਵੱਖ ਟੀਮਾਂ ਬਣਾਈਆਂ ਗਈਆਂ ਸਨ। ਇਨ੍ਹਾਂ ਚਾਰ ਟੀਮਾਂ ਨੇ ਵੱਖ-ਵੱਖ ਰਾਜਾਂ ਵਿੱਚ ਛਾਪੇਮਾਰੀ ਦੌਰਾਨ ਉਸ ਨੂੰ ਗ੍ਰਿਫ਼ਤਾਰ ਕੀਤਾ ਸੀ।



ਮੁਲਜ਼ਮ ਪ੍ਰਦੀਪ ਕਲੇਰ ਬੇਅਦਬੀ ਕਾਂਡ ਦਾ ਮੁੱਖ ਸਾਜ਼ਿਸ਼ ਕਰਤਾ ਹੈ। ਉਸ ਨੇ ਚੰਡੀਗੜ੍ਹ ਜ਼ਿਲ੍ਹਾ ਅਦਾਲਤ ਵਿੱਚ ਆਪਣਾ ਬਿਆਨ ਦਿੱਤਾ ਸੀ। ਉਸ ਨੇ ਇਸ ਮਾਮਲੇ ਵਿੱਚ ਡੇਰਾ ਮੁਖੀ ਰਾਮ ਰਹੀਮ ਅਤੇ ਹਨੀਪ੍ਰੀਤ ਦਾ ਨਾਂ ਲਿਆ ਸੀ। ਹੁਣ ਮੁਲਜ਼ਮ ਦੇ ਵਕੀਲ ਨੇ ਅਦਾਲਤ ਵਿੱਚ ਦਲੀਲ ਦਿੱਤੀ ਹੈ ਕਿ ਐੱਸ.ਆਈ.ਟੀ. ਵਲੋਂ ਜੋ ਪੁੱਛ-ਗਿੱਛ ਉਸ ਤੋਂ ਕਰਨੀ ਸੀ, ਉਹ ਪੁੱਛ-ਗਿੱਛ ਪੂਰੀ ਹੋ ਚੁੱਕੀ ਹੈ। ਵਕੀਲ ਨੇ ਕਿਹਾ ਕਿ ਉਸ ਕੋਲੋਂ ਹੁਣ ਕੁਝ ਵੀ ਬਰਾਮਦ ਨਹੀਂ ਕੀਤਾ ਜਾਣਾ। ਅਜਿਹੇ 'ਚ ਉਸ ਨੂੰ ਸਲਾਖਾਂ ਪਿੱਛੇ ਰੱਖਣਾ ਕਾਨੂੰਨ ਦੇ ਖ਼ਿਲਾਫ਼ ਹੈ। ਇਸ ਦੇ ਨਾਲ ਹੀ ਪੰਜਾਬ ਪੁਲਿਸ ਦੀ ਤਰਫ਼ੋਂ ਇਹ ਦਲੀਲ ਦਿੱਤੀ ਗਈ ਸੀ ਕਿ ਜੇਕਰ ਮੁਲਜ਼ਮ ਨੂੰ ਜ਼ਮਾਨਤ ਮਿਲ ਜਾਂਦੀ ਹੈ ਤਾਂ ਕਾਨੂੰਨ ਵਿਵਸਥਾ ਵਿਗੜ ਸਕਦੀ ਹੈ।

ਪੰਜਾਬ ਪੁਲਿਸ ਵੱਲੋਂ ਹਾਲਾਂ ਕਿ ਹੁਣ ਤੱਕ ਇਨ੍ਹਾਂ ਮਾਮਲਿਆਂ ਸੰਬੰਧੀ ਹਨੀਪ੍ਰੀਤ ਤੋਂ ਕਦੇ ਪੁੱਛ-ਗਿੱਛ ਨਹੀਂ ਕੀਤੀ ਗਈ ਅਤੇ ਡੇਰਾ ਮੁਖੀ ਤੋਂ ਵੀ ਹਰਿਆਣਾ ਦੀ ਸੁਨਾਰੀਆ ਜੇਲ੍ਹ ਵਿੱਚ ਜੋ ਪੁੱਛ-ਗਿੱਛ ਲਈ ਟੀਮ ਗਈ ਸੀ, ਉਸ ਨੇ ਕਿਹਾ ਸੀ ਕਿ ਡੇਰਾ ਮੁਖੀ ਨੇ ਜਾਂਚ ਟੀਮ ਨੂੰ ਸਹਿਯੋਗ ਨਹੀਂ ਦਿੱਤਾ ਅਤੇ ਉਸ ਦੀ ਪੁਲਿਸ ਹਿਰਾਸਤ 'ਚ ਪੁੱਛ-ਗਿੱਛ ਦੀ ਜ਼ਰੂਰਤ ਹੈ । ਲੇਕਿਨ ਹੁਣ ਵੇਖਣ ਵਾਲੀ ਗੱਲ ਇਹ ਹੋਵੇਗੀ ਕਿ ਪ੍ਰਦੀਪ ਕਲੇਰ ਦੇ ਸਰਕਾਰੀ ਗਵਾਹ ਬਣਨ ਨਾਲ ਜਾਂਚ ਟੀਮ ਨੂੰ ਕਿੰਨਾ ਕੁ ਲਾਭ ਮਿਲਦਾ ਹੈ ਪਰ ਸੁਖਬੀਰ ਸਿੰਘ ਬਾਦਲ ਤੇ ਸੌਦਾ ਸਾਧ ਦੀਆਂ ਮੀਟਿੰਗਾਂ ਬਾਰੇ ਕਲੇਰ ਵੱਲੋਂ ਪਰਦਾਫ਼ਾਸ਼ ਕਰਨ ਕਾਰਨ ਸੁਖਬੀਰ ਸਿੰਘ ਬਾਦਲ ਇੱਕ ਵਾਰ ਫ਼ਿਰ ਸਿਆਸੀ ਮੁਸੀਬਤ ਵਿੱਚ ਫ਼ਸ ਗਏ ਹਨ।

# ਯੋਗਿੰਦਰ ਯਾਦਵ ਨੂੰ ਸਿੱਖ ਧਰਮ ਤੇ ਰਾਜਨੀਤੀ ਦਾ ਦਰਸ਼ਨ ਸ਼ਾਸ਼ਤਰ ਜਾਨਣ ਦੀ ਲੋੜ ਹੈ ?


ਪ੍ਰੋਫੈਸਰ ਬਲਵਿੰਦਰ ਪਾਲ ਸਿੰਘ
9815700916

## ਸ੍ਰੀ ਅਕਾਲ ਤਖ਼ਤ ਸਾਹਿਬ ਵਿਰੁੱਧ ਜ਼ਹਿਰ ਉਗਲਣ ਤੋਂ ਗੁਰੇਜ਼ ਕਰੋ ਯਾਦਵ ਜੀ

ਬੀਤੇ ਦਿਨੀਂ ਪ੍ਰਸਿੱਧ ਖੱਬੇਪੱਖੀ ਪੱਤਰਕਾਰ ਯੋਗਿੰਦਰ ਯਾਦਵ ਨੇ ਅੰਗਰੇਜ਼ੀ ਦੀ ਅਖ਼ਬਾਰ ਇੰਡੀਅਨ ਐਕਸਪ੍ਰੈਸ ਵਿੱਚ ਆਰਟੀਕਲ ਲਿਖ ਕੇ ਸ਼੍ਰੋਮਣੀ ਅਕਾਲੀ ਦਲ ( ਅਕਾਲੀ ਦਲ ਬਾਦਲ) ਦੇ ਸੰਕਟ ਨੂੰ ਹੱਲ ਕਰਨ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਦਖਲਅੰਦਾਜ਼ੀ ਨੂੰ ਮੰਦਭਾਗੀ ਤੇ ਚੋਣ ਕਮਿਸ਼ਨ ਤੇ ਸੰਵਿਧਾਨ ਦੀ ਮੱਦਾਂ ਖ਼ਿਲਾਫ਼ ਦਸਿਆ।ਯਾਦਵ ਦਾ ਤਰਕ ਇਹ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਕਾਰਨ ਅਕਾਲੀ ਦਲ ਖੇਤਰੀ ਪਾਰਟੀ ਤੋਂ ਧਾਰਮਿਕ ਭਾਈਚਾਰਕ ਪਾਰਟੀ ਵਿੱਚ ਤਬਦੀਲ ਹੋ ਗਿਆ ਹੈ ਜੋ ਕਿ ਮੰਦਭਾਗੀ ਗੱਲ ਹੈ।

ਇਹੀ ਯਾਦਵ ਵਾਲਾ ਮੁੱਦਾ ਸ਼੍ਰੋਮਣੀ ਗੁਰਦੁਆਰਾ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਸਮੇਤ ਅਕਾਲੀ ਦਲ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਸਮੇਤ ਬਾਦਲ ਧੜੇ ਦੇ ਅਕਾਲੀ ਆਗੂਆਂ ਨੇ ਉਠਾਇਆ ਸੀ ਕਿ ਸ੍ਰੀ ਅਕਾਲ ਤਖ਼ਤ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੀ ਪੁਨਰ ਸਿਰਜਣਾ ਤੇ ਭਰਤੀ ਨਾਲ ਸਬੰਧਿਤ ਥਾਪੀ ਕਮੇਟੀ ਨੂੰ ਮਾਨਤਾ ਦੇਣ ਕਾਰਨ ਅਕਾਲੀ ਦਲ ਦੀ ਮਾਨਤਾ ਰੱਦ ਹੋ ਸਕਦੀ ਹੈ। ਪਰ ਅਕਾਲੀ ਦਲ ਨਾਲ ਸੰਬੰਧਿਤ ਨਾਮਵਰ ਵਕੀਲ ਮਨਜੀਤ ਸਿੰਘ ਖਹਿਰਾ , ਹਰਵਿੰਦਰ ਸਿੰਘ ਫ਼ੂਲਕਾ ਐਡਵੋਕੇਟ ਸੁਪਰੀਮ ਕੋਰਟ ਦੇ ਅਨੁਸਾਰ ਸ੍ਰੀ ਅਕਾਲ ਤਖ਼ਤ ਦੀ ਥਾਪੀ ਕਮੇਟੀ ਅਧੀਨ ਨਵੀਂ ਭਰਤੀ ਜਾਂ ਜਥੇਬੰਦਕ ਚੋਣਾਂ ਕਰਵਾਉਣ ਸੰਬੰਧੀ ਕੋਈ ਕਾਨੂੰਨੀ ਅੜਚਣ ਨਹੀਂ, ਕਿਉਂਕਿ ਚੋਣ ਕਮਿਸ਼ਨ ਤੇ ਪੀਪਲਜ਼ ਰਿਪਰੀਜ਼ੈਨਟੇਸ਼ਨ ਐਕਟ ਕੇਵਲ ਧਾਰਮਿਕ ਧਮਕੀ ਦੇ ਨਾਂਅ ਵੋਟਾਂ ਪ੍ਰਾਪਤ ਕਰਨ ’ਤੇ ਰੋਕ ਲਗਾਉਂਦਾ ਹੈ।

ਸ੍ਰ. ਖਹਿਰਾ ਨੇ ਕਿਹਾ ਕਿ 1979-80 ਦੀਆਂ ਵਿਧਾਨ ਸਭਾ ਚੋਣਾਂ ਮੌਕੇ ਦੋ ਮੁੱਖ ਅਕਾਲੀ ਆਗੂਆਂ ਮਰਹੂਮ ਪ੍ਰਕਾਸ਼ ਸਿੰਘ ਬਾਦਲ ਅਤੇ ਗੁਰਚਰਨ ਸਿੰਘ ਟੌਹੜਾ ਦਰਮਿਆਨ ਪਾਰਟੀ ਟਿਕਟਾਂ ਦੀ ਵੰਡ ਨੂੰ ਲੈ ਕੇ ਟਕਰਾਅ ਕਾਰਨ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਟਿਕਟਾਂ ਦੀ ਵੰਡ ਲਈ ਇੱਕ ਕਮੇਟੀ ਬਣਾਈ ਗਈ ਸੀ, ਜਿਸ ਵੱਲੋਂ ਉਮੀਦਵਾਰਾਂ ਦੀ ਚੋਣ ਕੀਤੀ ਗਈ ਅਤੇ ਚੋਣਾਂ ਤੋਂ ਬਾਅਦ ਕਾਂਗਰਸ ਦੇ ਮੁੱਖ ਮੰਤਰੀ ਬਣੇ ਮਰਹੂਮ ਦਰਬਾਰਾ ਸਿੰਘ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਦਖ਼ਲ ਨੂੰ ਮੁੱਦਾ ਬਣਾ ਕੇ ਸਾਰੇ ਅਕਾਲੀ ਵਿਧਾਇਕਾਂ ਵਿਰੁੱਧ ਪਟੀਸ਼ਨਾਂ ਪਾਈਆਂ ਤੇ ਅਕਾਲੀ ਦਲ ਨੇ ਇਨ੍ਹਾਂ ਪਟੀਸ਼ਨਾਂ ਵਿਰੁੱਧ ਹਾਈ ਕੋਰਟ ਵਿੱਚ ਜੁਆਬ ਦਿੱਤਾ।ਹਾਈਕੋਰਟ ਵੱਲੋਂ ਇਹ ਸਾਰੀਆਂ ਪਟੀਸ਼ਨਾਂ ਰੱਦ ਹੋਈਆਂ।ਇਸੇ ਤਰ੍ਹਾਂ ਨਾਮਵਰ ਮਰਹੂਮ ਅਕਾਲੀ ਆਗੂ ਹੁਕਮ ਸਿੰਘ ਦੇ ਵਿਰੁੱਧ ਵੀ ਇਸ ਲਈ ਪਟੀਸ਼ਨ ਹੋਈ ਕਿ ਉਨ੍ਹਾਂ ਪੰਥ ਦੇ ਨਾਂਅ ’ਤੇ ਵੋਟਾਂ ਮੰਗੀਆਂ ਸਨ, ਪ੍ਰੰਤੂ ਅਦਾਲਤ ਵੱਲੋਂ ਇਹ ਪਟੀਸ਼ਨ ਵੀ ਰੱਦ ਹੋਈ ਅਤੇ ਸਪਸ਼ਟ ਕੀਤਾ ਗਿਆ ਕਿ ਪੰਥ ਤਾਂ ਇੱਕ ਰਾਹ ਜਾਂ ਰਸਤਾ ਹੈ।

ਅਕਾਲੀ ਦਲ ਦੇ ਪੁਰਾਣੇ ਇਤਿਹਾਸਕ ਵਿਧਾਨ ਵਿੱਚ ਮੀਰੀ ਪੀਰੀ ਦੇ ਸਿਧਾਂਤ ਨੂੰ ਮਾਨਤਾ ਹੈ।ਇਸ ਨੂੰ ਖਾਰਜ ਕਰਨਾ ਅਕਾਲੀ ਦਲ ਦੀ ਪਰੰਪਰਾ ਤੇ ਇਤਿਹਾਸ ਦਾ ਅਪਮਾਨ ਹੈ।ਜੇ ਹਿੰਦੂ ਭਾਈਚਾਰੇ ਦੀ ਸਿਆਸਤ ਵਿੱਚ ਸੰਘ ਧਰਮ ਤੇ ਹਿੰਦੂਤਵ ਦੀ ਪਰੰਪਰਾ ਅਪਨਾਕੇ ਭਾਜਪਾ ਵਰਗਾ ਸਿਆਸੀ ਢਾਂਚਾ ਖੜਾ ਕਰ ਸਕਦਾ ਹੈ ਤਾਂ ਅਕਾਲੀ ਦਲ ਕਿਉਂ ਨਹੀਂ।

ਇਥੇ ਜ਼ਿਕਰਯੋਗ ਹੈ ਕਿ ਚੋਣ ਕਮਿਸ਼ਨ ਵੱਲੋਂ ਸੁਪਰੀਮ ਕੋਰਟ ਵਿੱਚ ਸਈਅਦ ਵਸੀਮ ਰਿਜ਼ਵੀ ਦੀ ਪਟੀਸ਼ਨ ਮੌਕੇ ਦਿੱਤੇ ਗਏ ਐਫ਼ੀਡੇਵਿਟ ਅਨੁਸਾਰ ਚੋਣ ਕਮਿਸ਼ਨ ਨੇ ਸਪਸ਼ਟ ਕੀਤਾ ਸੀ ਕਿ ਕਾਨੂੰਨ ਅਨੁਸਾਰ ਧਰਮ ਕਰਕੇ ਕਿਸੇ ਪਾਰਟੀ ਦੀ ਰਜਿਸਟ੍ਰੇਸ਼ਨ ਰੋਕਣ ’ਤੇ ਕੋਈ ਪਾਬੰਦੀ ਨਹੀਂ ਹੈ।ਕਮਿਸ਼ਨ ਨੇ ਪੀਪਲਜ਼ ਰਿਪਰੀਜ਼ੈਨਟੇਸ਼ਨ ਐਕਟ ਦੀ ਧਾਰਾ 6-ਏ, 6 ਬੀ, 6ਸੀ ਦਾ ਹਵਾਲਾ ਵੀ ਦਿੱਤਾ ਅਤੇ ਕਿਹਾ ਸੀ ਕਿ ਅਕਾਲੀ ਦਲ ਤੇ ਸ਼ਿਵ ਸੈਨਾ ਦੀ ਮਜ਼ਬੂਤ ਧਾਰਮਿਕ ਵਿਰਾਸਤ ਹੈ ਪਰ ਇਸ ਨੂੰ ਰੋਕਿਆ ਨਹੀਂ ਜਾ ਸਕਦਾ।ਚੋਣ ਕਮਿਸ਼ਨ ਦੇ ਸਪਸ਼ਟੀਕਰਨ ਬਾਅਦ ਸੁਪਰੀਮ ਕੋਰਟ ਦੇ ਡਵੀਜ਼ਨ ਬੈਂਚ ਵੱਲੋਂ ਉਕਤ ਪਟੀਸ਼ਨ ਨੂੰ ਵੀ ਡਿਸਮਿਸ ਕੀਤਾ ਗਿਆ ਸੀ।



ਸੋ ਜਦ ਕੋਰਟ ਤੇ ਚੋਣ ਕਮਿਸ਼ਨ ਇਹ ਪਾਬੰਦੀ ਨਹੀਂ ਲਗਾਉਂਦਾ ਤਾਂ ਵਿਦਵਾਨ ਲੇਖਕ ਯੋਗਿੰਦਰ ਯਾਦਵ ਲਈ ਇਹ ਮਸਲਾ ਦਿਕਤ ਕਿਉਂ ਬਣ ਰਿਹਾ ਕਿ ਸਿੱਖਾਂ ਦੀ ਸਿਆਸੀ ਜਮਾਤ ਹੋਣੀ ਨਹੀਂ ਚਾਹੀਦੀ।ਸਿੱਖ ਕੌਮ ਇਹ ਮੰਨਕੇ ਚਲ ਰਹੀ ਹੈ ਕਿ ਬਾਦਲ ਅਕਾਲੀ ਦਲ ਨੂੰ ਪੁਰਾਣੇ ਦੋਸ਼ਾਂ ਨੂੰ ਸੁਧਾਰਦੇ ਹੋਏ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਨਾਮੇ ਨੂੰ ਪੰਥਕ ਤੇ ਪੰਜਾਬ ਹਿਤਾਂ ਲਈ ਪ੍ਰਵਾਨ ਕਰਨਾ ਚਾਹੀਦਾ ਹੈ ਤਾਂ ਜੋ ਅਕਾਲੀ ਦਲ ਆਪਣੀ ਪੁਰਾਣੀ ਸਿਆਸੀ ਜ਼ਮੀਨ ਹਾਸਲ ਕਰ ਸਕੇ।

ਸੱਚ ਇਹ ਹੈ ਕਿ ਅਕਾਲੀ ਦਲ ਦਾ ਭਵਿੱਖ ਤਾਂ ਖਤਮ ਹੋਇਆ ਕਿ ਇਸ ਨੇ ਆਪਣੀ ਪੰਥਕ ਤਾਕਤ ਗੁਆ ਲਈ ਸੀ ਤੇ ਸਿਰਫ਼ ਸੱਤਾ ਪ੍ਰਾਪਤੀ ਨੂੰ ਹੀ ਆਪਣਾ ਰਾਹ ਚੁਣ ਲਿਆ ਸੀ।ਬਾਦਲ ਪਰਿਵਾਰ ਦੀ ਅਗਵਾਈ ਵਿੱਚ ਸ਼੍ਰੋਮਣੀ ਅਕਾਲੀ ਦਲ ਨਾ ਪੰਥਕ ਪਾਰਟੀ ਸੀ ਤੇ ਨਾ ਖੇਤਰੀ ਪਾਰਟੀ।ਕਸ਼ਮੀਰ ਦੇ ਮੁੱਦੇ ਉੱਪਰ ਕੇਂਦਰ ਸਟੈਂਡ ਦੇ ਹੱਕ ਵਿੱਚ ਭੁਗਤਕੇ ਸ਼੍ਰੋਮਣੀ ਅਕਾਲੀ ਦਲ ਨੇ ਆਪਣਾ ਖੇਤਰੀ ਵਾਜੂਦ ਗੁਆ ਲਿਆ ਸੀ।ਯਾਦਵ ਲਈ ਯਾਦ ਰੱਖਣ ਵਾਲੀ ਗੱਲ ਇਹ ਹੈ ਕਿ ਸਿੱਖ ਧਰਮ ਦੀ ਵਿਲੱਖਣਤਾ ਮੀਰੀ ਪੀਰੀ ਸਿਧਾਂਤ ਵਿੱਚ ਹੈ, ਜਿਥੇ ਧਰਮ , ਨੈਤਿਕਤਾ ਪ੍ਰਥਮ ਹੈ, ਸਿਆਸਤ ਤੇ ਸੱਤਾ ਦੂਜੈਲੀ ਹੈ।ਇਸ ਸਿਧਾਂਤ ਤੋਂ ਬਿਨਾਂ ਸਿੱਖ ਪੰਥ ਅਕਾਲੀ ਦਲ ਨੂੰ ਪ੍ਰਵਾਨ ਨਹੀਂ ਕਰ ਸਕਦਾ।

ਯਾਦਵ ਜੀ ਨੂੰ ਅਕਾਲੀ ਇਤਿਹਾਸ ਬਾਰੇ ਜਾਣਕਾਰੀ ਲੈਣ ਦੀ ਲੋੜ ਹੈ ਕਿ ਸ਼੍ਰੋਮਣੀ ਅਕਾਲੀ ਦਲ 14 ਦਸੰਬਰ 1920 ਵਿਖੇ ਸ਼੍ਰੋਮਣੀ ਕਮੇਟੀ ਦੇ ਗਠਨ ਤੋਂ ਇੱਕ ਮਹੀਨੇ ਬਾਅਦ ਸ੍ਰੀ ਅਕਾਲ ਤਖ਼ਤ ਤੋਂ ਸਿਰਜਿਆ ਗਿਆ ਸੀ। ਬਾਅਦ ਵਿੱਚ ਇਹ ਸਿੱਖ ਕੌਮ ਦੀ ਪ੍ਰਤੀਨਿਧ ਸਿਆਸੀ ਪਾਰਟੀ ਬਣ ਗਈ।ਆਪਣੇ ਧਰਮ ਨਿਰਪੱਖ ਦ੍ਰਿਸ਼ਟੀਕੋਣ ਦੇ ਕਾਰਨ ਇਸ ਨੇ ਸਮਾਜ ਦੇ ਕਮਜ਼ੋਰ ਵਰਗਾਂ ਤੇ ਦਲਿਤਾਂ ਦੇ ਵਿਕਾਸ ਲਈ ਲਗਾਤਾਰ ਕੰਮ ਕੀਤਾ ਹੈ। ਇਹ ਸਮਾਜਕ ਬੁਰਾਈਆਂ ਵਿਰੁੱਧ ਸਾਰੀਆਂ ਲਹਿਰਾਂ ਵਿੱਚ ਹਮੇਸ਼ਾ ਮੋਹਰੀ ਰਿਹਾ ਹੈ।


ਅਕਾਲੀ ਦਲ ਦੇ ਪੁਰਾਣੇ ਸੰਵਿਧਾਨ ਵਿੱਚ ਲਿਖਿਆ ਹੈ ਕਿ ਅਕਾਲੀ ਦਲ ਦਾ ਮੁੱਖ ਉਦੇਸ਼ ਪੰਥ, ਦੇਸ਼ ਅਤੇ ਦੱਬੇ-ਕੁਚਲੇ ਲੋਕਾਂ ਦੀ ਸੇਵਾ ਕਰਨਾ ਹੈ, ਅਨੰਦਪੁਰ ਦਾ ਮਤਾ ਅਕਾਲੀ ਦਲ ਦਾ ਅਹਿਮ ਮਤਾ ਸੀ ਜੋ ਖ਼ਾਲਸਾ ਜੀ ਦੇ ਬੋਲਬਾਲੇ ਤੇ ਪੰਜਾਬ ਦੇ ਵਧ ਅਧਿਕਾਰਾਂ ਤੇ ਖੇਤਰਵਾਦ ਦਾ ਪੈਗਾਮ ਸੀ ਇਸ ਪਿਛੋਕੜ ਨੂੰ 1996 ਵਿੱਚ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਿੱਚ ਅਕਾਲੀ ਲੀਡਰਸ਼ਿਪ ਨੇ ਮੋਗਾ ਵਿਖੇ ਇੱਕ ਵੱਡੀ ਕਾਨਫ਼ਰੰਸ ਕਰਕੇ ਇਸਦੀ ਸਿਲਵਰ ਜੁਬਲੀ ਮਨਾਉਂਦੇ ਹੋਏ ਪੰਥਕ ਤੋਂ ਪੰਜਾਬ, ਪੰਜਾਬੀ ਤੇ ਪੰਜਾਬੀਅਤ ਵਿੱਚ ਬਦਲਣ ਦਾ ਐਲਾਨ ਕਰਕੇ ਅਕਾਲੀ ਸਿਧਾਂਤ ਦਾ ਸਰਵਨਾਸ਼ ਕਰ ਦਿੱਤਾ, ਜਿਸ ਕਾਰਨ ਅਕਾਲੀ ਦਲ ਰਾਜਨੀਤਕ ਚੁਣੌਤੀਆਂ ਵਿੱਚ ਫ਼ਸਿਆ ਹੋਇਆ ਹੈ।

ਹੁਣ ਸੁਆਲ ਇਹ ਹੈ ਕੀ ਅਕਾਲੀ ਦਲ 1996 ਵਿੱਚ ਪ੍ਰਕਾਸ਼ ਸਿੰਘ ਬਾਦਲ ਦੁਆਰਾ ਪਾਰਟੀ ਦੀ ਖਿੱਚੀ ਗਈ ਲਾਈਨ ਨੂੰ ਪਾਰ ਕਰਕੇ ਅਸਲੀ ਪਛਾਣ ਤੇ ਇਤਿਹਾਸਕ ਪਰੰਪਰਾ ਵੱਲ ਵਾਪਸ ਜਾ ਸਕਦਾ ਹੈ ? ਮਸਲਾ ਅਕਾਲੀ ਦਲ ਦੀ ਹੋਂਦ ਦਾ ਇਥੇ ਖਲੋਤਾ ਹੈ।ਸੁਖਬੀਰ ਬਾਦਲ ਦੀ ਰਾਜਨੀਤੀ ਜਾਂ ਯੋਗਿੰਦਰ ਯਾਦਵ ਦੀ ਅਕਾਲੀ ਰਾਜਨੀਤੀ ਬਾਰੇ ਸੋਚ ਅਕਾਲੀ ਦਲ ਲਈ ਢੁੱਕਵੀਂ ਸਾਬਤ ਨਹੀਂ ਹੋ ਸਕਦੀ।ਅਕਾਲੀ ਦਲ ਦਾ ਸ਼ਬਦ ਆਪਣੇ ਆਪ ਵਿੱਚ ਸਿੱਖ ਧਰਮ ,ਇਤਿਹਾਸ, ਸਿੱਖ ਪਰੰਪਰਾ ਨਾਲ ਜੁੜਿਆ ਹੈ, ਉਸ ਦਾ ਰੂਪ ਤੇ ਸਿਧਾਂਤ ਬਦਲਣਾ ਆਪਣੇ ਆਪ ਵਿੱਚ ਸਿੱਖ ਕੌਮ ਨਾਲ ਬੇਵਫ਼ਾਈ ਹੈ।

ਹਾਂ ਜੇਕਰ ਬਾਦਲ ਧੜਾ ਅਕਾਲੀ ਸ਼ਬਦ ਨਾ ਵਰਤੇ ਤੇ ਪੰਥਕ ਸੰਸਥਾਵਾਂ ਸ਼੍ਰੋਮਣੀ ਕਮੇਟੀ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਤਿਆਗ ਦੇਵੇ ਤਾਂ ਮਸਲਾ ਹੱਲ ਹੋ ਜਾਂਦਾ ਹੈ।ਫ਼ਿਰ ਸਿੱਖ ਪੰਥ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਉਸਦਾ ਵਿਰੋਧ ਕਰਨ ਦੀ ਲੋੜ ਨਹੀਂ। ਕੁਝ ਸਮਾਂ ਪਹਿਲਾਂ ਫ਼ਰੀਦਕੋਟ ਤੇ ਖਡੂਰ ਸਾਹਿਬ ਲੋਕ ਸਭਾ ਹਲਕੇ ਤੋਂ ਕ੍ਰਮਵਾਰ ਭਾਈ ਅੰਮ੍ਰਿਤ ਪਾਲ ਸਿੰਘ ਤੇ ਭਾਈ ਸਰਬਜੀਤ ਸਿੰਘ ਦੀ ਜਿੱਤ ਨੇ ਇਹ ਪੁਸ਼ਟੀ ਕਰ ਦਿੱਤੀ ਸੀ ਕਿ ਅਕਾਲੀ ਦਲ ਦੀ ਹੋਂਦ ਪਰੰਪਰਾ ਤੇ ਸਿਧਾਂਤ ਨੂੰ ਅਪਨਾਅ ਕੇ ਬਚਣੀ ਹੈ।ਸ਼੍ਰੋਮਣੀ ਅਕਾਲੀ ਦਲ ਨੂੰ 1920 ਦੇ ਦ੍ਰਿਸ਼ਟੀਕੋਣ ਅਨੁਸਾਰ ਸਿੱਖ ਪੰਥ ਨੂੰ ਨਵੇਂ ਸਿਰੇ ਤੋਂ ਅਕਾਲੀ ਦਲ ਨੂੰ ਖੋਜਣ ਦੀ ਲੋੜ ਹੈ ਜੋ ਜਮਹੂਰੀਅਤ ਅਪਨਾਕੇ, ਸਿੱਖ ਹਿੱਤਾਂ ਦੀ ਰਾਖੀ ਕਰੇ ਅਤੇ ਖੇਤਰਵਾਦ ਲਈ ਕੰਮ ਕਰੇ। ਪਰਿਵਾਰਵਾਦ ਦੀ ਚੰਬੜੀ ਬਦਰੂਹ ਨੂੰ ਅਕਾਲੀ ਦਲ ਵਿਚੋਂ ਤਿਆਗਣਾ ਹੋਵੇਗਾ। ਇਤਿਹਾਸ ਗਵਾਹ ਹੈ

(ਬਾਕੀ ਸਫ਼ਾ 30 ’ਤੇ)

## ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ਬਾਰੇ ਵਿਚਾਰ ਚਰਚਾ



ਪਿਛਲੇ ਕੁੱਝ ਸਮੇਂ ਤੋਂ ਕੌਮੀ ਹਲਕਿਆਂ ਵਿੱਚ ਪੱਛਮ, ਆਧੁਨਿਕਤਾ, ਰਾਸ਼ਟਰਵਾਦ ਅਤੇ ਨੇਸ਼ਨ- ਸਟੇਟ ਦੇ ਸਿੱਖ ਪਰੰਪਰਾਵਾਂ ਦੇ ਵਿਰੋਧ ਬਾਰੇ ਵਿਵਾਦ ਚੱਲ ਰਿਹਾ ਹੈ। ਇਸ ਵਿਵਾਦ ਦਾ ਸਿਧਾਂਤਕ ਆਧਾਰ ਖਾਸ ਕਰਕੇ ਉੱਤਰ- ਬਸਤੀਵਾਦੀ ਵਿਚਾਰਾਂ ਤੋਂ ਪੈਦਾ ਹੋਈ ਯੂਰਪ ਕੇਂਦ੍ਰਿਤ ਵਿਰੋਧਤਾ ਹੈ ਪਰ ਇੰਨਾਂ ਸਾਰੇ ਵਰਤਾਰਿਆਂ ਦੇ ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ’ਤੇ ਡੂੰਘੇ ਅਸਰ ਪਏ ਹਨ। ਇਸ ਕਰਕੇ ਇੰਨਾਂ ਵਰਤਾਰਿਆਂ ਸਬੰਧੀ ਵੱਡੀ ਸਿਧਾਂਤਕ ਚਰਚਾ ਦੀ ਜ਼ਰੂਰਤ ਹੈ। ਆਸ ਹੈ ਕਿ ਕੌਮੀ ਤੌਰ ’ਤੇ ਚੇਤੰਨ ਸਿੱਖ ਇਸ ਚਰਚਾ ਵਿੱਚ ਆਪਣਾ ਵਿਚਾਰਕ ਹਿੱਸਾ ਪਾਉਣਗੇ। ਇਸ ਸਬੰਧੀ ਵਿਦਵਾਨ ਲੇਖਕ ਆਪਣੇ ਵਿਚਾਰ 500 ਸ਼ਬਦਾਂ ਵਿੱਚ ਯੂਨੀਕੋਡ ਜਾਂ ਸਤਲੁਜ ਫੌਂਟ ਵਿੱਚ ਲਿਖ ਕੇ ਈਮੇਲ ਰਾਹੀਂ ਭੇਜ ਸਕਦੇ ਹਨ

ਈ ਮੇਲ : asrtimes@gmail.com









# ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਬਨਾਮ ਏ. ਸੀ. ਟ੍ਰੈੱਕਟਰ ਤੇ ਮਹਿੰਗੀਆਂ ਗੱਡੀਆਂ



## ਚਿੱਟੇ ਕੁੜਤੇ ਪਜਾਮੇ, ਜ਼ਮੀਨਾਂ ਗਹਿਣੇ, ਪੁੱਤ ਸਰਦਾਰਾਂ ਦੇ...

**ਕੇਂਦਰ ਸਰਕਾਰ ਦੇ ਅਦਾਰੇ ਨੈਸ਼ਨਲ ਕਰਾਇਮ ਰਿਕਾਰਡਜ਼ ਬਿਊਰੋ ਦੇ ਅੰਕੜਿਆਂ ਅਨੁਸਾਰ 1995 ਤੋਂ 2016 ਦੌਰਾਨ 3 ਲੱਖ ਤੋਂ ਵੱਧ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਦਰਜ ਹੋਈਆਂ ਹਨ। ਖੇਤੀਬਾੜੀ ਵਿਕਾਸ ਦੇ ਪੱਖ ਤੋਂ ਨਮੂਨੇ ਦੇ ਪ੍ਰਚਾਰੇ ਜਾਂਦੇ ਸੂਬੇ ਪੰਜਾਬ ਵਿੱਚ 2000 ਤੋਂ 2015 ਤੱਕ ਦੇ 16 ਸਾਲਾਂ ਦੌਰਾਨ 16000 ਤੋਂ ਵੱਧ ਕਿਸਾਨਾਂ ਤੇ ਖੇਤ ਮਜ਼ਦੂਰਾਂ ਨੇ ਖ਼ੁਦਕੁਸ਼ੀ ਕੀਤੀ ਹੈ। ਅੰਕੜਿਆਂ ਅਨੁਸਾਰ ਜ਼ਿਆਦਾ ਕਰਜ਼ਾ ਵੱਡੇ ਕਿਸਾਨਾਂ 'ਤੇ ਹੈ ਪਰ ਜ਼ਿਆਦਾ ਖ਼ੁਦਕੁਸ਼ੀ ਛੋਟੀ ਮਾਲਕੀ ਵਾਲੇ ਕਿਸਾਨ ਕਰ ਰਹੇ ਹਨ।**

ਜਗਮੋਹਨ ਸਿੰਘ ਲੱਕੀ
ਮੋਬਾ. 9463819174

ਮੱਧ ਪ੍ਰਦੇਸ਼ ਦੀ ਪੁਰਾਤਨ ਰਿਆਸਤ ਤੇ ਪ੍ਰਸਿੱਧ ਸ਼ਹਿਰ ਇੰਦੌਰ ਵਿੱਚ ਭੰਵਰਕੂੰਆਂ ਚੌਰਾਹੇ ਦੀ ਇੱਕ ਨੁਕਰੇ ਇੱਕ ਚਾਹ ਦੀ ਦੁਕਾਨ 'ਚ ਬੈਠਾ ਮੈਂ ਚਾਹ ਪੀਂਦਾ ਤੇ ਪੋਹੇ ਖਾਂਦਾ ਭੰਵਰਕੂੰਆਂ ਚੌਰਾਹੇ ਦੀ ਰੌਣਕ ਵੇਖ ਰਿਹਾ ਸੀ ਕਿ ਦੁਕਾਨ ਵਿੱਚ ਮੇਰੇ ਨੇੜੇ ਬੈਠਾ ਚਾਹ ਪੀਣ ਦੇ ਨਾਲ ਹੀ ਅਖ਼ਬਾਰ ਪੜ੍ਹਦਾ ਇੱਕ ਇੰਦੌਰ ਵਾਸੀ ਮੈਨੂੰ ਪੁੱਛਣ ਲੱਗਿਆ, "ਅਰੇ ਸਰਦਾਰ ਜੀ! ਆਪ ਕੇ ਪੰਜਾਬ ਕੀ ਏਕ ਬਾਤ ਸਮਝ ਮੇਂ ਨਹੀਂ ਆਈ।" ਮੈਂ ਸਵਾਲੀਆਂ ਨਜ਼ਰਾਂ ਨਾਲ ਜਦ ਉਸ ਵੱਲ ਵੇਖਿਆ ਤਾਂ ਉਹ ਇੰਦੌਰ ਇਲਾਕੇ ਦੀ ਸਥਾਨਕ ਬੋਲੀ ਵਿੱਚ ਬੋਲਦਾ ਹੋਇਆ ਇੱਕ ਅਖ਼ਬਾਰ ਵਿੱਚ ਛਪੀ ਇੱਕ ਖ਼ਬਰ ਤੇ ਫ਼ੋਟੋ ਦਿਖਾਉਂਦਾ ਹੋਇਆ ਬੋਲਿਆ ਕਿ, "ਪੰਜਾਬ ਮੇਂ ਅਬ ਤੋਂ ਏ. ਸੀ. ਟ੍ਰੈੱਕਟਰ ਵੀ ਆ ਗਏ ਹੈਂ, ਖੇਤੋਂ ਮੇਂ ਪੰਜਾਬੀ ਕਿਸਾਨ ਅਬ ਏ. ਸੀ. ਕੀ ਠੰਡਕ ਮੇਂ ਬੈਠ ਕੇ ਖੇਤੀ ਕਰੇਂਗੇ ਪਰ ਸਰਦਾਰ ਜੀ ਯੇ ਤੋ ਬਤਾਓ, ਜਬ ਪੰਜਾਬ ਮੇਂ ਕਿਸਾਨ ਏ. ਸੀ. ਟ੍ਰੈੱਕਟਰ ਲੈ ਰਹੇਂ ਹੈਂ, ਸ਼ਾਦੀਓਂ ਪਰ ਲਾਖੋਂ ਰੁਪਏ ਖ਼ਰਚ ਰਹੇ ਹੈਂ, ਔਰ ਅਨੇਕਾਂ ਕਿਸਾਨ ਬੜੀ ਏ.ਸੀ. ਗਾੜੀਓ ਮੇਂ ਘੂੰਮਤੇ ਹੈ, ਤੋ ਫ਼ਿਰ ਉਸੀ ਪੰਜਾਬ ਮੇਂ ਕਿਸਾਨ ਖ਼ੁਦਕਸ਼ੀ ਕਿਉਂ ਕਰ ਰਹੇ ਹੈਂ? ਉਸਦਾ ਸਵਾਲ ਤਾਂ ਇੱਕ ਲਾਈਨ ਦਾ ਸੀ, ਪਰ ਇਸ ਦੇ ਅਰਥ ਕਰਨ ਲੱਗੀਏ ਤਾਂ ਕਈ ਪੰਨੇ ਭਰ ਸਕਦੇ ਨੇ। ਇਸ ਸਵਾਲ ਨੇ ਪੰਜਾਬੀ ਕਿਸਾਨਾਂ ਦੀ ਇੱਕ ਠੋਸ ਹਕੀਕਤ ਪੇਸ਼ ਕਰ ਦਿੱਤੀ ਸੀ। ਉਸ ਦੇ ਹੱਥ ਵਿੱਚ ਫ਼ੜੇ ਅਖ਼ਬਾਰ ਵਿੱਚ ਇੱਕ ਪੰਜਾਬੀ ਕਿਸਾਨ ਵੱਲੋਂ ਇੱਕ ਕੰਪਨੀ ਵਲੋਂ ਬਣਾਏ ਏ. ਸੀ. ਟ੍ਰੈੱਕਟਰ ਖਰੀਦਣ ਦੀ ਫ਼ੋਟੋ ਅਤੇ ਖ਼ਬਰ ਸੀ। ਉਸ ਵਿਅਕਤੀ ਨੂੰ ਤਾਂ ਮੈਂ ਢੁਕਵਾਂ ਉੱਤਰ ਦੇ ਦਿੱਤਾ ਪਰ ਮੇਰੇ ਮਨ ਵਿੱਚ ਇਸ ਸਵਾਲ ਨੇ ਤਰਥੱਲੀ ਜਿਹੀ ਮਚਾ ਦਿੱਤੀ ਕਿ ਆਖਰ ਇਹ ਹੋ ਕੀ ਰਿਹੈ?, ਕਿਉਂ ਪੰਜਾਬ ਵਿੱਚ ਇੱਕ ਪਾਸੇ ਕਿਸਾਨ-ਮਜ਼ਦੂਰ ਖ਼ੁਦਕਸ਼ੀਆਂ ਕਰ ਰਹੇ ਨੇ ਤੇ ਦੂਜੇ ਪਾਸੇ ਖੇਤਾਂ ਵਿੱਚ ਬਣੇ ਮਹਿਲਾਂ ਵਰਗੇ ਘਰ ਤੇ ਮਹਿੰਗੀਆਂ ਗੱਡੀਆਂ ਵਿੱਚ ਘੁੰਮਦੇ ਕਈ (ਸਾਰੇ ਨਹੀਂ) ਕਿਸਾਨਾਂ ਦੇ ਅੱਧਪੜ੍ਹ ਕਾਕੇ ਐਸ਼ਪ੍ਰਸਤੀ ਵਿੱਚ ਆਪਣਾ ਜੀਵਨ ਬਤੀਤ ਕਰ



ਰਹੇ ਨੇ। ਕਿਸਾਨਾਂ ਦੀਆਂ ਖ਼ੁਦਕਸ਼ੀਆਂ ਤੇ ਕਿਸਾਨਾਂ ਦੇ ਕਾਕਿਆਂ ਦੀ ਐਸ਼ਪ੍ਰਸਤੀ ਅਸਲ ਵਿੱਚ ਆਪਾ ਵਿਰੋਧੀ ਗੱਲਾਂ ਨੇ ਪਰ ਹਨ ਬਿਲਕੁਲ ਸੱਚ ਅਤੇ ਦੋਵਾਂ ਵਿਚਾਲੇ ਡੂੰਘਾਂ ਸਬੰਧ ਵੀ ਹੈ। ਇਹਨਾਂ ਗੱਲਾਂ ਦੀ ਘੁੰਮਣਘੇਰੀ ਵਿੱਚ ਫ਼ਸੇ ਨੂੰ ਮੈਨੂੰ ਭੰਵਰਕੂੰਆਂ ਚੌਰਾਹੇ ਵਿੱਚ ਭੀੜ ਭੜੱਕੇ ਦੀ ਥਾਂ ਪੰਜਾਬ ਦੇ ਖੇਤਾਂ ਵਿੱਚ ਹੱਲ ਵਾਹ ਰਹੇ ਕਿਸਾਨ ਹੀ ਨਜ਼ਰ ਆਉਣ ਲੱਗ ਪਏ ਤਾਂ ਮੈਂ ਸੋਚਿਆਂ ਕਿ ਪੰਜਾਬੀ ਕਿਸਾਨਾਂ ਦੀ ਸਹੀ ਤਸਵੀਰ ਭਾਰਤ ਦੇ ਦੂਜੇ ਸੂਬਿਆਂ ਵਿੱਚ ਰਹਿੰਦੇ ਉਥੋਂ ਦੇ ਵਸਨੀਕਾਂ ਅੱਗੇ ਪੇਸ਼ ਕੀਤੀ ਜਾਣੀ ਬਹੁਤ ਜ਼ਰੂਰੀ ਹੈ।

ਕੁੱਝ ਵਿਦਵਾਨਾਂ ਦਾ ਕਹਿਣੈ ਕਿ ਕਿਸਾਨਾਂ ਦੀ ਆਰਥਿਕ ਹਾਲਤ ਵਿੱਚ ਨਿਘਾਰ ਲਈ ਸਰਕਾਰ ਜਿੰਮੇਵਾਰ ਹੈ, ਫ਼ਸਲਾਂ ਦਾ ਸਹੀ ਭਾਅ ਨਹੀਂ ਮਿਲਦਾ ਤੇ ਜੋ ਪੈਸੇ ਮਿਲਦੇ ਨੇ, ਉਹ ਪਿਛਲਾ ਕਰਜ਼ਾ ਲਾਹੁਣ ਵਿੱਚ ਹੀ ਖਤਮ ਹੋ ਜਾਂਦੇ ਨੇ। ਇਸੇ ਤਰ੍ਹਾਂ ਕਈ ਵਿਦਵਾਨ ਇਹ ਵੀ ਕਹਿੰਦੇ ਹਨ ਕਿ ਕਿਸਾਨਾਂ ਨੇ ਹੁਣ ਆਪਣੇ ਖਰਚੇ ਹੀ ਕਾਫ਼ੀ ਵਧਾ ਲਏ ਹਨ। ਕਿਸਾਨਾਂ ਵੱਲੋਂ ਆਪਣੇ ਧੀਆਂ ਪੁੱਤਰਾਂ ਦੇ ਵਿਆਹਾਂ ਉੱਪਰ ਤਾਂ ਲੋੜ ਤੋਂ ਵੱਧ ਖਰਚ ਕੀਤਾ ਜਾਣ ਲੱਗਿਆ ਹੈ। ਮਹਿੰਗੀਆਂ ਗੱਡੀਆਂ ਦਾਜ ਵਿੱਚ ਦਿੱਤੀਆਂ ਜਾ ਰਹੀਆਂ ਹਨ। ਹਰ ਕਿਸਾਨ ਦੇ ਕਾਕੇ ਵੱਡੀਆਂ ਗੱਡੀਆਂ ਵਿੱਚ ਝੂਟੇ ਲੈਣਾ ਚਾਹੁੰਦੇ ਨੇ। ਖੇਤਾਂ ਦੇ ਹੀ ਪੁੱਤ ਹੁਣ ਸ਼ਹਿਰੀਆਂ ਵਾਲੇ ਸੁਆਦਾਂ ਦੀ ਗੱਲ ਕਰਨ ਲੱਗ ਪਏ ਨੇ। ਪੰਜਾਬ ਵਿੱਚ ਬਾਰਾਂ ਹਜ਼ਾਰ ਤੋਂ ਵੱਧ ਪਿੰਡ ਹਨ ਤੇ ਇਹਨਾਂ ਪਿੰਡਾਂ ਵਿੱਚ ਪਹਿਲਾਂ ਆਪਸੀ ਦੂਰੀ ਕਾਫ਼ੀ ਜ਼ਿਆਦਾ ਸੀ, ਹੁਣ ਇਹ ਘੱਟ ਗਈ ਹੈ ਇਸ ਦਾ ਕਾਰਨ ਪਿੰਡਾਂ ਦੀ ਆਬਾਦੀ ਵੱਧਦੀ ਵੱਧਦੀ ਹੁਣ ਖੇਤਾਂ ਤੱਕ ਵੀ ਪਹੁੰਚ ਗਈ ਹੈ। ਇੱਕ ਪਾਸੇ ਕਿਸਾਨਾਂ ਨੂੰ ਫ਼ਸਲਾਂ ਦਾ ਉਚਿਤ ਮੁੱਲ ਨਹੀਂ ਮਿਲਦਾ, ਪਰ ਹਰ ਸਾਲ ਹੀ ਖਾਦ ਤੇ ਹੋਰ ਖੇਤੀ ਨਾਲ ਸਬੰਧਿਤ ਚੀਜ਼ਾਂ ਮਹਿੰਗੀਆਂ ਹੋ ਜਾਂਦੀਆਂ ਹਨ। ਪੰਜਾਬ ਵਿੱਚ ਕਦੇ ਸੋਕਾ ਪੈ ਜਾਂਦਾ ਹੈ ਤੇ ਲੰਬਾ ਸਮਾਂ ਮੀਂਹ ਹੀ ਨਹੀਂ ਪੈਂਦਾ ਤੇ ਕਦੇ ਪੰਜਾਬ ਵਿੱਚ ਹੜ੍ਹ ਆ ਜਾਂਦਾ ਹੈ ਤੇ ਕਿਸਾਨਾਂ ਦੀ ਫ਼ਸਲ ਹੜ੍ਹ ਵਿੱਚ ਹੀ ਰੁੜ੍ਹ ਜਾਂਦੀ ਹੈ। ਜਦੋਂ ਹੜ੍ਹ ਵਿੱਚ ਫ਼ਸਲ ਰੁੜ੍ਹ ਜਾਵੇ ਜਾਂ ਸੋਕੇ ਕਾਰਨ ਸੁੱਕ ਹੀ ਜਾਵੇ, ਸ਼ਾਹ ਤੇ ਬੈਂਕਾਂ ਦਾ ਕਰਜ਼ਾ ਹੋਰ ਵੱਧ ਜਾਵੇ, ਬੈਂਕ ਵਾਲੇ ਕਿਸ਼ਤਾਂ ਉੱਪਰ ਲਏ ਟ੍ਰੈੱਕਟਰ ਨੂੰ ਕਿਸ਼ਤਾਂ ਨਾ ਭਰਨ ਕਰਕੇ ਲੈ ਜਾਣ ਜਾਂ ਘਰਾਂ ਦੀ ਕੁਰਕੀ ਕਰਨ ਦੀ ਧਮਕੀ ਦੇਣ, ਲੱਖਾਂ ਰੁਪਏ ਲਗਾ ਕੇ ਮੈਰਿਜ ਪੈਲੇਸਾਂ ਵਿੱਚ ਵਿਆਹ ਕਰਨ ਦੇ ਬਾਵਜੂਦ ਧੀ ਸਹੁਰੇ ਸੁੱਖੀ ਨਾ ਹੋਵੇ, ਪੁੱਤ ਕੰਮ ਕਰਨ ਦੀ ਥਾਂ ਨਸ਼ਈ ਹੋਵੇ ਤਾਂ ਫ਼ਿਰ ਅਜਿਹਾ ਕਿਸਾਨ ਖ਼ੁਦਕੁਸ਼ੀ ਨਹੀਂ ਕਰੇਗਾ ਤਾਂ ਹੋਰ ਦੱਸੋ ਫ਼ੇਰ ਕੀ ਕਰੇਗਾ?

ਅਸਲ ਵਿੱਚ ਖੇਤੀ ਖੇਤਰ ਵਿੱਚ ਵੀ ਹੁਣ ਪੂੰਜੀਵਾਦ ਆ ਗਿਆ ਹੈ। ਅਮੀਰ ਕਿਸਾਨ ਹੋਰ ਅਮੀਰ ਹੋ ਰਿਹਾ ਹੈ। ਗਰੀਬ ਕਿਸਾਨ ਹੋਰ ਗਰੀਬ ਹੋ ਰਿਹਾ ਹੈ। ਵੱਖ- ਵੱਖ ਥਾਂਵਾਂ ਉੱਪਰ ਲੱਗਦੀਆਂ ਟ੍ਰੈੱਕਟਰ ਮੰਡੀਆਂ ਵਿੱਚ ਕਿਸਾਨਾਂ ਦੇ ਨਵੇਂ ਟ੍ਰੈੱਕਟਰ ਹੀ ਵਿਕਣ ਲਈ ਖੜੇ ਵੇਖੇ ਜਾ ਸਕਦੇ ਹਨ। ਗਰੀਬ ਕਿਸਾਨਾਂ ਦੇ ਸੁਪਨੇ ਖੇਤਾਂ ਦੀ ਮਿੱਟੀ ਵਿੱਚ ਕੰਮ ਕਰਦਿਆਂ ਮਿੱਟੀ ਵਿੱਚ ਹੀ ਰੁਲ ਰਹੇ ਹਨ। ਵੱਡੀ ਗਿਣਤੀ ਕਿਸਾਨਾਂ ਦੇ ਪੁੱਤ ਜਾਂ ਤਾਂ ਚਿੱਟਾ ਕੁੜਤਾ ਪਜਾਮਾ ਪਾ ਕੇ ਸ਼ਹਿਰ ਵਿੱਚ ਗੇੜੀਆਂ ਮਾਰਦੇ ਹਨ ਜਾਂ ਫ਼ਿਰ ਪੱਛਮੀ ਪਹਿਰਾਵਾ ਪਾਕੇ ਘੁੰਮਦੇ ਹਨ। ਮੋਟਰਸਾਇਕਲਾਂ ਉੱਪਰ ਖੜੇ ਹੋਕੇ ਸਟੰਟ ਕਰਦੇ ਕਈ ਕਿਸਾਨ ਪੁੱਤਰ ਹੁਣ ਤਾਂ ਹਰ ਸ਼ਹਿਰ ਵਿੱਚ ਵੇਖੇ ਜਾ ਸਕਦੇ ਹਨ। ਹਾਲ ਤਾਂ ਇਹ ਹੈ ਕਿ ਕਿਸਾਨ ਦੇ ਵਿੱਚ ਵੀ ਕਈ ਵਰਗ ਪੈਦਾ ਹੋ ਗਏ ਹਨ। ਅਮੀਰ ਕਿਸਾਨ ਵਰਗ ਤੇ ਗਰੀਬ ਕਿਸਾਨ ਵਰਗ।

(ਬਾਕੀ ਸਫ਼ਾ 30 'ਤੇ)

# ਚੋਣ ਨਿਯਮਾਂ 'ਚ ਸੋਧ ਨੂੰ ਕਾਂਗਰਸ ਵੱਲੋਂ ਸੁਪਰੀਮ ਕੋਰਟ ਵਿੱਚ ਚੁਣੌਤੀ

## ਚੋਣ ਕਮਿਸ਼ਨ ਦੀ ਡਿੱਗ ਰਹੀ ਸਾਖ਼ ਬਹਾਲ ਰੱਖਣ ਵਿੱਚ ਸਿਖਰਲੀ ਅਦਾਲਤ ਤੋਂ ਮਦਦ ਦੀ ਆਸ



ਨਵੀਂ ਦਿੱਲੀ/ਏ.ਟੀ.ਨਿਊਜ਼ः ਕਾਂਗਰਸ ਨੇ ਕੁਝ ਇਲੈਕਟ੍ਰਾਨਿਕ ਦਸਤਾਵੇਜ਼ਾਂ ਦੀ ਜਨਤਕ ਜਾਂਚ ਨੂੰ ਰੋਕਣ ਵਾਸਤੇ ਚੋਣਾਂ ਨਿਯਮਾਂ ਵਿੱਚ ਹਾਲ ਹੀ 'ਚ ਕੀਤੀ ਸੋਧ ਨੂੰ ਸੁਪਰੀਮ ਕੋਰਟ ਵਿੱਚ ਚੁਣੌਤੀ ਦਿੱਤੀ ਅਤੇ ਉਮੀਦ ਪ੍ਰਗਟਾਈ ਕਿ ਸਿਖਰਲੀ ਅਦਾਲਤ ਚੋਣ ਅਮਲ ਦੀ 'ਤੇਜ਼ੀ ਨਾਲ ਖ਼ਤਮ ਹੋ ਰਹੀ' ਸਾਖ਼ ਨੂੰ ਬਹਾਲ ਕਰਨ ਵਿੱਚ ਮਦਦ ਕਰੇਗੀ। ਕਾਂਗਰਸ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਦੱਸਿਆ ਕਿ ਉਨ੍ਹਾਂ ਨੇ ਰਿੱਟ ਪਟੀਸ਼ਨ ਦਾਇਰ ਕੀਤੀ ਹੈ।

ਰਮੇਸ਼ ਨੇ 'ਐਕਸ' ਉੱਤੇ ਪੋਸਟ ਕੀਤਾ, "ਚੋਣਾਂ ਕਰਵਾਉਣ ਸਬੰਧੀ ਨਿਯਮ-1961 ਵਿੱਚ ਹਾਲ ਹੀ ਵਿੱਚ ਹੋਈਆਂ ਸੋਧਾਂ ਨੂੰ ਚੁਣੌਤੀ ਦਿੰਦਿਆਂ ਸੁਪਰੀਮ ਕੋਰਟ ਵਿੱਚ ਇੱਕ ਰਿੱਟ ਪਟੀਸ਼ਨ ਦਾਇਰ ਕੀਤੀ ਗਈ ਹੈ।" ਰਮੇਸ਼ ਨੇ ਕਿਹਾ, "ਚੋਣ ਕਮਿਸ਼ਨ ਇੱਕ ਸੰਵਿਧਾਨਕ ਸੰਸਥਾ ਹੈ। ਇਸ 'ਤੇ ਆਜ਼ਾਦ ਤੇ ਨਿਰਪੱਖ ਚੋਣਾਂ ਕਰਵਾਉਣ ਦੀ ਜ਼ਿੰਮੇਵਾਰੀ ਹੈ, ਇਸ ਲਈ ਇਕਪਾਸੜ ਅਤੇ ਜਨਤਕ ਸਲਾਹ-ਮਸ਼ਵਰੇ ਤੋਂ ਬਿਨਾਂ ਇਸ ਅਹਿਮ ਨਿਯਮ ਵਿੱਚ ਏਨੀ ਬੇਸ਼ਰਮੀ ਨਾਲ ਸੋਧ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ।" ਰਮੇਸ਼ ਨੇ ਕਿਹਾ ਕਿ ਚੋਣ ਪ੍ਰਕਿਰਿਆ ਦੀ ਸਾਖ਼ ਤੇਜ਼ੀ ਨਾਲ ਖਤਮ ਹੋ ਰਹੀ ਹੈ ਅਤੇ ਉਮੀਦ ਹੈ ਕਿ ਸੁਪਰੀਮ ਕੋਰਟ ਇਸ ਨੂੰ ਬਹਾਲ ਕਰਨ ਵਿੱਚ ਮਦਦ ਕਰੇਗੀ। ਉਨ੍ਹਾਂ ਪਿਛਲੇ ਸ਼ਨਿੱਚਰਵਾਰ ਕਿਹਾ ਸੀ ਕਿ ਇਸ ਸੋਧ ਨੂੰ ਜਲਦੀ ਹੀ ਕਾਨੂੰਨੀ ਤੌਰ 'ਤੇ ਚੁਣੌਤੀ ਦਿੱਤੀ ਜਾਵੇਗੀ।

(ਬਾਕੀ ਸਫ਼ਾ 30 'ਤੇ)

# ਜ਼ਹਿਰੀਲੇ ਖਾਣੇ ਕਾਰਨ ਦੇਸ਼ ਦੇ 70 ਫ਼ੀਸਦੀ ਲੋਕ ਭਿਆਨਕ ਬਿਮਾਰੀਆਂ ਦੀ ਜਕੜ ਵਿੱਚ

## ਮਿਲਾਵਟੀ ਖੇਤੀ ਉਤਪਾਦਾਂ ਕਾਰਨ ਰਸੋਈ 'ਚ ਪਕਾਇਆ ਜਾ ਰਿਹਾ ਜ਼ਹਿਰੀਲਾ ਭੋਜਨ



ਜ਼ਹਿਰੀਲੇ ਖੇਤੀ ਉਤਪਾਦਕਾਂ ਅਤੇ ਮਿਲਾਵਟਖੋਰੀ ਨਾਲ ਦੇਸ਼ ਭਰ ਦੇ ਪਰਿਵਾਰ ਦੀਆਂ ਰਸੋਈਆਂ ਵਿੱਚ ਸੁਆਣੀਆਂ ਵੱਲੋਂ ਆਪਣੇ ਪਰਿਵਾਰ ਲਈ ਪਰੋਸੇ ਜਾ ਰਹੇ ਜ਼ਹਿਰੀਲੇ ਖਾਣੇ ਖਾਣ ਨਾਲ ਦੇਸ਼ ਦੇ 140 ਕਰੋੜ ਤੋਂ ਵੱਧ ਆਬਾਦੀ ਵਿਚੋਂ 70 ਫ਼ੀਸਦੀ ਲੋਕ ਵੱਖ-ਵੱਖ ਭਿਆਨਕ ਬਿਮਾਰੀਆਂ ਦੀ ਜਕੜ ਵਿੱਚ ਆ ਚੁੱਕੇ ਹਨ। ਪੰਜਾਬੀਆਂ ਵਿੱਚ ਬਿਮਾਰੀ ਲੱਗਣ ਦੀ ਰਫ਼ਤਾਰ ਦੇਸ਼ ਦੇ ਦੂਸਰੇ ਸੂਬਿਆਂ ਨਾਲੋਂ 50 ਫ਼ੀਸਦੀ ਵੱਧ ਹੈ। ਇਸ ਦੀ ਤਾਜ਼ਾ ਮਿਸਾਲ ਸੂਬੇ ਦੇ ਸਰਕਾਰੀ ਅਤੇ ਪ੍ਰਾਈਵੇਟ ਹਸਪਤਾਲਾਂ ਵਿੱਚ ਸ਼ੂਗਰ, ਕੈਂਸਰ ਅਤੇ ਦਿਲ ਦੀਆਂ ਬਿਮਾਰੀਆਂ, ਲੀਵਰ ਫ਼ੇਲ੍ਹ ਅਤੇ ਅੰਤੜੀਆਂ ਦੇ ਰੋਗਾਂ ਦੇ ਮਰੀਜ਼ਾਂ ਦੀਆਂ ਲੰਬੀਆਂ ਕਤਾਰਾਂ ਅਤੇ ਹਸਪਤਾਲ ਦੇ ਓ.ਪੀ.ਡੀ. ਲਈ ਲੱਗੇ ਰਿਕਾਰਡ ਰਜਿਸਟਰਾਂ ਵਿੱਚ ਦਰਜ ਮਰੀਜ਼ਾਂ ਦੀ ਗਿਣਤੀ ਤੋਂ ਸਹਿਜੇ ਹੀ ਮਿਲਦੀ ਹੈ।

ਪੰਜਾਬ ਦੇ ਲੋਕਾਂ ਵਿੱਚ ਲੱਗ ਰਹੀਆਂ ਭਿਆਨਕ ਬਿਮਾਰੀਆਂ ਦਾ ਕਾਰਨ ਪੰਜਾਬ ਵਿੱਚ ਖੇਤੀ ਕਰਨ ਲਈ ਫ਼ਸਲਾਂ ਅਤੇ ਸਬਜ਼ੀਆਂ ਵਿੱਚ ਲੋੜ ਤੋਂ ਵੱਧ ਵਰਤੇ ਜਾ ਰਹੇ ਕੀਟਨਾਸ਼ਕਾਂ ਅਤੇ ਯੂਰੀਆ ਆਦਿ ਦੀ ਹੋ ਰਹੀ ਵਰਤੋਂ ਨਾਲ ਖੇਤੀ ਉਤਪਾਦਨਾਂ ਵਿਚੋਂ ਪੈਦਾ ਹੋਣ ਵਾਲਾ ਜ਼ਹਿਰ ਸਾਡੇ ਖ਼ੂਨ ਵਿੱਚ ਤੇਜ਼ੀ ਨਾਲ ਰਲ ਰਿਹਾ ਹੈ। ਬਾਕੀ ਕਸਰ ਦੇਸ਼ ਦੇ ਲਾਲਚ ਵਪਾਰੀਆਂ ਵੱਲੋਂ ਮੁਨਾਫ਼ਾਖੋਰੀ ਲਈ ਸਾਡੀਆਂ ਰਸੋਈਆਂ ਵਿੱਚ ਵਰਤੋਂ ਆਉਣ ਵਾਲੀ ਮਸਾਲਿਆਂ, ਦਾਲਾਂ ਅਤੇ ਖਣਿਜ ਤੇਲਾਂ, ਦੇਸੀ ਘਿਓ, ਪਨੀਰ ਅਤੇ ਦੁੱਧ ਵਿੱਚ ਵੱਡੀ ਪੱਧਰ 'ਤੇ ਕੀਤੀ ਜਾ ਰਹੀ ਮਿਲਾਵਟ ਨਾਲ ਪੂਰੀ ਕਰ ਦਿੱਤੀ ਗਈ ਹੈ। ਮੀਡੀਆ ਰਿਪੋਰਟਾਂ ਤੋਂ ਇਹ ਗੱਲ ਸਾਹਮਣੇ ਆਈ ਹੈ ਕਿ ਲੁਧਿਆਣਾ, ਮਾਨਸਾ ਅਤੇ ਬਠਿੰਡਾ ਜ਼ਿਲ੍ਹਿਆਂ ਦੀ 60 ਫ਼ੀਸਦੀ ਮਿੱਟੀ ਦੇ ਨਮੂਨਿਆਂ ਵਿੱਚ ਐਂਡੋਸਟਾਨ ਅਤੇ ਕਾਰਬੋਫ਼ਿਊਰਾਨ ਵਰਗੇ ਜ਼ਹਿਰਲੇ ਰਸਾਇਣਿਕ ਅਤੇ ਕੀਟਨਾਸ਼ਕਾਂ ਦੀ ਰਹਿੰਦ ਖੂੰਹਦ ਦੀ ਵੱਡੀ ਮਾਤਰਾ ਪਾਈ ਗਈ ਹੈ। ਪੰਜਾਬ ਵਿੱਚ ਫ਼ਸਲਾਂ ਦਾ ਝਾੜ ਵਧਾਉਣ ਲਈ ਪੰਜਾਬ ਦੀ 85 ਫ਼ੀਸਦੀ ਜ਼ਮੀਨ 'ਤੇ ਕਣਕ ਅਤੇ ਝੋਨੇ ਦੀਆਂ ਫ਼ਸਲਾਂ 'ਤੇ 77 ਕਿੱਲੋ ਤੋਂ ਵਧੇਰੇ ਕੀਟਨਾਸ਼ਕ ਪ੍ਰਤੀ ਹੈਕਟੇਅਰ ਵਰਤੋਂ ਕੀਤੀ ਜਾ ਰਹੀ ਹੈ, ਜੋ ਕਿ ਰਾਸ਼ਟਰੀ ਪੱਧਰ ਤੋਂ ਕਾਫ਼ੀ ਵੱਧ ਹੈ। ਦੇਸ਼ ਦੇ ਹੋਰ ਰਾਜਾਂ ਵਿੱਚ 50 ਕਿੱਲੋ ਦੇ ਕਰੀਬ ਕੀਟਨਾਸ਼ਕ ਜ਼ਹਿਰਾਂ ਦੀ ਵਰਤੋਂ ਕੀਤੇ ਜਾਣ ਦੇ ਅਨੁਮਾਨ ਹਨ। ਇਹ ਨਤੀਜੇ ਦੇਸ਼ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਤਬਾਹਕੁੰਨ ਸਾਬਤ ਹੋ ਸਕਦੇ ਹਨ। ਜਿਸ ਦੇ ਭਿਆਨਕ ਨਤੀਜੇ ਆਉਣੇ ਸ਼ੁਰੂ ਹੋ ਚੁੱਕੇ ਹਨ। ਸਾਡੇ ਨਵ ਵਿਆਹੇ ਜੋੜਿਆਂ ਵਿੱਚ ਬੱਚੇ ਪੈਦਾ ਕਰਨ ਦੀ ਸ਼ਕਤੀ ਦਿਨ ਬ ਦਿਨ ਘਟ ਰਹੀ ਹੈ।

ਤਾਜ਼ਾ ਅੰਕੜਿਆਂ ਅਨੁਸਾਰ ਆਈ. ਵੀ. ਐਫ਼ ਤਕਨੀਕ ਰਾਹੀਂ 20 ਫ਼ੀਸਦੀ ਜੋੜੇ ਆਪਣੇ ਬੱਚੇ ਲੈ ਰਹੇ ਹਨ। ਜੋ ਸਾਡੀਆਂ ਫ਼ਸਲਾਂ ਤੋਂ ਬਾਅਦ ਸਾਡੀਆਂ ਨਸਲਾਂ ਲਈ ਵੱਡਾ ਖ਼ਤਰਾ ਪੈਦਾ ਹੋ ਰਿਹਾ ਹੈ। ਦੇਸ਼ ਵਿੱਚ ਖਾਦਾਂ ਅਤੇ ਕੀਟਨਾਸ਼ਕਾਂ ਦੀ ਕੀਤੀ ਜਾ ਰਹੀ ਅੰਨ੍ਹੇਵਾਹ ਵਰਤੋਂ ਵਿੱਚ 35 ਹਜ਼ਾਰ ਕਰੋੜ ਦੇ ਕਰੀਬ ਕਾਰੋਬਾਰ ਹੋ ਰਿਹਾ ਹੈ, ਜਿਸ ਵਿੱਚ ਪੰਜਾਬ ਸਭ ਤੋਂ ਮੋਹਰੀ ਹੈ।

ਤਾਜ਼ਾ ਅੰਕੜਿਆਂ ਅਨੁਸਾਰ ਸੂਬੇ ਵਿੱਚ 2021 ਤੋਂ 2022 ਤੱਕ 30362 ਕਰੋੜ, 2022 ਤੋਂ 2023 ਵਿੱਚ 33205 ਕਰੋੜ ਅਤੇ ਚਾਲੂ ਸਾਲ 2023 ਤੋਂ 2024 ਵਿੱਚ 35000 ਕਰੋੜ ਦੇ ਕਰੀਬ ਕਾਰੋਬਾਰ ਹੋਇਆ ਹੈ।

(ਬਾਕੀ ਸਫ਼ਾ 30 'ਤੇ)

## ਦਰਪਣ ਝੂਠ ਨਹੀਂ ਬੋਲਦਾ

# ਕੀ ਬਾਬਾ ਸਾਹਿਬ ਦਾ ਅਪਮਾਨ ਭਾਰੀ ਪੈ ਸਕੇਗਾ ਮੋਦੀ ਸਰਕਾਰ ਨੂੰ ?

## ਅੰਬੇਡਕਰ ਮੁੱਦੇ ਉੱਪਰ ਭਾਜਪਾ ਵਿਰੋਧੀ ਪਾਰਟੀਆਂ ਹੋਈਆਂ ਇੱਕਮੁੱਠ

25 ਨਵੰਬਰ ਨੂੰ ਸ਼ੁਰੂ ਹੋਇਆ ਸੰਸਦ ਦਾ ਸਰਦ ਰੁੱਤ ਸਮਾਗਮ ਬੀਤੇ ਸ਼ੁੱਕਰਵਾਰ ਸਮਾਪਤ ਹੋ ਗਿਆ ਸੀ। ਇਹ ਸਮਾਗਮ ਪਹਿਲੇ ਦਿਨ ਤੋਂ ਹੀ ਹੰਗਾਮਿਆਂ ਦੀ ਭੇਟ ਚੜ੍ਹਿਆ ਰਿਹਾ। ਸਮਾਗਮ ਦੇ ਸ਼ੁਰੂ ਹੁੰਦਿਆਂ ਹੀ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਨੇ ਸੱਤਾਧਾਰੀਆਂ ਦੀ ਦੁੱਖਦੀ ਰਗ, ਅਮਰੀਕੀ ਅਦਾਲਤ ਵੱਲੋਂ ਅਡਾਨੀ ਦੇ ਗ੍ਰਿਫ਼ਤਾਰੀ ਵਰੰਟ ਜਾਰੀ ਕੀਤੇ ਜਾਣ ਦਾ ਮੁੱਦਾ ਚੁੱਕ ਕੇ ਇਸ ਉਤੇ ਬਹਿਸ ਦੀ ਮੰਗ ਕਰ ਦਿੱਤੀ ਸੀ। ਹੁਕਮਰਾਨ ਧਿਰ ਨੇ ਇਸ ਮੁੱਦੇ ਨੂੰ ਦਬਾਉਣ ਲਈ ਕਾਹਲੀ-ਕਾਹਲੀ ਨਾਲ 'ਇੱਕ ਦੇਸ਼-ਇਕ ਚੋਣ' ਦਾ ਬਿੱਲ ਪੇਸ਼ ਕਰ ਦਿੱਤਾ ਸੀ। ਬਿੱਲ ਪੇਸ਼ ਕਰਨ ਲਈ ਹੋਈ ਵੋਟਿੰਗ ਵਿੱਚ ਹੁਕਮਰਾਨ ਧਿਰ ਨੂੰ ਉਸ ਸਮੇਂ ਨਮੋਸ਼ੀ ਝੱਲਣੀ ਪਈ, ਜਦੋਂ ਉਸ ਦੇ ਆਪਣੇ ਤੇ ਹਮਾਇਤੀ ਪਾਰਟੀਆਂ ਦੇ ਬਹੁਤ ਸਾਰੇ ਮੈਂਬਰਾਂ ਨੇ ਵੋਟਿੰਗ ਵਿੱਚ ਹਿੱਸਾ ਨਾ ਲਿਆ।

ਨਤੀਜੇ ਵਜੋਂ ਬਿੱਲ ਨੂੰ ਸੰਸਦੀ ਕਮੇਟੀ ਦੇ ਹਵਾਲੇ ਕਰਨਾ ਪਿਆ। ਇਸ ਦੌਰਾਨ ਸੰਵਿਧਾਨ ਉੱਤੇ ਤਿੱਖੀ ਬਹਿਸ ਹੋਈ। ਵਿਰੋਧੀ ਦਲਾਂ ਨੇ ਸੰਘਵਾਦ ਤੇ ਲੋਕਤੰਤਰ ਦੇ ਸਿਧਾਂਤਾਂ ਨੂੰ ਕਮਜ਼ੋਰ ਕੀਤੇ ਜਾਣ ਲਈ ਹੁਕਮਰਾਨ ਧਿਰ 'ਤੇ ਤਿੱਖੇ ਹਮਲੇ ਕੀਤੇ। ਇਨ੍ਹਾਂ ਹਮਲਿਆਂ ਦੇ ਜਵਾਬ ਵਿੱਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਇਹ ਕਹਿ ਕੇ ਕਿ, ਅੰਬੇਡਕਰ ਦਾ ਨਾਂ ਲੈਣਾ ਹੁਣ ਫੈਸ਼ਨ ਹੋ ਗਿਆ ਹੈ, ਅੰਬੇਡਕਰ, ਅੰਬੇਡਕਰ, ਅੰਬੇਡਕਰ, ਅੰਬੇਡਕਰ, ਅੰਬੇਡਕਰ.....ਏਨੀ ਵਾਰ ਅਗਰ ਭਗਵਾਨ ਦਾ ਨਾਂਅ ਲੈਂਦੇ ਤਾਂ ਸੱਤ ਜਨਮਾਂ ਤੱਕ ਸਵਰਗ ਮਿਲ ਜਾਂਦਾ, ਭੁਚਾਲ ਲੈ ਆਂਦਾ।



ਇਹ ਕੋਈ ਜ਼ੁਬਾਨ ਦੀ ਫਿਸਲਣ ਨਹੀਂ ਸੀ, ਕਿਉਂਕਿ ਸਾਫ਼ ਦਿਸ ਰਿਹਾ ਸੀ ਕਿ ਅਮਿਤ ਸ਼ਾਹ ਲਿਖਿਆ ਹੋਇਆ ਭਾਸ਼ਣ ਪੜ੍ਹ ਰਹੇ ਹਨ। ਅਸਲ ਵਿੱਚ ਅਡਾਨੀ ਮੁੱਦੇ ਤੋਂ ਧਿਆਨ ਭਟਕਾਉਣ ਲਈ ਇਹ ਜਾਣਬੁੱਝ ਕੇ ਕੀਤਾ ਗਿਆ ਗੁਨਾਹ ਸੀ। ਬਾਬਾ ਸਾਹਿਬ ਅੰਬੇਡਕਰ ਦੇ ਇਸ ਅਪਮਾਨ ਵਿਰੁੱਧ ਸਾਰਾ ਦੇਸ਼ ਉੱਬਲ ਪਿਆ। ਦੇਸ਼ ਦੇ ਕੋਨੇ-ਕੋਨੇ ਵਿੱਚ ਲੋਕ ਆਪਮੁਹਾਰੇ ਗ੍ਰਹਿ ਮੰਤਰੀ ਦੇ ਅਸਤੀਫ਼ੇ ਦੀ ਮੰਗ ਨੂੰ ਲੈ ਕੇ ਸੜਕਾਂ 'ਤੇ ਆ ਗਏ ਹਨ। ਦਲਿਤਾਂ ਤੇ ਪਛੜੀਆਂ ਜਾਤਾਂ ਵਿੱਚ ਮੋਦੀ ਸਰਕਾਰ ਵਿਰੁੱਧ ਖਾਸਾ ਰੋਸ ਪਾਇਆ ਜਾ ਰਿਹਾ ਹੈ। ਜਿਹੜੀ ਵਿਰੋਧੀ ਧਿਰ ਅਡਾਨੀ ਦੇ ਮੁੱਦੇ ਉੱਤੇ ਬਿਖਰੀ-ਬਿਖਰੀ ਨਜ਼ਰ ਆ ਰਹੀ ਸੀ, ਇੱਕਮੁੱਠ ਹੋ ਗਈ । ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਅਮਿਤ ਸ਼ਾਹ 'ਤੇ ਅੰਬੇਡਕਰ ਦਾ ਅਪਮਾਨ ਕਰਨ ਦਾ ਇਲਜ਼ਾਮ ਲਗਾਉਂਦੇ ਹੋਏ ਉਨ੍ਹਾਂ ਦੇ ਅਸਤੀਫ਼ੇ ਦੀ ਮੰਗ ਕੀਤੀ। ਖੜਗੇ ਨੇ ਕਿਹਾ, 'ਉਨ੍ਹਾਂ ਨੇ ਬਾਬਾ ਸਾਹਿਬ ਦਾ ਅਪਮਾਨ ਕੀਤਾ ਹੈ, ਸੰਵਿਧਾਨ ਦਾ ਅਪਮਾਨ ਕੀਤਾ ਹੈ। ਉਨ੍ਹਾਂ ਦੀ ਆਰ.ਐੱਸ.ਐੱਸ. ਦੀ ਵਿਚਾਰਧਾਰਾ ਦਰਸਾਉਂਦੀ ਹੈ ਕਿ ਉਹ ਖ਼ੁਦ ਬਾਬਾ ਸਾਹਿਬ ਦੇ ਸੰਵਿਧਾਨ ਦਾ ਸਨਮਾਨ ਨਹੀਂ ਕਰਨਾ ਚਾਹੁੰਦੇ। ਸਮੁੱਚਾ ਵਿਰੋਧੀ ਧਿਰ ਅਮਿਤ ਸ਼ਾਹ ਦੇ ਅਸਤੀਫ਼ੇ ਦੀ ਮੰਗ ਕਰਦਾ ਹੈ।'

ਕੁਝ ਸਿਆਸੀ ਟਿੱਪਣੀਕਾਰਾਂ ਦਾ ਮੱਤ ਹੈ ਕਿ ਅਮਿਤ ਸ਼ਾਹ ਨੂੰ ਆਪਣੀ ਗਲਤੀ ਸੁਧਾਰਨ ਲਈ ਮੁਆਫ਼ੀ ਮੰਗ ਕੇ ਮਸਲੇ ਨੂੰ ਠੰਢਾ ਕਰ ਦੇਣਾ ਚਾਹੀਦਾ ਸੀ। ਪਰ ਭਾਜਪਾ ਦਾ ਰੁਖ ਅਜਿਹਾ ਨਹੀਂ ਹੈ। ਅਗਲੇ ਦਿਨ ਸੰਸਦ ਦਾ ਸਮਾਗਮ ਸ਼ੁਰੂ ਹੋਣ ਤੋਂ ਪਹਿਲਾਂ ਜਦੋਂ ਵਿਰੋਧੀ ਪਾਰਟੀਆਂ ਦੇ ਸੰਸਦ ਮੈਂਬਰ ਬਾਬਾ ਸਾਹਿਬ ਅੰਬੇਡਕਰ ਦੇ ਬੁੱਤ ਤੋਂ ਸੰਸਦ ਦੇ ਗੇਟ ਤੱਕ ਅਮਿਤ ਸ਼ਾਹ ਦੇ ਅਸਤੀਫ਼ੇ ਦੀ ਮੰਗ ਨੂੰ ਲੈ ਕੇ ਰੋਸ ਮਾਰਚ ਕਰ ਰਹੇ ਸਨ ਤਾਂ ਸਾਹਮਣੇ ਭਾਜਪਾ ਦੇ ਲੱਠਮਾਰ ਸੰਸਦ ਮੋਟੇ ਡੰਡਿਆਂ ਵਾਲੀਆਂ ਤਖਤੀਆਂ ਲੈ ਕੇ ਰਾਹ ਰੋਕੀ ਖੜ੍ਹੇ ਸਨ। ਇਹੋ ਨਹੀਂ, ਇਨ੍ਹਾਂ ਮੈਂਬਰਾਂ ਵੱਲੋਂ ਵਿਰੋਧੀ ਦਲਾਂ ਦੇ ਮੈਂਬਰਾਂ ਨਾਲ ਧੱਕਾ-ਮੁੱਕੀ ਕਰਕੇ ਉਨ੍ਹਾਂ ਨੂੰ ਸੰਸਦ ਅੰਦਰ ਜਾਣ ਤੋਂ ਰੋਕਿਆ ਗਿਆ। ਇਸੇ ਦੌਰਾਨ ਇਹ ਰੌਲਾ ਪਾ ਦਿੱਤਾ ਗਿਆ ਕਿ ਰਾਹੁਲ ਗਾਂਧੀ ਵੱਲੋਂ ਫ਼ਰੂਖਾਬਾਦ ਤੋਂ ਭਾਜਪਾ ਸਾਂਸਦ ਮੁਕੇਸ਼ ਰਾਜਪੂਤ ਨੂੰ ਧੱਕਾ ਮਾਰੇ ਜਾਣ ਕਾਰਨ ਉਹ ਇੱਕ ਹੋਰ ਸਾਂਸਦ ਪ੍ਰਤਾਪ ਸਿੰਘ ਸਾਰੰਗੀ ਉੱਤੇ ਡਿਗ ਪਏ, ਜਿਸ ਕਾਰਨ ਪ੍ਰਤਾਪ ਸਿੰਘ ਸਾਰੰਗੀ ਦੇ ਸਿਰ ਵਿੱਚ ਸੱਟ ਲੱਗ ਗਈ। ਓਡੀਸ਼ਾ ਤੋਂ ਸਾਂਸਦ ਸਾਰੰਗੀ ਉਹ ਬਜਰੰਗ ਦਲ ਦਾ ਆਗੂ ਹੈ, ਜਿਸ ਉੱਤੇ ਈਸਾਈ ਮਿਸ਼ਨਰੀ ਗ੍ਰਾਹਮ ਸਟੇਨ ਤੇ ਉਸ ਦੇ ਦੋ ਮਾਸੂਮ ਬੱਚਿਆਂ ਨੂੰ ਜੀਪ ਵਿੱਚ ਸੁੱਤੇ ਪਿਆਂ ਨੂੰ ਅੱਗ ਲਾ ਕੇ ਸਾੜ ਦੇਣ ਦਾ ਦੋਸ਼ ਲੱਗਿਆ ਸੀ।

ਦੋਹਾਂ ਸਾਂਸਦਾਂ ਨੂੰ ਤੁਰੰਤ ਆਰ. ਐੱਮ. ਐੱਲ. ਹਸਪਤਾਲ ਦੇ ਆਈ. ਸੀ. ਯੂ. ਵਾਰਡ ਵਿੱਚ ਭਰਤੀ ਕਰ ਦਿੱਤਾ ਗਿਆ। ਹਾਲੇ ਨਾਟਕ ਦਾ ਆਖਰੀ ਸੀਨ ਬਾਕੀ ਸੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਮੋਬਾਇਲ ਉੱਤੇ ਪ੍ਰਤਾਪ ਸਾਰੰਗੀ ਨੂੰ ਕਾਲ ਕੀਤੀ ਗਈ। ਸਾਰੰਗੀ ਨੇ ਜਦੋਂ ਹੈਲੋ ਸਰ ਕਿਹਾ ਤਾਂ ਉਸ ਨੂੰ ਆਖਿਆ ਗਿਆ ਕਿ ਸਪੀਕਰ ਔਨ ਕਰੋ, ਤਾਂ ਕਿ ਪ੍ਰਧਾਨ ਮੰਤਰੀ ਵੱਲੋਂ ਪ੍ਰਗਟ ਕੀਤੀ ਜਾ ਰਹੀ ਸੰਵੇਦਨਾ ਵੀਡੀਓ ਕੈਮਰਿਆਂ ਵਿੱਚ ਰਿਕਾਰਡ ਹੋ ਸਕੇ। ਕਦੇ ਦੇਖਿਆ, ਸੁਣਿਆ ਹੈ ਆਈ. ਸੀ. ਯੂ. ਵਿੱਚ ਭਰਤੀ ਮਰੀਜ਼ਾਂ ਦੀ ਏਨੀ 'ਗੰਭੀਰ' ਹਾਲਤ ਬਾਰੇ। ਇਸੇ ਦੌਰਾਨ ਇੱਕ ਹੋਰ ਵੀਡੀਓ ਨੇ ਸਾਰੇ ਨਾਟਕ ਦਾ ਭਾਂਡਾ ਭੰਨ ਦਿੱਤਾ। ਮੁਕੇਸ਼ ਰਾਜਪੂਤ ਨੂੰ ਜਦੋਂ ਇਹ ਪੁੱਛਿਆ ਗਿਆ ਕਿ ਜਦੋਂ ਧੱਕਾ ਵੱਜਾ ਉਦੋਂ ਰਾਹੁਲ ਗਾਂਧੀ ਕਿਥੇ ਸੀ ਤਾਂ ਉਸ ਨੇ ਕਿਹਾ ਕਿ ਉਹ ਅੱਗੇ ਜਾ ਰਿਹਾ ਸੀ। ਅੱਗੇ ਜਾ ਰਿਹਾ ਵਿਅਕਤੀ ਭਲਾ ਪਿਛਿਓਂ ਧੱਕਾ ਕਿਵੇਂ ਦੇ ਸਕਦਾ ਹੈ ?ਇਸ ਤੋਂ ਤੁਰੰਤ ਬਾਅਦ ਭਾਜਪਾ ਸਾਂਸਦ ਅਨੁਰਾਗ ਠਾਕੁਰ ਤੇ ਬਾਂਸੁਰੀ ਸਵਰਾਜ ਨੇ ਭਾਜਪਾ ਸਾਂਸਦ ਹੇਮਾਂਗ ਜੋਸ਼ੀ ਰਾਹੀਂ ਸੰਸਦ ਮਾਰਗ ਪੁਲਿਸ ਸਟੇਸ਼ਨ ਜਾ ਕੇ ਰਾਹੁਲ ਗਾਂਧੀ ਵਿਰੁੱਧ ਕਈ ਸਖ਼ਤ ਧਾਰਾਵਾਂ ਅਧੀਨ ਮਾਮਲਾ ਦਰਜ ਕਰਾ ਦਿੱਤਾ। ਇਸ ਤੋਂ ਕੁਝ ਸਮੇਂ ਬਾਅਦ ਕਾਂਗਰਸ ਨੇ ਵੀ ਮਲਿਕਾਰਜੁਨ ਖੜਗੇ ਨੂੰ ਧੱਕੇ ਦੇ ਕੇ ਡੇਗਣ ਦੀ ਸ਼ਿਕਾਇਤ ਦਰਜ ਕਰਾ ਦਿੱਤੀ, ਪਰ ਮਾਮਲਾ ਦਰਜ ਨਾ ਕੀਤਾ ਗਿਆ। ਕਾਂਗਰਸ ਲਗਾਤਾਰ ਮੰਗ ਕਰ ਰਹੀ ਹੈ ਕਿ ਧੱਕਾ-ਮੁੱਕੀ ਦੀ ਸੀ. ਸੀ. ਟੀ. ਵੀ. ਫੁਟੇਜ ਜਨਤਕ ਕੀਤੀ ਜਾਵੇ, ਪੂਰਾ ਸੱਚ ਸਾਹਮਣੇ ਆ ਜਾਵੇਗਾ, ਪਰ ਲੋਕ ਸਭਾ ਸਪੀਕਰ ਦਾ ਦਫ਼ਤਰ ਚੁੱਪ ਵੱਟੀ ਬੈਠਾ ਹੈ।

ਇਸ ਦੌਰਾਨ ਬਹੁਜਨ ਸਮਾਜ ਪਾਰਟੀ ਦੀ ਪ੍ਰਧਾਨ ਮਾਇਆਵਤੀ ਨੇ ਬਿਆਨ ਜਾਰੀ ਕਰਦਿਆਂ ਕਿਹਾ ਕਿ ਕਾਂਗਰਸ ਅਤੇ ਭਾਜਪਾ ਦੋਵੇਂ ਹੀ ਭੀਮ ਰਾਓ ਅੰਬੇਡਕਰ ਦੇ ਨਾਂ 'ਤੇ ਸਿਆਸਤ ਕਰ ਰਹੀਆਂ ਹਨ।

ਬਾਬਾ ਸਾਹਿਬ ਦੇ ਅਮਿਤ ਸ਼ਾਹ ਵੱਲੋਂ ਕੀਤੇ ਅਪਮਾਨ ਵਿਰੁੱਧ ਦੇਸ਼-ਭਰ ਵਿੱਚ ਉਠੇ ਵਿਰੋਧ ਨੇ ਪ੍ਰਧਾਨ ਮੰਤਰੀ ਨੂੰ ਏਨਾ ਡਰਾ ਦਿੱਤਾ ਹੈ ਕਿ ਸੰਸਦ ਸਮਾਗਮ ਦੇ ਆਖਰੀ ਦਿਨ ਸ਼ੁੱਕਰਵਾਰ ਨੂੰ ਉਨ੍ਹਾਂ ਦਾ ਸਮਾਪਤੀ ਭਾਸ਼ਣ ਬਿਨਾਂ ਹੀ ਸਮਾਗਮ ਉਠਾ ਦਿੱਤਾ ਗਿਆ ਸੀ।

## ਮੋਦੀ ਸਰਕਾਰ ਹਾਲੇ ਜੰਮੂ-ਕਸ਼ਮੀਰ ਨੂੰ ਨਹੀਂ ਦੇਵੇਗੀ ਰਾਜ ਦਾ ਦਰਜਾ ?

### ਕੀ ਜੰਮੂ ਨੂੰ ਰਾਜ ਦਾ ਦਰਜਾ ਦੇਣ ਲਈ ਸੁਪਰੀਮ ਕੋਰਟ ਦੇ ਹੁਕਮ ਦੀ ਉਡੀਕ ਕੀਤੀ ਜਾਵੇਗੀ ?



ਕੇਂਦਰ ਸਰਕਾਰ ਨੇ ਜੰਮੂ-ਕਸ਼ਮੀਰ ਨੂੰ ਪੂਰਨ ਰਾਜ ਦਾ ਦਰਜਾ ਦੇਣ ਦਾ ਮਾਮਲਾ ਇੱਕ ਵਾਰ ਫਿਰ ਟਾਲ ਦਿੱਤਾ ਹੈ। ਸੰਸਦ ਦੇ ਸਰਦ ਰੁੱਤ ਦੇ ਇਜਲਾਸ ਦੇ ਸ਼ੁਰੂ ਹੋਣ ਤੋਂ ਪਹਿਲਾਂ ਸਰਕਾਰ ਦੀ ਬੁਲਾਈ ਸਰਬ ਪਾਰਟੀ ਬੈਠਕ ਤੋਂ ਬਾਅਦ ਸਰਕਾਰ ਵੱਲੋਂ ਪ੍ਰਸਤਾਵਿਤ ਵਿਧਾਨਕ ਕੰਮਕਾਜ ਦੀ ਜੋ ਜਾਣਕਾਰੀ ਦਿੱਤੀ ਗਈ ਸੀ, ਉਸ 'ਚ ਜੰਮੂ-ਕਸ਼ਮੀਰ ਨੂੰ ਰਾਜ ਦਾ ਦਰਜਾ ਦੇਣ ਦਾ ਮੁੱਦਾ ਨਹੀਂ ਸੀ ਪਰ ਉਦੋਂ ਕਿਹਾ ਗਿਆ ਸੀ ਕਿ ਉਸ ਨੂੰ ਬਾਅਦ ਵਿੱਚ ਸ਼ਾਮਿਲ ਕੀਤਾ ਜਾ ਸਕਦਾ ਹੈ। ਉਸ ਸਮੇਂ 'ਇੱਕ ਦੇਸ਼, ਇੱਕ ਚੋਣ' ਦਾ ਮੁੱਦਾ ਵੀ ਪ੍ਰਸਤਾਵਿਤ ਕਾਰਜਸੂਚੀ ਵਿੱਚ ਨਹੀਂ ਸੀ, ਪਰ ਉਸ ਨੂੰ ਸੰਸਦ ਵਿੱਚ ਪੇਸ਼ ਕਰ ਦਿੱਤਾ ਗਿਆ ਪਰ ਜੰਮੂ-ਕਸ਼ਮੀਰ ਨੂੰ ਰਾਜ ਦਾ ਦਰਜਾ ਦੇਣ ਦਾ ਪ੍ਰਸਤਾਵ ਨਹੀਂ ਲਿਆਂਦਾ ਗਿਆ।

ਕੇਂਦਰੀ ਮੰਤਰੀ ਅਤੇ ਜੰਮੂ-ਕਸ਼ਮੀਰ ਦੇ ਸੰਸਦ ਮੈਂਬਰ ਜਤਿੰਦਰ ਸਿੰਘ ਨੇ ਇਸ ਮਾਮਲੇ 'ਚ ਸਪੱਸ਼ਟੀਕਰਨ ਦਿੰਦਿਆਂ ਕਿਹਾ ਕਿ ਸਹੀ ਸਮੇਂ 'ਤੇ ਜੰਮੂ-ਕਸ਼ਮੀਰ ਦਾ ਰਾਜ ਦਾ ਦਰਜਾ ਬਹਾਲ ਹੋਵੇਗਾ ਅਤੇ ਇਹ ਵਾਅਦਾ ਸਿੱਧਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕੀਤਾ ਹੈ। ਹੁਣ ਸਵਾਲ ਇਹ ਹੈ ਕਿ ਕੀ ਵਾਅਦਾ ਪੂਰਾ ਕਰਨ ਦੀ ਕੋਈ ਸਮਾਂ ਹੱਦ ਵੀ ਹੈ ? ਸਵਾਲ ਇਹ ਵੀ ਹੈ ਕਿ ਸਹੀ ਸਮਾਂ ਕਦੋਂ ਆਏਗਾ ? ਰਾਜ 'ਚ ਵਿਧਾਨ ਸਭਾ ਦੀਆਂ ਚੋਣਾਂ ਹੋ ਗਈਆਂ, ਸਰਕਾਰ ਬਣ ਗਈ, ਚੁਣੀ ਹੋਈ ਸਰਕਾਰ ਨੇ ਵਿਧਾਨ ਸਭਾ 'ਚ ਰਾਜ ਦਾ ਦਰਜਾ ਬਹਾਲ ਕਰਨ ਦਾ ਪ੍ਰਸਤਾਵ ਪਾਸ ਕਰ ਦਿੱਤਾ, ਉਪ ਰਾਜਪਾਲ ਨੇ ਉਸ ਦੀ ਮਨਜ਼ੂਰੀ ਵੀ ਦੇ ਦਿੱਤੀ, ਫਿਰ ਵੀ ਕੇਂਦਰ ਸਰਕਾਰ ਲਈ ਉਚਿਤ ਸਮਾਂ ਨਹੀਂ ਆਇਆ। ਸਰਕਾਰ ਨੇ ਉੱਥੇ ਚੋਣਾਂ ਵੀ ਸੁਪਰੀਮ ਕੋਰਟ ਦੇ ਨਿਰਦੇਸ਼ 'ਤੇ ਕਰਵਾਈਆਂ ਸਨ, ਹੁਣ ਲਗਦਾ ਹੈ ਕਿ ਉਸ ਨੂੰ ਰਾਜ ਦਾ ਦਰਜਾ ਦੇਣ ਲਈ ਵੀ ਸੁਪਰੀਮ ਕੋਰਟ ਦੇ ਨਿਰਦੇਸ਼ ਦੀ ਉਡੀਕ ਕੀਤੀ ਜਾਵੇਗੀ।

## ਸ਼ਟਡਾਊਨ ਕੀ ਹੈ ? ਇਸ ਨੂੰ ਰੋਕਣ ਲਈ ਪਾਸ ਹੋਇਆ ਬਿੱਲ, ਅਮਰੀਕੀ ਕਿਉਂ ਚਿੰਤਤ ਹਨ ?

ਅਮਰੀਕਾ ਵਿੱਚ ਸਰਕਾਰੀ ਸ਼ਟਡਾਊਨ ਦਾ ਖਤਰਾ ਟਲ ਗਿਆ ਹੈ। ਸੀਨੇਟ ਨੇ ਸ਼ਨਿੱਚਰਵਾਰ ਦੀ ਸਵੇਰ ਇੱਕ ਦੋ ਪਾਰਟੀਆਂ ਦੇ ਹਮਾਇਤ ਵਾਲੇ ਬਿੱਲ ਨੂੰ ਪਾਸ ਕਰ ਦਿੱਤਾ। ਇਹ ਅਸਥਾਈ ਰੂਪ ਨਾਲ ਸਰਕਾਰ ਦੇ ਸੰਚਾਲਨ ਤੇ ਆਫਤ ਮਦਦ ਨੂੰ ਫੰਡਿੰਗ ਕਰੇਗੀ। ਹਾਲਾਂਕਿ ਇਸ ਵਿੱਚ ਡੋਨਾਲਡ ਟਰੰਪ ਦੀ ਨਵੇਂ ਸਾਲ ਦੀ ਕਰਜ਼ ਹੱਦ ਮੰਗ ਨੂੰ ਸ਼ਾਮਲ ਕੀਤਾ ਗਿਆ। ਜੇਕਰ ਬਿੱਲ ਤੈਅ ਹੱਦ ਤੋਂ ਪਾਸ ਨਹੀਂ ਹੁੰਦਾ ਤਾਂ ਸਰਕਾਰੀ ਕੰਮਕਾਜ ਦੇ ਅੜਿੱਕਾ ਹੋਣ ਦਾ ਖਤਰਾ ਸੀ।




ਸ਼ਟਡਾਊਨ ਕਾਰਨ ਹਜ਼ਾਰਾਂ ਸਰਕਾਰੀ ਕਰਮਚਾਰੀ ਬਿਨਾਂ ਤਨਖਾਹ ਤੋਂ ਛੁੱਟੀ 'ਤੇ ਚਲੇ ਜਾਂਦੇ ਹਨ। ਹਵਾਈ ਅੱਡਿਆਂ 'ਤੇ ਭੀੜ ਵਧ ਰਹੀ ਹੈ। ਅਮਰੀਕਾ ਵਿੱਚ ਕਈ ਚੀਜ਼ਾਂ ਬੰਦ ਹੋ ਸਕਦੀਆਂ ਹਨ। ਹਾਲਾਂਕਿ, ਫ਼ੌਜ, ਭਲਾਈ ਜਾਂਚ, ਡਾਕ ਡਿਲੀਵਰੀ ਵਰਗੇ ਕੁਝ ਮਹੱਤਵਪੂਰਨ ਕੰਮ ਜਾਰੀ ਹਨ। ਬੰਦ ਆਮ ਤੌਰ 'ਤੇ ਉਦੋਂ ਹੁੰਦਾ ਹੈ ਜਦੋਂ ਕੋਈ ਸਰਕਾਰ ਦੇ ਬਜਟ 'ਤੇ ਸਹਿਮਤ ਨਹੀਂ ਬਣਦੀ। 1976 ਤੋਂ ਹੁਣ ਤੱਕ ਕੁੱਲ 21 ਸ਼ਟਡਾਊਨ ਹੋ ਚੁੱਕੇ ਹਨ। ਇਸ ਦੌਰਾਨ ਇਹ ਸ਼ਟਡਾਊਨ ਕੁੱਲ 35 ਦਿਨ ਚੱਲਿਆ ਸੀ। ਉਸ ਸਮੇਂ ਦੌਰਾਨ ਲਗਭਗ 8 ਲੱਖ ਸਰਕਾਰੀ ਕਰਮਚਾਰੀਆਂ ਨੇ ਬਿਨਾਂ ਤਨਖਾਹ ਤੋਂ ਕੰਮ ਕੀਤਾ ਸੀ।

## ਮੋਦੀ ਸਰਕਾਰ ਨੇ ਸਮਾਨ ਨਾਗਰਿਕ ਸੰਹਿਤਾ ਲਾਗੂ ਕਰਨ ਦਾ ਇਰਾਦਾ ਲਗਭਗ ਛੱਡਿਆ

### ਕੇਂਦਰੀ ਗ੍ਰਹਿ ਮੰਤਰੀ ਨੇ ਸਪਸ਼ਟ ਕੀਤਾ ਕਿ ਇਸ ਸੰਬੰਧੀ ਕੇਂਦਰ ਸਰਕਾਰ ਬਿੱਲ ਨਹੀਂ ਲਿਆਏਗੀ

ਕੇਂਦਰ ਸਰਕਾਰ ਨੇ ਦੇਸ਼ ਵਿੱਚ ਸਮਾਨ ਨਾਗਰਿਕ ਸੰਹਿਤਾ ਭਾਵ ਯੂਨੀਫ਼ਾਰਮ ਸਿਵਲ ਕੋਡ (ਯੂ.ਸੀ.ਸੀ.) ਲਾਗੂ ਕਰਨ ਦਾ ਇਰਾਦਾ ਲਗਭਗ ਛੱਡ ਦਿੱਤਾ ਹੈ। ਇਸ ਬਾਰੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਇਕ ਤਰ੍ਹਾਂ ਨਾਲ ਸਾਫ਼ ਕਰ ਦਿੱਤਾ ਹੈ ਕਿ ਇਸ ਸੰਬੰਧੀ ਕੇਂਦਰ ਸਰਕਾਰ ਬਿੱਲ ਨਹੀਂ ਲਿਆ ਰਹੀ। ਉਨ੍ਹਾਂ ਨੇ ਸੰਵਿਧਾਨ 'ਤੇ ਦੋ ਦਿਨ ਤੱਕ ਰਾਜ ਸਭਾ ਵਿੱਚ ਹੋਈ ਚਰਚਾ ਦਾ ਜਵਾਬ ਦਿੰਦਿਆਂ ਕਿਹਾ ਕਿ ਭਾਜਪਾ ਸ਼ਾਸਿਤ ਰਾਜਾਂ 'ਚ ਸਮਾਨ ਨਾਗਰਿਕ ਸੰਹਿਤਾ ਦਾ ਕਾਨੂੰਨ ਲਾਗੂ ਕੀਤਾ ਜਾਵੇਗਾ। ਅਮਿਤ ਸ਼ਾਹ ਨੇ ਉੱਤਰਾਖੰਡ ਦੀ ਮਿਸਾਲ ਦਿੱਤੀ ਅਤੇ ਕਿਹਾ ਕਿ ਜਿਸ ਤਰ੍ਹਾਂ ਉੱਤਰਾਖੰਡ 'ਚ ਯੂ.ਸੀ.ਸੀ. ਨੂੰ ਲਾਗੂ ਕੀਤਾ ਗਿਆ ਹੈ, ਉਸੇ ਤਰਜ਼ 'ਤੇ ਹੋਰ ਭਾਜਪਾ ਸ਼ਾਸਿਤ ਰਾਜਾਂ 'ਚ ਇਸ ਨੂੰ ਲਾਗੂ ਕੀਤਾ ਜਾਵੇਗਾ। ਇਸ ਦਾ ਮਤਲਬ ਹੈ ਕਿ ਇੱਕ-ਇੱਕ ਕਰਕੇ ਭਾਜਪਾ ਸ਼ਾਸਿਤ ਰਾਜਾਂ ਦੀਆਂ ਸਰਕਾਰਾਂ ਇਹ ਬਿੱਲ ਆਪੋ-ਆਪਣੀਆਂ ਵਿਧਾਨ ਸਭਾਵਾਂ ਵਿੱਚ ਪਾਸ ਕਰਵਾਉਣਗੀਆਂ। ਭਾਜਪਾ ਨੇ ਪਿਛਲੇ ਦਿਨੀਂ ਝਾਰਖੰਡ ਵਿਧਾਨ ਸਭਾ ਚੋਣਾਂ 'ਚ ਵਾਅਦਾ ਕੀਤਾ ਸੀ ਕਿ ਉਸ ਦੀ ਸਰਕਾਰ ਬਣੀ ਤਾਂ ਉਹ ਸਮਾਨ ਨਾਗਰਿਕ ਕਾਨੂੰਨ ਲਾਗੂ ਕਰੇਗੀ ਅਤੇ ਆਦਿਵਾਸੀਆਂ ਨੂੰ ਉਸ ਤੋਂ ਬਾਹਰ ਰੱਖੇਗੀ। ਕੁਝ ਦਿਨ ਪਹਿਲਾਂ ਜਦੋਂ ਉੱਤਰਾਖੰਡ ਵਿੱਚ ਕਾਨੂੰਨ ਲਾਗੂ ਹੋਇਆ, ਉਦੋਂ ਅਸਾਮ ਸਰਕਾਰ ਨੇ ਉਸੇ ਡਰਾਫ਼ਟ ਦੇ ਆਧਾਰ 'ਤੇ ਆਪਣੇ ਸੂਬੇ ਵਿੱਚ ਵੀ ਬਿੱਲ ਲਿਆਉਣ ਦਾ ਐਲਾਨ ਕੀਤਾ ਸੀ। ਦਿਲਚਸਪ ਗੱਲ ਇਹ ਹੈ ਕਿ ਜਸਟਿਸ ਰੰਜਨਾ ਪ੍ਰਕਾਸ਼ ਦੇਸਾਈ ਕਮੇਟੀ ਦੀਆਂ ਸਿਫ਼ਾਰਸ਼ਾਂ ਦੇ ਆਧਾਰ 'ਤੇ ਉੱਤਰਾਖੰਡ ਦਾ ਕਾਨੂੰਨ ਬਣਿਆ ਤਾਂ ਲਾਅ ਕਮਿਸ਼ਨ ਦੇ ਮੈਂਬਰਾਂ ਨੇ ਵੀ ਉਸ ਕਮੇਟੀ ਦੇ ਲੋਕਾਂ ਨਾਲ ਮੁਲਾਕਾਤ ਕੀਤੀ ਸੀ। ਉਦੋਂ ਕਿਹਾ ਜਾ ਰਿਹਾ ਸੀ, ਇਸੇ ਮਸੌਦੇ ਦੇ ਆਧਾਰ 'ਤੇ ਕੇਂਦਰ ਸਰਕਾਰ ਵੀ ਬਿੱਲ ਲਿਆਏਗੀ, ਪਰ ਹੁਣ ਲਗਦਾ ਹੈ ਕਿ ਕੇਂਦਰ ਸਰਕਾਰ ਪਿੱਛੇ ਹਟ ਗਈ ਹੈ।



# ਚਮਕੌਰ ਸਾਹਿਬ ਦਾ ਸ਼ਹੀਦੀ ਜੋੜ ਮੇਲ ਸਮਾਪਤ

## ਗੁਰਦੁਆਰਾ ਗੜ੍ਹੀ ਸਾਹਿਬ ਤੋਂ ਨਗਰ ਕੀਰਤਨ ਸਜਾਇਆ, ਨਿਹੰਗ ਸਿੰਘਾਂ ਨੇ ਮਹੱਲਾ ਕੱਢਿਆ

ਚਮਕੌਰ ਸਾਹਿਬ/ਏ.ਟੀ.ਨਿਊਜ਼:ਇੱਥੇ ਚੱਲ ਰਹੇ ਤਿੰਨ ਰੋਜ਼ਾ ਸ਼ਹੀਦੀ ਜੋੜ ਮੇਲ ਦੇ ਅੰਤਿਮ ਦਿਨ ਗੁਰਦੁਆਰਾ ਗੜ੍ਹੀ ਸਾਹਿਬ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨਗਰ ਕੀਰਤਨ ਸਜਾਇਆ ਗਿਆ। ਇਸ ਦੇ ਨਾਲ ਹੀ ਨਿਹੰਗ ਸਿੰਘਾਂ ਨੇ ਵੀ ਮਹੱਲਾ ਕੱਢਿਆ ਜਿਸ ਮਗਰੋਂ ਸ਼ਹੀਦੀ ਸਮਾਗਮ ਸਮਾਪਤ ਹੋ ਗਿਆ। ਗੁਰੂ ਗੋਬਿੰਦ ਸਿੰਘ ਦੇ ਵੱਡੇ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ, ਤਿੰਨ ਪਿਆਰਿਆਂ ਅਤੇ ਹੋਰ ਸ਼ਹੀਦ ਸਿੰਘਾਂ ਨੂੰ ਸਮਰਪਿਤ ਸਜਾਇਆ ਨਗਰ ਕੀਰਤਨ ਪੰਜ ਪਿਆਰਿਆਂ ਦੀ ਅਗਵਾਈ ਹੇਠ ਰਵਾਨਾ ਕੀਤਾ ਗਿਆ। ਇਸ ਮੌਕੇ ਅਰਦਾਸ ਜਥੇਦਾਰ ਤਖ਼ਤ ਕੇਸਗੜ੍ਹ ਸਾਹਿਬ ਗਿਆਨੀ ਸੁਲਤਾਨ ਸਿੰਘ ਵੱਲੋਂ ਕੀਤੀ ਗਈ। ਨਗਰ ਕੀਰਤਨ ਗੁਰਦੁਆਰਾ ਕਤਲਗੜ੍ਹ ਸਾਹਿਬ, ਗੁਰਦੁਆਰਾ ਦਮਦਮਾ



ਸਾਹਿਬ, ਗੁਰਦੁਆਰਾ ਰਣਜੀਤਗੜ੍ਹ ਸਾਹਿਬ ਅਤੇ ਗੁਰਦੁਆਰਾ ਤਾੜੀ ਸਾਹਿਬ ਸਣੇ ਹੋਰ ਗੁਰਧਾਮਾਂ ਤੋਂ ਹੁੰਦਾ ਹੋਇਆ ਗੁਰਦੁਆਰਾ ਕਤਲਗੜ੍ਹ ਸਾਹਿਬ ਪਹੁੰਚ ਕੇ ਸੰਪੂਰਨ ਹੋਇਆ।

ਨਗਰ ਕੀਰਤਨ ਦੌਰਾਨ ਮੀਰੀ-ਪੀਰੀ ਅਖਾੜਾ ਅਤੇ ਅਕਾਲ ਅਕੈਡਮੀ ਦੇ ਸਿੰਘਾਂ ਨੇ ਗਤਕੇ ਦੇ ਜੌਹਰ ਦਿਖਾਏ। ਸ਼ਹੀਦੀ ਸਮਾਗਮ ਦੇ ਤਿੰਨੇ ਦਿਨ ਦਰਜਨਾਂ ਪਿੰਡਾਂ ਦੀ ਸੰਗਤ ਵੱਲੋਂ ਲੰਗਰ ਵਰਤਾਏ ਗਏ।

## ਵੱਡੇ ਸਾਹਿਬਜ਼ਾਦਿਆਂ ਤੇ ਚਮਕੌਰ ਸਾਹਿਬ ਦੇ ਸ਼ਹੀਦਾਂ ਨੂੰ ਸਮਰਪਿਤ ਸਮਾਗਮ



ਅੰਮ੍ਰਿਤਸਰ/ਏ.ਟੀ.ਨਿਊਜ਼: ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੇ ਆਦੇਸ਼ ਅਨੁਸਾਰ ਗੁਰੂ ਗੋਬਿੰਦ ਸਿੰਘ ਦੇ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਸਣੇ ਚਮਕੌਰ ਦੀ ਜੰਗ ਦੇ ਸਮੂਹ ਸ਼ਹੀਦਾਂ ਦੀ ਯਾਦ 'ਚ ਅਕਾਲ ਤਖ਼ਤ ਸਾਹਿਬ ਦੇ ਸਨਮੁਖ ਸਵੇਰੇ ਦਸ ਮਿੰਟ ਲਈ ਗੁਰਮੰਤਰ ਅਤੇ ਮੂਲਮੰਤਰ ਦੇ ਜਾਪ ਕੀਤੇ ਗਏ। ਇਸ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਗੁਰਮਤਿ ਸਮਾਗਮ ਕਰਵਾਇਆ ਗਿਆ।

ਸ੍ਰੀ ਅਖੰਡ ਪਾਠ ਦੇ ਭੋਗ ਉਪਰੰਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਜਥੇ ਨੇ ਗੁਰਬਾਣੀ ਕੀਰਤਨ ਕੀਤਾ। ਇਸ ਉਪਰੰਤ ਗੁਰਦੁਆਰਾ ਮੰਜੀ ਸਾਹਿਬ ਦੀ ਮੁੱਖ ਸਟੇਜ 'ਤੇ ਵੱਖ-ਵੱਖ ਕਵੀਸ਼ਰੀ, ਕਥਾਵਾਚਕ ਅਤੇ ਢਾਡੀ ਜਥਿਆਂ ਨੇ ਸੰਗਤ ਨਾਲ ਸ਼ਹੀਦਾਂ ਦਾ ਇਤਿਹਾਸ ਸਾਂਝਾ ਕੀਤਾ।

ਇਸ ਤੋਂ ਪਹਿਲਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਮਲਕੀਤ ਸਿੰਘ ਨੇ ਸੰਗਤ ਨੂੰ ਦਸ ਮਿੰਟ ਲਈ ਗੁਰਮੰਤਰ ਅਤੇ ਮੂਲਮੰਤਰ ਦੇ ਜਾਪ ਕਰਵਾਏ। ਇਸ ਮੌਕੇ ਸੱਚਖੰਡ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਵੀ ਸ਼ਮੂਲੀਅਤ ਕੀਤੀ। ਜਥੇਦਾਰ ਨੇ ਸ੍ਰੀ ਚਮਕੌਰ ਸਾਹਿਬ ਦੇ ਸ਼ਹੀਦਾਂ ਦੀ ਕੁਰਬਾਨੀ ਨੂੰ ਸਿੱਖ ਕੌਮ ਦੇ ਇਤਿਹਾਸ ਅੰਦਰ ਮਿਸਾਲੀ ਪੰਨਾ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਸਿੱਖ ਕੌਮ ਇਨ੍ਹਾਂ ਸ਼ਹਾਦਤਾਂ ਨੂੰ ਹਮੇਸ਼ਾ ਯਾਦ ਰੱਖੇਗੀ ਅਤੇ ਇਨ੍ਹਾਂ ਤੋਂ ਸੇਧ ਲੈਂਦੀ ਰਹੇਗੀ।

ਇਸੇ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸੰਗਤ ਨੂੰ ਸਾਹਿਬਜ਼ਾਦਿਆਂ ਦੇ ਜੀਵਨ ਤੋਂ ਪ੍ਰੇਰਨਾ ਲੈਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਸਾਹਿਬਜ਼ਾਦੇ ਸਿੱਖ ਧਰਮ ਦੇ ਉਹ ਮਰਗਦਰਸ਼ਕ ਹਨ ਜਿਨ੍ਹਾਂ ਨੇ ਛੋਟੀ ਉਮਰ ਵਿੱਚ ਵੱਡੇ ਪੂਰਨੇ ਪਾਏ।

# ਅੰਤ੍ਰਿੰਗ ਕਮੇਟੀ ਵੱਲੋਂ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵਿਰੁੱਧ ਲਿਆ ਫ਼ੈਸਲਾ ਬੜਾ ਹੀ ਦੁਖਦਾਈ : ਸਤਵਿੰਦਰ ਸਿੰਘ ਟੌਹੜਾ

## ਗਿਆਨੀ ਹਰਪ੍ਰੀਤ ਸਿੰਘ ਦੀਆਂ ਸੇਵਾਵਾਂ ਤੁਰਤ ਬਹਾਲ ਕਰਨ ਦੀ ਕੀਤੀ ਮੰਗ

ਅੰਮ੍ਰਿਤਸਰ/ਏ.ਟੀ.ਨਿਊਜ਼: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਹੋਈ ਅੰਤ੍ਰਿੰਗ ਕਮੇਟੀ ਦੀ ਮੀਟਿੰਗ 'ਚ ਲਏ ਗਏ ਫ਼ੈਸਲੇ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਤੋਂ 15 ਦਿਨਾਂ ਲਈ ਚਾਰਜ ਵਾਪਸ ਲੈ ਲਿਆ ਗਿਆ ਹੈ ਜਿਸ ਨੂੰ ਲੈ ਕੇ ਨਾਭਾ ਦੇ ਸ਼੍ਰੋਮਣੀ ਕਮੇਟੀ ਮੈਂਬਰ ਸਤਵਿੰਦਰ ਸਿੰਘ ਟੌਹੜਾ ਨੇ ਕਿਹਾ ਕਿ ਜੋ ਅੰਤ੍ਰਿੰਗ ਕਮੇਟੀ ਵੱਲੋਂ ਮੀਟਿੰਗ ਦੇ ਦੌਰਾਨ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵਿਰੁੱਧ ਫ਼ੈਸਲਾ ਲਿਆ ਗਿਆ ਹੈ, ਉਹ ਬੜਾ ਹੀ ਦੁਖਦਾਈ ਹੈ ਸ਼੍ਰੋਮਣੀ ਕਮੇਟੀ ਦੀ ਅੰਤਰਿੰਗ ਕਮੇਟੀ ਨੂੰ ਅਪੀਲ ਕਰਦਾ ਹਾਂ ਕਿ ਇਸ ਫ਼ੈਸਲੇ ਨੂੰ ਮੁੜ ਵਿਚਾਰਿਆ ਜਾਵੇ। ਜਥੇਦਾਰ ਬੜੀ ਸਤਿਕਾਰਤ ਹਸਤੀ ਹਨ। ਉਨ੍ਹਾਂ ਕਿਹਾ ਕਿ ਇਹ ਫ਼ੈਸਲਾ ਕਿਸੇ ਵੱਡੇ ਪ੍ਰਭਾਵ ਹੇਠ ਲਿਆ ਫ਼ੈਸਲਾ ਲੱਗਦਾ ਹੈ। ਸਮੁੱਚੀ ਸੰਗਤ ਇਸ ਫ਼ੈਸਲੇ ਤੋਂ ਕਾਫ਼ੀ ਨਾਰਾਜ਼ ਹੈ। ਸ਼੍ਰੋਮਣੀ



ਕਮੇਟੀ ਵੱਡੀਆਂ-ਵੱਡੀਆਂ ਕੁਰਬਾਨੀਆਂ ਉਪਰੰਤ ਹੋਂਦ ਵਿੱਚ ਆਈ ਹੈ। ਟੌਹੜਾ ਨੇ ਕਿਹਾ ਕਿ ਬੰਦੇ ਆਉਂਦੇ ਜਾਂਦੇ ਰਹਿੰਦੇ ਹਨ ਪਰ ਸੰਸਥਾਵਾਂ ਵੱਡੀਆਂ ਹੁੰਦੀਆਂ ਹਨ ਤੇ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੂੰ ਅਪੀਲ ਕਰਦੇ ਹਾਂ ਕਿ ਇਸ ਫ਼ੈਸਲੇ ਨੂੰ ਮੁੜ ਵਿਚਾਰ ਕੇ ਜਥੇਦਾਰ ਦੀਆਂ ਸੇਵਾਵਾਂ ਨੂੰ ਬਹਾਲ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਗਿਆਨੀ ਹਰਪ੍ਰੀਤ ਸਿੰਘ ਨੇ ਕਾਹਲੀ ਵਿੱਚ ਇਹ ਫ਼ੈਸਲਾ ਲਿਆ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਪਹਿਲਾਂ ਹੀ ਮਾੜੇ ਦੌਰ 'ਚੋਂ ਗੁਜ਼ਰ ਰਹੀ ਹੈ, ਇਸ ਕਰ ਕੇ ਮੈਂ ਅਪੀਲ ਕਰਦਾ ਹੈ ਹਾਂ ਕਿ ਇਹੋ ਜਿਹੇ ਹਾਲਾਤ ਨਾ ਬਣਾਏ ਜਾਣ ਕਿ ਕੌਮ ਕਈ ਹਿਸਿਆਂ ਵਿੱਚ ਵੰਡੀ ਜਾਵੇ। ਉਨ੍ਹਾਂ ਅਪੀਲ ਕੀਤੀ ਕਿ ਅੱਜ ਲੋੜ ਹੈ ਕਿ ਕੌਮ ਨੂੰ ਇਸ ਉਲਝਣਤਾਣੀ ਤੋਂ ਬਚਾਈਏ, ਸਿਧਾਤਾਂ ਦੀ ਪਹਿਰੇਦਾਰੀ ਕਰੀਏ ਤੇ ਸੰਸਥਾਵਾਂ ਬਚਾਈਏ।

# ਬੰਬ ਧਮਾਕਿਆਂ ਤੇ ਪੀਲੀਭੀਤ ਝੂਠੇ ਮੁਕਾਬਲੇ ਦੀ ਹੋਵੇ ਨਿਰਪੱਖ ਪੜਤਾਲ : ਖਾਲੜਾ ਮਿਸ਼ਨ

ਤਰਨਤਾਰਨ/ਏ.ਟੀ.ਨਿਊਜ਼: ਖਾਲੜਾ ਮਿਸ਼ਨ ਆਰਗੇਨਾਈਜੇਸ਼ਨ, ਮਨੁੱਖੀ ਅਧਿਕਾਰ ਇਨਸਾਫ਼ ਸੰਘਰਸ਼ ਕਮੇਟੀ ਤੇ ਮਨੁੱਖੀ ਅਧਿਕਾਰ ਸੰਗਠਨ ਦੇ ਆਗੂਆਂ ਐਡਵੋਕੇਟ ਜਗਦੀਪ ਸਿੰਘ ਰੰਧਾਵਾ, ਬਾਬਾ ਦਰਸ਼ਨ ਸਿੰਘ, ਕਿਰਪਾਲ ਸਿੰਘ ਰੰਧਾਵਾ, ਹਰਮਨਦੀਪ ਸਿੰਘ ਸਰਹਾਲੀ ਨੇ ਕਿਹਾ ਕਿ ਸਰਕਾਰਾਂ, ਕਿਸਾਨਾਂ, ਗਰੀਬਾਂ, ਘੱਟ ਗਿਣਤੀਆਂ ਦੇ ਝੂਠੇ ਮੁਕਾਬਲੇ ਬਣਾ ਰਹੀਆਂ ਹਨ ਤੇ ਖੁਦਕੁਸ਼ੀਆਂ ਵਿੱਚ ਉਨ੍ਹਾਂ ਨੂੰ ਖ਼ਤਮ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਸਿੱਖ ਪੰਥ ਤਾਂ 25 ਹਜ਼ਾਰ ਸਿੱਖ ਨੌਜਵਾਨਾਂ ਦੇ ਝੂਠੇ ਮੁਕਾਬਲਿਆਂ ਦਾ ਨਿਆਂ ਮੰਗ ਰਿਹਾ, ਪਰ ਇਨ੍ਹਾਂ ਦਾ ਨਿਆਂ ਮਿਲਣ ਦੀ ਬਜਾਏ ਨਿੱਤ ਨਵੀਆਂ ਕਹਾਣੀਆਂ ਘੜ ਕੇ ਝੂਠੇ ਮੁਕਾਬਲੇ ਬਣਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਬੰਬ ਧਮਾਕਿਆਂ ਤੇ ਇਸ ਝੂਠੇ ਮੁਕਾਬਲੇ ਦੀ ਪੜਤਾਲ ਲਈ ਸੁਪਰੀਮ ਕੋਰਟ ਨੂੰ ਦਖ਼ਲ ਅੰਦਾਜ਼ੀ ਕਰਨੀ ਚਾਹੀਦੀ ਹੈ, ਝੂਠੇ ਮੁਕਾਬਲੇ ਦੀ ਨਿਰਪੱਖ ਪੜ੍ਹਤਾਲ ਕਰਾਉਣੀ ਚਾਹੀਦੀ



ਹੈ। ਆਗੂਆਂ ਕਿਹਾ ਕਿ ਯੂ.ਪੀ. ਵਿੱਚ ਪੀਲੀਭੀਤ ਵਿਖੇ ਸੁਰੱਖਿਆ ਫ਼ੋਰਸਾਂ ਵੱਲੋਂ ਬਣਾਏ ਮੁਕਾਬਲੇ ਨੂੰ ਨੌਜਵਾਨਾਂ ਦੇ ਮਾਪੇ ਝੂਠਾ ਦੱਸ ਰਹੇ ਹਨ। ਪੁਲਿਸ ਪੰਜਾਬ ਵਿੱਚ ਇਨ੍ਹਾਂ ਨੌਜਵਾਨਾਂ ਨੂੰ ਤਾਂ ਫ਼ੜ੍ਹ ਨਹੀਂ ਸਕੀ ਪਰ ਏ.ਕੇ.-47 ਨਾਲ ਲੈਸ ਹੋ ਕੇ ਇਹ ਨੌਜਵਾਨ ਕਿਵੇਂ ਯੂ.ਪੀ. ਦੇ ਪੀਲੀਭੀਤ ਵਿੱਚ ਪਹੁੰਚ ਗਏ। ਉਨ੍ਹਾਂ ਕਿਹਾ ਕਿ ਯੂ.ਪੀ. ਦੇ ਡੀ.ਜੀ.ਪੀ. ਨੂੰ ਤਕਲੀਫ਼ ਹੋ ਰਹੀ ਹੈ ਕਿ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਨੂੰ ਸਿੱਖ ਸ਼ਹੀਦ ਕਿਉਂ ਮੰਨਦੇ ਹਨ।

# ਭਾਈ ਅੰਮ੍ਰਿਤਪਾਲ ਸਿੰਘ ਦੇ ਪਿਤਾ ਨੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪਹੁੰਚ ਸੁਝਾਅ ਬਾਕਸ 'ਚ ਪਾਇਆ ਆਪਣਾ ਸੁਝਾਅ ਪੱਤਰ

## ਗਿ. ਹਰਪ੍ਰੀਤ ਸਿੰਘ ਨਾਲ ਕੀਤਾ ਜਾ ਰਿਹਾ ਵਤੀਰਾ ਬਿਲਕੁਲ ਗ਼ਲਤ :ਤਰਸੇਮ ਸਿੰਘ

ਅੰਮ੍ਰਿਤਸਰ/ਏ.ਟੀ.ਨਿਊਜ਼ : ਜਿਵੇਂ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਅਤੇ ਦਮਦਮਾ ਸਾਹਿਬ ਦੇ ਵੀ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਅਤੇ ਵਿਰਸਾ ਸਿੰਘ ਵਲਟੋਹਾ 'ਚ ਤਿੱਖੀ ਬਹਿਸ ਦੀ ਵੀਡੀਓ ਵਾਇਰਲ ਹੋਈ ਤਾਂ ਉਸ ਤੋਂ ਬਾਅਦ ਅੰਤਰਿੰਗ ਕਮੇਟੀ ਨੇ 15 ਦਿਨ ਲਈ ਗਿਆਨੀ ਹਰਪ੍ਰੀਤ ਸਿੰਘ ਨੂੰ ਉਹਨਾਂ ਦੇ ਅਹੁਦੇ ਤੋਂ ਲਾਂਭੇ ਕਰ ਦਿੱਤਾ। ਜਿਸ ਤੋਂ ਬਾਅਦ ਵਾਰਸ ਪੰਜਾਬ ਜਥੇਬੰਦੀ ਦੇ ਮੁਖੀ ਅਤੇ ਹਲਕਾ ਖਡੂਰ ਸਾਹਿਬ ਦੇ ਮੈਂਬਰ ਪਾਰਲੀਮੈਂਟ ਦੇ ਪਿਤਾ ਤਰਸੇਮ ਸਿੰਘ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਮਿਲਣ ਵਾਸਤੇ ਪਹੁੰਚੇ, ਪਰ ਉਨ੍ਹਾਂ ਨੂੰ ਜਥੇਦਾਰ ਨਾ ਤਾਂ ਘਰ ਮਿਲ ਪਾਏ ਅਤੇ ਨਾ ਹੀ ਉਹ ਆਪਣੇ ਦਫ਼ਤਰ 'ਚ ਸਨ। ਇਸ ਤੋਂ ਬਾਅਦ ਉਹਨਾਂ ਆਪਣਾ ਸੁਝਾਅ ਪੱਤਰ ਉਥੇ ਲੱਗੇ ਸੁਝਾਅ ਬਾਕਸ 'ਚ ਪਾ ਕੇ ਚਲੇ ਗਏ।

ਇਸ ਸਬੰਧੀ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਤਰਸੇਮ ਸਿੰਘ ਨੇ ਕਿਹਾ ਕਿ ਜੋ ਗਿਆਨੀ ਹਰਪ੍ਰੀਤ ਸਿੰਘ ਨਾਲ ਵਤੀਰਾ ਕੀਤਾ ਜਾ ਰਿਹਾ ਹੈ, ਉਹ ਬਿਲਕੁਲ ਗ਼ਲਤ ਹੈ ਅਤੇ ਉਹਨਾਂ ਨੂੰ ਕੌਝੀ ਰਾਜਨੀਤੀ ਦਾ ਸ਼ਿਕਾਰ ਬਣਾਇਆ ਜਾ ਰਿਹਾ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵੱਲੋਂ ਜੋ ਬੀਬੀ ਜਗੀਰ ਕੌਰ 'ਤੇ ਟਿੱਪਣੀ ਕੀਤੀ ਗਈ ਹੈ ਉਸ ਬਾਰੇ ਬੋਲਦਿਆਂ ਤਰਸੇਮ ਸਿੰਘ ਨੇ ਕਿਹਾ ਕਿ ਪ੍ਰਧਾਨ ਨੂੰ ਖ਼ੁਦ ਹੀ ਅਸਤੀਫ਼ਾ ਦੇ ਦੇਣਾ ਚਾਹੀਦਾ ਹੈ।




ਸੁਖਬੀਰ ਬਾਦਲ 'ਤੇ ਹੋਏ ਹਮਲੇ ਬਾਰੇ ਬੋਲਦਿਆਂ ਤਰਸੇਮ ਸਿੰਘ ਨੇ ਕਿਹਾ ਕਿ ਇਸ ਘਟਨਾ ਨੂੰ ਐਵੇਂ ਹੀ ਵੱਡਾ ਮੁੱਦਾ ਬਣਾਇਆ ਜਾ ਰਿਹਾ ਹੈ ਅਤੇ ਬਾਈ ਨਰਾਇਣ ਸਿੰਘ ਚੌੜਾ ਨੂੰ ਪੰਥ ਵਿਚੋਂ ਛੇਕਣ ਵਾਲੀ ਹਰਕਤ ਦਾ ਡੱਟ ਕੇ ਵਿਰੋਧ ਕੀਤਾ ਜਾਵੇ।

ਇੱਥੇ ਦੱਸਣ ਯੋਗ ਹੈ ਕਿ ਭਾਈ ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਵੱਲੋਂ ਲਗਾਤਾਰ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨਾਲ ਮੁਲਾਕਾਤ ਕਰ ਉਨ੍ਹਾਂ ਨੂੰ ਸ਼੍ਰੋਮਣੀ ਅਕਾਲੀ ਦਲ ਬਾਰੇ ਕਈ ਵਾਰ ਮੰਗ ਪੱਤਰ ਦਿੱਤੇ ਜਾ ਚੁੱਕੇ ਹਨ ਪਰ ਇਸ ਵਾਰ ਉਹ ਗਿਆਨੀ ਹਰਪ੍ਰੀਤ ਸਿੰਘ ਦੇ ਮਾਮਲੇ 'ਤੇ ਆਪਣਾ ਸੁਝਾਅ ਦੇਣ ਵਾਸਤੇ ਪਹੁੰਚੇ ਸਨ ਪਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨਾ ਤਾਂ ਉਹਨਾਂ ਨੂੰ ਆਪਣੇ ਗ੍ਰਹਿ ਨਿਵਾਸ 'ਚ ਮਿਲੇ ਅਤੇ ਨਾ ਹੀ ਮੁੱਖ ਦਫ਼ਤਰ 'ਚ ਮਿਲੇ। ਜਿਸ ਤੋਂ ਬਾਅਦ ਉਹਨਾਂ ਵੱਲੋਂ ਆਪਣਾ ਸੁਝਾਅ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਲੱਗੇ ਸੁਝਾਅ ਬਾਕਸ 'ਚ ਪਾ ਕੇ ਮੀਡੀਆ ਨਾਲ ਗੱਲਬਾਤ ਕੀਤੀ।

## ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਹੁਣ 30 ਨੂੰ

ਅੰਮ੍ਰਿਤਸਰ/ਏ.ਟੀ.ਨਿਊਜ਼ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਅੰਤ੍ਰਿੰਗ ਕਮੇਟੀ ਦੀ ਹੰਗਾਮੀ ਮੀਟਿੰਗ ਰੱਦ ਕਰਨ ਮਗਰੋਂ ਹੁਣ ਕਮੇਟੀ ਦੀ ਮੀਟਿੰਗ 30 ਦਸੰਬਰ ਨੂੰ ਅੰਮ੍ਰਿਤਸਰ 'ਚ ਸੱਦੀ ਗਈ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵੱਲੋਂ ਪਿਛਲੇ ਦਿਨਾਂ ਦੌਰਾਨ ਅੰਤ੍ਰਿੰਗ ਕਮੇਟੀ ਦੀਆਂ ਮੀਟਿੰਗਾਂ ਕੀਤੀਆਂ ਗਈਆਂ। ਇਨ੍ਹਾਂ ਵਿੱਚੋਂ ਦੋ ਮੀਟਿੰਗਾਂ 72 ਘੰਟੇ ਦੇ ਨੋਟਿਸ 'ਤੇ ਹੰਗਾਮੀ ਸਥਿਤੀ ਵਿੱਚ ਸੱਦੀਆਂ ਗਈਆਂ ਸਨ। ਇਨ੍ਹਾਂ 'ਚੋਂ ਇੱਕ ਮੀਟਿੰਗ ਕੱਲ੍ਹ ਰੱਦ ਕਰ ਦਿੱਤੀ ਗਈ। ਇਹ ਰੱਦ ਕੀਤੀ ਮੀਟਿੰਗ ਜਦੋਂ ਸੱਦੀ ਗਈ ਸੀ ਤਾਂ ਉਦੋਂ ਵੱਡੀ ਪੱਧਰ 'ਤੇ ਚਰਚਾ ਹੋਈ ਤੇ ਹੁਣ ਜਦੋਂ ਰੱਦ ਕੀਤੀ ਗਈ ਤਾਂ ਉਸ ਵੇਲੇ ਵੀ ਚਰਚਾ ਵਿੱਚ ਸੀ। ਹੁਣ ਇਸ ਦੀ ਥਾਂ 'ਤੇ ਆਮ ਰੁਟੀਨ ਦੀ ਹੋਣ ਵਾਲੀ ਅੰਤ੍ਰਿੰਗ ਕਮੇਟੀ ਦੀ ਮੀਟਿੰਗ 30 ਦਸੰਬਰ ਨੂੰ ਸੱਦੀ ਗਈ ਹੈ। ਇਸ ਦੀ ਪੁਸ਼ਟੀ ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਨੇ ਕੀਤੀ ਹੈ।

# ਗਿ. ਹਰਪ੍ਰੀਤ ਸਿੰਘ ਮਾਮਲੇ ਵਿੱਚ ਸੱਚ-ਝੂਠ ਦਾ ਨਿਤਾਰਾ ਕਰਨ ਲਈ ਜਥੇਦਾਰ ਅਕਾਲ ਤਖ਼ਤ ਪੜਤਾਲ ਆਪਣੇ ਹੱਥਾਂ ਵਿੱਚ ਲੈਣ: ਦਲ ਖ਼ਾਲਸਾ

ਅੰਮ੍ਰਿਤਸਰ/ਏ.ਟੀ.ਨਿਊਜ਼: ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੇ ਬਤੌਰ ਜਥੇਦਾਰ ਵਜੋਂ ਕੰਮ-ਕਾਜ 'ਤੇ 15 ਦਿਨਾਂ ਦੀ ਰੋਕ ਲਗਾਉਣ ਨੂੰ ਬਦਲੇ ਦੀ ਭਾਵਨਾ ਤਹਿਤ ਕੀਤੀ ਗਈ ਕਾਰਵਾਈ ਕਰਾਰ ਦਿੰਦਿਆਂ ਦਲ ਖ਼ਾਲਸਾ ਨੇ ਜਥੇਦਾਰ ਅਕਾਲ ਤਖ਼ਤ ਸਾਹਿਬ ਨੂੰ ਅਪੀਲ ਕੀਤੀ ਹੈ ਕਿ ਉਹ ਸੱਚ-ਝੂਠ ਦਾ ਨਿਤਾਰਾ ਕਰਨ ਲਈ ਜਾਂਚ ਆਪਣੇ ਹੱਥਾਂ ਵਿੱਚ ਲੈਣ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਬਣਾਈ ਤਿੰਨ ਮੈਂਬਰੀ ਪੜਤਾਲਿਆ ਕਮੇਟੀ ਨੂੰ ਭੰਗ ਕਰ ਦੇਣ।

ਪਾਰਟੀ ਦੇ ਸੀਨੀਅਰ ਆਗੂ ਕੰਵਰਪਾਲ ਸਿੰਘ ਨੇ ਕਿਹਾ ਕਿ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਆਪ ਸੱਚਾਈ ਦਾ ਪਤਾ ਲਗਾਉਣਾ ਚਾਹੀਦਾ ਹੈ, ਘੱਟੋ-ਘੱਟ, ਇਸ ਨਾਲ ਅਹੁਦੇ ਦੀ ਮਹੱਤਤਾ ਅਤੇ ਵਕਾਰ ਬਣਿਆ ਰਹੇਗਾ।

ਉਹਨਾਂ ਕਿਹਾ ਕਿ ਜਦੋਂ ਤੋਂ ਪੰਜ ਸਿੰਘ ਸਾਹਿਬਾਨ ਨੇ ਅਕਾਲੀ ਦਲ ਨੂੰ ਵਿਰਸਾ ਸਿੰਘ ਵਲਟੋਹਾ ਨੂੰ ਪਾਰਟੀ ਵਿੱਚੋਂ ਕੱਢਣ ਦੇ ਨਿਰਦੇਸ਼ ਦਿੱਤੇ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫ਼ਸੀਲ ਤੋਂ ਅਕਾਲੀ ਲੀਡਰਸ਼ਿਪ ਨੂੰ ਸਖ਼ਤ ਲਹਿਜੇ ਵਿੱਚ ਤਾੜਨਾ ਕੀਤੀ ਸੀ ਕਿ ਮੌਜੂਦਾ ਲੀਡਰਸ਼ਿਪ ਅਕਾਲੀ ਮਾਮਲਿਆਂ ਨੂੰ ਚਲਾਉਣ ਦਾ ਨੈਤਿਕ ਅਧਿਕਾਰ ਗੁਆ ਚੁੱਕੀ ਹੈ, ਉਸ ਦਿਨ ਤੋਂ ਗਿਆਨੀ ਹਰਪ੍ਰੀਤ ਸਿੰਘ ਦਾ ਜਾਣਾ ਲਗਭਗ ਤੈਅ ਸੀ।

ਉਹਨਾਂ ਕਿਹਾ ਕਿ ਸੁਖਬੀਰ ਸਿੰਘ ਬਾਦਲ ਅਤੇ ਵਲਟੋਹਾ ਦੋਵੇਂ ਬਹੁਤ ਹੀ ਹੰਕਾਰੀ ਵਿਅਕਤੀ ਹਨ ਅਤੇ ਉਨ੍ਹਾਂ ਕੋਲੋਂ ਇਹ ਉਮੀਦ ਸੀ ਕਿ ਉਹ ਸਮਾਂ ਆਉਣ 'ਤੇ ਜਥੇਦਾਰਾਂ ਨੂੰ ਟਾਰਗੇਟ ਕਰਨਗੇ। ਉਹਨਾਂ ਕਿਹਾ ਕਿ ਇੱਕ ਸਮੇਂ ਇੱਕ ਜਥੇਦਾਰ ਨੂੰ ਫ਼ਾਰਗ ਕਰਨ ਪਿੱਛੇ ਬਾਦਲ ਗਰੁੱਪ ਦੀ ਰਣਨੀਤੀ ਲੱਗਦੀ ਹੈ। ਉਨ੍ਹਾਂ ਕਿਹਾ ਕਿ ਅਕਾਲੀਆਂ ਦਾ ਆਪਣੇ 'ਪੰਥਕ ਏਜੰਡੇ' ਨੂੰ ਛੱਡਣ ਅਤੇ ਨਿਘਾਰ ਦਾ ਸਾਹਮਣਾ ਕਰਨ ਦੇ ਬਾਵਜੂਦ ਧਾਰਮਿਕ ਮਾਮਲਿਆਂ ਅਤੇ ਪੰਥਕ ਰਾਜਨੀਤੀ ਵਿੱਚ ਦਖ਼ਲਅੰਦਾਜ਼ੀ ਜਾਰੀ ਰੱਖੀ ਹੈ।

ਉਹਨਾਂ ਕਿਹਾ ਕਿ ਭਾਵੇਂ ਕਿ ਦਾਗ਼ੀ ਅਕਾਲੀ ਲੀਡਰਸ਼ਿਪ ਗਿਆਨੀ ਹਰਪ੍ਰੀਤ ਸਿੰਘ ਨੂੰ ਅਹੁਦੇ ਤੋਂ ਲਾਂਭੇ ਕਰਨ 'ਤੇ ਤੁਲੀ ਹੋਈ ਹੈ, ਪਰ ਤਖ਼ਤ ਜਥੇਦਾਰਾਂ ਦੀ ਨਿਯੁਕਤੀ



ਅਤੇ ਸੇਵਾ-ਮੁਕਤੀ ਦੀ ਅਧਿਕਾਰਤ ਸੰਸਥਾ ਸ਼੍ਰੋਮਣੀ ਕਮੇਟੀ ਦੇ ਮੁਖੀ ਹੋਣ ਦੇ ਨਾਤੇ, ਸਰਦਾਰ ਧਾਮੀ ਨੂੰ ਵੱਡਾ ਦਿਲ ਦਿਖਾਉਣਾ ਚਾਹੀਦਾ ਹੈ ਅਤੇ ਗਿਆਨੀ ਹਰਪ੍ਰੀਤ ਸਿੰਘ ਨੂੰ ਮਾਣ-ਸਨਮਾਨ ਨਾਲ ਆਪਣੇ ਬਾਰੇ ਆਪ ਫ਼ੈਸਲਾ ਕਰਨ ਦਾ ਮੌਕਾ ਦੇਣਾ ਚਾਹੀਦਾ ਹੈ।

ਉਹਨਾਂ ਕਿਹਾ ਕਿ ਗਿਆਨੀ ਹਰਪ੍ਰੀਤ ਸਿੰਘ ਦੇ ਖ਼ਿਲਾਫ਼ ਦੋਸ਼ਾਂ ਦੀ ਜਾਂਚ ਲਈ ਚੋਣਵੇਂ ਤੌਰ 'ਤੇ 3 ਮੈਂਬਰੀ ਪੈਨਲ ਦੀ ਚੋਣ ਕਰਨਾ ਜਥੇਦਾਰਾਂ ਦੇ ਅਹੁਦੇ ਦਾ ਅਪਮਾਨ ਹੈ। ਇਸ ਤੋਂ ਇਲਾਵਾ ਜਥੇਦਾਰ ਹਰਪ੍ਰੀਤ ਸਿੰਘ ਪਹਿਲਾਂ ਹੀ ਗੁਰੂ ਗ੍ਰੰਥ ਸਾਹਿਬ ਅਤੇ ਪੰਜ ਪਿਆਰਿਆਂ ਦੀ ਹਜ਼ੂਰੀ ਵਿੱਚ ਆਪਣੇ ਉੱਪਰ ਲੱਗੇ ਦੋਸ਼ਾਂ ਦਾ ਬਾ-ਦਲੀਲ ਜੁਆਬ ਦੇ ਚੁੱਕੇ ਹਨ। ਉਹਨਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਨੂੰ ਚਾਹੀਦਾ ਸੀ ਕਿ ਉਹ ਜਥੇਦਾਰਾਂ ਦੇ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਕਹੇ ਬੋਲਾਂ ਨੂੰ ਆਧਾਰ ਮੰਨਦਿਆਂ ਸ਼ਿਕਾਇਤਕਰਤਾ ਦੀ ਸ਼ਿਕਾਇਤ ਨੂੰ ਰੱਦ ਕਰ ਦਿੰਦੇ।

ਉਹਨਾਂ ਕਿਹਾ ਕਿ ਅਜੋਕੇ ਸਮੇਂ ਵਿੱਚ ਸਿੱਖਾਂ ਨੇ ਦੁਖੀ ਤੇ ਭਰੇ ਮਨ ਨਾਲ ਦੇਖਿਆ ਹੈ ਕਿ ਕਿਸ ਤਰ੍ਹਾਂ ਸ਼੍ਰੋਮਣੀ ਕਮੇਟੀ ਜਥੇਦਾਰਾਂ ਨੂੰ ਬੇਇੱਜ਼ਤ ਕਰਕੇ ਅਹੁਦਿਆਂ ਤੋ ਫ਼ਾਰਗ ਕਰਦੀ ਆ ਰਹੀ ਹੈ। ਦਲ ਖ਼ਾਲਸਾ ਆਗੂ ਨੇ ਕਿਹਾ ਕਿ ਸਰਦਾਰ ਧਾਮੀ, ਉਹ ਗਲਤੀਆਂ ਨਾ ਦੁਹਰਾਉਣ ਜੋ ਉਹਨਾਂ ਦੇ ਪਹਿਲੇ ਪ੍ਰਧਾਨਾਂ ਨੇ ਕੀਤੀਆਂ ਹਨ।

ਉਹਨਾਂ ਕਿਹਾ ਕਿ ਜਥੇਦਾਰਾਂ ਦੇ ਅਹੁਦਿਆਂ 'ਤੇ ਅਕਾਲੀ ਸਿਆਸਤਦਾਨਾਂ ਦੀ ਜਿਸ ਤਰ੍ਹਾਂ ਦੀ ਜਕੜ ਤੇ ਪਕੜ ਚੱਲ ਆ ਰਹੀ ਹੈ, ਉਸ ਨੇ ਨਾ ਸਿਰਫ਼ ਜਥੇਦਾਰਾਂ ਦੀ ਭਰੋਸੇਯੋਗਤਾ ਨੂੰ ਢਾਹ ਲਾਈ ਹੈ, ਸਗੋਂ ਉਨ੍ਹਾਂ ਨੂੰ ਸਿਆਸੀ ਆਕਾਵਾਂ ਦੇ ਅਧੀਨ ਕਰ ਦਿੱਤਾ ਹੈ, ਜਿਸ ਰੁਝਾਨ ਨੂੰ ਪਲਟਾਉਣ ਦੀ ਲੋੜ ਹੈ।

ਉਹਨਾਂ ਕਿਹਾ ਕਿ ਪਿਛਲੇ ਤਿੰਨ ਦਹਾਕਿਆਂ ਤੋਂ, ਦਲ ਖ਼ਾਲਸਾ ਅਤੇ ਹੋਰ ਬਹੁਤ ਸਾਰੀਆਂ ਸਿੱਖ ਜਥੇਬੰਦੀਆਂ ਸ਼੍ਰੋਮਣੀ ਕਮੇਟੀ ਤੋਂ ਤਖ਼ਤ ਜਥੇਦਾਰਾਂ ਦੇ ਅਹੁਦੇ ਲਈ ਸੇਵਾ-ਨਿਯਮ ਬਣਾਉਣ ਦੀ ਮੰਗ ਕਰ ਰਹੀਆਂ ਹਨ ਪਰ ਇਸ ਮੰਗ 'ਤੇ ਕਮੇਟੀ ਵੱਲੋਂ ਕੋਈ ਗੌਰ ਨਹੀਂ ਕੀਤਾ ਗਿਆ। ਉਹਨਾਂ ਕਿਹਾ ਕਿ ਜੇਕਰ ਜਥੇਦਾਰ ਸਾਹਿਬ ਦੀ ਨਿਯੁਕਤੀ, ਸੇਵਾ ਮੁਕਤੀ, ਕਾਰਜ ਤੇ ਅਧਿਕਾਰ ਖੇਤਰ ਸੰਬੰਧੀ ਕਾਰਜ-ਪ੍ਰਣਾਲੀ ਹੋਂਦ ਵਿੱਚ ਹੁੰਦੀ ਤਾਂ ਵਾਰ-ਵਾਰ ਅਜਿਹੇ ਹਾਲਾਤ ਪੈਦਾ ਹੋਣ 'ਤੇ ਸਿੱਖ ਅਵਾਮ ਨੂੰ ਨਿਰਾਸ਼ਾਜਨਕ ਸਥਿਤੀ ਤੋਂ ਬਚਾਇਆ ਜਾ ਸਕਦਾ ਸੀ।

## ਮੈਂ ਕੋਈ ਪਹਿਲਾ ਜਥੇਦਾਰ ਨਹੀਂ, ਜਿਸ ਨੂੰ ਜ਼ਲੀਲ ਕੀਤਾ ਗਿਆ: ਗਿ. ਹਰਪ੍ਰੀਤ ਸਿੰਘ



ਅੰਮ੍ਰਿਤਸਰ/ਏ.ਟੀ.ਨਿਊਜ਼: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਮਰਾਲਾ ਦੇ ਕਟਾਣਾ ਸਾਹਿਬ ਵਿਖੇ ਹੋਈ ਮੀਟਿੰਗ ਵਿੱਚ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੀਆਂ ਸੇਵਾਵਾਂ 'ਤੇ ਦੋ ਹਫ਼ਤਿਆਂ ਲਈ ਪਾਬੰਦੀ ਲਾ ਦਿੱਤੀ ਗਈ ਹੈ। ਐਡਵੋਕੇਟ ਧਾਮੀ ਦੇ ਸ਼੍ਰੋਮਣੀ ਕਮੇਟੀ ਪ੍ਰਧਾਨ ਬਣਨ ਤੋਂ ਬਾਅਦ ਇਹ ਪਹਿਲੀ ਮੀਟਿੰਗ ਹੈ, ਜੋ ਅੰਮ੍ਰਿਤਸਰ ਤੋਂ ਬਾਹਰ ਰੱਖੀ ਗਈ ਸੀ।

ਬੈਠਕ ਤੋਂ ਬਾਅਦ ਹਰਪ੍ਰੀਤ ਸਿੰਘ ਨੇ ਕਿਹਾ ਕਿ ਉਨ੍ਹਾਂ ਨੂੰ ਪਤਾ ਸੀ ਕਿ ਅਜਿਹਾ ਹੋਵੇਗਾ। ਉਨ੍ਹਾਂ ਕਿਹਾ ਕਿ ਜਿਸ ਧੜੇ ਨੇ ਇਲਜ਼ਾਮ ਲਗਾਏ, ਉਹੀ ਪੜਤਾਲ ਕਰ ਰਹੇ ਹਨ। ਇਹ ਫ਼ੈਸਲਾ ਪਹਿਲਾਂ ਹੀ ਹੋ ਗਿਆ ਹੈ, ਸਿਰਫ਼ ਕਾਪੀ ਪੇਸਟ ਕਰਨਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਇਸ ਗੱਲ ਦਾ ਕੋਈ ਡਰ ਨਹੀਂ ਹੈ ਕਿ ਉਨ੍ਹਾਂ ਨਾਲ ਕੀ ਹੋ ਰਿਹਾ ਹੈ। ਉਨ੍ਹਾਂ ਆਪਣੇ 'ਤੇ ਲੱਗੇ ਦੋਸ਼ਾਂ ਦਾ ਜਵਾਬ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਦੇ ਚੁੱਕੇ ਹਨ। ਉਨ੍ਹਾਂ ਕਿਹਾ ਕਿ ਮੈਂ ਪਹਿਲਾਂ ਜਥੇਦਾਰ ਨਹੀਂ ਜਿਸ ਨੂੰ ਜ਼ਲੀਲ ਕਰਕੇ ਬਾਹਰ ਕੱਢਿਆ ਜਾ ਰਿਹਾ। ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਉਹ ਧਰਮ ਅਤੇ ਪੰਥ ਦੇ ਲਈ ਹਮੇਸ਼ਾ ਖੜੇ ਰਹਿਣਗੇ, ਪੰਥ ਦੇ ਲਈ ਲੜਨਗੇ ਅਤੇ ਜੇ ਲੋੜ ਪਈ ਤਾਂ ਇਸ ਰਾਹ 'ਤੇ ਸ਼ਹੀਦੀ ਵੀ ਦੇਣਗੇ। ਉਨ੍ਹਾਂ ਕਿਹਾ ਕਿ ਮੈਂ ਕਿਸੇ ਤੋਂ ਕੁਝ ਨਹੀਂ ਲੈਣਾ, ਮੇਰੀ ਸੰਗਤ ਨਾਲ ਸਾਂਝ ਰਵੇ ਅਤੇ ਮੇਰੀ ਪੰਥ ਨਾਲ ਸਾਂਝ ਰਹੇ। ਮੈਂ ਇਸ ਪਦਵੀ 'ਤੇ ਰਹਾਂ ਜਾਂ ਨਾ ਰਹਾਂ, ਮੇਰੀ ਪੰਥ ਨਾਲ ਸਾਂਝ ਕਦੇ ਨਹੀਂ ਟੁੱਟਣੀ ਚਾਹੀਦੀ ਸ਼੍ਰੋਮਣੀ ਕਮੇਟੀ ਨੇ ਇਸ ਮੀਟਿੰਗ ਸਬੰਧੀ ਪਹਿਲਾਂ ਏਜੰਡਾ ਸਪੱਸ਼ਟ ਨਹੀਂ ਕੀਤਾ ਸੀ। ਮੀਟਿੰਗ ਦੌਰਾਨ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੀਆਂ ਸੇਵਾਵਾਂ ਦੋ ਹਫ਼ਤਿਆਂ ਲਈ ਮੁਅੱਤਲ ਕਰਨ ਦਾ ਫ਼ੈਸਲਾ ਕੀਤਾ ਗਿਆ।

## 1999 ਤੋਂ ਬਾਅਦ ਜਥੇਦਾਰ ਜ਼ਲੀਲ ਕਰਕੇ ਘਰ ਤੋਰਨ ਦੀ ਬਣੀ ਪ੍ਰੰਪਰਾ

ਅੰਮ੍ਰਿਤਸਰ/ਏ.ਟੀ.ਨਿਊਜ਼: ਕਾਫ਼ੀ ਸਮੇਂ ਤੋਂ ਬਾਦਲ ਦਲ ਨੂੰ ਰੜਕ ਰਹੇ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਗਿ. ਹਰਪ੍ਰੀਤ ਸਿੰਘ ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ ਨੂੰ, ਦੋਸ਼ ਲਾ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੇ ਘਰ ਤੋਰ ਦਿਤਾ ਹੈ ਤਾਂ ਜੋ ਦੋ ਦਸੰਬਰ ਦੇ ਫ਼ੈਸਲਿਆਂ ਨੂੰ ਬਦਲਿਆ ਜਾ ਸਕੇ।

ਸਿੱਖ ਪੰਥ ਦੇ ਮਾਹਰਾਂ ਮੁਤਾਬਕ ਬਾਦਲ ਦਲ ਦੀ ਰਵਾਇਤ ਹੀ ਬਣ ਗਈ ਹੈ ਕਿ ਜਥੇਦਾਰਾਂ ਦੀ ਨਿਯੁਕਤੀ ਬੜੀਆਂ ਰੀਝਾਂ ਨਾਲ ਕੀਤੀ ਜਾਂਦੀ ਹੈ ਪਰ ਸੇਵਾ ਮੁਕਤੀ ਬਹੁਤ ਜ਼ਲੀਲਤਾ ਨਾਲ ਹੁੰਦੀ ਹੈ। ਇਸ ਤੋਂ ਪਹਿਲਾਂ ਪ੍ਰੋ. ਮਨਜੀਤ ਸਿੰਘ, ਭਾਈ ਰਣਜੀਤ ਸਿੰਘ, ਜੋਗਿੰਦਰ ਸਿੰਘ ਵੇਦਾਂਤੀ, ਗਿ. ਪੂਰਨ ਸਿੰਘ ਬਾਅਦ ਹੁਣ ਗਿ. ਹਰਪ੍ਰੀਤ ਸਿੰਘ ਦੀ ਬਲੀ ਲੈ ਲਈ ਗਈ।

ਸਿੱਖ ਮਾਹਰਾਂ ਅਨੁਸਾਰ ਇਹ ਪ੍ਰੰਪਰਾ 1999 ਤੋਂ ਆਰੰਭ ਹੋਈ ਸੀ। ਮਾਹਰਾਂ ਦੀ ਮੰਨੀਏ ਤਾਂ ਇਹ ਕਿਹਾ ਜਾ ਰਿਹਾ ਹੈ ਕਿ ਦੋ ਦਸੰਬਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫ਼ਸੀਲ ਤੋਂ ਪੰਜ ਸਿੰਘ ਸਾਹਿਬਾਨ ਨੇ ਆਦੇਸ਼ ਕੀਤਾ ਸੀ ਕਿ ਸੁਖਬੀਰ ਸਿੰਘ ਬਾਦਲ ਦਾ ਅਸਤੀਫ਼ਾ ਵਰਕਿੰਗ ਕਮੇਟੀ ਤਿੰਨ ਦਿਨ ਵਿੱਚ ਪ੍ਰਵਾਨ ਕਰੇ, ਪਰ ਇਸ 'ਤੇ ਅਮਲ ਕਰਨ ਦੀ ਥਾਂ 20 ਦਿਨ ਦਾ ਸਮਾਂ ਸਿਆਸਤ ਨਾਲ ਲੈ ਲਿਆ ਗਿਆ।



ਇਸ ਹੀ ਅਰਸੇ ਦੌਰਾਨ ਗਿ. ਹਰਪ੍ਰੀਤ ਸਿੰਘ ਨੂੰ ਨਿਸ਼ਾਨਾ ਬਣਾਇਆ ਗਿਆ ਤਾਂ ਜੋ ਉਹ ਅਸਤੀਫ਼ਾ ਦੇ ਜਾਵੇ। ਸ਼੍ਰੋਮਣੀ ਅਕਾਲੀ ਦਲ ਦੀ ਪੁਨਰ ਸੁਰਜੀਤੀ ਲਈ ਬਣਾਈ ਗਈ 7 ਮੈਂਬਰੀ ਕਮੇਟੀ, ਜਿਸ ਵਿੱਚ ਬਾਗ਼ੀ ਲੀਡਰਸ਼ਿਪ ਦੇ ਗੁਰਪ੍ਰੀਤ ਸਿੰਘ ਵਡਾਲਾ, ਸਤਵੰਤ ਕੌਰ ਬੇਟੀ ਸ਼ਹੀਦ ਭਾਈ ਅਮਰੀਕ ਸਿੰਘ ਸ਼ਾਮਲ ਹਨ, ਉਨ੍ਹਾਂ ਨੂੰ ਨਾ ਪਸੰਦ ਕੀਤਾ ਜਾ ਰਿਹਾ ਹੈ।

ਇਨ੍ਹਾਂ ਨੂੰ ਵੀ ਕਮੇਟੀ ਵਿਚੋਂ ਬਾਹਰ ਕਰਵਾਉਣ, ਫ਼ਖ਼ਰ-ਏ-ਕੌਮ ਦੀ ਬਹਾਲੀ ਕਰਨ ਲਈ ਮਨਮਰਜ਼ੀ ਦੇ ਜਥੇਦਾਰ ਦੀ ਲੋੜ ਹੈ। ਇਹ ਵਰਨਣ ਕੰਮ ਹਰਪ੍ਰੀਤ ਸਿੰਘ ਦੀ ਮੌਜੂਦਗੀ ਵਿਚ ਅਸੰਭਵ ਸਨ। ਉਹ ਸਿੱਖ ਮਰਿਆਦਾ ਤੇ ਸਖ਼ਤੀ ਨਾਲ ਪਹਿਰਾ ਦੇਣ ਲਈ ਜਾਣੇ ਜਾਂਦੇ ਸਨ। ਜਸਵੰਤ ਸਿੰਘ ਪੁੜੈਣ ਨੇ ਮੀਡੀਆ ਨੂੰ ਦਸਿਆ ਹੈ ਕਿ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਦੌਰਾਨ ਪਤਾ ਲਗਾ ਹੈ ਕਿ ਬਿਕਰਮ ਸਿੰਘ ਮਜੀਠੀਆ ਵੀ ਉੱਥੇ ਆਏ ਸਨ। ਪੰਥਕ ਲੀਡਰਸ਼ਿਪ ਦਾ ਸੰਕੇਤ ਹੈ ਕਿ ਸੁਖਬੀਰ ਸਿੰਘ ਬਾਦਲ ਨੇ ਕਮਾਂਡ ਮੁੜ ਸਾਂਭ ਲਈ ਹੈ।

## ਹਰਿਆਣਾ ਗੁਰਦੁਆਰਾ ਕਮੇਟੀ ਦੀਆਂ ਚੋਣਾਂ ਲਈ ਸਰਗਰਮੀਆਂ ਸ਼ੁਰੂ



ਸ਼ਾਹਬਾਦ ਮਾਰਕੰਡਾ/ ਏ.ਟੀ.ਨਿਊਜ਼: ਹਰਿਆਣਾ ਗੁਰਦੁਆਰਾ ਮੈਨੇਜਮੈਂਟ ਬੋਰਡ ਦੇ ਗਠਨ ਤੋਂ ਬਾਅਦ ਪਹਿਲੀ ਵਾਰ ਕਮੇਟੀ ਦੀਆਂ ਚੋਣਾਂ ਹੋ ਰਹੀਆਂ ਹਨ। ਚੋਣਾਂ 'ਚ ਹਿੱਸਾ ਲੈਣ ਵਾਲੇ ਵੱਖ-ਵੱਖ ਪਾਰਟੀਆਂ ਦੇ ਉਮੀਦਵਾਰਾਂ ਨੇ ਵੋਟਰਾਂ ਨਾਲ ਸੰਪਰਕ ਕਰਨਾ ਸ਼ੁਰੂ ਕਰ ਦਿੱਤਾ ਹੈ। ਜ਼ਿਕਰਯੋਗ ਹੈ ਕਿ 19 ਜਨਵਰੀ ਨੂੰ ਹੋਣ ਵਾਲੀਆਂ ਚੋਣਾਂ ਲਈ ਸ਼ਾਹਬਾਦ ਹਲਕੇ ਦੀ ਸਿੱਖ ਸੰਗਤ ਨੇ ਸਰਬਸੰਮਤੀ ਨਾਲ ਹਰਿਆਣਾ ਸਿੱਖ ਪੰਥਕ ਦਲ ਵੱਲੋਂ ਮਨਜੀਤ ਸਿੰਘ ਖ਼ਾਲਸਾ ਨੂੰ ਆਪਣਾ ਉਮੀਦਵਾਰ ਐਲਾਨਿਆ ਗਿਆ ਹੈ। ਗੁਰੂ ਤੇਗ ਬਹਾਦਰ ਸਭਾ ਦੇ ਮੁੱਖ ਬੁਲਾਰੇ ਜਗਦੇਵ ਸਿੰਘ ਗਾਬਾ ਨੇ ਦੱਸਿਆ ਕਿ ਬਰਾੜਾ ਰੋਡ 'ਤੇ ਹਰਜੀਤ ਸਿੰਘ ਰਾਣਾ ਦੇ ਦਫ਼ਤਰ 'ਚ ਸ਼ਹਿਰ ਤੇ ਪਿੰਡ ਦੇ ਪਤਵੰਤਿਆਂ ਦੀ ਬੈਠਕ ਹੋਈ। ਇਸ ਵਿੱਚ ਚਰਚਾ ਮਗਰੋਂ ਸੰਗਤ ਨੇ ਮਨਜੀਤ ਸਿੰਘ ਖਾਲਸਾ ਦੇ ਨਾਂ ਦਾ ਐਲਾਨ ਕੀਤਾ। ਇਸ ਸਬੰਧੀ ਸੁਖਵੰਤ ਸਿੰਘ ਕਲਸਾਣੀ ਤੇ ਜਗਦੇਵ ਸਿੰਘ ਗਾਬਾ ਨੇ ਦੱਸਿਆ ਕਿ (**ਬਾਕੀ ਸਫ਼ਾ 31 'ਤੇ**)

# ਗਿਆਨੀ ਹਰਪ੍ਰੀਤ ਸਿੰਘ ਦੇ ਹੱਕ 'ਚ ਨਿੱਤਰੀਆਂ ਸਿੱਖ ਜਥੇਬੰਦੀਆਂ

### ਜਥੇਦਾਰ 'ਤੇ ਲਾਏ ਦੋਸ਼ਾਂ ਨੂੰ ਬੇਬੁਨਿਆਦ ਦੱਸਿਆ

ਸ੍ਰੀ ਮੁਕਤਸਰ ਸਾਹਿਬ/ ਏ.ਟੀ.ਨਿਊਜ਼: ਇੱਥੋਂ ਦੇ ਭਾਈ ਮਹਾ ਸਿੰਘ ਦੀਵਾਨ ਹਾਲ ਵਿੱਚ ਪਿਛਲੇ ਦਿਨੀਂ ਗਿਆਨੀ ਹਰਪ੍ਰੀਤ ਸਿੰਘ ਦੇ ਹੱਕ ਵਿੱਚ ਸਿੱਖ ਜਥੇਬੰਦੀਆਂ ਵੱਲੋਂ ਇਕੱਤਰਤਾ ਕੀਤੀ ਗਈ। ਇਸ ਮੌਕੇ ਸ੍ਰੀ ਮੁਕਤਸਰ ਸਾਹਿਬ ਨਾਲ ਸਬੰਧਿਤ ਸਿੱਖ ਜਥੇਬੰਦੀਆਂ ਦੇ ਆਗੂ ਪਹੁੰਚੇ। ਸੰਗਤ ਨੂੰ ਸੰਬੋਧਨ ਕਰਦਿਆਂ ਮਨਿੰਦਰ ਸਿੰਘ ਖ਼ਾਲਸਾ, ਨਰਿੰਦਰਪਾਲ ਸਿੰਘ ਅਤੇ ਲਸ਼ਕਰ ਸਿੰਘ ਹੋਰਨਾਂ ਨੇ ਕਿਹਾ ਕਿ ਗਿਆਨੀ ਹਰਪ੍ਰੀਤ ਸਿੰਘ ਨੇ ਕਰੀਬ 17 ਸਾਲ ਬਤੌਰ ਹੈੱਡ ਗ੍ਰੰਥੀ ਗੁਰਦੁਆਰਾ ਸ੍ਰੀ ਟੁੱਟੀ ਗੰਢੀ ਸਾਹਿਬ ਸ੍ਰੀ ਦਰਬਾਰ ਸਾਹਿਬ ਸ੍ਰੀ ਮੁਕਤਸਰ ਸਾਹਿਬ ਵਿਖੇ



ਸੇਵਾਵਾਂ ਦਿੱਤੀਆਂ। ਇਸ ਦੌਰਾਨ ਉਹ ਸ੍ਰੀ ਮੁਕਤਸਰ ਸਾਹਿਬ ਦੀ ਸੰਗਤ 'ਚ ਵਿਚਰਦੇ ਰਹੇ। ਉਨ੍ਹਾਂ 'ਤੇ ਜੋ ਆਚਰਣ ਹੀਣਤਾ ਦੇ ਦੋਸ਼ ਲਾਏ ਜਾ ਰਹੇ ਹਨ ਉਹ ਬਿਲਕੁਲ ਬੇਬੁਨਿਆਦ ਹਨ। ਸਿੰਘ ਸਾਹਿਬ ਬਹੁਤ ਹੀ ਵਿਦਵਾਨ, ਸਿੱਖ ਅਸੂਲਾਂ ਦੇ ਧਾਰਨੀ ਅਤੇ ਉੱਚੇ ਸੁੱਚੇ ਆਚਰਣ ਵਾਲੇ ਵਿਅਕਤੀ ਹਨ। ਸੰਗਤ ਉਸ ਵਿਅਕਤੀ ਤੋਂ ਵੀ ਭਲੀ ਭਾਂਤ ਜਾਣੂੰ ਹੈ ਜੋ ਇਹ ਦੋਸ਼ ਲਾ ਰਿਹਾ। ਉਹ ਸ੍ਰੀ ਮੁਕਤਸਰ ਸਾਹਿਬ ਦਾ ਰਹਿਣ ਵਾਲਾ ਹੈ। ਉਹ ਬਿਲਕੁਲ ਝੂਠ ਬੋਲ ਰਿਹਾ ਹੈ। ਦੋ ਦਸੰਬਰ ਦੇ ਫੈਸਲੇ ਉਪਰੰਤ ਜਾਣ-ਬੁੱਝ ਇਹ ਕਿਰਦਾਰਕੁਸ਼ੀ ਕੀਤੀ ਜਾ ਰਹੀ ਹੈ ਤੇ ਸੰਗਤ ਇਸ ਨੂੰ ਪ੍ਰਵਾਨ ਨਹੀਂ ਕਰੇਗੀ। ਇਸ ਮੌਕੇ ਵੱਡੀ ਗਿਣਤੀ 'ਚ ਸੰਗਤ ਹਾਜ਼ਰ ਸੀ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

# ਸੰਪਾਦਕੀ


## ਸਾਨੂੰ ਪਤਾ ਹੈ ਸਾਹਾਂ ਦਾ ਅੰਤ ਸਾਡਾ....

ਇੱਕ ਪਾਸੇ ਪੰਜਾਬ ਗੁਰਾਂ ਦੀ ਕਿਰਪਾ ਦੇ ਨਾਲ ਵੱਸਦਾ ਹੈ, ਪਰ ਦੂਜੇ ਪਾਸੇ ਇਸ ਗੱਲ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਪੰਜਾਬ ਨੇ ਬਹੁਤ ਸਿਤਮ ਹੰਡਾਏ ਹਨ। ਇੱਥੋਂ ਦੇ ਫ਼ਰਜ਼ੰਦ ਕਈ ਵਾਰ ਵਸੇ ਤੇ ਕਈ ਵਾਰ ਉਜੜੇ। ਵੰਡ ਦਾ ਦੁਖਾਂਤ, ਸ੍ਰੀ ਦਰਬਾਰ ਸਾਹਿਬ 'ਤੇ ਹਮਲਾ, ਦਿੱਲੀ ਸਿੱਖ ਨਸਲਕੁਸ਼ੀ, ਹਜ਼ਾਰਾਂ ਸਿੱਖਾਂ ਦਾ ਕਤਲੇਆਮ, ਝੂਠੇ ਪੁਲਿਸ ਮੁਕਾਬਲੇ, ਭਾਈ ਜਸਵੰਤ ਸਿੰਘ ਖਾਲੜਾ ਨੂੰ ਖ਼ਤਮ ਕਰਨਾ... ਕੀ- ਕੀ ਬਿਆਨ ਕਰੀਏ ? ਸਾਡੀਆਂ ਕਈ ਪੀੜ੍ਹੀਆਂ ਸਹਿਮ ਤੇ ਡਰ ਦੇ ਵਿੱਚ ਜਿਉਂਦੀਆਂ ਆ ਰਹੀਆਂ ਨੇ। ਸਾਡੀ ਇੱਕ ਪੀੜ੍ਹੀ ਲਗਭਗ ਮਿਲੀਟੈਂਸੀ ਨੇ ਖ਼ਤਮ ਕੀਤੀ। ਉਸ ਤੋਂ ਅਗਲੀ ਪੀੜ੍ਹੀ ਸਹਿਮ ਦੇ ਵਿੱਚ ਸਮਾਂ ਬਿਤਾਉਂਦੀ ਰਹੀ। ਫਿਰ ਨਸ਼ਿਆਂ ਦੀ ਹਵਾ ਨੇ ਸਾਨੂੰ ਬੇਬਸ ਕਰ ਦਿੱਤਾ। ਇੱਕ ਸਮਾਂ ਆਇਆ ਗੈਂਗਇਜ਼ਮ ਵਰਗਾ ਕੋਹੜ ਲੱਗਿਆ ਤੇ ਹੁਣ ਵਾਲੇ ਨੌਜਵਾਨ ਭਾਵ ਸਾਡੀ ਪੀੜ੍ਹੀ ਵਿਦੇਸ਼ਾਂ ਵੱਲ ਨੂੰ ਵਹੀਰਾਂ ਘੱਤ ਰਹੀ ਹੈ। ਭਾਵੇਂ ਕਿ ਪੰਜਾਬ ਲੰਬੇ ਸਮੇਂ ਤੋਂ ਉਜੜਦਾ ਤੇ ਵਸਦਾ ਆਇਆ ਹੈ ਪਰ 1980 ਤੋਂ 1995 ਤੱਕ ਦਾ ਸਮਾਂ ਪੰਜਾਬ ਦੀ ਦੱਬੀ ਹੋਈ ਅੱਗ ਹੈ। ਇਹ ਅਸੀਂ ਤਾਂ ਕਹਿ ਰਹੇ ਹਾਂ ਜਦੋਂ 30 ਸਾਲਾਂ ਬਾਅਦ ਸੁਪਰੀਮ ਕੋਰਟ ਕੁਝ ਪੁਲਿਸ ਅਫ਼ਸਰਾਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਦੇ ਵਿੱਚ ਸਜ਼ਾ ਦਿੰਦੀ ਹੈ। ਕੀ ਅਸੀਂ ਇਸ ਨੂੰ ਇਨਸਾਫ਼ ਮੰਨੀਏ ? ਜਾਂ ਇਹ ਕਹੀਏ ਕਿ ਸਾਡੇ ਜ਼ਖ਼ਮਾਂ ਨੂੰ ਫੇਰ ਕਿਸੇ ਨੇ ਅੱਲ੍ਹੇ ਕਰ ਦਿੱਤਾ ਹੈ। ਤਿੰਨ ਦਹਾਕੇ ਪਹਿਲਾਂ ਦੀ ਘਟਨਾ ਜਦੋਂ ਯਾਦ ਆਉਂਦੀ ਹੈ ਤਾਂ ਆਮ ਇਨਸਾਨ ਦੇ ਵੀ ਰੌਂਗਟੇ ਖੜੇ ਹੋ ਜਾਂਦੇ ਨੇ ਜਦੋਂ ਪੰਜਾਬ ਦੀ ਜਵਾਨੀ ਅੰਨ੍ਹੇਵਾਹ ਖ਼ਤਮ ਕੀਤੀ ਗਈ ਸੀ। ਪੁਲਿਸ ਵਾਲਿਆਂ ਨੇ ਹਜ਼ਾਰਾਂ ਲੋਕ ਅਣਪਛਾਤੀਆਂ ਲਾਸ਼ਾਂ ਬਣਾ ਦਿੱਤੇ ਸਨ। ਇੱਥੋਂ ਤੱਕ ਕਿ ਲਾਸ਼ਾਂ ਦਾ ਖੁਰਾ ਖੋਜ ਨੱਪਣ ਵਾਲੇ ਜਸਵੰਤ ਸਿੰਘ ਖਾਲੜਾ ਕਿੱਥੇ ਖਪ ਗਏ ਪਤਾ ਵੀ ਨਹੀਂ ਲੱਗਿਆ। ਲੰਘੇ ਦਿਨਾਂ ਵਿੱਚ ਪੀਲੀਭੀਤ ਦੇ ਵਿੱਚ ਤਿੰਨ ਨੌਜਵਾਨਾਂ ਦਾ ਐਨਕਾਉਂਟਰ ਕਰ ਦੇਣਾ ਪੰਜਾਬ ਦੀ ਪੁਲਿਸ ਨੂੰ ਸਵਾਲਾਂ ਦੇ ਘੇਰੇ ਵਿੱਚ ਖੜਾ ਕਰ ਰਿਹਾ ਹੈ। ਵੱਡੀ ਗੱਲ ਇਹ ਹੈ ਕਿ ਇਸ ਐਨਕਾਉਂਟਰ ਨੂੰ ਖ਼ਾਲਿਸਤਾਨੀ ਕਹਿ ਕੇ ਸੰਬੋਧਿਤ ਕੀਤਾ ਜਾ ਰਿਹਾ ਹੈ। ਇਸ ਲਫ਼ਜ਼ ਦੇ ਉੱਤੇ ਕਈ ਸਵਾਲ ਖੜੇ ਹੋ ਰਹੇ ਨੇ। ਹੈਰਾਨੀ ਦੀ ਗੱਲ ਹੈ ਕਿ ਪੰਜਾਬ ਵਿੱਚ ਇੱਕ ਮਹੀਨੇ ਦੇ ਅੰਦਰ ਅੱਠ ਥਾਣਿਆਂ 'ਤੇ ਧਮਾਕੇ ਹੁੰਦੇ ਨੇ। ਹਰ ਕੋਈ ਇਹੀ ਜਾਣਨਾ ਚਾਹੁੰਦਾ ਹੈ ਕਿ ਸਾਡੀਆਂ ਏਜੰਸੀਆਂ ਕਿੱਥੇ ਨੇ ? ਤੇ ਉਹਨਾਂ ਦੀ ਜ਼ਿੰਮੇਵਾਰੀ ਕਿੱਥੇ ਹੈ ? ਤਿੰਨਾਂ ਨੌਜਵਾਨਾਂ ਦੇ ਮਾਪੇ ਦੁਹਾਈਆਂ ਪਾ ਰਹੇ ਨੇ ਪਰ ਸਮਝੋ ਬਾਹਰ ਦੀ ਗੱਲ ਹੈ ਕਿ ਕੋਰੇ ਅਨਪੜ੍ਹ, ਦਿਹਾੜੀ ਦੱਪਾ ਕਰਨ ਵਾਲੇ, ਜਿਹਨਾਂ ਦਾ ਪਿਛੋਕੜ ਅਪਰਾਧਿਕ ਨਹੀਂ ਹੈ, ਨੌਜਵਾਨ ਏਨੇ ਹਥਿਆਰਾਂ ਦੇ ਨਾਲ ਇੱਕ ਸਟੇਟ ਤੋਂ ਦੂਜੀ ਸਟੇਟ ਵੱਲ ਪਹੁੰਚ ਕਿਵੇਂ ਗਏ ? ਹੋ ਸਕਦਾ ਹੈ ਕਿ ਇਹ ਕਹਾਣੀ ਸੱਚੀ ਵੀ ਹੋਵੇ, ਫੇਕ ਨਾ ਵੀ ਹੋਵੇ ਜੋ ਕਿ ਲੋਕ ਕਹਿ ਰਹੇ ਹਨ ਕਿਉਂਕਿ ਪੁਲਿਸ 'ਤੇ ਵੀ ਅੰਤਾਂ ਦੇ ਸਵਾਲ ਸਮੇਂ ਸਮੇਂ 'ਤੇ ਖੜੇ ਹੁੰਦੇ ਰਹਿੰਦੇ ਨੇ। ਭਾਵੇਂਕਿ ਕਈ ਦਹਾਕੇ ਬੀਤ ਗਏ ਨੇ ਪੰਜਾਬ ਪੁਲਿਸ ਦੀ ਵਰ੍ਹਿਆਂ ਪਹਿਲਾਂ ਦੀ ਬੁਰਛਾਗਰਦੀ ਲੋਕਾਂ ਦੇ ਦਿਲਾਂ ਦੇ ਵਿੱਚ ਇਮਾਨਦਾਰੀ ਵਾਲੀ ਛਵੀ ਨਹੀਂ ਬਣਾ ਸਕੀ। ਕਤਲੋਗਾਰਤ ਦੇ ਉੱਤੇ ਵੀ ਬਿਜ਼ਨਸ ਖੜੇ ਕਿਉਂਕਿ ਕੋਈ ਸਮਾਂ ਸੀ ਜਦੋਂ ਏਸ ਬਿਜ਼ਨਸ 'ਚ ਹੌਲਦਾਰ ਤੋਂ ਸਿੱਧੇ ਐਸ.ਐਸ.ਪੀ. ਵੀ ਬਣੇ। ਫੇਕ ਐਨਕਾਉਂਟਰ ਦਾ ਦਾਗ਼ ਪੰਜਾਬ ਵਿੱਚ ਕਾਫ਼ੀ ਪੁਰਾਣਾ ਹੈ। ਪਿਛਾਂਹ ਨੂੰ ਝਾਤੀ ਮਾਰੀਏ ਤਾਂ 1970 ਦੇ ਵਿੱਚ ਬਾਬਾ ਬੂਝਾ ਸਿੰਘ ਜੀ, ਜੋ ਕਿ 82 ਸਾਲ ਦੇ ਸੀ, ਉਸ ਆਜ਼ਾਦੀ ਘੁਲਾਟੀਏ ਨੂੰ ਪੁਲਿਸ ਨੇ ਝੂਠਾ ਪੁਲਿਸ ਮੁਕਾਬਲਾ ਬਣਾ ਕੇ ਮਾਰ ਦਿੱਤਾ ਸੀ। ਉਸ ਤੋਂ ਪਹਿਲਾਂ ਵੀ ਬਹੁਤ ਕੁਝ ਹੋਇਆ ਅਤੇ ਹੁਣ ਤੱਕ ਇਹ ਹੁੰਦਾ ਹੀ ਆ ਰਿਹਾ ਹੈ। ਨੌਜਵਾਨਾਂ ਨੂੰ ਏਨਾ ਕੁ ਕੋਹ ਕੋਹ ਕੇ ਮਾਰਿਆ ਗਿਆ ਕਿ ਤਿੰਨ ਸ਼ਮਸ਼ਾਨਘਾਟਾਂ ਦਾ ਡਾਟਾ ਅੰਮ੍ਰਿਤਸਰ ਤੇ ਪੱਟੀ ਇਲਾਕੇ ਦਾ ਜਸਵੰਤ ਸਿੰਘ ਖਾਲੜਾ ਨੇ ਦਿੱਤਾ ਸੀ ਤੇ ਸੁਪਰੀਮ ਕੋਰਟ ਨੇ ਦੋ ਤੋਂ ਢਾਈ ਹਜ਼ਾਰ ਦੇ ਵਿਚਕਾਰ ਕੇਸਾਂ 'ਤੇ ਮੋਹਰ ਵੀ ਲਗਾਈ ਸੀ ਕਿ ਇਹ ਲਾਸ਼ਾਂ ਅਣਪਛਾਤੀਆਂ ਕਹਿ ਕੇ ਸਾੜੀਆਂ ਗਈਆਂ ਹਨ। ਅਣਪਛਾਤੀਆਂ ਲਾਸ਼ਾਂ ਕਹਿ ਕੇ ਸਾੜਨ ਤੋਂ ਪਹਿਲਾਂ ਬਿਆਸ ਦਰਿਆ ਦੇ ਹਵਾਲੇ ਪਤਾ ਨਹੀਂ ਕਿੰਨੀਆਂ ਕੁ ਦੇਹਾਂ ਦਰਿੰਦਿਆਂ ਨੇ ਕਰ ਦਿੱਤੀਆਂ ਸਨ। ਕਈ ਪੀੜ੍ਹੀਆਂ ਸਹਿਮ ਵਿੱਚ ਜਿਉਂਦੀਆਂ ਰਹੀਆਂ। ਸਿਹਤ, ਸਿੱਖਿਆ ਤੇ ਤਰੱਕੀ ਸਾਡੇ ਹੱਥਾਂ ਵਿਚੋਂ ਰੇਤ ਵਾਂਗੂ ਖਿਸਕ ਗਏ ਪਰ ਲਾਲਚੀ ਪੁਲਿਸ ਅਫ਼ਸਰਾਂ ਦੇ ਮੋਢਿਆਂ 'ਤੇ ਫੀਤੀਆਂ ਲੱਗੀਆਂ, ਵੱਡੇ ਅਹੁਦੇ ਲਏ ਤੇ ਲੀਡਰਾਂ ਨੇ ਸਿਕਿਓਰਟੀਆਂ ਲੈ ਲਈਆਂ। ਇਨਸਾਨਾਂ ਨੂੰ ਗਾਜਰਾਂ-ਮੂਲੀਆਂ ਵਾਂਗ ਕੋਹ ਕੋਹ ਕੇ ਮਾਰਨ ਵਾਲੇ ਬੰਦੇ ਬੰਦਿਆਂ ਤੋਂ ਹੀ ਡਰਨ ਲੱਗ ਪਏ। ਮੁਕਦੀ ਗੱਲ ਇਹ ਹੈ ਕਿ ਅਸੀਂ ਬੀਤੇ ਤੋਂ ਕੀ ਸਿੱਖਿਐ ? ਇਹ ਸਿਆਸਤਦਾਨ ਨਫ਼ਰਤ ਦੀ ਅੱਗ ਹੀ ਸੇਕਣ ਲਈ ਨੌਜਵਾਨ ਪੀੜ੍ਹੀ ਨੂੰ ਮਜਬੂਰ ਕਰ ਰਹੇ ਹਨ। ਲੋਕ ਤਾਂ ਇਹ ਵੀ ਕਹਿ ਰਹੇ ਨੇ ਕਿ ਸਟੇਟ ਖੇਡ ਰਹੀ ਹੈ। ਸੋ ਭਾਈਚਾਰਾ ਕਾਇਮ ਰੱਖੋ, ਕਿਉਂਕਿ ਪੰਜਾਬ ਦਾ ਭਵਿੱਖ ਏਕਤਾ ਦੇ ਬਲਬੂਤੇ 'ਤੇ ਹੀ ਜਿਉਂਦਾ ਰਿਹਾ ਹੈ ਤੇ ਜਿਉਂਦਾ ਹੈ।

ਸੰਤ ਰਾਮ ਉਦਾਸੀ ਨੇ ਕਿਹਾ ਹੈ ਕਿ

"ਸਾਨੂੰ ਪਤਾ ਹੈ ਸਾਹਾਂ ਦਾ ਅੰਤ ਸਾਡਾ
ਹੋਣਾ ਨਹਿਰ ਜਾਂ ਕਿਸੇ ਡਰੇਨ ਦਾ ਪੁਲ
ਮੇਰੇ ਦੋਸਤੋ ਕੈਸਾ ਮੁਕਾਬਲਾ ਹੈ
ਸੌ ਬੋਕ ਤੇ 'ਕੱਲਾ ਸਰੋਂ ਦਾ ਫ਼ੁੱਲ"

# ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਬਉੱਚਤਾ, ਸਿੱਖ ਸਿਆਸਤ, ਪੰਥ ਬਨਾਮ ਭਾਰਤੀ ਕਾਨੂੰਨ



ਬਘੇਲ ਸਿੰਘ ਧਾਲੀਵਾਲ
99142-58142

ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਕਟਹਿਰੇ ਵਿੱਚ ਹੈ। ਅਕਾਲੀ ਦਲ ਦੇ ਸਾਬਕਾ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਸਮੁੱਚੀ ਲੀਡਰਸ਼ਿਪ ਨੇ ਆਖਰ ਆਪਣੇ 'ਤੇ ਲੰਮੇ ਸਮੇਂ ਤੋਂ ਲੱਗਦੇ ਆ ਰਹੇ ਸਾਰੇ ਦੋਸ਼ਾਂ, ਗੁਨਾਹਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫਸੀਲ 'ਤੇ ਪੰਜ ਸਿੰਘ ਸਾਹਿਬਾਨਾਂ ਦੇ ਸਾਹਮਣੇ ਜਨਤਕ ਤੌਰ 'ਤੇ ਮੰਨ ਲਿਆ ਹੈ। ਸਿੰਘ ਸਾਹਿਬਾਨ ਨੇ ਭਾਵੇਂ ਅਕਾਲੀ ਲੀਡਰਸ਼ਿਪ ਨੂੰ ਉਹ ਸਜ਼ਾ ਨਹੀਂ ਦਿੱਤੀ, ਜਿਸ ਦੀ ਸਿੱਖ ਪੰਥ ਮੰਗ ਕਰਦਾ ਆ ਰਿਹਾ ਸੀ, ਪਰ ਜਿੰਨੀ ਵੀ ਸਜ਼ਾ ਦਿੱਤੀ ਉਹਦੇ ਬਾਰੇ ਵੀ ਸਿੱਖਾਂ ਨੇ ਸਮੁੱਚੇ ਰੂਪ ਵਿੱਚ ਤਸੱਲੀ ਦਾ ਪ੍ਰਗਟਾਵਾ ਕੀਤਾ ਹੈ।

ਅਕਾਲੀ ਦਲ ਬਾਦਲ ਨੂੰ ਇਹ ਸਾਰਾ ਬਿਰਤਾਂਤ ਜਚਿਆ ਨਹੀਂ। ਉਹਨਾਂ ਲਈ ਇਹ ਵਰਤਾਰੇ ਨੂੰ ਝੱਲਣਾ ਇਸ ਕਰਕੇ ਵੀ ਬੇਹੱਦ ਔਖਾ ਸੀ, ਕਿਉਂਕਿ ਦਹਾਕਿਆਂ ਤੋਂ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਆਪਣੇ ਸਿਆਸੀ ਹਿਤਾਂ ਲਈ ਨਾਜਾਇਜ਼ ਵਰਤਣ ਵਾਲਿਆਂ ਨੂੰ ਖੁਦ ਇਸ ਰੂਹਾਨੀਅਤ ਦੇ ਦਰ 'ਤੇ ਕਟਹਿਰੇ ਵਿੱਚ ਖੜ੍ਹਾ ਜੁ ਹੋਣਾ ਪੈ ਰਿਹਾ ਸੀ। ਐਨਾ ਹੀ ਨਹੀਂ ਬਲਕਿ ਉਹਨਾਂ ਨੂੰ 1997 ਤੋਂ ਲੈ ਕੇ ਮੌਜੂਦਾ ਸਮੇਂ ਤੱਕ ਦੇ ਕਤਲਾਂ, ਬੇਅਦਬੀਆਂ ਸਮੇਤ ਤਮਾਮ ਗੁਨਾਹ ਵੀ ਸਵੀਕਾਰ ਕਰਨੇ ਪਏ ਹਨ, ਜਿੰਨਾਂ ਤੋਂ ਉਪਰੋਕਤ ਗੁਨਾਹਗਾਰ ਆਗੂ ਹੁਣ ਤੱਕ ਝੂਠ ਬੋਲ ਬੋਲ ਕੇ ਮੁਕਰਦੇ ਆਏ ਸਨ। ਇੱਥੋਂ ਤੱਕ ਦਾ ਇਹ ਵਰਤਾਰਾ ਸਿੱਖ ਪੰਥ ਨੂੰ ਤਸੱਲੀ ਦੇਣ ਵਾਲਾ ਰਿਹਾ, ਪਰ ਜਿਉਂ ਹੀ ਇਹਦੇ ਦਰਮਿਆਨ ਭਾਈ ਨਰੈਣ ਸਿੰਘ ਚੌੜੇ ਵਾਲਾ ਬਿਰਤਾਂਤ ਆ ਗਿਆ, ਉਹਨੇ ਸਾਰਾ ਪਾਸਾ ਹੀ ਪਲਟ ਦਿੱਤਾ, ਸਾਰੇ ਪਰਦੇ ਉਤਾਰ ਦਿੱਤੇ ਹਨ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਦੋਸ਼ੀਆਂ ਦੀ ਨਿਮਾਣੇ ਸਿੱਖਾਂ ਵਾਲੀ ਆਮ ਸਿੱਖਾਂ ਦੇ ਮਨਾਂ ਵਿੱਚ ਬਣੀ ਧਾਰਨਾ ਕੱਚੇ ਕੱਚ ਵਾਂਗ ਟੁੱਟਦੀ ਪ੍ਰਤੀਤ ਹੋਈ। ਨਰੈਣ ਸਿੰਘ ਚੌੜਾ ਦੀ ਜਜ਼ਬਾਤੀ ਕਾਰਵਾਈ ਨੂੰ ਆਪਾਂ ਵੀ ਇਸ ਕਰਕੇ ਗਲਤ ਕਿਹਾ ਸੀ ਕਿ ਇਹ ਕਾਰਵਾਈ ਨਾਲ ਸਾਡੀ ਸਰਬ ਉੱਚ ਸੰਸਥਾ ਦੇ ਵਕਾਰ ਨੂੰ ਢਾਹ ਲੱਗਦੀ ਹੈ। ਪਰ ਗੁਨਾਹਗਾਰਾਂ ਦੀ ਮਦਦਗਾਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੁੱਝ ਮੈਂਬਰਾਂ ਵੱਲੋਂ ਭਾਈ ਚੌੜਾ ਨੂੰ ਪੰਥ ਵਿਚੋਂ ਛੇਕਣ ਦਾ ਮੰਗ ਪੱਤਰ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਾਹਿਬ ਨੂੰ ਇਸ ਲਈ ਦਿੱਤਾ ਗਿਆ ਕਿ ਉਹਨੇ ਸੁਖਬੀਰ ਸਿੰਘ ਬਾਦਲ ਉੱਪਰ ਗੋਲੀ ਚਲਾਈ, ਪਰ ਉਹਨਾਂ ਨੇ ਇਸ ਸਿਫ਼ਤੀ ਦੇ ਘਰ ਅੰਦਰ ਹੀ ਭਾਈ ਚੌੜਾ ਦੀ ਪੁਲਿਸ ਕਸਟਡੀ ਵਿੱਚ ਪਿੱਛੋਂ ਦਸਤਾਰ ਉਤਾਰਨ ਵਾਲੇ ਨੂੰ ਪੰਥ ਵਿਚੋਂ ਛੇਕਣ ਦੀ ਕੋਈ ਮੰਗ ਨਹੀਂ ਕੀਤੀ, ਜਦੋਂ ਕਿ ਸਿੱਖ ਦੀ ਦਸਤਾਰ ਉਤਾਰਨ ਦਾ ਗੁਨਾਹ ਅਤੀ ਘਿਣਾਉਣਾ ਅਤੇ ਨਾ ਕਾਬਲੇ ਬਰਦਾਸ਼ਤ ਹੈ। ਸਿੱਖ ਦੀ ਦਸਤਾਰ ਨੂੰ ਕੋਈ ਹੱਥ ਪਾਵੇ ਤਾਂ ਪੰਥ ਬਰਦਾਸ਼ਤ ਨਹੀਂ ਕਰਦਾ, ਪਰ ਇੱਥੇ ਸਿੱਖ ਦੀ ਦਸਤਾਰ ਉਤਾਰਨ ਵਾਲਾ ਵੀ ਸਿੱਖ ਹੈ। ਏਥੇ ਹੀ ਬੱਸ ਨਹੀਂ ਅਕਾਲੀ ਦਲ ਬਾਦਲ ਵੱਲੋਂ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੂੰ ਵੀ ਇਸ ਕਰਕੇ ਨਿਸ਼ਾਨਾ ਬਣਾਇਆ ਜਾ ਰਿਹਾ ਹੈ, ਕਿਉਂਕਿ ਉਹ ਸਮਝਦੇ ਹਨ ਕਿ ਜੇਕਰ ਗਿਆਨੀ ਹਰਪ੍ਰੀਤ ਸਿੰਘ ਪੰਜ ਸਿੰਘ ਸਾਹਿਬਾਨ ਵਿੱਚ ਸ਼ਾਮਲ ਨਾ ਹੁੰਦੇ, ਭਾਵ ਕਿ ਉਹ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਨਾ ਹੁੰਦੇ ਤਾਂ ਸ਼ਾਇਦ ਸੁਖਬੀਰ ਸਿੰਘ ਬਾਦਲ ਸਮੇਤ ਸਮੁੱਚੀ ਲੀਡਰਸ਼ਿਪ ਇਸ ਤਰ੍ਹਾਂ ਕਟਹਿਰੇ ਵਿੱਚ ਖੜੀ ਨਹੀਂ ਸੀ ਹੋਣੀ, ਜਿਸ ਤਰ੍ਹਾਂ ਦੇ ਗੁਨਾਹਾਂ ਦਾ ਸਾਹਮਣਾ ਉਹਨਾਂ ਨੂੰ ਹੁਣ ਕਰਨਾ ਪੈ ਰਿਹਾ ਹੈ। ਇਹਨਾਂ ਦੀ ਸਜ਼ਾ ਵੀ ਨਹੀਂ ਸੀ ਭੁਗਤਣੀ ਪੈਣੀ, ਇਸ ਲਈ ਜਿੱਥੇ ਸਾਰਾ ਜ਼ੋਰ ਗਿਆਨੀ ਹਰਪ੍ਰੀਤ ਸਿੰਘ ਨੂੰ ਮਾਨਸਿਕ ਤੌਰ 'ਤੇ ਪਰੇਸ਼ਾਨ ਕਰਨ ਲਈ ਲਾਇਆ ਜਾ ਰਿਹਾ ਹੈ, ਉਸ ਤੋਂ ਵੀ ਜਿਆਦਾ ਤਰਲੋਮੱਛੀ ਉਹਨਾਂ ਤੋਂ ਤਖ਼ਤ ਸ੍ਰੀ ਦਮਦਮਾ ਸਾਹਿਬ ਦੀ ਸੇਵਾ ਖੋਹਣ ਲਈ ਵੀ ਹੁੰਦੇ ਦਿਖਾਈ ਦੇ ਰਹੇ ਹਨ। ਗੁਨਾਹਾਂ ਦੇ ਬੋਝ ਹੇਠਾਂ ਦੱਬੇ ਬਾਦਲਾਂ ਦੀ ਚਾਪਲੂਸੀ ਕਰਨ ਵਾਲਿਆਂ ਨੇ ਦਰਸਾ ਦਿੱਤਾ ਹੈ ਕਿ ਅਕਾਲੀ ਦਲ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਪ੍ਰਵਾਹ ਕਰਨ ਦੀ ਆਦਤ ਨਹੀਂ ਹੈ। ਇਹ ਚਿੱਟੇ ਦਿਨ ਵਰਗਾ ਸੱਚ ਹੈ ਕਿ ਭਾਈ ਨਰੈਣ ਸਿੰਘ ਚੌੜੇ ਦੇ ਪਿਸਟਲ ਦੇ ਫਾਇਰ ਨਾਲ ਬੇਸ਼ੱਕ ਕਿਸੇ ਦਾ ਜਾਨੀ ਨੁਕਸਾਨ ਨਹੀਂ ਹੋਇਆ, ਪਰ ਗੁਨਾਹਗਾਰ ਬਾਦਲ ਦਲ ਦੀ ਲੀਡਰਸ਼ਿਪ ਨੂੰ ਚੁਰਾਹੇ ਵਿੱਚ ਨੰਗਾ ਜ਼ਰੂਰ ਕਰ ਗਿਆ। ਨਿਮਾਣੇ ਸਿੱਖਾਂ ਦੇ ਭੇਖ ਵਿਚਲੇ ਅਕਾਲੀਆਂ ਨੇ ਝੱਟ ਆਪਣਾ ਅਸਲੀ ਰੰਗ ਦਿਖਾਉਣਾ ਸ਼ੁਰੂ ਕਰ ਦਿੱਤਾ। ਨਰੈਣ ਸਿੰਘ ਚੌੜੇ ਦੀ ਪਿੱਛੋਂ ਆਕੇ ਦਸਤਾਰ ਉਤਾਰਨ ਦਾ ਬਿਰਤਾਂਤ ਦਾਗੀ ਅਕਾਲੀਆਂ ਦੀ ਸਿੱਖ ਵਿਰੋਧੀ ਸੋਚ ਨੂੰ ਸਪੱਸ਼ਟ ਕਰਦਾ ਹੈ, ਕਿਉਂਕਿ ਜਿਨ੍ਹਾਂ ਨੇ ਰਾਜ ਭਾਗ ਮਾਨਣ ਖਾਤਰ ਸਿੱਖੀ ਸਿਧਾਂਤਾਂ ਨੂੰ ਮਲ਼ੀਆਮੇਟ ਕਰਨ ਦਾ ਸੌਦਾ ਕੀਤਾ ਹੋਵੇ, ਉਹਨਾਂ ਲਈ ਦਸਤਾਰ ਕੀ ਮਾਇਨੇ ਰੱਖਦੀ ਹੈ। ਜਿਹੜੀ ਅਕਾਲੀ ਲੀਡਰਸ਼ਿਪ ਨਿਰਦੋਸ਼ ਸਿੱਖਾਂ ਦੇ ਕਾਤਲ, ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀਆਂ ਦੇ ਦੋਸ਼ੀ, ਸਿਰਸੇ ਵਾਲੇ ਸਾਧ ਨੂੰ ਮੁਆਫ਼ੀ ਦਿਵਾਉਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਵਰਗੀ ਸਰਬ ਉੱਚ ਸੰਸਥਾ ਦਾ ਦੁਰ ਉਪਯੋਗ ਕਰਨ ਅਤੇ ਸਿੱਖ ਨੌਜਵਾਨਾਂ ਦੇ ਕਾਤਲ ਪੁਲਿਸ ਅਫਸਰਾਂ ਨੂੰ ਉੱਚ ਅਹੁਦੇ ਦੇ ਕੇ ਨਿਵਾਜਣ ਵਾਲੇ ਪਰਿਵਾਰ ਨੂੰ ਆਪਣਾ ਰਹਿਬਰ ਸਮਝਦੀ ਹੋਵੇ, ਜਿਨ੍ਹਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਵੱਡਾ ਇੱਕ ਪਰਿਵਾਰ ਨੂੰ ਸਮਝ ਲਿਆ ਹੋਵੇ, ਉਨ੍ਹਾਂ ਤੋਂ ਸਿੱਖੀ ਸਿਧਾਂਤਾਂ ਨੂੰ ਸੁਰੱਖਿਅਤ ਰੱਖਣ ਦੀ ਆਸ ਕਿਵੇਂ ਕੀਤੀ ਜਾ ਸਕਦੀ ਹੈ। ਇਹੋ ਕਾਰਨ ਹੈ ਕਿ ਉਹਨਾਂ ਨੇ ਸਿੱਖੀ ਸਿਧਾਂਤਾਂ ਅਤੇ ਸਰਬ ਉੱਚ ਸੰਸਥਾ ਦੀ ਪ੍ਰਵਾਹ ਕੀਤੇ ਬਗੈਰ ਨਿਸ਼ਾਨੇ ਸੇਧਣੇ ਸ਼ੁਰੂ ਕਰ ਦਿੱਤੇ ਹਨ। ਕਿਸੇ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੱਲ, ਕਿਸੇ ਨੇ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਵੱਲ, ਪਰ ਇਹ ਕਿਸੇ ਨੇ ਵੀ ਨਹੀਂ ਸੋਚਿਆ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਦਿੱਤੇ ਹੁਕਮਾਂ ਦਾ ਪਾਲਣ ਕਰਨਾ ਹੈ। ਸਿੰਘ ਸਾਹਿਬਾਨ ਦੇ ਵੱਲੋਂ ਅਕਾਲੀ ਦਲ ਦੇ ਪ੍ਰਧਾਨ ਦਾ ਅਸਤੀਫ਼ਾ ਤਿੰਨ ਦਿਨ ਦੇ ਅੰਦਰ ਅੰਦਰ ਮਨਜ਼ੂਰ ਕਰਨ ਲਈ ਕਿਹਾ ਗਿਆ ਸੀ, ਪਰ ਅਕਾਲੀ ਦਲ ਦੀ ਅਧਾਰਹੀਣ ਲੀਡਰਸ਼ਿਪ ਨੇ ਇਸ ਹੁਕਮ ਦੀ ਪ੍ਰਵਾਹ ਨਹੀਂ ਕੀਤੀ ਭਾਵ ਅਵੱਗਿਆ ਕੀਤੀ। ਅਕਾਲੀ ਦਲ ਦੀ ਨਵੀਂ ਭਰਤੀ ਲਈ ਇੱਕ ਕਮੇਟੀ ਦਾ ਗਠਨ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਕੀਤਾ ਗਿਆ ਸੀ। ਇਸ ਦੇ ਬਾਵਜੂਦ ਕਿ ਉਹ ਕਮੇਟੀ ਵੀ ਅਕਾਲੀ ਦਲ ਦੇ ਦੋਵਾਂ ਧੜਿਆਂ ਦੀ ਹੀ ਬਣਾਈ ਗਈ ਜਿਸ ਵਿੱਚ ਬਾਕੀ ਪੰਥਕ ਧਿਰਾਂ ਨੂੰ ਸ਼ਾਮਲ ਨਹੀਂ ਸੀ ਕੀਤਾ ਗਿਆ, ਫਿਰ ਵੀ ਅਕਾਲੀ ਦਲ ਵਾਲਿਆਂ ਨੇ ਪੰਜ ਸਿੰਘ ਸਾਹਿਬਾਨ ਦੇ ਹੁਕਮਾਂ ਦੀ ਪਾਲਣਾ ਨਹੀਂ ਕੀਤੀ। ਪੰਜ ਸਿੰਘ ਸਾਹਿਬਾਨ ਨੂੰ ਅਸਤੀਫ਼ੇ ਪਰਵਾਨ ਕਰਨ ਲਈ ਦਿੱਤਾ ਸਮਾਂ ਵੀ ਤਿੰਨ ਦਿਨ ਤੋਂ ਵਧਾ ਕੇ 20 ਦਿਨ ਕਰ ਦਿੱਤਾ ਗਿਆ, ਪਰ ਇੰਝ ਜਾਪਦਾ ਹੈ ਕਿ ਅਕਾਲੀ ਦਲ ਵਾਲੇ ਇਹਨਾਂ ਵੀਹਾਂ ਦਿਨਾਂ ਵਿੱਚ ਜ਼ਰੂਰ ਕੋਈ ਅਜਿਹੀ ਵਿਉਂਤ ਬਨਾਉਣਗੇ, ਜਿਸ ਨਾਲ ਪੁਰਾਣੀ ਲੀਡਰਸ਼ਿਪ ਨੂੰ ਹੀ ਜਿਉਂ ਦਾ ਕੀਤਾ ਜਾ ਸਕੇ। ਹੁਣ ਇੱਕ ਹੋਰ ਕਾਨੂੰਨੀ ਪੇਚੀਦਗੀ ਦਾ ਹੋ ਹੱਲਾ ਵੀ ਵੱਡੀ ਪੱਧਰ ਉੱਪਰ ਸ਼ੁਰੂ ਹੋ ਗਿਆ ਹੈ, ਉਹ ਹੈ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਬਣਾਈ ਉਹ ਕਮੇਟੀ, ਜਿਹੜੀ ਪੁਰਾਣੀ ਲੀਡਰਸ਼ਿਪ ਨੂੰ ਨਕਾਰ ਕੇ ਨਵੀਂ ਭਰਤੀ ਅਤੇ ਪਾਰਟੀ ਪ੍ਰਧਾਨ ਦੀ ਨਵੀਂ ਚੋਣ ਲਈ ਬਣਾਈ ਗਈ ਸੀ। ਉਸ ਸਬੰਧੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦਾ ਵੀ ਬਿਆਨ ਅਖ਼ਬਾਰਾਂ ਵਿੱਚ ਛਪਿਆ ਹੈ ਕਿ ਸਿੰਘ ਸਾਹਿਬਾਨ ਨੂੰ ਵੀ ਇਸ ਕਾਨੂੰਨੀ ਪੇਚੀਦਗੀ ਸਬੰਧੀ ਜਾਣੂ ਕਰਵਾ ਦਿੱਤਾ ਗਿਆ ਹੈ, ਜਿਸ ਲਈ ਸਿੰਘ ਸਾਹਿਬਾਨ ਨੇ ਲਿਖਤੀ ਜਵਾਬ ਮੰਗਿਆ ਹੈ, ਪਰ ਸੋਚਣ ਵਾਲੀ ਗੱਲ ਇਹ ਹੈ ਕਿ ਲਿਖਤੀ ਜਵਾਬ ਦੇਣ ਤੋ ਬਾਅਦ ਕੀ ਸਿੰਘ ਸਾਹਿਬਾਨ ਆਪਣੇ ਫੈਸਲੇ ਨੂੰ ਬਦਲ ਸਕਦੇ ਹਨ ? ਕੀ ਸ੍ਰੀ ਅਕਾਲ ਤਖ਼ਤ ਸਾਹਿਬ ਵਰਗੀ ਸਰਬ ਉੱਚ ਸੰਸਥਾ ਜਿਹੜੀ ਛੇਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਵੱਲੋਂ ਦੁਨਿਆਵੀ ਸੱਤਾ ਨੂੰ ਰੱਦ ਕਰਕੇ ਸਿੱਖਾਂ ਦੀ ਅਜ਼ਾਦ ਪ੍ਰਭੂ ਸੱਤਾ ਦੇ ਪ੍ਰਤੀਕ ਵਜੋਂ ਖੜੀ ਕੀਤੀ ਗਈ ਸੀ, ਉਹ ਮਹਾਨ ਸੰਸਥਾ ਕਿਸੇ ਦੁਨਿਆਵੀ ਚੋਣ ਕਮਿਸ਼ਨ ਦੇ ਮੁਥਾਜ ਹੋ ਸਕਦੀ ਹੈ ? ਕੀ ਇਹ ਸਾਰਾ ਬਿਰਤਾਂਤ ਇਸ ਸੰਸਥਾ ਦੇ ਮੁੜ ਉੱਚੇ ਹੋਏ ਵਕਾਰ ਨੂੰ ਢਾਹ ਲਾਉਣ ਲਈ ਤਾਂ ਨਹੀਂ ਸਿਰਜਿਆ ਜਾ ਰਿਹਾ ? ਇਹਨਾਂ 'ਤੇ ਗੌਰ ਕਰਨ ਦੀ ਲੋੜ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦਾ ਫਰਜ਼ ਤਾਂ ਇਹ ਬਣਦਾ ਸੀ ਕਿ ਉਹ ਭਾਰਤੀ ਚੋਣ ਕਮਿਸ਼ਨ ਨੂੰ ਇਹ ਲਿਖਤੀ ਜਵਾਬ ਦਿੰਦੇ ਕਿ ਗੁਰੂ ਸਾਹਿਬਾਨ ਦੇ ਆਦੇਸ਼ਾਂ ਮੁਤਾਬਿਕ ਸਿੱਖਾਂ ਦੀ ਸਿਆਸਤ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੁਤਾਹਿਤ ਹੀ ਹੁੰਦੀ ਹੈ। ਸਿੱਖਾਂ ਦੀ ਸਿਆਸਤ ਨੂੰ ਸਾਡੇ ਛੇਵੇਂ ਪਾਤਸ਼ਾਹ ਨੇ ਧਰਮ ਦੇ ਕੁੰਡੇ ਅਧੀਨ ਰੱਖਿਆ ਹੈ, ਇਸ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਆਏ ਹੁਕਮਾਂ ਮੁਤਾਬਿਕ ਸਿਆਸਤ ਕਰਨੀ ਹਰ ਸਿੱਖ ਦਾ ਨੈਤਿਕ ਫਰਜ਼ ਹੈ, ਜਿਸ ਨੂੰ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ ਪਰ ਸਾਡੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਤਾਂ ਚੋਣ ਕਮਿਸ਼ਨ ਨੂੰ ਜਵਾਬ ਦੇਣ ਦੀ ਬਜਾਏ ਸਿੰਘ ਸਾਹਿਬਾਨ ਨੂੰ ਚੋਣ ਕਮਿਸ਼ਨ ਦਾ ਡਰ ਦਿਖਾ ਰਹੇ ਹਨ। ਇਸ ਤੋਂ ਸਾਫ ਜ਼ਾਹਰ ਹੈ ਕਿ ਸਿੱਖਾਂ ਦੀ ਮੌਜੂਦਾ ਲੀਡਰਸ਼ਿਪ ਨਹੀਂ ਚਾਹੁੰਦੀ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਤਾਕਤ ਸਿੱਖ ਸਿਆਸਤ ਨੂੰ ਪ੍ਰਭਾਵਤ ਕਰੇ, ਕਿਉਂਕਿ ਭਾਰਤੀ ਸਟੇਟ ਨਾਲ ਸਾਂਝ ਭਿਆਲੀ ਰੱਖਕੇ ਸਿੱਖੀ ਸਿਧਾਂਤਾਂ ਦੀ ਰੌਸ਼ਨੀ ਵਿੱਚ ਸਿਆਸਤ ਕੀਤੀ ਹੀ ਨਹੀਂ ਜਾ ਸਕਦੀ। ਇਸ ਕਰਕੇ ਸਮੁੱਚੇ ਸਿੱਖ ਪੰਥ ਨੂੰ ਚਾਹੀਦਾ ਹੈ ਕਿ ਸਿੰਘ ਸਾਹਿਬਾਨ ਨੂੰ ਸੁਝਾਅ ਦੇਣ ਦੀ ਬਜਾਏ ਭਾਰਤੀ ਤੰਤਰ ਨੂੰ ਇਹ ਦੱਸਿਆ ਜਾਵੇ ਕਿ ਸਿੱਖ ਸਿਧਾਂਤ ਕੀ ਹਨ ? ਸਿੱਖਾਂ ਦੀ ਰਾਜਨੀਤੀ ਕਿਵੇਂ ਦੀ ਹੋਵੇਗੀ ? ਰਾਜਨੀਤੀ 'ਤੇ ਧਰਮ ਦੇ ਕੁੰਡੇ ਵਾਲੇ ਸਿਧਾਂਤ ਦੀ ਵਿਆਖਿਆ ਹਰ ਸਿੱਖ ਨੂੰ ਖੁਦ ਨੂੰ ਜਾਨਣੀ ਅਤੇ ਅੱਗੇ ਦੱਸਣੀ ਹੋਵੇਗੀ। ਇਹ ਸਿੱਖਾਂ ਲਈ ਬਹੁਤ ਹੀ ਦਰਦ ਭਰੇ ਅਹਿਸਾਸ ਵਾਲਾ ਬਿਰਤਾਂਤ ਹੈ ਕਿ ਸਾਡੀਆਂ ਸੰਸਥਾਵਾਂ 'ਤੇ ਕਾਬਜ਼ ਲੋਕ ਇਸ ਕਾਬਲ ਨਹੀਂ ਰਹੇ ਕਿ ਉਹ ਆਪਣੇ ਸਿਧਾਂਤਾਂ ਦੀ ਗੱਲ ਦ੍ਰਿੜ੍ਹਤਾ ਨਾਲ ਕਰ ਸਕਣ ਜਾਂ ਉਹਨਾਂ 'ਤੇ ਪਹਿਰਾ ਦੇ ਸਕਣ। ਬਲਕਿ ਉਹ ਲੋਕ ਰਾਜਨੀਤਕ ਸੱਤਾ ਅਤੇ ਧਾਰਮਿਕ ਸੱਤਾ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਮੇਤ ਵੱਡੀਆਂ ਸਿੱਖ ਸੰਸਥਾਵਾਂ) 'ਤੇ ਕਾਬਜ਼ ਰਹਿਣ ਲਈ ਸਿੱਖੀ ਸਿਧਾਂਤਾਂ ਤੋਂ ਮੁਨਕਰ ਹੋਣ ਦੇ ਨਾਲ ਸਿਧਾਂਤਾਂ ਨੂੰ ਪ੍ਰਭਾਵਹੀਣ ਕਰਨ ਲਈ ਲੰਮੇ ਸਮੇਂ ਤੋਂ ਕੇਂਦਰੀ ਤਾਕਤਾਂ ਨਾਲ ਹੱਥ ਮਿਲਾ ਕੇ ਚੱਲ ਰਹੇ ਹਨ, ਜਿਸ ਦਾ ਖਮਿਆਜ਼ਾ ਸਿੱਖ ਕੌਮ ਨੂੰ ਆਪਣੀਆਂ ਮਹਾਨ ਸੰਸਥਾਵਾਂ ਅਤੇ ਸਿੱਖੀ ਸਿਧਾਂਤਾਂ ਦਾ ਮਲ਼ੀਆਮੇਟ ਕਰਵਾ ਕੇ ਝੱਲਣਾ ਪੈ ਰਿਹਾ ਹੈ। ਸੋ ਉਪਰੋਕਤ ਸਮੁੱਚੇ ਵਰਤਾਰਿਆਂ ਦੇ ਸੰਦਰਭ ਵਿੱਚ ਸਿੱਖਾਂ ਨੂੰ ਅਵੇਸਲ਼ੇਪਣ ਨੂੰ ਤਿਆਗ ਕੇ ਬੇਹੱਦ ਸਾਵਧਾਨੀ ਨਾਲ ਜਾਗਦੀ ਸੋਚ, ਖੁੱਲ੍ਹੀ ਅੱਖ ਅਤੇ ਜਿਉਂਦੀ ਜ਼ਮੀਰ ਨਾਲ ਸਿੱਖੀ ਸਿਧਾਂਤਾਂ ਦੀ ਰਾਖੀ ਕਰਨ ਲਈ ਦ੍ਰਿੜ੍ਹ ਸੰਕਲਪ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਬ ਉੱਚਤਾ ਨੂੰ ਸਦੀਵੀ ਕਾਇਮ ਰੱਖਣ ਲਈ ਤਿਆਰ ਬਰ ਤਿਆਰ ਰਹਿਣਾ ਪਵੇਗਾ।



# ਪੰਜਾਬ ਦੇ ਥਾਣਿਆਂ ਵਿੱਚ ਹੋ ਰਹੇ ਧਮਾਕਿਆਂ ਪਿੱਛੇ ਕੌਣ ?

ਰਜਿੰਦਰ ਸਿੰਘ ਪੁਰੇਵਾਲ








ਪੰਜਾਬ ਵਿੱਚ ਕੁਝ ਸਮੇਂ ਤੋਂ ਥਾਣਿਆਂ ਵਿੱਚ ਹੋ ਰਹੇ ਧਮਾਕਿਆਂ ਤੇ ਗ੍ਰਨੇਡ ਹਮਲਿਆਂ ਦੀਆਂ ਰਿਪੋਰਟਾਂ ਕਾਰਨ ਪੰਜਾਬੀਆਂ ਵਿੱਚ ਸਹਿਮ ਹੈ ਕਿ ਕਿਤੇ ਪੰਜਾਬ ਦੇ ਹਾਲਾਤ ਨਾ ਵਿਗੜ ਜਾਣ। ਬੇਗੁਨਾਹ ਸਿੱਖ ਨੌਜਵਾਨਾਂ ਨੂੰ ਪੁਲਿਸ ਵੱਲੋਂ ਮੁੜਕੇ ਇਸ ਦਾ ਬਹਾਨਾ ਬਣਾਕੇ ਸ਼ਿਕਾਰ ਨਾ ਬਣਾਇਆ ਜਾਵੇ। ਹਾਲੇ ਤੱਕ ਇਹ ਸਪਸ਼ਟ ਨਹੀਂ ਹੋ ਰਿਹਾ ਕਿ ਇਨ੍ਹਾਂ ਧਮਾਕਿਆਂ ਪਿੱਛੇ ਕੌਣ ਹੈ ਅਤੇ ਅਜਿਹਾ ਕਿਸ ਰਣਨੀਤੀ ਜਾਂ ਡਿਜ਼ਾਈਨ ਹੇਠ ਹੋ ਰਿਹਾ ਹੈ ? ਪੁਲਿਸ ਅਧਿਕਾਰੀਆਂ ਦੀਆਂ ਕਿਆਸ ਅਰਾਈਆਂ ਹਨ ਕਿ ਸੂਬੇ ਵਿੱਚ ਗੈਂਗਸਟਰਵਾਦ ਤੇ ਨਸ਼ਿਆਂ ਨੂੰ ਰੋਕਣ ਲਈ ਪੁਲਿਸ ਨੇ ਜੋ ਸਖਤੀ ਕੀਤੀ ਹੈ, ਇਹ ਘਟਨਾਵਾਂ ਉਸ ਦੇ ਪ੍ਰਤੀਕਰਮ ਵਜੋਂ ਗੈਂਗਸਟਰਾਂ ਦੀ ਦੇਣ ਹਨ। ਉਹ ਪੁਲਿਸ ਤੰਤਰ ਵਿੱਚ ਦਹਿਸ਼ਤ ਪੈਦਾ ਕਰਨ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ ।ਇਨ੍ਹਾਂ ਧਮਾਕਿਆਂ ਤੋਂ ਬਾਅਦ ਰਿਪੋਰਟਾਂ ਇਹ ਵੀ ਹਨ ਕਿ ਸਰਹੱਦੀ ਖੇਤਰ ਵਿੱਚ ਕੁਝ ਥਾਣਿਆਂ ਤੇ ਚੌਕੀਆਂ ਦੀ ਚਾਰਦੀਵਾਰੀ ਉੱਚੀ ਕੀਤੀ ਜਾ ਰਹੀ ਹੈ, ਕੰਡਿਆਲੀਆਂ ਤਾਰਾਂ ਲਗਾਉਣ ਤੇ ਸੁਰੱਖਿਆ ਵਧਾਉਣ ਦੇ ਵੀ ਫ਼ੈਸਲੇ ਲਏ ਜਾ ਰਹੇ ਹਨ ।

ਪੁਲਿਸ ਲਈ ਵੱਡੀ ਚਿੰਤਾ ਦਾ ਵਿਸ਼ਾ ਹਥਿਆਰਾਂ ਦੀ ਸਪਲਾਈ ਦਾ ਹੈ ਅਤੇ ਪੰਜਾਬ ਪੁਲਿਸ ਵੱਲੋਂ ਮਗਰਲੇ ਦਿਨਾਂ ਦੌਰਾਨ ਜਿੰਨੇ ਵੱਡੇ ਪੱਧਰ ਹਥਿਆਰਾਂ ਦੀਆਂ ਖੇਪਾਂ ਫ਼ੜੀਆਂ ਹਨ ਅਤੇ ਦੂਜੇ ਸੂਬਿਆਂ ਤੋਂ ਕੁਝ ਹਥਿਆਰਾਂ ਦੇ ਸਪਲਾਇਰ ਵੀ ਫ਼ੜੇ ਹਨ, ਉਸ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਕੁਝ ਦੂਜੇ ਸੂਬਿਆਂ ਅਤੇ ਸਰਹੱਦ ਪਾਰ ਤੋਂ ਕਿੰਨੀ ਵੱਡੀ ਮਾਤਰਾ ਵਿੱਚ ਹਥਿਆਰ ਆ ਰਹੇ ਹਨ। ਪ੍ਰਮੁੱਖ ਵਿਅਕਤੀਆਂ ਦੀ ਸੁਰੱਖਿਆ ਨੂੰ ਖ਼ਤਰੇ ਕਾਰਨ ਸੂਬੇ ਵਿੱਚ ਬੁਲਟ ਪਰੂਫ਼ ਗੱਡੀਆਂ ਦੀ ਮੰਗ ਵੀ ਵੱਧ ਰਹੀ ਹੈ।


ਲੇਕਿਨ ਪੁਲਿਸ ਨੂੰ ਅਜੇ ਪੂਰੀ ਤਰ੍ਹਾਂ ਇਹ ਸਪਸ਼ਟ ਨਹੀਂ ਹੋ ਰਿਹਾ ਕਿ ਇਨ੍ਹਾਂ ਘਟਨਾਵਾਂ ਪਿੱਛੇ ਅਸਲ ਵਿੱਚ ਕਿਹੜੀਆਂ ਤਾਕਤਾਂ ਹਨ।

ਇਸ ਬਾਰੇ ਡੀਜੀਪੀ ਨੇ ਪੁਲਿਸ ਅਫ਼ਸਰਾਂ ਦੀ ਮੀਟਿੰਗ ਵੀ ਸੱਦ ਲਈ ਹੈ। ਕੇਂਦਰੀ ਏਜੰਸੀਆਂ ਵੱਲੋਂ ਸੂਬੇ ਨੂੰ ਵੱਡੀ ਵਾਰਦਾਤ ਸਬੰਧੀ ਵੀ ਚਿਤਾਵਨੀ ਦਿੱਤੀ ਗਈ ਹੈ, ਜਦੋਂ ਕਿ ਏਜੰਸੀਆਂ ਨੂੰ ਖ਼ਦਸ਼ਾ ਹੈ ਕਿ ਸੂਬੇ ਵਿੱਚ ਪ੍ਰਮੁੱਖ ਸਿਆਸਤਦਾਨਾਂ ਲਈ ਵੀ ਖ਼ਤਰਾ ਹੋ ਸਕਦਾ ਹੈ।ਸਰਕਾਰੀ ਏਜੰਸੀ ਦਾ ਦਾਅਵਾ ਹੈ ਕਿ ਪੰਜਾਬ ਵਿਚਲੀ ਖਾੜਕੂ ਲਹਿਰ ਮੌਕੇ ਵਿਚਾਰਧਾਰਕ ਕਾਰਨਾਂ ਲਈ ਲੋਕ ਖਾੜਕੂ ਲਹਿਰ ਵਿੱਚ ਸ਼ਾਮਿਲ ਹੋ ਰਹੇ ਸਨ ਹੁਣ ਉਸ ਦਾ ਸਥਾਨ ਗੈਂਗਸਟਰਵਾਦ ਲੈ ਰਿਹਾ ਹੈ , ਕਿਉਂਕਿ ਖਾੜਕੂ ਧੜਿਆਂ ਦੇ ਗੈਂਗਸਟਰਾਂ ਨਾਲ ਸਬੰਧ ਬਣ ਗਏ ਹਨ ਅਤੇ ਵਿਦੇਸ਼ਾਂ ਵਿੱਚ ਬੈਠੇ ਗੈਂਗਸਟਰ ਵਿਦੇਸ਼ੀ ਏਜੰਸੀਆਂ ਦੇ ਸੰਪਰਕ ਵਿੱਚ ਵੀ ਹੋ ਸਕਦੇ ਹਨ। ਹਾਲਾਂਕਿ ਦਰਜਨਾਂ ਸੰਗੀਨ ਇਲਜ਼ਾਮਾਂ ਦੇ ਦੋਸ਼ ਹੇਠ ਜੇਲ੍ਹ ਵਿੱਚ ਬੰਦ ਗੈਂਗਸਟਰ ਲਾਰੈਂਸ ਬਿਸ਼ਨੋਈ ਦੀ 2023 ਵਿੱਚ ਇੱਕ ਪ੍ਰਾਈਵੇਟ ਟੀਵੀ ਚੈਨਲ 'ਤੇ ਟੈਲੀਕਾਸਟ ਹੋਈ ਇੰਟਰਵਿਊ ਦੇ ਮਾਮਲੇ ਵਿੱਚ ਹੁਣੇ ਜਿਹੇ ਪੰਜਾਬ ਸਰਕਾਰ ਨੇ ਆਪਣੀ ਪੁਲਿਸ ਦੇ ਇੱਕ ਡੀ.ਐੱਸ.ਪੀ. ਨੂੰ ਬਰਖ਼ਾਸਤ ਕਰਨ ਦਾ ਫ਼ੈਸਲਾ ਕੀਤਾ ਹੈ। ਇਹ ਕਾਰਵਾਈ ਉਦੋਂ ਹੋਈ ਸੀ ਜਦ ਹਾਈ ਕੋਰਟ ਨੇ ਇਸ ਮਾਮਲੇ ਵਿੱਚ ਪੰਜਾਬ ਦੇ ਡਾਇਰੈਕਟਰ ਜਨਰਲ-ਪੁਲਿਸ (ਡੀ.ਜੀ.ਪੀ.) ਦੀ ਝਾੜ-ਝੰਬ ਕੀਤੀ ਪਰ ਵੱਡੇ ਅਫ਼ਸਰਾਂ ਵਿਰੁੱਧ ਕਿਉਂ ਕਾਰਵਾਈ ਨਹੀਂ ਹੋਈ ? ਜਾਂਚ ਇਥੇ ਠੱਪ ਕਿਉਂ ਕਰ ਦਿੱਤੀ ਗਈ ?

ਮਾਰਚ 2023 ਵਿੱਚ ਗੈਂਗਸਟਰ ਲਾਰੰਸ ਦੀਆਂ ਇੱਕ ਤੋਂ ਬਾਅਦ ਇੱਕ ਦੋ ਇੰਟਰਵਿਊਜ਼ ਪ੍ਰਸਾਰਿਤ ਹੋਈਆਂ ਸਨ ਜਿਸ ਤੋਂ ਬਾਅਦ ਪੁਲਿਸ ਤੇ ਜੇਲ੍ਹ ਪ੍ਰਸ਼ਾਸਨ ਦੀ ਘੋਰ ਲਾਪ੍ਰਵਾਹੀ 'ਤੇ ਸਵਾਲ ਉੱਠੇ ਸਨ। ਹਾਲਾਂਕਿ ਉਸ ਵੇਲੇ ਡੀ.ਜੀ.ਪੀ. ਨੇ ਮੀਡੀਆ 'ਚ ਝਟਪਟ ਇਹ ਦਾਅਵਾ ਕਰ ਦਿੱਤਾ ਸੀ ਕਿ ਇੰਟਰਵਿਊ ਪੰਜਾਬ ਦੀ ਕਿਸੇ ਜੇਲ੍ਹ ਵਿੱਚ ਨਹੀਂ ਹੋਈ ਜਦੋਂਕਿ ਬਾਅਦ ਵਿੱਚ ਅਦਾਲਤੀ ਹੁਕਮਾਂ 'ਤੇ ਇਸ ਮਾਮਲੇ ਦੀ ਜਾਂਚ ਲਈ ਬਣੀ ਵਿਸ਼ੇਸ਼ ਜਾਂਚ ਟੀਮ (ਸਿਟ) ਨੂੰ ਪੜਤਾਲ ਤੋਂ ਬਾਅਦ ਪਤਾ ਲੱਗਾ ਕਿ ਇਨ੍ਹਾਂ 'ਚੋ ਇੱਕ ਇੰਟਰਵਿਊ ਖਰੜ ਦੇ ਸੀ.ਆਈ.ਏ. ਪੁਲਿਸ ਸਟੇਸ਼ਨ ਵਿੱਚ ਉਦੋਂ ਹੋਈ ਸੀ ਜਦੋਂ ਮੁਲਜ਼ਮ ਪੰਜਾਬ ਪੁਲਿਸ ਦੀ ਹਿਰਾਸਤ ਵਿੱਚ ਸੀ। 'ਸਿਟ' ਨੇ ਇਸ ਮਾਮਲੇ ਵਿੱਚ ਕਈ ਪੁਲਿਸ ਅਧਿਕਾਰੀਆਂ ਦੀ ਮਿਲੀਭੁਗਤ ਦਾ ਵੀ ਖ਼ੁਲਾਸਾ ਕੀਤਾ ਸੀ। ਅਧਿਕਾਰੀ ਦੀ ਬਰਖ਼ਾਸਤਗੀ ਬਾਰੇ ਸਰਕਾਰ ਦਾ ਪੱਖ ਸੁਣਨ ਤੋਂ ਬਾਅਦ ਹਾਈ ਕੋਰਟ ਨੇ ਡੀ.ਜੀ.ਪੀ. ਨੂੰ ਸਵਾਲ ਪੁੱਛਿਆ ਹੈ ਕਿ ਉਨ੍ਹਾਂ ਕਿਹੜੇ ਆਧਾਰ 'ਤੇ ਇਹ ਬਿਆਨ ਦਿੱਤਾ ਸੀ ਕਿ ਇੰਟਰਵਿਊ ਸੂਬੇ ਦੀ ਕਿਸੇ ਜੇਲ੍ਹ ਵਿੱਚ ਨਹੀਂ ਹੋਈ, ਜਦੋਂਕਿ ਮੁਲਜ਼ਮ ਉਸ ਵੇਲੇ ਪੰਜਾਬ ਪੁਲਿਸ ਦੀ ਹਿਰਾਸਤ ਵਿੱਚ ਹੀ ਸੀ। ਅਦਾਲਤ ਦਾ ਇਹ ਕਹਿਣਾ ਬਿਲਕੁਲ ਵਾਜਿਬ ਹੈ ਕਿ ਪੁਲਿਸ ਮੁਖੀ ਨੂੰ ਪਹਿਲਾਂ ਮਾਮਲੇ ਦੀ ਪੂਰੀ ਪੁਣ-ਛਾਣ ਕਰਨੀ ਚਾਹੀਦੀ ਸੀ ਕਿਉਂਕਿ ਇਹ ਪਾਰਦਰਸ਼ਤਾ ਰੱਖਣ ਤੇ ਲੋਕਾਂ ਦੇ ਭਰੋਸੇ ਦਾ ਸਵਾਲ ਹੈ, ਜ਼ਿੰਮੇਵਾਰ ਅਹੁਦਿਆਂ 'ਤੇ ਬੈਠਣ ਵਾਲੇ ਉੱਚ ਅਧਿਕਾਰੀ ਇਸ ਤਰ੍ਹਾਂ ਦੇ ਗੰਭੀਰ ਮਸਲਿਆਂ ਨੂੰ ਛੇਤੀ ਕਿਤੇ ਸਿਰੇ ਤੋਂ ਖਾਰਜ ਨਹੀਂ ਕਰ ਸਕਦੇ। ਇਸ ਤੋਂ ਇਲਾਵਾ ਇਹ ਸਵਾਲ ਵੀ ਜਿਉਂ ਦਾ ਤਿਉਂ ਖੜ੍ਹਾ ਹੈ ਕਿ ਕੀ ਡੀ.ਐੱਸ.ਪੀ. ਪੱਧਰ ਦੇ ਅਫ਼ਸਰ ਨੇ ਆਪਣੇ ਤੌਰ 'ਤੇ ਹੀ ਇੰਟਰਵਿਊ ਕਰਵਾ ਦਿੱਤੀ ਸੀ ਜਾਂ ਇਸ ਮਾਮਲੇ ਵਿੱਚ ਹੋਰ ਲੋਕ ਵੀ ਸ਼ਾਮਿਲ ਸਨ। ਮਾਮਲਾ ਰਾਸ਼ਟਰੀ ਪੱਧਰ ਦੀ ਸੁਰਖ਼ੀ ਬਣਨ ਕਰ ਕੇ ਸੂਬਾ ਸਰਕਾਰ ਦੀ ਵੀ ਕਿਰਕਿਰੀ ਹੋਈ ਤੇ ਸਿਆਸੀ ਦੂਸ਼ਣਬਾਜ਼ੀ ਭਾਰੂ ਰਹੀ। ਇਸ ਮਾਮਲੇ 'ਚ ਕਈ ਪੁਲੀਸ ਕਰਮੀਆਂ ਦੀ ਮਿਲੀਭੁਗਤ ਉਜਾਗਰ ਹੋਣ ਨਾਲ ਪੁਲਿਸ ਦੀ ਸਾਖ਼ ਖ਼ਰਾਬ ਹੋਈ ਹੈ।

ਇਸ ਤੋਂ ਸਪਸ਼ਟ ਹੈ ਕਿ ਗੈਂਗਸਟਰਵਾਦ ਭ੍ਰਿਸ਼ਟ ਪੁਲਿਸ ਅਫ਼ਸਰਾਂ ਦੀ ਦੇਣ ਹੈ। ਕੈਨੇਡਾ ਸਰਕਾਰ ਨੇ ਤਾਂ ਲਾਰੰਸ ਗਿਰੋਹ ਨੂੰ ਭਾਰਤ ਸਰਕਾਰ ਦੀ ਦੇਣ ਦਸਿਆ ਸੀ ,ਜਿਸਨੇ ਕੈਨੇਡਾ ਵਿੱਚ ਵਾਰਦਾਤਾਂ ਕੀਤੀਆਂ। ਪਰ ਸੱਚ ਕੀ ਹੈ। ਇਸ ਦੀ ਜਾਂਚ ਸੁਪਰੀਮ ਕੋਰਟ ਦੀ ਅਗਵਾਈ ਵਿੱਚ ਨਿਰਪੱਖ ਏਜੰਸੀ ਵਲੋਂ ਕੀਤੀ ਜਾਣੀ ਚਾਹੀਦੀ ਹੈ। ਵਾਰ ਵਾਰ ਪੰਜਾਬ ਨੂੰ ਟਾਰਗੇਟ ਕਿਉਂ ਕੀਤਾ ਜਾ ਰਿਹਾ ਹੈ ? ਪੰਜਾਬ ਵਿੱਚ ਹਿੰਸਕ ਖਬਰਾਂ ਕਿਉਂ ਆ ਰਹੀਆਂ ਨੇ ? ਇਸ ਪਿੱਛੇ ਕੀ ਸਿਆਸਤ ਹੈ ?

# ਦਿੱਲੀ ਦੇ ਨਿਰਮਾਣ 'ਚ ਪੰਜਾਬੀਆਂ ਦਾ ਯੋਗਦਾਨ



ਕੁੱਕੀ ਗਿੱਲ

ਵਿਅਸਤ ਤਿਲਕ ਪੁਲ ਦੇ ਬਿਲਕੁਲ ਬਾਹਰ ਭਗਵਾਨ ਹਨੂੰਮਾਨ ਦੀ ਵਿਸ਼ਾਲ ਮੂਰਤੀ ਵਾਲੇ ਮੰਦਿਰ ਦੇ ਪੁਜਾਰੀ ਪੰਡਿਤ ਸਾਧੂ ਰਾਮ ਨੂੰ ਯਾਦ ਹੈ ਜਦੋਂ ਇਹ ਹਾਰਡਿੰਗ ਬ੍ਰਿਜ ਵਜੋਂ ਜਾਣਿਆ ਜਾਂਦਾ ਸੀ ਅਤੇ ਖੇਤਰ ਨੂੰ ਹਾਰਡਿੰਗ ਲੇਨ ਕਿਹਾ ਜਾਂਦਾ ਸੀ। ਇਹ ਨਾਂ 1970 ਦੇ ਦਹਾਕੇ ਵਿੱਚ ਬਦਲੇ ਗਏ ਸਨ। ਬੇਸ਼ੱਕ, ਦਿੱਲੀ ਭਾਰਤ ਦੇ ਵਾਇਸਰਾਏ, ਲਾਰਡ ਹਾਰਡਿੰਗ ਦੀ ਰਿਣੀ ਹੈ ਕਿਉਂਕਿ ਉਸਦੀ ਸਿਫ਼ਾਰਸ਼ ਦੇ ਕਾਰਨ, ਭਾਰਤ ਦੀ ਰਾਜਧਾਨੀ ਕੋਲਕਾਤਾ ਤੋਂ ਦਿੱਲੀ ਤਬਦੀਲ ਹੋ ਗਈ ਸੀ। 25 ਅਗਸਤ, 1911 ਨੂੰ ਸ਼ਿਮਲਾ ਤੋਂ ਬ੍ਰਿਟਿਸ਼ ਸਰਕਾਰ ਨੂੰ ਲਿਖੇ ਇੱਕ ਪੱਤਰ ਵਿੱਚ, ਲਾਰਡ ਹਾਰਡਿੰਗ ਨੇ ਲਿਖਿਆ, ਬ੍ਰਿਟੇਨ ਲਈ ਕਲਕੱਤਾ (ਹੁਣ ਕੋਲਕਾਤਾ) ਦੇ ਮੁਕਾਬਲੇ ਦਿੱਲੀ ਨੂੰ ਰਾਜਧਾਨੀ ਬਣਾ ਕੇ ਰਾਜ ਕਰਨਾ ਇੱਕ ਬਿਹਤਰ ਵਿਕਲਪ ਹੋਵੇਗਾ। ਲਾਰਡ ਹਾਰਡਿੰਗ ਨੇ 1910 ਤੋਂ 1916 ਤੱਕ ਭਾਰਤ ਦੇ ਵਾਇਸਰਾਏ ਅਤੇ ਗਵਰਨਰ ਜਨਰਲ ਵਜੋਂ ਸੇਵਾ ਨਿਭਾਈ।

ਬੁਰਾੜੀ ਨੇੜੇ ਤਾਜਪੋਸ਼ੀ ਪਾਰਕ ਵਿੱਚ 12 ਦਿਸੰਬਰ 1911 ਨੂੰ ਆਯੋਜਿਤ ਕੀਤੇ ਤੀਜੇ ਦਿੱਲੀ ਦਰਬਾਰ ਵਿੱਚ ਰਾਜਧਾਨੀ ਨੂੰ ਕੋਲਕਾਤਾ ਤੋਂ ਦਿੱਲੀ ਤਬਦੀਲ ਕਰਨ ਦਾ ਐਲਾਨ ਕੀਤਾ ਗਿਆ ਸੀ। ਇਸ ਨੇ ਕਿੰਗ ਜਾਰਜ ਪੰਜਵੇਂ ਦੀ ਤਾਜਪੋਸ਼ੀ ਨੂੰ ਵੀ ਚਿੰਨ੍ਹਿਤ ਕੀਤਾ। ਸਮੇਂ ਦੀ ਸਿਤਮਜ਼ਰੀਫੀ ਹੈ ਕਿ ਬਹੁਤ ਸਾਰੇ ਜੋ ਅੱਜ ਤਾਜਪੋਸ਼ੀ ਪਾਰਕ ਤੋਂ ਲੰਘਦੇ ਹਨ, ਇਸ ਦੇ ਇਤਿਹਾਸਕ ਮਹੱਤਵ ਤੋਂ ਅਣਜਾਣ ਹਨ। ਕਿੰਗ ਜਾਰਜ ਪੰਜਵੇਂ ਦੀ ਇੱਕ ਮੂਰਤੀ ਅਜੇ ਵੀ ਕੋਰੋਨੇਸ਼ਨ ਪਾਰਕ ਵਿੱਚ ਦੇਖੀ ਜਾ ਸਕਦੀ ਹੈ। ਇਹੀ ਮੂਰਤੀ 1968 ਤੱਕ ਇੰਡੀਆ ਗੇਟ 'ਤੇ ਖੜ੍ਹੀ ਸੀ, ਜਦੋਂ ਇਸਦੀ ਥਾਂ ਨੇਤਾਜੀ ਸੁਭਾਸ਼ ਚੰਦਰ ਬੋਸ ਦੀ ਮੂਰਤੀ ਨੇ ਲੈ ਲਈ ਸੀ। ਲਾਰਡ ਹਾਰਡਿੰਗ ਦੇ ਕਾਰਜਕਾਲ ਦੌਰਾਨ, ਐਡਵਿਨ ਲੁਟੀਅਨਜ਼ ਨੂੰ ਨਵੀਂ ਰਾਜਧਾਨੀ ਦਾ ਮੁੱਖ ਡਿਜ਼ਾਈਨਰ ਨਿਯੁਕਤ ਕੀਤਾ ਗਿਆ ਸੀ। 1913 ਵਿੱਚ ਇੱਕ ਵਾਰ ਲੁਟੀਅਨ ਅਤੇ ਉਸਦੀ ਟੀਮ ਨੇ ਦਿੱਲੀ ਵਿੱਚ ਕੰਮ ਸ਼ੁਰੂ ਕੀਤਾ, ਦੇਸ਼ ਭਰ ਦੇ ਠੇਕੇਦਾਰ ਉਸਾਰੀ ਅਧੀਨ ਬਹੁਤ ਸਾਰੀਆਂ ਇਮਾਰਤਾਂ ਲਈ ਠੇਕੇ ਪ੍ਰਾਪਤ ਕਰਨ ਲਈ ਉਤਸੁਕ ਸ਼ਹਿਰ ਵਿੱਚ ਆ ਗਏ।

ਨਵੀਂ ਰਾਜਧਾਨੀ ਦੇ ਨਿਰਮਾਣ ਨੇ ਸੋਰਸਿੰਗ ਠੇਕੇਦਾਰਾਂ 'ਤੇ ਸਵਾਲ ਖੜ੍ਹਾ ਕੀਤਾ। ਸਰਕਾਰ ਨੇ ਦੇਸ਼ ਭਰ ਵਿੱਚ ਉੱਘੇ ਠੇਕੇਦਾਰਾਂ ਨਾਲ ਸੰਪਰਕ ਕੀਤਾ, ਜਿਸ ਦੇ ਨਤੀਜੇ ਵਜੋਂ ਦਿੱਲੀ ਵਿੱਚ ਠੇਕੇਦਾਰਾਂ ਦੀ ਇੱਕ ਵੱਡੀ ਆਮਦ ਹੋਈ ਜੋ ਕਿ ਮੁਨਾਫ਼ੇ ਵਾਲੇ ਅਤੇ ਵੱਕਾਰੀ ਪ੍ਰੋਜੈਕਟਾਂ ਦੀ ਭਾਲ ਵਿੱਚ ਸਨ।

ਉਨ੍ਹਾਂ ਠੇਕੇਦਾਰਾਂ ਵਿੱਚੋਂ ਪੰਜ ਸਿੱਖ ਠੇਕੇਦਾਰਾਂ ਨੇ ਨਵੀਂ ਦਿੱਲੀ ਨੂੰ ਬਣਾਉਣ ਵਿੱਚ ਬੇਮਿਸਾਲ ਯੋਗਦਾਨ ਪਾਇਆ। ਪ੍ਰਸਿੱਧ ਲੇਖਕ ਖੁਸ਼ਵੰਤ ਸਿੰਘ, ਜਿਨ੍ਹਾਂ ਦੇ ਪਿਤਾ ਪੰਜਾਂ ਵਿੱਚੋਂ ਇੱਕ ਸਨ, ਕਹਿੰਦੇ ਸਨ ਕਿ ਇਹ ਕਹਿਣਾ ਕੋਈ ਅਤਿਕਥਨੀ ਨਹੀਂ ਹੋਵੇਗੀ ਕਿ ਨਵੀਂ ਦਿੱਲੀ ਦਾ ਬਹੁਤਾ ਹਿੱਸਾ ਸਰਦਾਰ ਠੇਕੇਦਾਰਾਂ ਦੇ ਇੱਕ ਕੋਟੇ ਦੁਆਰਾ ਬਣਾਇਆ ਗਿਆ ਸੀ, ਜਿਨ੍ਹਾਂ ਵਿੱਚੋਂ ਪੰਜਾਂ ਨੇ ਇਮਾਰਤ ਦਾ ਵੱਡਾ ਹਿੱਸਾ ਪਾਇਆ ਸੀ। ਸਿੱਖ ਸਰਕਲਾਂ ਵਿੱਚ ਆਖਰੀ ਸਿੱਖ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਪਹਿਲੇ ਪੰਜ ਪੈਰੋਕਾਰਾਂ ਦੇ ਨਾਂ ਤੇ ਉਹ ਪੰਜ ਪਿਆਰਿਆਂ ਵਜੋਂ ਜਾਣੇ ਜਾਂਦੇ ਸਨ।

ਸਰਦਾਰ ਸੋਭਾ ਸਿੰਘ ਆਪਣੇ ਪਿਤਾ ਸਰਦਾਰ ਸੁਜਾਨ ਸਿੰਘ ਨਾਲ ਸਰਗੋਧਾ (ਹੁਣ ਪਾਕਿਸਤਾਨ) ਤੋਂ ਆਏ ਸਨ । ਸੋਭਾ ਸਿੰਘ ਨੇ ਕਨਾਟ ਪਲੇਸ ਦੇ ਕਈ ਬਲਾਕ, ਰਾਸ਼ਟਰਪਤੀ ਭਵਨ, ਸਿੰਧੀਆ ਹਾਊਸ, ਰੀਗਲ ਬਿਲਡਿੰਗ, ਵਾਰ ਮੈਮੋਰੀਅਲ, ਯੂਨੀਅਨ ਅਕੈਡਮੀ ਸਕੂਲ ਅਤੇ ਹੋਰ ਬਹੁਤ ਸਾਰੇ ਬਲਾਕਾਂ ਦਾ ਨਿਰਮਾਣ ਕੀਤਾ। ਨਵੀਂ ਦਿੱਲੀ ਮਿਉਂਸਪਲ ਕਾਰਪੋਰੇਸ਼ਨ (ਐਨ.ਡੀ.ਐਮ.ਸੀ.) ਦੇ ਸਾਬਕਾ ਡਾਇਰੈਕਟਰ (ਜਾਣਕਾਰੀ) ਮਦਨ ਥਪਲਿਆਲ ਆਪਣੀ ਕਿਤਾਬ ਏਕ ਸਾਦੀ ਕਾ ਸਫਰ ਵਿੱਚ ਲਿਖਦੇ ਹਨ ਕਿ ਸੋਭਾ ਸਿੰਘ ਨੇ 1 ਜਨਪਥ 'ਤੇ ਇੱਕ ਬੰਗਲਾ ਵੀ ਬਣਵਾਇਆ, ਜਿਸਦਾ ਨਾਮ ਬੈਕੁੰਠ ਸੀ। ਇਹ ਵਾਲਟਰ ਜਾਰਜ ਦੁਆਰਾ ਡਿਜ਼ਾਇਨ ਕੀਤਾ ਗਿਆ ਸੀ, ਜਿਸ ਨੇ ਹੁਣ ਬੰਦ ਹੋਏ ਰੀਗਲ ਸਿਨੇਮਾ ਹਾਲ ਨੂੰ ਵੀ ਡਿਜ਼ਾਈਨ ਕੀਤਾ ਸੀ। ਜਨਪਥ ਲੇਨ ਦੇ ਗੇਟ 'ਤੇ ਇੱਕ ਨੇਮਪਲੇਟ 'ਤੇ ਅਜੇ ਵੀ ਸਰ ਸੋਭਾ ਸਿੰਘ ਲਿਖਿਆ ਹੋਇਆ ਹੈ, ਜੋ ਲੇਖਕ ਖੁਸ਼ਵੰਤ ਸਿੰਘ ਦੇ ਪਿਤਾ ਦੇ ਨਾਂ ਨੂੰ ਦਰਸਾਉਂਦਾ ਹੈ।

ਸੋਭਾ ਸਿੰਘ ਤੋਂ ਇਲਾਵਾ ਹੋਰ ਉੱਘੇ ਸਿੱਖ ਠੇਕੇਦਾਰਾਂ ਵਿੱਚ ਬਸਾਖਾ ਸਿੰਘ, ਧਰਮ ਸਿੰਘ ਸੇਠੀ, ਨਰੈਣ ਸਿੰਘ ਅਤੇ ਮੋਹਨ ਸਿੰਘ ਸ਼ਾਮਲ ਸਨ, ਜਿਨ੍ਹਾਂ ਨੇ ਨਵੀਂ ਰਾਜਧਾਨੀ ਵਿੱਚ ਵੱਡੇ ਪੱਧਰ ਦੇ ਪ੍ਰੋਜੈਕਟਾਂ ਦੀ ਮੰਗ ਲਈ ਪੰਜਾਬ ਵਿੱਚ ਆਪਣੇ ਘਰ ਛੱਡ ਦਿੱਤੇ ਸਨ। ਬਸਾਖਾ ਸਿੰਘ ਨਾਰਥ ਬਲਾਕ ਅਤੇ ਕਈ ਨਿੱਜੀ ਇਮਾਰਤਾਂ ਦਾ ਮੁੱਖ ਠੇਕੇਦਾਰ ਸੀ। ਨਰਾਇਣ ਸਿੰਘ ਨੇ ਨਵੀਂ ਦਿੱਲੀ ਦੀਆਂ ਜ਼ਿਆਦਾਤਰ ਸੜਕਾਂ ਦਾ ਨਿਰਮਾਣ ਕਰਵਾਇਆ। ਧਰਮ ਸਿੰਘ ਰਾਸ਼ਟਰਪਤੀ ਭਵਨ, ਦੱਖਣੀ ਅਤੇ ਉੱਤਰੀ ਬਲਾਕਾਂ ਲਈ ਧੌਲਪੁਰ (ਰਾਜਸਥਾਨ) ਅਤੇ ਆਗਰਾ (ਯੂ.ਪੀ.) ਤੋਂ ਪੱਥਰ ਸਪਲਾਈ ਕਰਾਉਂਦਾ ਸੀ। ਮੋਹਨ ਸਿੰਘ ਗੋਲੇ ਮੰਡੀ ਵਿੱਚ ਸਰਕਾਰੀ ਮੁਲਾਜ਼ਮਾਂ ਲਈ ਘਰ ਬਣਾ ਰਿਹਾ ਸੀ। ਇਸ ਵਿੱਚ ਦੋ ਦਰਜਨ ਤੋਂ ਵੱਧ ਵਰਗ ਸਨ ਜਿੱਥੇ ਸਿੰਗਲ-ਮੰਜ਼ਲਾ ਘਰ ਬਣਾਏ ਗਏ ਸਨ, ਗੋਲ ਮਾਰਕੀਟ ਆਧਾਰਿਤ ਰਾਜਧਾਨੀ ਨਾਗਰਿਕ ਕਲਿਆਣ ਸਮਿਤੀ ਦੇ ਪ੍ਰਧਾਨ ਪ੍ਰੀਤਮ ਧਾਰੀਵਾਲ ਕਹਿੰਦੇ ਹਨ। ਐਡਵਿਨ ਲੁਟੀਅਨ ਅਕਸਰ ਇਹਨਾਂ ਠੇਕੇਦਾਰਾਂ ਨਾਲ ਸਲਾਹ-ਮਸ਼ਵਰਾ ਕਰਦੇ ਸਨ, ਉਹਨਾਂ ਦੇ ਨਿਵੇਸ਼ਾਂ ਦੀ ਕਦਰ ਕਰਦੇ ਸਨ। ਜੰਤਰ-ਮੰਤਰ ਅਤੇ ਕਸਤੂਰਬਾ ਗਾਂਧੀ ਮਾਰਗ 'ਤੇ ਰਹਿੰਦੇ ਠੇਕੇਦਾਰਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੇ ਆਪਣੇ ਸਾਂਝੇ ਕੰਮਾਂ ਰਾਹੀਂ ਨਜ਼ਦੀਕੀ ਸਬੰਧ ਬਣਾਏ। ਐਂਡ ਲੇਨ ਅਤੇ ਪ੍ਰਿਥਵੀਰਾਜ ਰੋਡ, ਜਦੋਂ ਕਿ ਨਰਾਇਣ ਸਿੰਘ ਨੇ ਕਰਜ਼ਨ ਰੋਡ (ਹੁਣ ਕਸਤੂਰਬਾ ਗਾਂਧੀ ਮਾਰਗ) 'ਤੇ ਆਪਣਾ ਨਿਰਮਾਣ ਕਰਵਾਇਆ ਅਤੇ ਇੰਪੀਰੀਅਲ ਹੋਟਲ ਦਾ ਨਿਰਮਾਣ ਕੀਤਾ, ਜੋ ਰਾਜਧਾਨੀ ਦੇ ਪਹਿਲੇ ਪੰਜ-ਸਿਤਾਰਾ ਹੋਟਲਾਂ ਵਿੱਚੋਂ ਇੱਕ ਸੀ।



ਕਰਾਚੀ ਤੋਂ ਸੇਠ ਹਾਰੂਨ ਅਲ ਰਾਸ਼ਿਦ ਰਾਸ਼ਟਰਪਤੀ ਭਵਨ ਦਾ ਮੁੱਖ ਠੇਕੇਦਾਰ ਸੀ। ਆਪਣੀ ਇਮਾਨਦਾਰੀ ਲਈ ਜਾਣੇ ਜਾਂਦੇ ਲਛਮਣ ਦਾਸ ਨੇ ਸੰਸਦ ਭਵਨ ਦਾ ਨਿਰਮਾਣ ਕਰਵਾਇਆ। ਅਕਬਰ ਅਲੀ ਅਤੇ ਨਵਾਬ ਅਲੀ, ਦੋ ਪੰਜਾਬੀ ਮੁਸਲਮਾਨਾਂ, ਨੇ ਵੀ ਮਹੱਤਵਪੂਰਨ ਭੂਮਿਕਾਵਾਂ ਨਿਭਾਈਆਂ; ਅਕਬਰ ਅਲੀ ਨੇ ਨੈਸ਼ਨਲ ਆਰਕਾਈਵਜ਼ ਦਾ ਨਿਰਮਾਣ ਕੀਤਾ ਅਤੇ ਨਵਾਬ ਅਲੀ ਨੇ ਰਾਸ਼ਟਰਪਤੀ ਭਵਨ ਦੇ ਅੰਮ੍ਰਿਤ ਉਦਯਾਨ (ਪਹਿਲਾਂ ਮੁਗਲ ਗਾਰਡਨ) ਨੂੰ ਵਿਕਸਤ ਕੀਤਾ। ਪ੍ਰੈਜ਼ੀਡੈਂਟ ਹਾਊਸ, ਇੱਕ ਵਿਸ਼ਾਲ ਪ੍ਰੋਜੈਕਟ ਹੋਣ ਦੇ ਨਾਤੇ, ਕਈ ਠੇਕੇਦਾਰਾਂ ਦੁਆਰਾ ਹੈਂਡਲ ਕੀਤਾ ਗਿਆ ਸੀ ਜਿਸ ਵਿੱਚ ਹਰੇਕ ਨੂੰ ਖਾਸ ਸੈਕਸ਼ਨ ਦਿੱਤੇ ਗਏ।

ਖੁਸ਼ਵੰਤ ਸਿੰਘ ਆਪਣੇ ਲੇਖ 'ਦਿ ਰੋਮਾਂਸ ਆਫ਼ ਨਵੀਂ ਦਿੱਲੀ' ਵਿੱਚ ਲਿਖਦਾ ਹੈ: ਲਛਮਣ ਦਾਸ ਇੱਕ ਡੂੰਘੇ ਇਨਸਾਨ ਸਨ। ਉਹ ਸੰਸਦ ਭਵਨ ਦੀ ਉਸਾਰੀ ਕਰ ਰਹੇ ਮਜ਼ਦੂਰਾਂ ਵਿਚਕਾਰ ਰਹਿੰਦਾ ਸੀ।

ਲਾਰਡ ਇਰਵਿਨ ਨੇ 18 ਜਨਵਰੀ, 1932 ਨੂੰ ਸੰਸਦ ਭਵਨ ਦਾ ਉਦਘਾਟਨ ਕੀਤਾ। ਇਸ ਸਮੇਂ ਲਛਮਣ ਦਾਸ ਮੌਜੂਦ ਸਨ; ਉਸਦਾ ਮਿਸ਼ਨ ਪੂਰਾ ਹੋ ਗਿਆ ਸੀ ਅਤੇ ਉਹ ਆਪਣੇ ਕੰਮ ਤੋਂ ਸੰਤੁਸ਼ਟ ਸੀ।

ਹਾਲਾਂਕਿ, ਉਸਨੇ ਦਿੱਲੀ ਵਿੱਚ ਕੋਈ ਹੋਰ ਪ੍ਰੋਜੈਕਟ ਨਹੀਂ ਲਿਆ ਅਤੇ ਸਿੰਧ ਵਿੱਚ ਆਪਣੇ ਘਰ ਵਾਪਸ ਨਹੀਂ ਆਇਆ। ਇਸ ਦੀ ਬਜਾਏ, ਉਹ ਹਰਿਦੁਆਰ ਵਿੱਚ ਇੱਕ ਸਾਧੂ ਬਣ ਗਿਆ, (**ਬਾਕੀ ਸਫ਼ਾ 31 'ਤੇ**)

# ਅਕਾਲੀ ਦਲ ਪੰਜਾਬ ਦੀ ਰਾਜਸੀ ਸਿੱਖ ਜਥੇਬੰਦੀ ਵਜੋਂ ਮੁੜ ਸਥਾਪਿਤ ਹੋਵੇ

**ਐਡਵੋਕੇਟ ਰਵਿੰਦਰ ਸਿੰਘ**

ਸਿੱਖ ਸਫਾਂ 'ਚ ਜਥੇਬੰਦੀ ਦੀ ਹੋਂਦ ਨੂੰ ਉੱਤਮ ਮੰਨਿਆ ਗਿਆ ਹੈ। ਇਤਿਹਾਸ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਜਥੇਬੰਦਕ ਰੂਪ 'ਚ ਇੱਕ ਢਾਂਚੇ ਦੇ ਅਧੀਨ ਸਿੱਖ ਭਾਵਨਾਵਾਂ ਨੇ ਇਤਿਹਾਸ ਰਚਿਆ ਹੈ। ਗੁਰੂ ਕਾਲ ਤੋਂ ਹੀ ਜਥੇਬੰਦੀ ਦਾ ਅਹਿਮ ਕਿਰਦਾਰ ਸਥਾਪਿਤ ਰਿਹਾ ਹੈ। ਭਾਵੇਂ ਸਮੇਂ-ਸਮੇਂ 'ਤੇ ਸਿੱਖ ਵਿਚਾਰਧਾਰਾ ਵੱਖੋ-ਵੱਖਰੇ ਜਥਿਆਂ ਤੇ ਸੰਪਰਦਾਵਾਂ ਅਤੇ ਸਮੂਹਾਂ 'ਚ ਕਰਵਟ ਲੈਂਦੀ ਰਹੀ ਹੈ, ਪਰ ਇਸ ਸਾਰੇ ਦੌਰ ਦੌਰਾਨ ਜਥੇਬੰਦਕ ਢਾਂਚੇ ਨੇ ਹਰ ਔਕੜ ਜਾਂ ਪ੍ਰਸਿੱਧੀ 'ਚ ਆਪਣਾ ਵਿਸ਼ੇਸ਼ ਸਥਾਨ ਕਾਇਮ ਰੱਖਿਆ ਹੈ, ਭਾਵੇਂ ਜਥੇਬੰਦੀਆਂ ਵੱਖੋ-ਵੱਖ ਸਨ ਪਰ ਮੂਲ ਰੂਪ 'ਚ ਸਭ ਦਾ ਉਦੇਸ਼ ਸਿੱਖ ਪੰਥ ਦਾ ਪ੍ਰਚਾਰ ਪ੍ਰਸਾਰ ਅਤੇ ਸੇਵਾ ਸੰਭਾਲ ਹੀ ਹੈ। ਜੇਕਰ ਕਿਸੇ ਵੀ ਜਥੇਬੰਦੀ ਦਾ ਪਿਛੋਕੜ ਫਰੋਲਿਆ ਜਾਵੇ ਤਾਂ ਉਸ ਦੀ ਉਤਪੱਤੀ ਦਾ ਮੂਲ ਰੂਪ ਕਿਸੇ ਵਿਸ਼ੇਸ ਕਾਰਜ ਹਿਤ ਹੀ ਹੁੰਦਾ ਹੈ ਪਰ ਸਿੱਖ ਧਰਮ 'ਚ ਜਥੇਬੰਦੀ ਦੀ ਹੋਂਦ ਅੰਦਰ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਧਰਮ ਅਤੇ ਰਾਜਨੀਤਕ ਵਿਚਾਰਧਾਰਾ ਨੂੰ ਇੱਕ ਬਰਾਬਰ ਪੰਧ 'ਤੇ ਤੋਰ ਕੇ ਕ੍ਰਾਂਤੀਕਾਰੀ ਸਫ਼ਰ ਦੀ ਸ਼ੁਰੂਆਤ ਕੀਤੀ।

ਕਿਸੇ ਧਾਰਮਿਕ ਜਾਂ ਭਾਈਚਾਰਕ ਆਦੇਸ਼ 'ਤੇ ਇੱਕ ਰਾਇ ਅਤੇ ਉਦੇਸ਼ ਨਾਲ ਤੁਰਨ ਵਾਲੀ ਇਕਸਾਰਤਾ ਵਾਲੀ ਸੋਚ ਨੇ ਜਥੇਬੰਦੀ ਦਾ ਰੂਪ ਧਾਰਨ ਕੀਤਾ, ਜਿਸ ਨੂੰ ਉਸ ਸਮੇਂ ਜਦੋਂ ਦੁਰਾਚਾਰੀ ਮਹੰਤ ਸਿੱਖ ਗੁਰੂਧਾਮਾਂ 'ਤੇ ਆਪਣਾ ਹੱਕ ਹਕੂਕ ਜਮਾ ਕੇ ਮਨਮਾਨੀਆਂ ਕਰ ਰਹੇ ਸਨ ਤਾਂ ਇੱਕ ਉਦੇਸ਼ ਮਿਲ ਗਿਆ। ਇਸੇ ਉਦੇਸ਼ ਨੂੰ ਆਧੁਨਿਕ ਯੁੱਗ 'ਚ ਅਕਾਲੀ ਲਹਿਰ ਦਾ ਨਾਂਅ ਮਿਲਿਆ, ਜੋ ਕਿ ਬਾਅਦ 'ਚ ਗੁਰਦੁਆਰਾ ਸੁਧਾਰ ਲਹਿਰ ਦੇ ਨਾਂਅ ਨਾਲ ਪ੍ਰਚੱਲਿਤ ਹੋਈ। ਇਸ ਦਾ ਮੁੱਢ ਉਦੋਂ ਬੰਨ੍ਹਿਆ ਗਿਆ, ਜਦੋਂ ਸਿੱਖ ਸੋਚ ਇੱਕ ਲਹਿਰ ਤਹਿਤ ਸਿੱਖ ਗੁਰੂਧਾਮਾਂ ਨੂੰ ਦੁਰਾਚਾਰੀ ਮਹੰਤਾਂ ਤੋਂ ਜੋ ਉਸ ਵੇਲੇ ਦੀ ਅੰਗਰੇਜ਼ ਹਕੂਮਤ ਦੀ ਸ਼ਹਿ ਹੇਠ ਕੁਕਰਮਾਂ ਨਾਲ ਸਿੱਖ ਮਰਿਆਦਾਵਾਂ ਨੂੰ ਮਲੀਆ-ਮੇਟ ਕਰ ਰਹੇ ਸਨ। ਇਸ ਲਹਿਰ ਦਾ ਵਿਕਸਿਤ ਹੋਣਾ ਉਸ ਸਮੇਂ ਦੀ ਮੰਗ ਸੀ ਅਤੇ ਹਰ ਸਿੱਖ 'ਤੇ ਪ੍ਰਭਾਵ ਸਭ ਤੋਂ ਵੱਧ ਗੁਰੂ ਘਰ ਦਾ ਸੀ, ਜੋ ਉਸ ਵਕਤ ਪੂਰਨ ਤੌਰ 'ਤੇ ਸਰਕਾਰੀ ਕਰਿੰਦੇ ਬਣ ਚੁੱਕੇ ਪੁਜਾਰੀਆਂ ਦੀ ਜਕੜ 'ਚ ਸੀ, ਜਿਸ ਦਾ ਸਿੱਧਾ-ਸਿੱਧਾ ਅਸਰ ਸਿੱਖ ਮਨਾਂ 'ਤੇ ਸਾਫ਼ ਨਜ਼ਰ ਆ ਰਿਹਾ ਸੀ। ਸਮਾਂ ਵੀ ਗੁਰੂ ਘਰਾਂ ਦੇ ਸੁਧਾਰ ਦੀ ਮੰਗ ਕਰ ਰਿਹਾ ਸੀ। ਮਹੰਤ ਤੇ ਪੁਜਾਰੀ ਸਿੱਖ ਸੰਗਤਾਂ ਤੋਂ ਆਕੀ ਹੋ ਗਏ ਸਨ ਅਤੇ ਮਨਆਈ ਕਰ ਸਿੱਖ ਗੁਰੂਘਰਾਂ ਦੀ ਜਾਇਦਾਦ ਦਾ ਸ਼ੋਸ਼ਣ ਕਰ ਰਹੇ ਸਨ। ਬਹੁਤ ਸਾਰੇ ਹੋਰ ਧਰਮਾਂ ਨੇ ਸਮਾਜ ਸੁਧਾਰਕ ਜਥੇਬੰਦੀਆਂ ਪਹਿਲਾਂ ਹੀ ਕਾਇਮ ਕਰ ਲਈਆਂ ਸਨ, ਪਰ ਸਿੱਖ ਇਸ ਮਸਲੇ 'ਚ ਪਿੱਛੇ ਰਹਿ ਗਏ ਸਨ। ਸਿੱਖਾਂ ਦੇ ਮਨ ਨੂੰ ਹਲੂਣਾ ਪਹੁੰਚਿਆ ਤਾਂ ਸਿੰਘ ਸਭਾਵਾਂ ਅਤੇ ਮਗਰੋਂ ਖ਼ਾਲਸਾ ਦੀਵਾਨ ਦਾ ਸ਼ੁੱਭ ਆਰੰਭ ਹੋਇਆ ਪਰ ਪੁਜਾਰੀਵਾਦ ਸਿੰਘ ਸਭਾਵਾਂ ਦੇ ਖ਼ਿਲਾਫ਼ ਹੋ ਉੱਠਿਆ। ਪੁਜਾਰੀ ਸਰਕਾਰੀ ਸ਼ਹਿ 'ਤੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ ਅਤੇ ਤਰਨਤਾਰਨ ਸਾਹਿਬ ਵਿਖੇ ਅਖੌਤੀ ਕਰਮਕਾਂਡਾਂ ਨੂੰ ਉਤਸ਼ਾਹਿਤ ਕਰ ਰਹੇ ਸਨ। ਸ੍ਰੀ ਦਰਬਾਰ ਸਾਹਿਬ 'ਚ ਆਮ ਮੂਰਤੀ ਪੂਜਨ ਹੋ ਰਿਹਾ ਸੀ ਅਤੇ ਪੰਡਤ ਤਬਕਾ ਜੋਤਿਸ਼ ਅਤੇ ਵਹਿਮ ਭਰਮ ਫੈਲਾ ਰਿਹਾ ਸੀ। ਗੁਰਮਤਿ ਦੀ ਪਾਲਣਾ ਕਰਨ ਵਾਲੇ ਸਿੱਖ ਇਹ ਵਰਤਾਰਾ ਵੇਖ ਕੇ ਟਿਕ ਕੇ ਨਾ ਬਹਿ ਸਕੇ। ਮਿਤੀ 11-12 ਅਕਤੂਬਰ ਨੂੰ ਜੱਲ੍ਹਿਆਂ ਵਾਲੇ ਬਾਗ ਅੰਦਰ ਸਿੱਖ ਪੰਥ ਦੇ ਕੁੱਲ ਵਿਦਵਾਨ ਪ੍ਰੋਫ਼ੈਸਰ ਤੇ ਗੁਣੀ ਗਿਆਨੀਆਂ ਨੇ ਖ਼ਾਲਸਾ ਬਰਾਦਰੀ ਨਾਂਅ ਦਾ ਦੀਵਾਨ ਸਜਾਇਆ ਅਤੇ ਸਿੱਖਾਂ ਅੰਦਰ ਫੈਲ ਰਹੀ ਛੂਆ-ਛੂਤ ਨੂੰ ਮਿਟਾਉਣ ਦਾ ਪ੍ਰਣ ਕੀਤਾ। ਅਖੌਤੀ ਦਲਿਤਾਂ ਦੀ ਸ਼੍ਰੇਣੀ ਨੂੰ ਅੰਮ੍ਰਿਤਪਾਨ ਕਰਵਾ ਕੇ ਕੜਾਹ ਪ੍ਰਸ਼ਾਦਿ ਦੀਆਂ ਦੇਗਾਂ ਨਾਲ ਦਰਬਾਰ ਸਾਹਿਬ ਭੇਜਿਆ ਗਿਆ ਅਤੇ ਇਨ੍ਹਾਂ ਨਵੇਂ ਸਜੇ ਸਿੰਘਾਂ ਨੇ ਕੜਾਹ ਪ੍ਰਸ਼ਾਦਿ ਅਤੇ ਮਾਇਆ ਭੇਟ ਕਰਕੇ ਮਹੰਤਾਂ ਨੂੰ ਅਰਦਾਸ ਕਰਨ ਲਈ ਬੇਨਤੀ ਕੀਤੀ ਪਰ ਮਹੰਤਾਂ ਨੇ ਅਜਿਹਾ ਕਰਨੋ ਸਾਫ਼ ਇਨਕਾਰ ਦਿੱਤਾ ਪਰ ਸਿੰਘ ਇਸ ਗੱਲ 'ਤੇ ਅੜੇ ਰਹੇ ਅਤੇ ਆਪਣੇ ਤੌਰ 'ਤੇ ਅਰਦਾਸ ਕਰਨ ਦੀ ਬਜਾਏ ਪੁਜਾਰੀਆਂ ਦੁਆਰਾ ਅਰਦਾਸ ਕਰਨ ਦੀ ਮੰਗ ਕੀਤੀ ਗਈ। ਗੱਲ ਨਾ ਬਣਦੀ ਦੇਖ ਕੇ ਵਿਚਲਾ ਰਾਹ ਕੱਢਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਹੁਕਮਨਾਮਾ ਲੈਣ ਦਾ ਸੁਝਾਅ ਆਇਆ ਅਤੇ ਗੁਰੂ ਸਾਹਿਬ ਦਾ ਹੁਕਮ ਆਇਆ :-ਨਿਗੁਣਿਆਂ ਨੂੰ ਆਪੇ ਬਖਸ਼ ਲਏ ਭਾਈ ਸਤਿਗੁਰੂ ਕੀ ਸੇਵਾ ਲਾਇ॥




ਸਤਿਗੁਰੂ ਕੀ ਸੇਵਾ ਊਤਮ ਹੈ
ਭਾਈ ਰਾਮ ਨਾਮਿ ਚਿਤ ਲਾਇ॥
(ਸੋਰਠਿ ਮਹਲਾ 3, ਪੰਨਾ 638)

ਸੰਗਤ ਨੇ ਗੁਰੂ ਦੇ ਹੁਕਮ ਦੀ ਆਮਦ 'ਚ ਜੈਕਾਰੇ ਗਜਾਏ, ਫਿਰ ਹੁਕਮ ਅਨੁਸਾਰ ਪੁਜਾਰੀਆਂ ਨੂੰ ਵੀ ਉਹ ਕੜਾਹ ਪ੍ਰਸ਼ਾਦਿ ਵਰਤਾਇਆ, ਜੋ ਉਨ੍ਹਾਂ ਲੈਣੋਂ ਮਨ੍ਹਾਂ ਕਰ ਦਿੱਤਾ। ਫਿਰ ਸਿੰਘ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਅਰਦਾਸ ਲਈ ਪ੍ਰਸ਼ਾਦਿ ਲੈ ਪਹੁੰਚੇ ਪਰ ਪੁਜਾਰੀ ਪਹਿਲਾਂ ਹੀ ਗੁਰੂ ਤਾਬਿਆ ਛੱਡ ਕੇ ਭੱਜ ਗਏ ਸਨ। ਅਜਿਹੇ ਵਰਤਾਰੇ ਮਗਰੋਂ ਹਾਜ਼ਰ ਸੰਗਤ ਨੇ ਗੁਰਮਤਾ ਕੀਤਾ ਕਿ, ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸੁੰਨਾ ਨਹੀਂ ਰਹਿਣ ਦੇਣਾ। ਉਪਰੰਤ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੇਵਾ ਲਈ 25 ਸਿੰਘਾਂ ਦਾ ਜਥਾ ਨਿਯੁਕਤ ਕਰਕੇ ਤੇ ਇੱਕ 9 ਮੈਂਬਰੀ ਕਮੇਟੀ ਗਠਿਤ ਕਰਕੇ ਸਮੁੱਚਾ ਪ੍ਰਬੰਧ ਦੇਖਣ ਹਿਤ ਕਾਰਜ ਆਰੰਭੇ ਗਏ। 15 ਨਵੰਬਰ 1920 ਨੂੰ ਮੁੱਖ ਸਿੱਖ ਕਿਰਦਾਰਾਂ ਅਤੇ ਉੱਤਮ ਵਿਚਾਰ ਵਾਲੇ ਸਿੰਘਾਂ ਦਾ ਇੱਕ ਇਕੱਠ ਸੱਦਿਆ ਗਿਆ, ਜਿਸ 'ਚ 175 ਮੈਂਬਰਾਂ ਦੀ ਇੱਕ ਕਮੇਟੀ ਬਣਾਈ ਗਈ, ਜਿੱਥੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੁੱਢ ਬੱਝਿਆ। ਉਸ ਵਕਤ ਇਸ ਇਕੱਠ ਵਿੱਚ ਦੇਸ਼ ਭਰ ਤੋਂ ਗੁਰਦੁਆਰਿਆਂ, ਜਥੇਬੰਦੀਆਂ ਅਤੇ ਸਕੂਲ-ਕਾਲਜਾਂ ਦੇ ਕਈ ਮੁਖੀ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ ਸਨ। ਇਨ੍ਹਾਂ ਵਿਦਵਾਨਾਂ ਦੇ ਸੁਝਾਏ ਨਾਂਅ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸਮੁੱਚੇ ਇਤਿਹਾਸਕ ਗੁਰੂ ਘਰਾਂ ਦੇ ਪ੍ਰਬੰਧ ਲਈ ਕਮੇਟੀ ਵਜੋਂ ਨਿਯੁਕਤ ਇਤਿਹਾਸਕ ਗਿਆ। ਮਗਰੋਂ ਇਸ ਕਮੇਟੀ ਦੀ ਪਲੇਠੀ ਮੀਟਿੰਗ 12 ਦਸੰਬਰ 1920 ਨੂੰ ਸਰਬਉੱਚ ਸਥਾਨ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹੋਈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਗਠਨ ਨਾਲ ਸਮੂਹ ਨਾਨਕ ਨਾਮ ਲੇਵਾ ਦੇ ਮਨਾਂ 'ਚ ਉਮੰਗ ਅਤੇ ਉਤਸ਼ਾਹ ਭਰ ਗਿਆ। ਹਰ ਸਿੱਖ ਗੁਰਦੁਆਰਾ ਸੁਧਾਰ ਲਈ ਹਰ ਹੀਲੇ ਕਿਸੇ ਵੀ ਕੁਰਬਾਨੀ ਲਈ ਤਿਆਰ ਬਰ ਤਿਆਰ ਹੋਣ ਲੱਗਾ। ਇਸ ਜੋਸ਼ ਅਤੇ ਉਤਸ਼ਾਹ ਨੇ 14 ਦਸੰਬਰ 1920 ਨੂੰ ਇੱਕ ਜਥੇਬੰਦੀ ਨੂੰ ਜਨਮ ਦਿੱਤਾ, ਜਿਸ ਦਾ ਨਾਂਅ 'ਸ਼੍ਰੋਮਣੀ ਅਕਾਲੀ ਦਲ' ਰੱਖਿਆ ਗਿਆ। ਹਰ ਥਾਣੇ, ਤਹਿਸੀਲ ਅਤੇ ਜ਼ਿਲ੍ਹਾ ਪੱਧਰ 'ਤੇ ਇਸ ਦੀਆਂ ਇਕਾਈਆਂ ਕਾਇਮ ਹੋਈਆਂ। ਇਸ ਦੇ ਜੁਝਾਰੂ ਸਿਪਾਹੀਆਂ ਨੂੰ ਅਕਾਲ ਦੇ ਪੁਜਾਰੀ ਕਹਿ ਕੇ ਸੱਦਿਆ ਜਾਣ ਲੱਗਾ। ਮੂਲ ਰੂਪ 'ਚ ਇਸ ਜਥੇਬੰਦੀ ਦਾ ਮੁੱਖ ਸੰਕਲਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਲਏ ਫ਼ੈਸਲਿਆਂ ਨੂੰ ਲਾਗੂ ਕਰਾਉਣਾ ਸੀ ਅਤੇ ਇਸੇ ਵਿਧਾਨ ਅਨੁਸਾਰ ਇਸ ਜਥੇਬੰਦੀ ਨੇ ਲਾਮਿਸਾਲ ਕਾਰਜ ਕੀਤੇ। ਮਗਰੋਂ ਸਿੱਖ ਮਸਲਿਆਂ 'ਚ ਅਕਾਲੀਆਂ ਦੀ ਦਿਲਚਸਪੀ ਤੇ ਕਾਰਗੁਜ਼ਾਰੀ ਨੇ ਆਪ ਮੁਹਾਰੇ ਆਵਾਮ ਦਾ ਮੂੰਹ ਇਸ ਜਥੇਬੰਦੀ ਵੱਲ ਮੋੜ ਦਿੱਤਾ ਅਤੇ ਹੁਣ ਅਕਾਲੀ ਰਾਜਨੀਤਕ ਮਸਲਿਆਂ 'ਚ ਵੀ ਹਿੱਸਾ ਲੈਣ ਲੱਗ ਪਏ। ਫਿਰ ਇਹੋ ਜਥੇਬੰਦੀ ਸਿੱਖਾਂ ਦੀ ਸਿਰਮੌਰ ਤੇ ਪਹਿਲੀ ਰਾਜਸੀ ਮਾਮਲਿਆਂ ਦੀ ਜਥੇਬੰਦੀ ਅਖਵਾਈ, ਜਿਸ ਦਾ ਮੂਲ ਧਰਮ ਸਿੱਖਾਂ ਦੇ ਧਾਰਮਿਕ ਅਸਥਾਨਾਂ ਨੂੰ ਪੰਥਕ ਰਹੁ-ਰੀਤਾਂ ਅਧੀਨ ਰੱਖਣਾ। ਮਹੰਤਾਂ ਤੋਂ ਗੁਰਦੁਆਰਾ ਪ੍ਰਬੰਧਨ ਦਾ ਕਾਰਜ ਲੈ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧ ਕਮੇਟੀ ਨੂੰ ਸੌਂਪਣਾ ਅਤੇ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਅਨੁਸਾਰ ਸਿੱਖ ਧਰਮ ਦੀ ਪਾਲਣਾ ਕਰਨੀ ਤੇ ਕਰਨ ਲਈ ਪ੍ਰੇਰਿਤ ਕਰਨਾ ਸੀ। ਸ਼੍ਰੋਮਣੀ ਅਕਾਲੀ ਦਲ ਨੇ ਸ਼੍ਰੋਮਣੀ ਕਮੇਟੀ ਦੇ ਫ਼ੌਜੀ ਦਲ ਵਜੋਂ ਕਾਰਜ ਕੀਤੇ।

(ਬਾਕੀ ਸਫ਼ਾ 31 'ਤੇ)

# ਜਿੰਨਾ 'ਇੰਡੀਆ' ਗਠਜੋੜ ਕਮਜ਼ੋਰ ਹੋਵੇਗਾ, ਓਨਾ ਹੀ ਫ਼ਾਇਦਾ ਭਾਜਪਾ ਨੂੰ ਹੋਵੇਗਾ



**ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ**

ਦੇਸ਼ ਵਾਸੀਆਂ ਨੇ ਉਦੋਂ ਸ਼ੁਕਰ ਕੀਤਾ, ਜਦੋਂ ਭਾਰਤੀ ਜਨਤਾ ਪਾਰਟੀ ਨੇ ਹਰਿਆਣਾ ਪ੍ਰਦੇਸ਼ ਅਤੇ ਮਹਾਰਾਸ਼ਟਰ ਵਿੱਚ ਮੁੜ ਜਿੱਤ ਪ੍ਰਾਪਤ ਕਰਕੇ ਉੱਥੋਂ ਦੇ ਹਿੰਦੂ ਸੁਰੱਖਿਅਤ ਕਰ ਦਿੱਤੇ। ਅਗਰ ਇਹ ਛੋਟਾ ਅਤੇ ਵੱਡਾ ਸੂਬਾ ਇਨ੍ਹਾਂ ਹੱਥੋਂ ਨਿਕਲ ਜਾਂਦੇ ਤਾਂ ਦੋਹਾਂ ਸੂਬਿਆਂ ਦੇ ਹਿੰਦੂਆਂ ਦਾ ਕੀ ਬਣਦਾ ? ਹਾਰਨ ਤੋਂ ਬਾਅਦ ਉਹ ਅੱਜ ਵਾਂਗ ਹੀ ਹੁੰਦੇ ਜਾਂ ਭਾਜਪਾ ਦੇ ਜਾਤੀ ਨਾਅਰਿਆਂ ਕਰਕੇ ਕੱਟੇ-ਵੱਢੇ ਜਾਂਦੇ ? ਦੋਹਾਂ ਸੂਬਿਆਂ ਵਿੱਚ ਮੁੜ ਸੱਤਾ ਹਾਸਲ ਕਰਕੇ ਸਰਕਾਰਾਂ ਬਣਾਉਣ ਲੱਗਿਆਂ ਉਹ ਡਰਾਮਾ ਕੀਤਾ, ਜਿਵੇਂ ਇਨ੍ਹਾਂ ਦੋਹਾਂ ਸੂਬਿਆਂ ਨੂੰ ਕਿਸੇ ਦੂਜੇ ਦੇਸ਼ ਪਾਸੋਂ ਅਜ਼ਾਦ ਕਰਾਇਆ ਹੋਵੇ। ਅਗਰ ਸਰਸਰੀ ਨਜ਼ਰ ਮਾਰਨੀ ਹੋਵੇ ਤਾਂ ਹਰਿਆਣੇ ਦੀਆਂ ਵੋਟਾਂ ਅਤੇ ਵੋਟ ਪ੍ਰਤੀਸ਼ਤ ਵਿੱਚ ਮਾਮੂਲੀ ਜਿਹਾ ਫ਼ਰਕ ਸੀ। ਭਾਜਪਾ ਦੇ ਪੈਰ ਥੱਲੇ ਬਟੇਰਾ ਆਉਣ ਵਾਲੀ ਗੱਲ ਸੀ। ਇਵੇਂ ਹੀ ਮਹਾਰਾਸ਼ਟਰ ਵੀ ਉਸ ਪਾਸ ਪਹਿਲਾਂ ਹੀ ਸੀ, ਮੁੜ ਜਿੱਤ ਸਿਖਰਲੇ ਫ਼ਿਰਕੂ ਨਾਅਰੇ ਲਗਾਉਣ ਤੇ ਪ੍ਰਚਾਰ ਕੇ ਡਰਾਉਣ ਖਾਤਰ ਹੋਈ। ਝਾਰਖੰਡ ਪਹਿਲਾਂ ਵੀ 'ਇੰਡੀਆ' ਗਠਜੋੜ ਪਾਸ ਹੀ ਸੀ, ਹੁਣ ਵੀ ਉਸ ਪਾਸ ਹੀ ਰਿਹਾ। ਉੱਥੇ ਦਾ ਹਿੰਦੂ ਨਾ ਪਹਿਲਾਂ ਖ਼ਤਰੇ ਵਿੱਚ ਸੀ, ਨਾ ਮੁੜ ਜਿੱਤ ਹਾਸਲ 'ਤੇ ਕਰਨ ਖਤਰੇ ਵਿੱਚ ਹੈ।

ਹੁਣ ਤੁਸੀਂ ਨਵੇਂ ਸਾਲ ਦੀ ਸ਼ੁਰੂਆਤ ਵਿੱਚ ਦੇਖੋਗੇ ਕਿ ਦਿੱਲੀ ਦਾ ਸਮੁੱਚਾ ਹਿੰਦੂ ਕਿਵੇਂ ਖਤਰੇ ਵਿੱਚ ਪੈਂਦਾ ਹੈ। ਅਸਲ ਵਿੱਚ ਜਦੋਂ ਦੇਸ਼ ਮੁਖੀ ਇਹ ਨਾਅਰਾ ਲਾਉਂਦਾ ਹੈ ਕਿ 'ਏਕ ਹੈਂ ਤੋ ਸੇਫ਼ ਹੈ' ਉਦੋਂ ਉਹ ਸੈਕੂਲਰ ਦੇਸ਼ ਵਿੱਚ ਸਿਰਫ਼ ਹਿੰਦੂ ਜਾਤੀ ਨੂੰ ਸੰਬੋਧਤ ਹੋ ਰਿਹਾ ਹੁੰਦਾ ਹੈ। ਸਹੁੰ ਚੁੱਕਣ ਵੇਲੇ ਭਾਵੇਂ ਉਹ ਭਾਰਤੀ ਸੰਵਿਧਾਨ ਦੀ ਸਹੁੰ ਖਾ ਰਿਹਾ ਹੁੰਦਾ ਹੈ, ਜੋ ਸੰਵਿਧਾਨ ਸਭ ਜਾਤਾਂ-ਪਾਤਾਂ ਲਈ ਹੁੰਦਾ ਹੈ, ਪਰ ਦੇਸ਼ ਮੁਖੀ ਅਤੇ ਉਸ ਦੇ ਲਾਣੇ ਨੂੰ ਵੱਧ ਤੋਂ ਵੱਧ ਹਿੰਦੂ ਦਿਖਾਈ ਦੇਣ ਲੱਗ ਪੈਂਦੇ ਹਨ। ਅਗਰ ਅਜਿਹਾ ਨਾ ਹੁੰਦਾ ਤਾਂ ਦੇਸ਼ ਪ੍ਰਮੁੱਖ 'ਸਭ ਕਾ ਸਾਥ, ਸਭ ਕਾ ਵਿਕਾਸ' ਵਾਲਾ ਨਾਅਰਾ ਕਦੇ ਵੀ ਨਾ ਤਿਆਗਦਾ। ਜਦੋਂ ਦਿੱਲੀ ਦਾ ਹਿੰਦੂ ਖਤਰੇ ਵਿੱਚ ਹੋਵੇਗਾ, ਫ਼ਿਰ ਉਸ ਲਈ 'ਹਿੰਦੂ ਪਰਬਤ' ਤੋਂ ਸੰਜੀਵਣੀ ਲਿਆ ਕੇ ਦਿੱਤੀ ਜਾਵੇਗੀ। ਫ਼ਿਰ 'ਜੈ ਸ੍ਰੀ ਰਾਮ, ਜੈ ਸ੍ਰੀ ਰਾਮ' ਦੇ ਨਾਅਰੇ ਅਕਾਸ਼ੀਂ ਗੂੰਜਣਗੇ। ਫ਼ਿਰ ਅੰਧ-ਭਗਤਾਂ ਦੇ ਸਭ ਦੁੱਖ ਕੱਟੇ ਜਾਣਗੇ, ਫ਼ਿਰ ਉਨ੍ਹਾਂ ਨੂੰ ਲੱਗੇਗਾ ਕਿ ਮਹਿੰਗਾਈ ਹਟ ਜਾਂ ਘਟ ਗਈ ਹੈ। ਕਈ ਵਾਰ ਤਾਂ ਧਰਮ ਦਾ ਨਸ਼ਾ ਅਫ਼ੀਮ ਨਾਲੋਂ ਜ਼ਿਆਦਾ ਹੁੰਦਾ ਹੈ।

ਦੂਜੀ ਸਿਰਦਰਦੀ ਸਰਕਾਰ ਅੱਗੇ 'ਇੰਡੀਆ' ਗਠਜੋੜ ਦੀ ਹੈ। ਉਸ ਨਾਲੋਂ ਵੀ ਵੱਧ ਆਪੋਜ਼ੀਸ਼ਨ ਲੀਡਰ ਰਾਹੁਲ ਗਾਂਧੀ ਦੀ ਹੈ, ਜੋ ਅਡਾਨੀ ਦਾ ਪਿੱਛਾ ਨਹੀਂ ਛੱਡ ਰਿਹਾ। ਉਸ ਦੀ ਚੱਲੇ ਕਾਰਤੂਸ ਨਾਲ ਵੀ ਤੁਲਨਾ ਕਰਦੇ ਹਨ, ਪਰ ਉਸ ਤੋਂ ਬੰਬ ਵਾਂਗ ਡਰਦੇ ਵੀ ਹਨ। ਉਸ ਦੀ ਕੱਦ-ਘਟਾਈ ਖਾਤਰ ਇੰਡੀਆ ਗਠਜੋੜ ਵਿਰੁੱਧ ਤਰ੍ਹਾਂ-ਤਰ੍ਹਾਂ ਦੀਆਂ ਗਲਤ ਅਫ਼ਵਾਹਾਂ ਉਡਾ ਕੇ ਉਸ ਨੂੰ ਟੁੱਟਣ ਦੇ ਕਗਾਰ 'ਤੇ ਆਖਿਆ ਜਾਂਦਾ ਹੈ। ਭਲਾ ਬੰਦਾ ਪੁੱਛੇ, ਤੁਸੀਂ ਮਜ਼ਬੂਤ ਬੰਗਾਲੀ ਦੀਦੀ ਤੋਂ ਕੀ ਲੈਣਾ, ਜੋ ਤੁਹਾਨੂੰ ਆਪਣੇ ਸੂਬੇ ਵਿੱਚ ਖੰਘਣ ਵੀ ਨਹੀਂ ਦਿੰਦੀ। ਤੁਹਾਡੇ ਲਈ ਤਾਂ ਸਗੋਂ ਰਾਹੁਲ ਸੋਨੇ ਦੀ ਮੁਰਗੀ ਹੈ। ਦਰਅਸਲ 'ਇੰਡੀਆ' ਗਠਜੋੜ ਜਿਸ ਕਰਕੇ ਹੋਂਦ ਵਿੱਚ ਆਇਆ ਸੀ, ਉਸ ਵਿੱਚ ਉਸ ਨੇ 2024 ਦੀਆਂ ਪਾਰਲੀਮੈਂਟ ਚੋਣਾਂ ਵਿੱਚ ਆਪਣੇ ਆਪ ਨੂੰ ਕਾਫ਼ੀ ਮਜ਼ਬੂਤ ਕੀਤਾ ਹੈ। ਕਾਂਗਰਸ ਨੇ ਤਾਂ ਇੱਕ ਤਰ੍ਹਾਂ ਦੁੱਗਣੀ ਛਾਲ ਮਾਰ ਕੇ ਪੰਜਾਹ ਤੋਂ ਨੜ੍ਹਿਨਵੇਂ ਯਾਨੀ ਇੱਕ ਘੱਟ ਸੈਂਕੜਾ ਪੂਰਾ ਕਰ ਲਿਆ ਹੈ। ਸੂਬਿਆਂ ਬਾਰੇ ਪਹਿਲਾਂ ਹੀ ਜਨਮ ਸਮੇਂ ਲਗਾਮ ਢਿੱਲੀ ਛੱਡ ਦਿੱਤੀ ਗਈ ਸੀ, ਜਿਸ ਕਰਕੇ ਹਰਿਆਣੇ ਦੀਆਂ ਚੋਣਾਂ ਸਮੇਂ ਤੇ ਵੱਖ-ਵੱਖ ਸੂਬਿਆਂ ਦੀਆਂ ਜ਼ਿਮਨੀ ਚੋਣਾਂ ਸਮੇਂ ਸਮਝੌਤਾ ਹੋਂਦ ਵਿੱਚ ਨਹੀਂ ਆਇਆ। ਸਿਰਫ਼ ਮਹਾਰਾਸ਼ਟਰ ਅਤੇ ਝਾਰਖੰਡ ਵਿੱਚ ਹੀ ਹੋਇਆ ਸੀ, ਜਿਨ੍ਹਾਂ ਦਾ ਨਤੀਜਾ 'ਜੈਸੇ ਥੇ' ਰਿਹਾ। ਉਂਝ ਅਸੀਂ ਇਸ ਖਿਆਲ ਦੇ ਪ੍ਰਪੱਕ ਹਾਮੀ ਹਾਂ ਕਿ ਅਗਰ ਦਿਲੋਂ ਗਠਜੋੜ ਬਣਾ ਕੇ ਇਮਾਨਦਾਰੀ ਨਾਲ ਲੜਿਆ ਜਾਵੇ ਤਾਂ ਉਦੋਂ ਅਸੀਂ ਆਪਣੀ ਮੰਜ਼ਲ ਦੇ ਜ਼ਿਆਦਾ ਨੇੜੇ ਹੁੰਦੇ ਹਾਂ। ਪਰ ਗਠਜੋੜ ਵਿੱਚ ਇਹ ਜ਼ਰੂਰੀ ਹੁੰਦਾ ਹੈ ਕਿ ਵੱਡੇ ਭਰਾ ਨੂੰ ਵੱਡਾ ਦਿਲ ਕਰਨਾ ਤੇ ਦਿਖਾਉਣਾ ਪੈਂਦਾ ਹੈ, ਜਿਸ ਕਰਕੇ ਗਠਜੋੜ ਦੀ ਸਿਆਸਤ ਵਿੱਚ ਚੰਗੇ ਨਤੀਜੇ ਨਿਕਲਦੇ ਹਨ।



ਅਗਰ ਤੁਹਾਨੂੰ ਯਾਦ ਹੋਵੇ ਹਰਿਆਣੇ ਦੀਆਂ ਚੋਣਾਂ ਸਮੇਂ ਵੀ ਕਾਂਗਰਸ ਵੱਲੋਂ ਯਾਨੀ ਕਿ ਰਾਹੁਲ ਗਾਂਧੀ ਰਾਹੀਂ ਗੱਲ ਤੋਰੀ ਗਈ ਸੀ, ਜੋ ਸੀਟਾਂ ਦਾ ਵੱਧ-ਘੱਟ ਲੈਣ-ਦੇਣ ਕਰਕੇ ਪਣਪ ਨਾ ਸਕੀ, ਜਿਸ ਕਰਕੇ ਕਾਂਗਰਸ ਹਾਰੀ ਅਤੇ 'ਆਪ' ਨੂੰ ਜ਼ਮਾਨਤਾਂ ਬਚਾਉਣੀਆਂ ਮੁਸ਼ਕਿਲ ਹੋ ਗਈਆਂ। ਹੁਣ ਵੀ ਦਿੱਲੀ ਆਉਣ ਵਾਲੀਆਂ ਚੋਣਾਂ ਵਿੱਚ ਕਾਂਗਰਸ ਵੱਲੋਂ ਗੱਲ ਤੋਰੀ ਗਈ, ਪਰ ਆਪਣਾ ਮੰਨ ਬਣਾ ਚੁੱਕੇ ਅਰਵਿੰਦ ਕੇਜਰੀਵਾਲ ਨੇ ਸਿਰਫ਼ 'ਅਕੇਲੇ' ਲੜਨ ਦੀ ਗੱਲ ਆਖ ਕੇ ਚਰਚਾ ਨੂੰ ਵਿਸ਼ਰਾਮ ਦੇ ਦਿੱਤਾ। ਹੁਣ ਲਗਭਗ ਤਿਕੋਣੀ ਲੜਾਈ ਦਿੱਲੀ ਵਿੱਚ ਹੋਵੇਗੀ, ਜਿਹੜੀ ਖਾਸ ਕਰ ਆਪ ਅਤੇ ਕਾਂਗਰਸ ਦੇ ਹੱਕ ਵਿੱਚ ਨਹੀਂ ਹੋਵੇਗੀ। ਇਸ ਵਾਰ ਭਾਜਪਾ 'ਹੁਣ ਨਹੀਂ ਤਾਂ ਕਦੇ ਵੀ ਨਹੀਂ', 'ਅਬ ਕੀ ਬਾਰ ਹਮਾਰੀ/ਭਾਜਪਾ ਸਰਕਾਰ', 'ਏਕ ਰਹੋਗੇ ਤੋ ਸੇਫ਼ ਰਹੋਗੇ', 'ਮਰੋ ਜਾਂ ਕਰੋ' ਦੇ ਅਕਾਸ਼ ਗੂੰਜਾਊ ਨਾਅਰਿਆਂ ਹੇਠ ਆਪਣੇ ਅੰਧ-ਭਗਤਾਂ ਅਤੇ ਸਹਿਯੋਗੀਆਂ ਵਿੱਚ ਜੋਸ਼ ਭਰੇਗੀ। ਇੱਕ ਗੱਲ ਹੋਰ ਨੋਟ ਕਰਨ ਵਾਲੀ ਇਹ ਹੈ ਕਿ ਦਿੱਲੀ ਵਿੱਚ ਜਦੋਂ ਵੀ ਭਾਜਪਾ ਦਾ ਦਾਅ ਲੱਗੇਗਾ, ਉਹ ਤਿਕੋਣੀ ਲੜਾਈ ਜਿੱਤੇਗੀ। ਸਿੱਧੀ ਲੜਾਈ ਵਿੱਚ ਬਹੁਤ ਹੀ ਘੱਟ ਜਿੱਤ ਵੱਲ ਵਧੇਗੀ। 'ਆਪ' ਵਿੱਚ ਜਮਹੂਰੀਅਤ ਦੀ ਘਾਟ ਕਰਕੇ ਗਠਜੋੜ ਦੇ ਬੂਟੇ ਨੂੰ ਬੂਰ ਘੱਟ ਪਵੇਗਾ, ਜਿਸ ਕਰਕੇ ਸਿਤਾਰੇ ਮੱਧਮ ਵੀ ਪੈ ਸਕਦੇ ਹਨ। ਰਹਿੰਦੇ ਸਮੇਂ ਵਿੱਚ ਸੋਚਿਆ ਵੀ ਜਾ ਸਕਦਾ ਹੈ, ਗਠਜੋੜ ਕੀਤਾ ਵੀ ਜਾ ਸਕਦਾ ਹੈ। ਨਾਲ-ਨਾਲ ਇਹ ਵੀ ਯਾਦ ਰੱਖਣਾ ਪਵੇਗਾ ਕਿ ਇਹ ਉਹੀ ਕਾਂਗਰਸ ਹੈ ਜਿਸ ਤੋਂ ਤੁਸੀਂ ਆਪਣੀ ਸਹੁੰ ਤੋੜ ਕੇ ਔਖੇ ਵੇਲੇ ਸਰਕਾਰ ਬਚਾ ਕੇ ਸਰਕਾਰ ਚਲਾਈ ਸੀ। ਗਠਜੋੜ ਹੋਣ ਦੀ ਸ਼ਕਲ ਵਿੱਚ 'ਇੰਡੀਆ' ਗਠਜੋੜ ਨੂੰ ਮਜ਼ਬੂਤੀ ਮਿਲੇਗੀ।

ਜਿਹੜੀਆਂ ਅਫ਼ਵਾਹਾਂ 'ਇੰਡੀਆ' ਗਠਜੋੜ ਨੂੰ ਕਮਜ਼ੋਰ ਕਰਨ ਲਈ ਕਾਂਗਰਸ ਦੀ ਲੀਡਰਸ਼ਿੱਪ ਨੂੰ ਨਕਾਰ ਰਹੇ ਹਨ, ਜਿਹੜੇ ਅਡਾਨੀ ਖ਼ਿਲਾਫ਼ ਸਟੈਂਡ ਕਰਕੇ ਦੂਰੀਆਂ ਬਣਾ ਰਹੇ ਹਨ, ਜ਼ਰੂਰੀ ਉਨ੍ਹਾਂ ਦੇ ਹਿਤ ਜਾਂ ਉਨ੍ਹਾਂ ਦੇ ਸੂਬੇ ਦੇ ਹਿਤ ਅਡਾਨੀ ਨਾਲ ਟਕਰਾਉਂਦੇ ਨਹੀਂ, ਬਲਕਿ ਮੇਲ ਕਰਦੇ ਹੋਣਗੇ। ਸਭ ਭਾਈਵਾਲਾਂ ਨੂੰ ਕੋਈ ਵੀ ਫ਼ੈਸਲਾ ਲੈਣ ਲੱਗਿਆਂ ਇਹ ਗੱਲ ਚੇਤੇ ਰੱਖਣੀ ਚਾਹੀਦੀ ਹੈ ਕਿ ਅੱਜ ਦੇ ਦਿਨ ਕਾਂਗਰਸ ਹੀ ਸਭ ਸਾਂਝੀਵਾਲਾਂ ਨਾਲੋਂ ਵੱਡੀ ਹੈ। ਕਾਂਗਰਸ ਸਭ ਥਾਂ ਭਾਵ ਹਰ ਸੂਬੇ ਵਿੱਚ ਬਤੌਰ ਯੂਨਿਟ ਕੰਮ ਕਰ ਰਹੀ ਹੈ। ਕਾਂਗਰਸ ਹੀ ਉਹ ਪਾਰਟੀ ਹੈ, ਜਿਸਦਾ ਬਹੁਤ ਵੱਡਾ ਹਿੱਸਾ ਜੰਗੇ ਅਜ਼ਾਦੀ ਦੌਰਾਨ ਰਿਹਾ। ਅੱਜ ਵੀ ਰਾਹੁਲ ਗਾਂਧੀ ਬਾਰੇ ਖ਼ਬਰਾਂ ਵਿੱਚ ਜ਼ਿਕਰ ਹੋ ਰਿਹਾ ਹੈ ਕਿ ਉਹ ਦੁਖੀ ਪਰਿਵਾਰ ਦੀ ਚਿੱਠੀ ਮਿਲਣ 'ਤੇ ਹਾਥਰਸ ਵਿੱਚ ਪਰਿਵਾਰ ਨਾਲ ਦੁੱਖ ਵੰਡਾਉਣ ਜਾ ਰਿਹਾ ਹੈ, ਜਿਸ ਪਰਿਵਾਰ ਦੀ ਲੜਕੀ ਨੂੰ ਭਾਜਪਾ ਦੇ ਗੁੰਡੇ ਨੇਤਾ ਨੇ ਰੇਪ ਤੋਂ ਬਾਅਦ ਸਦਾ ਦੀ ਨੀਂਦ ਸੁਲਾ ਦਿੱਤਾ ਸੀ, ਜਿਸਦਾ ਮੁੱਖ ਦੋਸ਼ੀ ਅੱਜ ਵੀ ਸਲਾਖਾਂ ਪਿੱਛੇ ਹੈ। ਪਰਿਵਾਰ ਸੂਬੇ ਦੇ ਮੁੱਖ ਮੰਤਰੀ, ਸੂਬੇ ਦੇ ਸਾਬਕਾ ਮੁੱਖ ਮੰਤਰੀ ਜਾਂ ਦੇਸ਼ ਦੇ ਪ੍ਰਧਾਨ ਮੰਤਰੀ, ਸਮੇਤ ਗ੍ਰਹਿ ਮੰਤਰੀ ਤਕ ਵੀ ਫ਼ਰਿਆਦ ਕਰ ਸਕਦੇ ਸਨ, ਉਨ੍ਹਾਂ ਕਿਉਂ ਸਿਰਫ਼ ਤੇ ਸਿਰਫ਼ ਰਾਹੁਲ ਗਾਂਧੀ ਨੂੰ ਆਪਣਾ ਦੁੱਖ ਸੁਣਾਉਣ ਲਈ ਚੁਣਿਆ ? ਇਸਦਾ ਉੱਤਰ ਸਾਫ਼ ਹੈ ਕਿ ਸਰਕਾਰ ਤੋਂ ਇਲਾਵਾ ਅਗਰ ਕੋਈ ਕਿਸੇ ਦਾ ਦੁੱਖ ਸੁਣ ਸਕਦਾ ਹੈ ਜਾਂ ਉਸ ਬਾਬਤ ਅਵਾਜ਼ ਚੁੱਕ ਸਕਦਾ ਹੈ ਤਾਂ ਉਹ ਅੱਜ ਦੇ ਦਿਨ ਸਿਰਫ਼ ਤੇ ਸਿਰਫ਼ ਰਾਹੁਲ ਗਾਂਧੀ ਹੀ ਹੈ, ਜੋ ਰੋਜ਼ਾਨਾ ਸਮਾਂ ਕੱਢ ਕੇ ਆਮ ਗਰੀਬ ਜਨਤਾ ਨੂੰ ਮਿਲ ਰਿਹਾ ਹੈ। ਅੱਜ ਦੇ ਦਿਨ ਉਹੀ ਵਿਰੋਧੀ ਨੇਤਾ ਹੈ, ਉਹੀ ਰਹੇਗਾ। ਯਾਦ ਰੱਖੋ ਜਿੰਨਾ 'ਇੰਡੀਆ' ਗਠਜੋੜ ਕਮਜ਼ੋਰ ਹੋਵੇਗਾ, ਓਨਾ ਹੀ ਫ਼ਾਇਦਾ ਭਾਜਪਾ (ਐੱਨ ਡੀ ਏ) ਨੂੰ ਹੋਵੇਗਾ।

# ਇੱਕ ਇਤਿਹਾਸਕ ਮੋੜ 'ਤੇ ਖੜ੍ਹਾ ਸਿੱਖ ਪੰਥ



ਇਕਬਾਲ ਸਿੰਘ ਲਾਲਪੁਰਾ

ਸਾਲ 1920 ਦੀ ਗੁਰਦੁਆਰਾ ਸੁਧਾਰ ਲਹਿਰ ਵਿੱਚੋਂ ਅਕਾਲੀ ਦਲ ਦਾ ਜਨਮ ਹੋਇਆ ਸੀ ਅਤੇ ਮਹਾਨਕੋਸ਼ ਅਨੁਸਾਰ "ਅਕਾਲੀ ਉਹ ਹੈ ਜਿਸਦਾ ਅਕਾਲ ਨਾਲ ਸੰਬੰਧ ਹੈ, ਕਮਲ ਜਯੋਂ ਮਾਯਾ ਜਲ ਵਿੱਚ ਹੈ ਅਲੇਪ ਸਦਾ, ਸਭ ਦਾ ਸਨੇਹੀ, ਚਾਲ, ਸਭ ਤੋਂ ਨਿਰਾਲੀ ਹੈ, ਕਰਕੇ ਕਮਾਈ ਖਾਵੇ, ਮੰਗਣਾ ਹਰਾਮ ਜਾਣੇ, ਭਾਣੇ ਵਿੱਚ ਵਿਪਦਾ ਨੂੰ ਮੰਨੇ ਖ਼ੁਸ਼ਹਾਲੀ ਹੈ, ਸੁਆਰਥ ਤੋਂ ਬਿਨਾ ਗੁਰਦੁਆਰਿਆਂ ਦਾ ਚੌਕੀਦਾਰ, ਧਰਮ ਦੇ ਜੰਗ ਲਈ ਚੜ੍ਹੇ ਮੁਖ ਲਾਲੀ ਹੈ, ਪੂਜੇ ਨਾ ਅਕਾਲ ਬਿਨਾ ਹੋਰ ਕੋਈ ਦੇਵੀ ਦੇਵ, ਸਿੱਖ ਦਸ਼ਮੇਸ਼ ਦਾ ਸੋ ਕਹੀਏ 'ਅਕਾਲੀ' ਹੈ।"

ਸਿੱਖ ਆਗੂਆਂ ਨੇ ਗੁਰਦੁਆਰਾ ਸੁਧਾਰ ਲਹਿਰ ਲਈ ਕੁਰਬਾਨੀਆਂ ਦੇਣ ਲਈ ਇਹ ਜੱਥੇਬੰਦੀ ਖੜੀ ਕੀਤੀ ਸੀ, ਇਸ ਜੱਥੇਬੰਦੀ ਨੇ ਗੁਰਦੁਆਰਾ ਸੁਧਾਰ ਲਈ ਬਹੁਤ ਵੱਡੀਆਂ ਕੁਰਬਾਨੀਆਂ ਦੇ ਕੇ ਗੁਰਦੁਆਰਾ ਸਾਹਿਬਾਨ ਨੂੰ, ਮਹੰਤਾਂ ਰਾਹੀਂ ਕੀਤੇ ਜਾ ਰਹੇ ਸਰਕਾਰੀ ਕਬਜ਼ੇ ਤੋਂ, ਮੁਕਤ ਕਰਵਾਇਆ ਸੀ। 1925 ਈ. ਵਿੱਚ ਸਿੱਖ ਗੁਰਦੁਆਰਾ ਐਕਟ ਬਣਨ ਨਾਲ ਗੁਰਦੁਆਰਾ ਪ੍ਰਬੰਧ ਨੂੰ ਕਾਨੂੰਨੀ ਮਾਨਤਾ ਪ੍ਰਾਪਤ ਹੋ ਗਈ ਸੀ, ਅਤੇ ਗੁਰਦੁਆਰਾ ਪ੍ਰਬੰਧ ਆਮ ਸਿੱਖਾਂ ਦੇ ਹੱਥ ਵਿੱਚ ਲੋਕਲ ਕਮੇਟੀਆਂ ਅਤੇ ਕੇਂਦਰੀ ਗੁਰਦੁਆਰਾ ਪ੍ਰਬੰਧ ਰਾਹੀਂ ਆ ਗਿਆ ਸੀ। ਪਹਿਲਾਂ ਗੁਰਦੁਆਰਾ ਪ੍ਰਬੰਧ ਕੇਵਲ ਲੋਕਲ ਕਮੇਟੀਆਂ ਪਾਸ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਸਦੀ ਪ੍ਰਮੁੱਖਤਾ ਨਾਲ ਨਿਗਰਾਨੀ ਕਰਦੀ ਸੀ, ਪਰ ਹੌਲੀ ਹੌਲੀ ਸ਼੍ਰੋਮਣੀ ਗੁਰਦੁਆਰਾ ਐਕਟ ਦੀ ਧਾਰਾ 85 ਹੇਠ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਹੁਣ ਤੱਕ 78 ਇਤਿਹਾਸਿਕ ਗੁਰਦੁਆਰਿਆਂ ਦਾ ਪ੍ਰਬੰਧ ਆਪਣੇ ਅਧੀਨ ਕਰ ਲਿਆ ਹੈ ਅਤੇ 300 ਦੇ ਕਰੀਬ ਗੁਰਦੁਆਰੇ ਪੰਜਾਬ, ਚੰਡੀਗੜ੍ਹ ਤੇ ਹਿਮਾਚਲ ਪ੍ਰਦੇਸ਼ ਵਿੱਚ ਹਨ ਜਿਨ੍ਹਾਂ ਦਾ ਪ੍ਰਬੰਧ ਲੋਕਲ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਕੋਲ ਹੈ।

ਗੁਰੂ ਕਾਲ ਤੋਂ ਬਾਅਦ ਸਿੱਖ ਆਗੂਆਂ ਦਾ ਕੇਂਦਰੀ ਸਥਾਨ, ਸ੍ਰੀ ਅਕਾਲ ਤਖ਼ਤ ਸਾਹਿਬ ਸ੍ਰੀ ਅੰਮ੍ਰਿਤਸਰ ਬਣਿਆ, ਜਿੱਥੇ ਬੈਠ ਕੇ ਸਿੰਘ ਸਰਬਸੰਮਤੀ ਨਾਲ ਗੁਰਮਤੇ ਕਰਦੇ ਸਨ ਅਤੇ ਨੀਤੀ ਬਣਾਉਂਦੇ ਸਨ, ਫ਼ਿਰ ਉਸਨੂੰ ਨੇਪਰੇ ਚਾੜ੍ਹਨ ਲਈ ਜਾਨ ਵਾਰ ਦਿੰਦੇ ਸਨ। ਇਸ ਤਰ੍ਹਾਂ ਇਹਨਾਂ ਜੱਥਿਆਂ ਤੇ ਮਿਸਲਾਂ ਨੇ 18ਵੀਂ ਈਸਵੀ ਵਿੱਚ ਪੰਜਾਬ ਵਿੱਚ ਆਪਣਾ ਰਾਜਸੀ ਦਬਦਬਾ ਕਾਇਮ ਕੀਤਾ ਅਤੇ 19ਵੀਂ ਸਦੀ ਦੇ ਆਰੰਭ ਤੱਕ ਮਹਾਰਾਜਾ ਰਣਜੀਤ ਸਿੰਘ ਨੇ ਇੱਕ ਮਜ਼ਬੂਤ ਸਿੱਖ ਰਾਜ ਸਥਾਪਿਤ ਕਰ ਲਿਆ ਸੀ। ਅੱਜ ਵੀ ਦੁਨੀਆਂ ਭਰ ਵਿੱਚ ਵਸਦੇ ਸਿੱਖ, ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ, ਦਿੱਤੇ ਆਦੇਸ਼ਾਂ ਤੇ ਨਿਰਦੇਸ਼ਾਂ ਨੂੰ ਮੰਨਦੇ ਹਨ। ਪੰਜ ਪਿਆਰਿਆਂ ਦੀ ਸੰਸਥਾ ਜੋ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਕੌਮ ਦੀ ਅਗਵਾਈ ਲਈ ਬਣਾਈ ਸੀ, ਨੂੰ ਹੁਣ ਪੰਜ ਤਖ਼ਤਾਂ ਦੇ ਜੱਥੇਦਾਰ ਭਾਵ, ਤਖ਼ਤ ਸ੍ਰੀ ਅਕਾਲ ਤਖ਼ਤ ਸਾਹਿਬ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਤਖ਼ਤ ਸ੍ਰੀ ਦਮਦਮਾ ਸਾਹਿਬ, ਤਖ਼ਤ ਸ੍ਰੀ ਪਟਨਾ ਸਾਹਿਬ, ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਸਿੰਘ ਸਾਹਿਬਾਨ ਤੇ ਸ੍ਰੀ ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ ਲੋੜ ਪੈਣ 'ਤੇ ਪੰਜ ਪਿਆਰਿਆਂ ਵੱਲੋਂ ਮਿਲ ਬੈਠ, ਨੀਤੀਆਂ ਨਿਰਧਾਰਿਤ ਤੇ ਕੌਮੀ ਫ਼ੈਸਲੇ ਕਰਦੇ ਹਨ।

ਸ਼੍ਰੋਮਣੀ ਅਕਾਲੀ ਦਲ, ਜੋ ਗੁਰਦੁਆਰਾ ਸੁਧਾਰ ਲਹਿਰ ਸਮੇਂ ਹੋਂਦ ਵਿੱਚ ਆਇਆ ਸੀ ਜਲਦੀ ਹੀ ਦੇਸ਼ ਦੀ ਆਜ਼ਾਦੀ ਲਈ ਕਾਂਗਰਸ ਦਾ ਸਾਥੀ ਬਣ ਗਿਆ ਅਤੇ ਸਰਗਮ ਰਾਜਨੀਤੀ ਵਿੱਚ ਹਿੱਸਾ ਲੈਣ ਲੱਗ ਪਿਆ। ਸ਼੍ਰੋਮਣੀ ਅਕਾਲੀ ਦਲ ਦੇ ਹੀ ਆਗੂ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਵੀ ਬਣਦੇ ਸਨ। ਇਸ ਤਰ੍ਹਾਂ ਸਿੱਖ ਰਾਜਨੀਤੀ ਅਤੇ ਸਿੱਖ ਧਰਮ ਦਾ ਸੁਮੇਲ ਹੋ ਗਿਆ। ਦੇਸ਼ ਦੀ ਆਜ਼ਾਦੀ ਤੋਂ ਪਹਿਲਾਂ ਭਾਰਤ ਦੀ ਵੰਡ ਲਈ ਜੋ ਤਿੰਨ ਕੌਮੀ ਫ਼ਾਰਮੂਲਾ ਬਣਿਆ, ਉਸ ਵਿੱਚ ਸਿੱਖ ਕੌਮ ਦੀ ਅਗਵਾਈ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਨੇ ਕੀਤੀ ਅਤੇ ਅੰਗ੍ਰੇਜ਼ ਨਾਲ ਗੱਲਬਾਤ ਵਿੱਚ ਸ਼ਾਮਿਲ ਹੋਏ ਮੁਸਲਮਾਨਾਂ ਦੀ ਅਗਵਾਈ ਮੁਹੰਮਦ ਅਲੀ ਜਿਨਾਹ ਦੀ ਮੁਸਲਿਮ ਲੀਗ ਨੇ ਕੀਤੀ ਸੀ। 1925 ਵਿੱਚ ਬਣੇ ਗੁਰਦੁਆਰਾ ਪ੍ਰਬੰਧਕ ਐਕਟ ਦਾ ਸੰਬੰਧ ਪੁਰਾਣੇ ਪੰਜਾਬ ਨਾਲ ਸੀ ਜਿਸ ਵਿੱਚ ਪਾਕਿਸਤਾਨ, ਹਰਿਆਣਾ ਤੇ ਦਿੱਲੀ ਦੀਆਂ ਕਮੇਟੀਆਂ ਬਣ ਚੁੱਕੀਆਂ ਹਨ। ਇਸ ਤਰ੍ਹਾਂ ਕੋਈ ਕੇਂਦਰੀ ਸਿੱਖ ਲੀਡਰਸ਼ਿੱਪ ਧਾਰਮਿਕ ਰੂਪ ਵਿੱਚ ਨਹੀਂ ਹੈ, 1956 ਤੋਂ 1998 ਤੱਕ ਆਲ ਇੰਡੀਆ ਗੁਰਦੁਆਰਾ ਐਕਟ ਦੀ ਮੰਗ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਅਕਾਲੀ ਦਲ ਵੱਲੋਂ ਹੁੰਦੀ ਰਹੀ ਹੈ, ਇਹ ਮੰਗ 1985 ਦੇ ਰਾਜੀਵ–ਲੌਂਗੋਵਾਲ ਸਮਝੌਤੇ ਦਾ ਹਿੱਸਾ ਵੀ ਹੈ। ਪਰ ਜਦੋਂ ਇਸਦਾ ਖਰੜਾ ਸ੍ਰੀ ਅਟਲ ਬਿਹਾਰੀ ਵਾਜਪਾਈ ਦੀ ਸਰਕਾਰ ਨੇ ਤਿਆਰ ਕਰਕੇ ਭੇਜਿਆ ਤਾਂ ਐਸ.ਜੀ.ਪੀ.ਸੀ. ਵੱਲੋਂ ਇਸਨੂੰ ਪ੍ਰਵਾਨ ਕਰ ਅਮਲੀ ਰੂਪ ਦੇਣ ਦੀ ਥਾਂ, ਇਹ ਮੰਗ ਹੀ ਬੰਦ ਕਰ ਦਿੱਤੀ ਗਈ, ਸ਼ਾਇਦ ਕਿਸੇ ਨੂੰ ਇਹ ਗੱਲ ਸਮਝੀ ਹੋਵੇ, ਕਿ ਇਸ ਨਾਲ ਸਾਰੇ ਭਾਰਤ ਦੇ ਸਿੱਖ ਇਕੱਠੇ ਹੋਣਗੇ ਤੇ ਇੱਕ ਧੜੇ ਦਾ ਗਲਬਾ ਨਾ ਰਹਿ ਸਕੇਗਾ।

ਆਜ਼ਾਦੀ ਤੋਂ ਬਾਅਦ ਵੀ ਸ਼੍ਰੋਮਣੀ ਅਕਾਲੀ ਦਲ ਦੇ ਨੁਮਾਇੰਦੇ ਹੀ ਸਿੱਧੇ ਤੌਰ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਚੋਣਾਂ ਵਿੱਚ ਹਿੱਸਾ ਲੈਂਦੇ ਰਹੇ ਹਨ ਅਤੇ ਅੱਜ ਵੀ ਬਹੁਤ ਸਾਰੇ ਅਕਾਲੀ ਆਗੂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਅਤੇ ਅਹੁਦੇਦਾਰ ਹਨ। ਕਾਂਗਰਸ ਸਮੇਤ ਕਈ ਪਾਰਟੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਚੋਣ ਅਸਿੱਧੇ ਰੂਪ ਵਿੱਚ ਧੜੇ ਬਣਾ ਕੇ ਲੜੀਆਂ ਜਾਂਦੀਆਂ ਰਹੀਆਂ ਹਨ। ਪਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਹੁਦੇਦਾਰ, ਅਕਾਲੀ ਦਲ ਦੇ ਨਾਲ ਸੰਬੰਧਤ ਆਗੂ ਹੀ ਬਣਦੇ ਰਹੇ ਹਨ ਅਤੇ ਬਹੁਤੇ ਅਕਾਲੀ ਮੋਰਚੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅਰਦਾਸ ਨਾਲ ਹੀ ਆਰੰਭ ਹੁੰਦੇ ਰਹੇ ਹਨ।

ਜਿਥੋਂ ਤੱਕ ਸਿੱਖ ਧਰਮ ਦੇ ਪ੍ਰਚਾਰ ਪ੍ਰਸਾਰ ਦੀ ਗੱਲ ਹੈ। ਇੱਕ ਤਕੜਾ ਉਪਰਾਲਾ 1936 ਵਿੱਚ ਹੋਇਆ ਸੀ, ਜਦੋਂ ਡਾ. ਭੀਮਰਾਓ ਅੰਬੇਦਕਰ ਦੀ ਪ੍ਰੇਰਨਾ ਸਦਕਾ ਸਿੱਖ ਆਗੂਆਂ ਨੇ ਦੇਸ਼ ਭਰ ਵਿੱਚ ਪ੍ਰਚਾਰ ਕੇਂਦਰ ਸਥਾਪਿਤ ਕਰਨ ਲਈ ਸਰਬਹਿੰਦ ਸਿੱਖ ਮਿਸ਼ਨ ਦੇ ਨਾਂ ਨਾਲ ਜੱਥੇਬੰਦੀ ਸਿੱਖ ਧਰਮ ਦੇ ਪ੍ਰਚਾਰ ਪ੍ਰਸਾਰ ਲਈ ਬਣਾਈ ਸੀ ਤੇ ਹਾਪੁੜ, ਅਲੀਗੜ੍ਹ (ਯੂ.ਪੀ.), ਬਰਹਾਨਪੁਰ (ਮੱਧਪ੍ਰਦੇਸ਼), ਨਾਗਪੁਰ (ਮਹਾਰਾਸ਼ਟਰ) ਅਤੇ ਇਰਨਾਕੁਲਮ ਅਤੇ ਰਾਨੀ (ਕੇਰਲਾ) ਆਦਿ ਥਾਵਾਂ ਤੇ ਕੇਂਦਰ ਸਥਾਪਿਤ ਕੀਤੇ ਸਨ, ਪਰ ਹੌਲੀ ਹੌਲੀ ਇਹ ਸੰਸਥਾਂ ਤੇ ਕੇਂਦਰ ਬੰਦ ਹੋਇਆਂ ਵਰਗੇ ਹਨ ਅਤੇ ਪ੍ਰਚਾਰ ਪ੍ਰਸਾਰ ਦਾ ਕੋਈ ਹੋਰ ਯਤਨ ਵੀ ਨਹੀਂ ਹੋ ਰਿਹਾ।

ਮਹਾਨਕੋਸ਼ ਅਨੁਸਾਰ ਸਿੱਖ ਦੀ ਪਰਿਭਾਸ਼ਾ ਹੈ "ਉਹ ਵਿਅਕਤੀ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਨੁਯਾਈ, ਜਿਸ ਨੇ ਸਤਿਗੁਰੂ ਨਾਨਕ ਦੇਵ ਦਾ ਸਿੱਖ ਧਰਮ ਧਾਰਨ ਕੀਤਾ ਹੈ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਆਪਣਾ ਧਰਮਗ੍ਰੰਥ ਮੰਨਦਾ ਹੈ, ਦਸ ਸਤਿਗੁਰਾਂ ਨੂੰ ਇੱਕ ਰੂਪ ਜਾਣਦਾ ਹੈ, 10 ਗੁਰੂ ਸਾਹਿਬਾਨਾਂ ਅਤੇ ਸਿੱਖ ਧਰਮ ਵਿੱਚ ਵਿਸ਼ਵਾਸ ਰੱਖਦਾ ਹੈ ਸਿੱਖ ਅਖਵਾਉਂਦਾ ਹੈ। ਗੁਰਮਤਿ ਅਨੁਸਾਰ "ਪੂਜਾ ਅਕਾਲ ਕੀ, ਪਰਚਾ ਸ਼ਬਦ ਕਾ ਦੀਦਾਰ ਖਾਲਸੇ ਕਾ" ਸਿੱਖ ਦੀ ਜੀਵਨ ਜਾਂਚ ਹੈ। ਗੁਰੂ ਹੁਕਮ ਹੈ: 'ਰਹਿਣੀ ਰਹੈ ਸੋਈ ਸਿੱਖ ਮੇਰਾ॥ ਉਹ ਠਾਕੁਰ ਮੈ ਉਸਕਾ ਚੇਰਾ॥' ਸੋ ਇਸ ਲਈ ਸਿੱਖ ਧਰਮ ਵਿੱਚ ਗੁਰਮਤਿ ਅਨੁਸਾਰ ਜੀਵਨ ਜੀਊਣਾ ਵੀ ਲਾਜ਼ਮੀ ਹੈ। ਜੋ ਵਿਅਕਤੀ ਗੁਰੂ ਆਦੇਸ਼ ਦੀ ਪਾਲਣਾ ਨਹੀਂ ਕਰਦਾ ਅਤੇ ਜੀਵਨ ਸਿੱਖ ਧਰਮ ਦੀ ਮਰਿਆਦਾ ਅਨੁਸਾਰ ਨਹੀਂ ਜਿਉਂਦਾ ਉਸਨੂੰ ਮਨਮੁੱਖ ਆਖਿਆ ਜਾਂਦਾ ਹੈ।

ਗੁਰੂ ਪਾਤਸ਼ਾਹ ਦਾ ਹੁਕਮ ਵੀ ਹੈ "ਰਹਿਤ ਬਿਨਾ ਸੁਖ ਕਬਹੂੰ ਨ ਲਹੈ॥ ਤਾਂਤੇ ਰਹਿਤ ਸੁ ਦ੍ਰਿੜ੍ਹ ਕਰ ਰਹੈ॥" ਰਹਿਤ ਅਨੁਸਾਰ ਜੀਵਨ ਵਿੱਚ ਅਵੱਗਿਆ ਜਾਂ ਗਲਤੀ ਹੋਣ ਤੇ ਇਤਿਹਾਸ ਵਿੱਚ ਬਹੁਤ ਸਾਰੇ ਵੱਡੇ ਵਿਅਕਤੀਆਂ ਨੂੰ ਤਨਖ਼ਾਹੀਆ ਕਰਾਰ ਦਿੱਤਾ ਗਿਆ, ਭਾਵ ਧਾਰਮਿਕ ਸੇਵਾ ਲਗਦੀ ਰਹੀ ਹੈ। ਮਹਾਰਾਜਾ ਰਣਜੀਤ ਸਿੰਘ ਜੀ ਨੂੰ ਇੱਕ ਮੁਸਲਿਮ ਔਰਤ ਨਾਲ ਸ਼ਾਦੀ ਕਰਨ ਤੇ ਇਸ ਤਰ੍ਹਾਂ ਦੀ ਸਜ਼ਾ ਲੱਗੀ ਸੀ, ਅੰਗ੍ਰੇਜ਼ ਕਾਲ ਵਿੱਚ ਕੁਝ ਵਿਵਾਦਿਤ ਹੁਕਮਨਾਮੇ ਵੀ ਜਾਰੀ ਹੁੰਦੇ ਰਹੇ। ਇਸ ਤਰ੍ਹਾਂ ਕੀਤੀ ਹੋਈ ਅਰਦਾਸ ਦੀ ਨਾ ਪੂਰਤੀ ਕਰਕੇ, ਕਈ ਆਗੂਆਂ ਨੂੰ ਧਾਰਮਿਕ ਸੇਵਾ ਕਰਨ ਦੇ ਆਦੇਸ਼ ਹੋਏ, ਕੁਝ ਰਾਜਨੀਤਕ ਆਗੂਆਂ ਨੂੰ ਜਿਨ੍ਹਾਂ ਵਿੱਚ ਗਿਆਨੀ ਜ਼ੈਲ ਸਿੰਘ, ਸਾਬਕਾ ਰਾਸ਼ਟਰਪਤੀ, ਸ. ਬੂਟਾ ਸਿੰਘ, ਸਾਬਕਾ ਗ੍ਰਹਿ ਮੰਤਰੀ, ਸ. ਸੁਰਜੀਤ ਸਿੰਘ ਬਰਨਾਲਾ, ਸਾਬਕਾ ਮੁੱਖਮੰਤਰੀ ਪੰਜਾਬ ਨੂੰ ਵੀ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋਣਾ ਪਿਆ। ਧਾਰਮਿਕ ਨਿਯਮਾਂ ਦੀ ਪਾਲਣਾ ਕਰਨ ਤੇ ਅਨੇਕਾਂ ਵਿਅਕਤੀਆਂ ਨੂੰ ਤਨਖ਼ਾਹ ਪੰਜ ਸਿੰਘ ਸਾਹਿਬਾਨ ਵੱਲੋਂ ਲਗਦੀ ਰਹੀ ਹੈ ਅਤੇ ਇਹ ਸਿਲਸਿਲਾ ਨਿਰੰਤਰ ਜਾਰੀ ਵੀ ਹੈ। ਕਿਉਂਕਿ ਕਿਸੇ ਵਿਅਕਤੀ ਪਾਸੋਂ ਜਾਣੇ ਅਣਜਾਣੇ ਵਿੱਚ ਮਰਿਆਦਾ ਦੀ ਉਲੰਘਣਾ ਹੋਣੀ ਸੁਭਾਵਿਕ ਹੈ।

ਪਰ ਇਤਿਹਾਸ ਵਿੱਚ ਇਹ ਪਹਿਲੀ ਵਾਰ ਹੈ ਕਿ, ਕਿਸੇ ਵਿਅਕਤੀ ਜਾਂ ਸੰਸਥਾ ਦੇ ਅਹਿਲਕਾਰਾਂ ਨੂੰ, ਜੋ ਸਿੱਖ ਧਰਮ ਵਿੱਚ ਵਿਸ਼ਵਾਸ ਰੱਖਦੇ ਹਨ ਤੇ ਕੌਮੀ ਆਗੂ ਅਖਵਾਉਂਦੇ ਹਨ, ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਨਿਰਾਦਰ ਤੇ ਖੰਡਿਤ ਕਰਨ ਦੇ ਦੋਸ਼ੀ ਨੂੰ, ਸਜ਼ਾ ਕਰਾਉਣ ਦੀ ਥਾਂ, ਰਾਜਸੀ ਲਾਭ ਲਈ ਉਸਦੀ ਮਦਦ ਕਰਨ ਤੇ ਉਸਨੂੰ ਮੁਆਫ਼ ਕਰਨ ਦੇ ਦੋਸ਼ ਲੱਗੇ ਹਨ। ਉਸਨੂੰ ਉਚਿਤ ਠਹਿਰਾਉਣ ਲਈ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਧਨ ਵੀ ਖਰਚਿਆ ਗਿਆ। ਇਹ ਸਿਲਸਿਲਾ ਕਰੀਬ 17 ਸਾਲਾਂ ਤੋਂ ਲਗਾਤਾਰ ਪੰਥ ਲਈ ਚਿੰਤਾ ਦਾ ਵਿਸ਼ਾ ਰਿਹਾ, ਲੱਗੇ ਹੋਏ ਦੋਸ਼ਾਂ ਨੂੰ ਸਹੀ ਮਨ ਕੇ, ਆਪਣੀਆਂ ਭੁੱਲਾਂ ਬਖ਼ਸ਼ਾਉਣ ਦਾ ਜੋ ਬਚਨ ਆਗੂਆਂ ਨੇ ਦਿੱਤਾ ਹੈ, ਉਹ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਲੋਕਾਂ ਦਾ ਆਗੂਆਂ ਦੇ ਕਿਰਦਾਰ ਬਾਰੇ ਸ਼ੱਕ ਅਸਲ ਵਿੱਚ ਸੱਚ ਹੀ ਸੀ। ਸਿੱਖ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ, ਧਰਮ ਦੇ ਸਿਧਾਂਤ ਦੀ ਉਲੰਘਣਾ ਕਰਨ ਵਾਲਾ ਵਿਅਕਤੀ, ਭਾਵੇਂ ਆਪਣੀ ਗਲਤੀ ਦਾ ਅਹਿਸਾਸ ਹੀ ਕਰ ਲਵੇ ਪਰ ਸਿੱਖ ਸਮਾਜ ਉਸਨੂੰ ਦੁਬਾਰਾ ਨਹੀਂ ਅਪਣਾਉਂਦਾ। ਸ਼੍ਰੋਮਣੀ ਅਕਾਲੀ ਦਲ ਰਾਹੀਂ ਸਿੱਖ ਸਮਾਜ, ਪਿਛਲੇ ਤਕਰੀਬਨ 77 ਸਾਲਾ ਤੋਂ ਪੰਜਾਬ ਵਿੱਚ ਆਪਣੀ ਰਾਜਨੀਤਕ ਸ਼ਕਤੀ ਬਨਾਉਣ ਲਈ ਸੰਘਰਸ਼ਸ਼ੀਲ ਹੈ, ਬਹੁਤ ਵਾਰ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਨੂੰ ਪੰਜਾਬ ਵਿੱਚ ਰਾਜ ਕਰਨ ਅਤੇ ਕੇਂਦਰ ਵਿੱਚ ਭਾਈਵਾਲ ਬਣਨ ਦਾ ਮੌਕਾ ਵੀ ਮਿਲਿਆ ਹੈ, ਪਰ ਜਿਨ੍ਹਾਂ ਮੁੱਦਿਆਂ ਨੂੰ ਲੈ ਕੇ ਲੋਕ ਭਾਵਨਾਵਾਂ ਉਹਨਾਂ ਨਾਲ ਜੁੜੀਆਂ ਸਨ, ਨੂੰ ਪੂਰਾ ਕਰਨ ਲਈ ਗੰਭੀਰ ਯਤਨ ਹੋਇਆ ਨਜ਼ਰ ਨਹੀਂ ਆਉਂਦਾ। ਇਸੇ ਕਾਰਨ 1984 ਦੇ ਸਿੱਖ ਕਤਲੇਆਮ ਦੇ ਦੋਸ਼ੀ ਸਜ਼ਾ ਨਹੀਂ ਹੋ ਸਕੇ ਅਤੇ ਪੀੜਿਤਾਂ ਨੂੰ ਮੁਕੰਮਲ ਮਲ੍ਹਮ ਵੀ ਨਹੀਂ ਲਗ ਸਕੀ।

# ਬ੍ਰਿਕਸ ਦੀ ਮੁਦਰਾ ਰਣਨੀਤੀ ਤੋਂ ਅਮਰੀਕੀ ਡਾਲਰ ਨੂੰ ਚੁਣੌਤੀ

ਹਰਸ਼ਵਿੰਦਰ

ਅਮਰੀਕੀ ਡਾਲਰ ਦੀ ਸਰਦਾਰੀ ਨੂੰ ਚੁਣੌਤੀ ਪੇਸ਼ ਕਰਨ ਵਾਲੇ ਬ੍ਰਿਕਸ ਸੰਗਠਨ ਦੇ ਚਰਚੇ ਪੂਰੀ ਦੁਨੀਆਂ ਵਿੱਚ ਹੋ ਰਹੇ ਹਨ। ਇਸ ਚੁਣੌਤੀ ਤੋਂ ਜਿੱਥੇ ਸਾਮਰਾਜੀ ਦੇਸ਼ਾਂ ਸਮੇਤ ਡਾਲਰ ਦੀ ਚੌਧਰ ਤੋਂ ਸਤਾਏ ਮੁਲਕਾਂ ਵਿੱਚ ਰਾਹਤ ਦੀ ਆਸ ਝਲਕ ਰਹੀ ਹੈ, ਉੱਥੇ ਦੂਜੇ ਪਾਸੇ ਅਮਰੀਕੀ ਸਾਮਰਾਜ ਬੁਖਲਾਹਟ ਵਿੱਚ ਆ ਕੇ ਬ੍ਰਿਕਸ ਸਮੂਹ ਵਿੱਚ ਸ਼ਾਮਲ ਦੇਸ਼ਾਂ ਨੂੰ ਘੁਰਕੀਆਂ ਦੇ ਰਿਹਾ ਹੈ। ਬ੍ਰਾਜ਼ੀਲ, ਰੂਸ, ਭਾਰਤ, ਚੀਨ ਅਤੇ ਦੱਖਣੀ ਅਫਰੀਕਾ ਤੋਂ ਬਣੇ ਬ੍ਰਿਕਸ ਦਾ ਹੋਰ ਵਿਸਥਾਰ ਹੋਣ ਨਾਲ ਇਹਨਾਂ ਦੇ ਪ੍ਰੋਗਰਾਮ ਵਿੱਚ ਡੀ-ਡਾਲਰੀਕਰਨ ਅਤੇ ਨਵੀਂ ਬ੍ਰਿਕਸ ਮੁਦਰਾ ਉਭਰਵਾਂ ਮੁੱਦਾ ਬਣ ਕੇ ਉੱਭਰ ਰਿਹਾ ਹੈ। ਬੀਤੇ ਬ੍ਰਿਕਸ ਸੰਮੇਲਨ ਵਿੱਚ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਵੱਲੋਂ ਇੱਕ ਅਗਿਆਤ ਨੋਟ ਲਹਿਰਾਉਣ ਨਾਲ ਬ੍ਰਿਕਸ ਮੁਦਰਾ ਦੀ ਚਰਚਾ ਹੋਰ ਤੇਜ਼ ਹੋ ਗਈ। ਇਸਦੇ ਪ੍ਰਤੀਕਰਮ ਵਜੋਂ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਬ੍ਰਿਕਸ ਵੱਲੋਂ ਨਵੀਂ ਮੁਦਰਾ ਸ਼ੁਰੂ ਕਰਨ ਦੇ ਇਵਜ਼ 'ਚ 100% ਟੈਰਿਫ ਲਾਉਣ ਦੀ ਘੁਰਕੀ ਦੇ ਦਿੱਤੀ। ਅੰਤਰਰਾਸ਼ਟਰੀ ਪੱਧਰ 'ਤੇ ਪ੍ਰਚੱਲਿਤ ਵਪਾਰਕ ਢਾਂਚੇ (ਬੈਂਕਾਂ, ਵਿੱਤੀ ਸਰਮਾਇਆ, ਡਾਲਰ ਰਿਜ਼ਰਵ, ਟੈਰਿਫ ਫ਼ੀਸਦ, ਸਵਿਫਟ ਕੋਡ ਆਦਿ) ਦੇ ਚਲਣ ਉੱਤੇ ਅੱਜ ਸੰਸਾਰ ਮੁੜ ਵਿਚਾਰ ਕਰ ਰਿਹਾ ਹੈ ਅਤੇ ਇਸ ਦੇ ਬਦਲ ਤਲਾਸ਼ ਕਰ ਰਿਹਾ ਹੈ। ਅਮਰੀਕੀ ਡਾਲਰ ਨੂੰ ਹਥਿਆਰ ਬਣਾ ਕੇ ਜਿਸ ਤਰੀਕੇ ਦੇਸ਼ ਤਬਾਹ ਹੁੰਦੇ ਰਹੇ ਹਨ ਉਸ ਦੇ ਮੱਦੇਨਜ਼ਰ ਡਾਲਰ ਮੁਕਾਬਲੇ ਬਦਲਵੀਂ ਭੁਗਤਾਨ ਪ੍ਰਣਾਲੀ ਉੱਪਰ ਜ਼ੋਰ ਦਿੱਤਾ ਜਾ ਰਿਹਾ ਹੈ।

ਅਮਰੀਕੀ ਸਾਮਰਾਜ ਨੂੰ ਮਜ਼ਬੂਤ ਰੱਖਣ ਲਈ ਟੈਰਿਫਾਂ ਦੀਆਂ ਧਮਕੀਆਂ ਅਤੇ ਆਰਥਿਕ ਨਾਕਾਬੰਦੀਆਂ ਸਮੇਂ-ਸਮੇਂ 'ਤੇ ਅਖ਼ਬਾਰਾਂ ਦੀਆਂ ਸੁਰਖੀਆਂ ਬਣਦੀਆਂ ਰਹਿੰਦੀਆਂ ਹਨ। ਉਦਾਹਰਣ ਵਜੋਂ ਰੂਸ ਨੂੰ ਸਵਿਫਟ ਕੋਡ ਵਿੱਚੋਂ ਬਾਹਰ ਕੱਢਿਆ ਹੋਇਆ ਹੈ। ਸਵਿਫਟ ਅਜਿਹਾ ਅੰਤਰਰਾਸ਼ਟਰੀ ਲੈਣ-ਦੇਣ ਦਾ ਮੈਸੇਜਿੰਗ ਨੈੱਟਵਰਕ ਹੈ ਜੋ 200 ਦੇਸ਼ਾਂ ਅਤੇ 1100 ਬੈਂਕਾਂ ਨੂੰ ਵਿਸ਼ਵ ਪੱਧਰ 'ਤੇ ਜੋੜਦਾ ਹੈ। ਪੱਛਮੀ ਸਹਿਯੋਗੀ, ਸਵਿਫਟ ਦੇ ਮੁੱਖ ਨਿਗਰਾਨ ਹਨ। ਇਸ ਤੋਂ ਇਲਾਵਾ ਇਹ ਅਸਿੱਧੇ ਤੌਰ 'ਤੇ ਬੈਲਜੀਅਨ ਕਾਨੂੰਨ ਅਤੇ ਯੂਰਪੀਅਨ ਯੂਨੀਅਨ ਦੇ ਹੁਕਮਾਂ ਦੀ ਵੀ ਪਾਲਣਾ ਕਰਦਾ ਹੈ। ਅੰਤਰਰਾਸ਼ਟਰੀ ਲੈਣ-ਦੇਣ 'ਤੇ ਸਵਿਫਟ ਦਾ ਏਕਾਧਿਕਾਰ ਹੈ ਤੇ ਇਸ ਲਈ ਜਦੋਂ ਵੀ ਕੋਈ ਦੇਸ਼ ਪੱਛਮੀ ਵਿਚਾਰਧਾਰਾ ਜਾਂ ਪੱਛਮੀ ਚੌਧਰ ਨੂੰ ਚੁਣੌਤੀ ਦਿੰਦਾ ਹੈ ਤਾਂ ਉਸ ਦੇਸ਼ ਨੂੰ ਸਵਿਫਟ ਪ੍ਰਣਾਲੀ ਤੋਂ ਲਾਂਭੇ ਕਰਕੇ ਆਲਮੀ ਵਿੱਤੀ ਪ੍ਰਣਾਲੀ ਤੋਂ ਬਾਹਰ ਦਾ ਰਸਤਾ ਦਿਖਾ ਦਿੱਤਾ ਜਾਂਦਾ ਹੈ। ਅੱਜ ਸਮੁੱਚੀ ਦੁਨੀਆਂ ਵਿੱਚ 50 ਤੋਂ ਵੱਧ ਦੇਸ਼ਾਂ ਉੱਪਰ ਆਰਥਿਕ ਪਾਬੰਦੀਆਂ ਲੱਗੀਆਂ ਹੋਈਆਂ ਹਨ। ਰੂਸ-ਯੂਕਰੇਨ ਯੁੱਧ ਕਾਰਨ ਹੁਣ ਤੱਕ ਰੂਸ ਉੱਪਰ 20,000 ਰੋਕਾਂ ਲਗਾ ਦਿੱਤੀਆਂ ਗਈਆਂ। ਆਰਥਿਕ ਰੋਕਾਂ ਦੇ ਬਾਵਜੂਦ ਰੂਸ ਦੀ ਆਰਥਿਕਤਾ ਤੇ ਵਪਾਰ, ਵਿਸ਼ਵ ਵਪਾਰ ਵਿੱਚ ਪ੍ਰਸੰਗਿਕ ਬਣਿਆ ਹੋਇਆ ਹੈ। ਇਹ ਅੱਜ ਸੰਸਾਰ ਦੇ ਬਾਕੀ ਦੇਸ਼ਾਂ ਲਈ ਸਮਝਣ ਵਾਲੀ ਗੱਲ ਹੈ। ਬ੍ਰਿਕਸ ਮੁਲਕਾਂ ਲਈ ਅੱਜ ਡਾਲਰ ਦਾ ਤੋੜ ਅਤੇ ਸਵਿਫਟ ਦਾ ਬਦਲ ਵੱਡੀਆਂ ਚੁਣੌਤੀਆਂ ਹਨ। ਉਹ ਦੋ ਪੱਧਰਾਂ 'ਤੇ ਕੰਮ ਕਰ ਰਹੇ ਹਨ: ਇੱਕ ਤਾਂ ਸਥਾਨਕ ਮੁਦਰਾ ਵਿੱਚ ਵਪਾਰ ਅਤੇ ਦੂਜਾ ਸੋਨੇ ਨਾਲ ਜੁੜੀ ਮੁਦਰਾ ਵੱਲ ਵਧਣਾ। ਇਹ ਵਰਤਾਰਾ ਡਾਲਰ ਨੂੰ ਚੁਣੌਤੀ ਪੇਸ਼ ਕਰਨ ਵਾਲਾ ਹੈ। ਇਸੇ ਲਈ ਟਰੰਪ ਟੈਕਸ ਦੀਆਂ ਘੁਰਕੀਆਂ ਦੇ ਰਿਹਾ ਹੈ।

ਬ੍ਰਿਕਸ ਦੇਸ਼ਾਂ ਨੇ ਪਹਿਲਾਂ ਹੀ ਡਾਲਰ 'ਤੇ ਨਿਰਭਰਤਾ ਘਟਾਉਣ ਲਈ ਸਥਾਨਕ ਮੁਦਰਾਵਾਂ ਵਿੱਚ ਦੁਵੱਲੇ ਵਪਾਰ ਸਮਝੌਤੇ ਕੀਤੇ ਹਨ ਤਾਂ ਜੋ ਅਮਰੀਕੀ ਆਰਥਿਕ ਪ੍ਰਭਾਵ ਘੱਟ ਕੀਤਾ ਜਾ ਸਕੇ। ਬ੍ਰਾਜ਼ੀਲ ਅਤੇ ਚੀਨ ਨੇ ਮਾਰਚ 2023 ਵਿੱਚ ਅਮਰੀਕੀ ਡਾਲਰ ਦੀ ਬਜਾਏ ਆਪਣੀਆਂ ਮੁਦਰਾਵਾਂ ਰਿਆਲ ਅਤੇ ਯੁਆਨ ਵਿੱਚ ਵਪਾਰ ਕਰਨ ਲਈ ਸਮਝੌਤੇ 'ਤੇ ਦਸਤਖ਼ਤ ਕੀਤੇ। ਇਹ ਸਮਝੌਤਾ ਲਾਗਤਾਂ ਨੂੰ ਘਟਾਉਣ, ਵਪਾਰ ਨੂੰ ਉਤਸ਼ਾਹਿਤ ਕਰਨ ਅਤੇ ਨਿਵੇਸ਼ ਦੀ ਸਹੂਲਤ ਲਈ ਹੈ। ਰੂਸ ਅਤੇ ਇਰਾਨ ਨੇ ਦੋਵਾਂ ਦੇਸ਼ਾਂ ਦੀਆਂ ਬੈਂਕਿੰਗ ਉਪ-ਪ੍ਰਣਾਲੀਆਂ ਦਾ ਏਕੀਕਰਨ ਕਰਕੇ ਆਰਥਿਕ ਸਹਿਯੋਗ ਦਿਖਾਇਆ ਅਤੇ ਡੀ-ਡਾਲਰਾਈਜ਼ੇਸ਼ਨ ਦੀ ਪ੍ਰਕਿਰਿਆ ਨੂੰ ਤੇਜ਼ ਕੀਤਾ, ਹੁਣ ਦੋਹਾਂ ਦੇਸ਼ਾਂ ਦੇ ਲੋਕ ਆਪਣੇ ਏਟੀਐੱਮ ਦੋਵਾਂ ਦੇਸ਼ਾਂ ਵਿੱਚ ਵਰਤ ਸਕਦੇ ਹਨ। ਭਾਰਤ ਅਤੇ ਰੂਸ ਵਿਚਕਾਰ ਲਗਭਗ 90% ਵਪਾਰ ਹੁਣ ਸਥਾਨਕ ਜਾਂ ਬਦਲਵੀਂ ਮੁਦਰਾਵਾਂ ਦੀ ਵਰਤੋਂ ਕਰ ਕੇ ਕੀਤਾ ਜਾ ਰਿਹਾ ਹੈ। ਚੀਨ-ਅਫਰੀਕਾ ਵਪਾਰ 2023 ਵਿੱਚ /282 ਬਿਲੀਅਨ ਤੱਕ ਪਹੁੰਚ ਗਿਆ, ਜਿਸ ਵਿੱਚੋਂ ਅਫਰੀਕਾ ਨੂੰ ਚੀਨੀ ਨਿਰਯਾਤ /172.8 ਬਿਲੀਅਨ ਸੀ ਅਤੇ ਅਫਰੀਕਾ ਤੋਂ ਇਸ ਦੀ ਦਰਾਮਦ /109.3 ਬਿਲੀਅਨ ਸੀ। ਚੀਨ 15 ਸਾਲਾਂ ਤੋਂ ਅਫਰੀਕਾ ਦਾ ਸਭ ਤੋਂ ਵੱਡਾ ਵਪਾਰਕ ਭਾਈਵਾਲ ਰਿਹਾ ਹੈ। ਵਧ ਰਹੇ ਵਪਾਰ ਨੇ ਸਰਹੱਦ ਪਾਰ ਲੈਣ-ਦੇਣ ਵਿੱਚ ਚੀਨੀ ਮੁਦਰਾ ਦੀ ਵਰਤੋਂ ਵਿੱਚ ਵਾਧਾ ਕੀਤਾ ਹੈ।

ਟਰੰਪ ਡਾਲਰ ਦੀ ਰੱਖਿਆ ਲਈ ਸਖ਼ਤ ਰਣਨੀਤਕ ਉਪਾਅ ਚਾਹੁੰਦਾ ਹੈ ਕਿਉਂਕਿ ਉਸ ਨੂੰ ਪਤਾ ਹੈ ਕਿ ਪੌਂਡ ਦੀ ਥਾਂ ਡਾਲਰ ਸਿਰਫ ਦਸ ਸਾਲਾਂ ਵਿੱਚ ਵਿਸ਼ਵ ਮੁਦਰਾ ਬਣ ਗਿਆ ਸੀ। ਅਮਰੀਕਾ ਦਾ ਕਹਿਣਾ ਹੈ ਕਿ ਉਹ ਪੂਰਨ ਟੈਕਸ ਲਾ ਕੇ ਬ੍ਰਿਕਸ ਦੇਸ਼ਾਂ ਨੂੰ ਅਮਰੀਕੀ ਮੰਡੀ ਵਿੱਚੋਂ ਬਾਹਰ ਕੱਢ ਦੇਵੇਗਾ ਪਰੰਤੂ ਅਮਰੀਕਾ ਦੁਆਰਾ ਟੈਰਿਫ ਲਗਾਉਣ ਨਾਲ ਅਮਰੀਕਾ 'ਚ ਵੀ ਸਾਮਾਨ ਮਹਿੰਗਾ ਹੋ ਜਾਵੇਗਾ ਤੇ ਮਹਿੰਗਾਈ ਨਿਯੰਤਰਣ ਤੋਂ ਬਾਹਰ ਚਲੀ ਜਾਵੇਗੀ। ਜੇ ਤੁਲਨਾਤਮਕ ਤੌਰ 'ਤੇ ਅਮਰੀਕਾ ਬ੍ਰਿਕਸ ਦੇ ਗੁਆਂਢੀ ਦੇਸ਼ਾਂ ਤੋਂ ਮਾਲ ਮੰਗਵਾ ਕੇ ਮਾਮਲਾ ਬਰਾਬਰ ਕਰਨ ਦੀ ਸੋਚ ਰਿਹਾ ਹੈ ਤਾਂ ਵੀ ਕੁਝ ਖਾਸ ਉਤਪਾਦ ਹੀ ਇਹਨਾਂ ਦੇਸ਼ਾਂ ਵਿੱਚ ਉਪਲੱਬਧ ਹਨ। ਜੇ ਇਸ ਤਰ੍ਹਾਂ ਹੁੰਦਾ ਹੈ ਤਾਂ ਇਹ ਉਹਨਾਂ ਦੇਸ਼ਾਂ ਦੇ ਹੱਥ ਹੋਰ ਮਜ਼ਬੂਤ ਕਰਨ ਅਤੇ ਨਵੀਂ ਮੁਦਰਾ ਨੂੰ ਸਥਾਪਤ ਕਰਨ ਵੱਲ ਵਧਾਵੇਗਾ। ਪੱਛਮੀ ਵਿਚਾਰਧਾਰਾ ਦੇ ਉਲਟ ਬ੍ਰਿਕਸ ਧੜਾ ਕਿਸੇ ਸਿੱਧੇ ਟਕਰਾਅ ਵਿੱਚ ਨਾ ਉਲਝਦੇ ਹੋਏ ਸਹਿਯੋਗ, ਖੁੱਲ੍ਹੇਪਣ, ਵਪਾਰ ਅਤੇ ਸਵੈ-ਨਿਰਭਰ ਅਰਥਚਾਰੇ ਦੇ ਨਿਰਮਾਣ ਵੱਲ ਵੱਧ ਕੇਂਦਰਿਤ ਦਿਖਾਈ ਦਿੰਦਾ ਹੈ। ਉਨ੍ਹਾਂ ਦੇ ਬੁਲਾਰੇ ਅਕਸਰ ਕਹਿੰਦੇ ਹਨ ਉਹ ਡਾਲਰ ਵਿਰੁੱਧ ਨਹੀਂ ਹਨ ਬਲਕਿ ਆਪਸੀ ਸਹਿਯੋਗ, ਬਹੁ-ਧਰੁਵੀ ਮੁਦਰਾ ਅਤੇ ਸੰਸਾਰ ਨੂੰ ਸਮਰਪਿਤ ਹਨ। ਚਾਹੇ ਬ੍ਰਿਕਸ ਧੜਾ ਆਪਸੀ ਵਿਰੋਧਾਂ, ਅਨਿਸ਼ਚਿਤਤਾ ਅਤੇ ਸੀਮਾਵਾਂ ਵਿੱਚ ਫਸਿਆ ਹੋਇਆ ਹੈ ਪਰ ਫਿਲਹਾਲ ਖ਼ੁਦ ਦੀ ਮਜ਼ਬੂਤੀ ਅਤੇ ਖ਼ੁਦਮੁਖਤਿਆਰੀ ਵੱਲ ਕੇਂਦਰਿਤ ਹੈ। ਭਾਵੇਂ ਅਮਰੀਕੀ ਡਾਲਰ ਨੂੰ ਸਿੱਧੀ ਚੁਣੌਤੀ ਦੇਣਾ ਬ੍ਰਿਕਸ ਧੜੇ ਦਾ ਮੁੱਖ ਏਜੰਡਾ ਨਹੀਂ ਹੈ ਪਰੰਤੂ ਬ੍ਰਿਕਸ ਮੁਲਕਾਂ ਵਿਚਕਾਰ ਦੁਵੱਲੇ ਵਪਾਰ ਦਾ ਆਪਸੀ ਸਥਾਨਕ ਮੁਦਰਾ ਵਿੱਚ ਲੈਣ-ਦੇਣ ਹੋਣ ਨਾਲ ਡਾਲਰ ਨੂੰ ਚੁਣੌਤੀ ਦਰਪੇਸ਼ ਆ ਰਹੀ ਹੈ। ਇਸ ਲਈ ਬ੍ਰਿਕਸ ਅਤੇ ਅਮਰੀਕੀ ਸਾਮਰਾਜ ਆਪੋ-ਆਪਣੇ ਹਿੱਤਾਂ ਦੇ ਬਚਾਅ ਲਈ ਆਹਮੋ-ਸਾਹਮਣੇ ਹਨ। ਮੁਦਰਾ ਦੀ ਸਰਦਾਰੀ, ਵਿਸ਼ਵ ਵਪਾਰ ਅਤੇ ਵਿਸ਼ਵ ਚੌਧਰ ਦੀ ਇਸ ਨੂਰਾ ਕੁਸ਼ਤੀ ਵਿੱਚ ਸੰਸਾਰ ਭਰ ਦੇ ਲੋਕ ਪਿਸਣ ਲਈ ਮਜਬੂਰ ਹਨ।




# ਨਿੱਕੀਆਂ ਜਿੰਦਾਂ ਵੱਡੇ ਸਾਕੇ ਕਰਨ ਵਾਲੀ ਕੌਮ ਦੀ ਨੌਜਵਾਨ ਪੀੜ੍ਹੀ ਸਿੱਖੀ ਤੋਂ ਬੇਮੁਖ ਕਿਉਂ?

## ਬਾਣੀ ਅਤੇ ਬਾਣੇ ਤੋਂ ਵੀ ਦੂਰ ਹੋ ਰਹੀ ਹੈ ਨੌਜਵਾਨ ਪੀੜ੍ਹੀ

## ਖੇਡ ਮੈਦਾਨਾਂ ਵਿੱਚ ਜੂੜੇ ਵਾਲੇ ਖਿਡਾਰੀਆਂ ਦੀ ਵੀ ਗਿਣਤੀ ਘਟੀ






> **ਇਹ ਅੱਜ ਦੇ ਸਮੇਂ ਦਾ ਕੌੜਾ ਸੱਚ ਹੈ ਕਿ ਕਾਨਵੈਂਟ ਅਤੇ ਇੰਗਲਿਸ਼ ਮੀਡੀਅਮ ਵਾਲੇ ਸਕੂਲਾਂ ਵਿੱਚ ਪੜ੍ਹਦੇ ਸਿੱਖਾਂ ਦੇ ਕਈ ਬੱਚਿਆਂ ਨੂੰ 10 ਸਿੱਖ ਗੁਰੂ ਸਾਹਿਬਾਨ ਦੇ ਨਾਂਅ ਵੀ ਪਤਾ ਨਹੀਂ ਹੁੰਦੇ ਪਰ ਉਹਨਾਂ ਨੂੰ ਅੰਗਰੇਜ਼ਾਂ ਦੇ ਕ੍ਰਿਸਮਿਸ ਤੋਂ ਲੈ ਕੇ ਵੈਲਨਟਾਈਨ ਡੇਅ ਤੱਕ ਦਾ ਚੰਗੀ ਤਰ੍ਹਾਂ ਪਤਾ ਹੁੰਦਾ ਹੈ।**

ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਦੋਂ ਪੰਦ੍ਹਰਵੀਂ ਸਦੀ ਵਿੱਚ ਅਵਤਾਰ ਧਾਰਿਆ ਸੀ ਤਾਂ ਉਸ ਸਮੇਂ ਹਰ ਪਾਸੇ ਹੀ ਅੰਧ-ਵਿਸ਼ਵਾਸ, ਜਾਦੂ ਮੰਤਰ , ਜਾਤੀਵਾਦ ਦਾ ਬੋਲਬਾਲਾ ਸੀ , ਔਰਤਾਂ ਦੀ ਸਥਿਤੀ ਬਹੁਤ ਹੀ ਚਿੰਤਾਜਨਕ ਸੀ, ਇਸ ਦੇ ਨਾਲ ਹੀ ਉਸ ਸਮੇਂ ਰਾਜੇ ਅਤੇ ਹੋਰ ਤਾਕਤਵਰ ਲੋਕ ਆਮ ਲੋਕਾਂ ਉੱਪਰ ਜ਼ੁਲਮ ਕਰਨਾ ਆਪਣਾ ਹੱਕ ਸਮਝਦੇ ਸਨ। ਗੁਰੂ ਨਾਨਕ ਦੇਵ ਜੀ ਨੇ ਕੁਰਾਹੇ ਪਈ ਦੁਨੀਆਂ ਨੂੰ ਸਿੱਧੇ ਰਾਹ ਪਾਉਣ ਲਈ ਆਪਣਾ ਸਾਰਾ ਹੀ ਜੀਵਨ ਲੇਖੇ ਲਾ ਦਿੱਤਾ। ਗੁਰੂ ਕਾਲ ਦੌਰਾਨ ਸਿੱਖ ਧਰਮ ਦੀ ਆਨ ਤੇ ਸ਼ਾਨ ਲਈ ਗੁਰੂ ਸਾਹਿਬਾਨ ਸਮੇਤ ਅਨੇਕਾਂ ਹੀ ਸਿੱਖਾਂ ਨੇ ਕੁਰਬਾਨੀਆਂ ਕੀਤੀਆਂ ਪਰ ਸਿੱਖੀ ਸਿਦਕ ਅਤੇ ਧਰਮ ਨਹੀਂ ਹਾਰਿਆ। ਇੱਥੋਂ ਤੱਕ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਚਾਰੇ ਸਾਹਿਬਜ਼ਾਦੇ ਵੀ ਜ਼ੁਲਮ ਵਿਰੁੱਧ ਜੰਗ ਵਿੱਚ ਸ਼ਹੀਦ ਹੋਏ ਪਰ ਉਹਨਾਂ ਨੇ ਈਨ ਨਹੀਂ ਮੰਨੀ। ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਨੇ ਨਿੱਕੀ ਜਿਹੀ ਉਮਰੇ ਹੀ ਧਰਮ ਲਈ ਸ਼ਹੀਦੀ ਦੇ ਕੇ ਇਹ ਸਿੱਧ ਕਰ ਦਿੱਤਾ ਕਿ ਦੁਨੀਆਂ ਵਿੱਚ ਨਿੱਕੀਆਂ ਜਿੰਦਾਂ ਵੱਡੇ ਸਾਕੇ ਕਰ ਸਕਦੀਆਂ ਹਨ।

ਜੇ ਅੱਜ ਦੇ ਸਮੇਂ ਵੱਲ ਜ਼ਰ੍ਹਾ ਧਿਆਨ ਨਾਲ ਨਜ਼ਰ ਮਾਰੀਏ ਤਾਂ ਅੱਜ ਵੀ ਸਾਨੂੰ ਹਰ ਪਾਸੇ ਅੰਧਕਾਰ ਅਤੇ ਅੰਧ ਵਿਸ਼ਵਾਸ ਦਾ ਬੋਲਬਾਲਾ ਦਿਖਾਈ ਦਿੰਦਾ ਹੈ। ਵੱਡੀ ਗਿਣਤੀ ਲੋਕ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲੱਗਣ ਦੀ ਥਾਂ ਦੇਹਧਾਰੀ ਬਾਬਿਆਂ ਦੇ ਚੇਲੇ ਬਣੇ ਹੋਏ ਹਨ। ਸਭ ਤੋਂ ਨਿਰਾਸ਼ਾ ਵਾਲੀ ਗੱਲ ਇਹ ਹੈ ਕਿ ਨਿੱਕੀਆਂ ਜਿੰਦਾਂ ਵੱਡੇ ਸਾਕੇ ਕਰਨ ਵਾਲੀ ਕੌਮ ਦੀ ਨੌਜਵਾਨ ਪੀੜ੍ਹੀ ਹੁਣ ਸਿੱਖੀ ਤੋਂ ਹੀ ਬੇਮੁਖ ਹੁੰਦੀ ਜਾ ਰਹੀ ਹੈ।

ਗੁਰੂ ਸਾਹਿਬਾਨ ਨੇ ਸਿੱਖਾਂ ਲਈ ਵਿਸ਼ੇਸ਼ ਪਹਿਰਾਵਾ ਇਸ ਲਈ ਨਿਸ਼ਚਿਤ ਕੀਤਾ ਸੀ ਤਾਂ ਕਿ ਉਹਨਾਂ ਦੇ ਸਿੱਖ ਦੀ ਦੂਰੋਂ ਹੀ ਪਹਿਚਾਣ ਹੋ ਜਾਵੇ ਪਰ ਹੁਣ ਅੱਜ ਦੀ ਸਿੱਖ ਨੌਜਵਾਨ ਪੀੜ੍ਹੀ ਸਿੱਖੀ ਤੋਂ ਏਨੀ ਜਿਆਦਾ ਬੇਮੁਖ ਹੋ ਗਈ ਹੈ ਕਿ ਨੇੜੇ ਖੜ੍ਹੇ ਬਾਬੂ ਜੀ ਦਾ ਭੁਲੇਖਾ ਪਾਉਂਦੇ ਨੌਜਵਾਨ ਦਾ ਪਤਾ ਹੀ ਨਹੀਂ ਲੱਗਦਾ ਕਿ ਉਹ ਸਿੱਖਾਂ ਦਾ ਪੁੱਤਰ ਹੈ।



ਪੰਜਾਬ ਵਿੱਚ ਇੱਕ ਸਮਾਂ ਅਜਿਹਾ ਵੀ ਸੀ ਜਦੋਂ ਖਾੜਕੂਵਾਦ ਦੌਰਾਨ ਸਿੱਖ ਨੌਜਵਾਨਾਂ ਵਾਂਗ ਹੀ ਪੰਡਤਾਂ ਅਤੇ ਬਾਣੀਆਂ ਦੇ ਅਨੇਕਾਂ ਮੁੰਡੇ ਵੀ ਪੱਗਾਂ ਬੰਨ੍ਹਣ ਲੱਗ ਪਏ ਸਨ ਪਰ ਜਦੋਂ ਸਮਾਂ ਬਦਲਿਆ ਤਾਂ ਪੱਗਾਂ ਬੰਨ੍ਹਣ ਵਾਲੇ ਨੌਜਵਾਨ ਹੀ ਘੱਟ ਨਜ਼ਰ ਆਉਣ ਲੱਗ ਗਏ। ਹੁਣ ਤਾਂ ਹਾਲ ਇਹ ਹੈ ਕਿ ਵੱਡੀ ਗਿਣਤੀ ਸਿੱਖ ਨੌਜਵਾਨ ਕਲੀਨਸੇਵ ਹੋ ਚੁੱਕੇ ਹਨ, ਜੋ ਕਿ ਚਿੰਤਾ ਦਾ ਵਿਸ਼ਾ ਹੈ। ਨੌਜਵਾਨ ਹਰ ਕੌਮ ਦਾ ਵਡਮੁੱਲਾ ਸਰਮਾਇਆ ਹੁੰਦੇ ਹਨ। ਵਹਿੰਦੇ ਦਰਿਆਵਾਂ ਦੇ ਵਹਿਣ ਨੂੰ ਅਤੇ ਨੌਜਵਾਨਾਂ ਦੇ ਜੋਸ਼ ਨੂੰ ਕੋਈ ਵੀ ਠੱਲ੍ਹ ਨਹੀਂ ਪਾ ਸਕਦਾ। ਕਿਹਾ ਜਾਂਦਾ ਹੈ ਕਿ ਜੇ ਕਿਸੇ ਕੌਮ ਨੂੰ ਤਬਾਹ ਕਰਨਾ ਹੋਵੇ ਤਾਂ ਦੁਸ਼ਮਣ ਲੋਕ ਉਸ ਕੌਮ ਦੀ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਦੀ ਲੱਤ ਲਾ ਦਿੰਦੇ ਹਨ। ਹਾਲ ਤਾਂ ਇਹ ਹੈ ਜਿਹੜੇ ਪਿੰਡਾਂ ਦੀਆਂ ਗਲੀਆਂ ਦੇ ਬਾਹਰ ਖੁੱਲ੍ਹੀ ਥਾਂ/ ਖੇਡ ਮੈਦਾਨਾਂ 'ਚ ਪਹਿਲਾਂ ਡੰਡ ਬੈਠਕਾਂ ਲਗਾਉਣ ਲਈ ਮੁੰਡੇ ਇਕੱਠੇ ਹੁੰਦੇ ਸਨ ਹੁਣ ਉਹ ਪਿੰਡ ਦੇ ਬਾਹਰ ਨਸ਼ੇ ਕਰਨ ਲਈ ਇਕੱਠੇ ਹੁੰਦੇ ਹਨ। ਪਿੰਡਾਂ/ਕਸਬਿਆਂ/ ਸ਼ਹਿਰਾਂ ਦੀਆਂ ਗਲੀਆਂ ਵਿੱਚ ਨਸ਼ੇ ਦੇ ਵਰਤੇ ਹੋਏ ਟੀਕੇ ਅਤੇ ਨਸ਼ੇ ਦੀਆਂ ਗੋਲੀਆਂ ਦੇ ਖਾਲੀ ਰੈਪਰ ਡਿੱਗੇ ਮਿਲਦੇ ਹਨ। ਵੱਡੀ ਗਿਣਤੀ ਨੌਜਵਾਨ ਹੁਣ ਨਸ਼ੇ ਦੀ ਦਲਦਲ ਵਿੱਚ ਫਸਦੇ ਜਾ ਰਹੇ ਹਨ। ਇਸ ਤੋਂ ਇਲਾਵਾ 1984 ਦੇ ਸਿੱਖ ਵਿਰੋਧੀ ਦੰਗੇ ਅਤੇ ਪੰਜਾਬ ਪੁਲਿਸ ਦੇ ਸਿੱਖ ਮੁਲਾਜ਼ਮਾਂ ਵੱਲੋਂ ਹੀ ਅਨੇਕਾਂ ਦਸਤਾਰਧਾਰੀ ਸਿੱਖ ਨੌਜਵਾਨਾਂ ਨਾਲ ਕੀਤਾ ਜਾਂਦਾ ਮਾੜਾ-ਚੰਗਾ ਸਲੂਕ ਵੀ ਨੌਜਵਾਨਾਂ ਨੂੰ ਸਿੱਖੀ ਤੋਂ ਬੇਮੁਖ ਕਰਨ ਦਾ ਕਾਰਨ ਬਣੇ ਹਨ। ਇਸ ਤੋਂ ਇਲਾਵਾ ਫ਼ੈਸ਼ਨ ਦੀ ਭੇਡਚਾਲ ਵੀ ਸਿੱਖ ਨੌਜਵਾਨਾਂ ਨੂੰ ਸਿੱਖੀ ਤੋਂ ਬੇਮੁਖ ਕਰ ਰਹੀ ਹੈ। ਹਾਲ ਤਾਂ ਇਹ ਹੈ ਕਿ ਹੁਣ ਖੇਡ ਮੈਦਾਨਾਂ ਵਿੱਚ ਵੀ ਜੂੜੇ ਵਾਲੇ ਖਿਡਾਰੀ ਨਾਮਾਤਰ ਹੀ ਦਿਸਦੇ ਹਨ ਭਾਵੇਂ ਕਿ ਖੇਡ ਮੈਦਾਨ ਵਿੱਚ ਖੇਡ ਰਹੇ ਖਿਡਾਰੀਆਂ ਵਿਚੋਂ ਵੱਡੀ ਗਿਣਤੀ ਖਿਡਾਰੀ ਸਿੱਖ ਪਰਿਵਾਰਾਂ ਨਾਲ ਸਬੰਧਿਤ ਹੁੰਦੇ ਹਨ ਪਰ ਉਹਨਾਂ ਵਿਚੋਂ ਸਿਰ ਉੱਪਰ ਵਾਲਾਂ ਦਾ ਜੂੜਾ ਬਣਾ ਕੇ ਚਿੱਟਾ ਰੁਮਾਲ ਬੰਨ੍ਹਣ ਵਾਲੇ ਸਿੱਖ ਖਿਡਾਰੀ ਦੋ ਕੁ ਮਸਾਂ ਹੁੰਦੇ ਹਨ।

ਆਖਰ ਸਵਾਲ ਇਹ ਪੈਦਾ ਹੁੰਦਾ ਹੈ ਕਿ ਨਿੱਕੀਆਂ ਜਿੰਦਾਂ ਵੱਡੇ ਸਾਕੇ ਕਰਨ ਵਾਲੀ ਕੌਮ ਦੀ ਨੌਜਵਾਨ ਪੀੜ੍ਹੀ ਸਿੱਖੀ ਤੋਂ ਬੇਮੁਖ ਕਿਉਂ ਹੋ ਗਈ ਹੈ ? ਕੀ ਕਾਰਨ ਹਨ ਕਿ ਅੱਲ੍ਹੜ ਉਮਰ ਵਿੱਚ ਹੀ ਅਨੇਕਾਂ ਸਿੱਖ ਬੱਚੇ ਕੇਸ ਕਤਲ ਕਰਵਾਉਣ ਦੀ ਸੋਚਦੇ ਹਨ। ਕੁਝ ਨੌਜਵਾਨ ਸਿਰਫ਼ ਦੋਸਤਾਂ ਦੇ ਮਗਰ ਲੱਗ ਕੇ ਕੇਸ ਕਤਲ ਕਰਵਾਉਂਦੇ ਹਨ। ਕੁੱਝ ਸਿੱਖ ਖਿਡਾਰੀ ਇਸ ਲਈ ਵੀ ਵਾਲ ਕਟਵਾ ਦਿੰਦੇ ਹਨ ਕਿ ਖੇਡਦੇ ਸਮੇਂ ਸਿਰ ਵਿੱਚ ਮਿੱਟੀ ਪੈ ਜਾਂਦੀ ਹੈ, ਇਸ ਲਈ ਹਰ ਦਿਨ ਹੀ ਕੇਸੀਂ ਇਸ਼ਨਾਨ ਕਰਨਾ ਸੰਭਵ ਨਹੀਂ ਹੁੰਦਾ।

ਅੱਜ ਕੱਲ੍ਹ ਕੈਨੇਡਾ-ਅਮਰੀਕਾ ਸਮੇਤ ਹੋਰਨਾਂ ਮੁਲਕਾਂ ਵਿੱਚ ਸਿੱਖੀ ਸਰੂਪ ਵਾਲੇ ਸਿੱਖ ਨੌਜਵਾਨ ਨਜ਼ਰ ਆਉਂਦੇ ਹਨ। ਇਸ ਤਰ੍ਹਾਂ ਵਿਦੇਸ਼ੀ ਸਿੱਖਾਂ ਨੇ ਤਾਂ ਸਿੱਖੀ ਸਾਂਭ ਲਈ ਪਰ ਗੁਰੂ ਸਾਹਿਬਾਨ ਦੀ ਧਰਤੀ ਉੱਪਰ ਹੀ ਸਿੱਖ ਨੌਜਵਾਨ ਸਿੱਖੀ ਤੋਂ ਦੂਰ ਹੁੰਦੇ ਜਾ ਰਹੇ ਹਨ। ਕੋਈ ਵੀ ਧਾਰਮਿਕ ਸਮਾਗਮ ਵੇਖ ਲਉ ਉਥੇ ਹੀ ਸਿੱਖ ਨੌਜਵਾਨ ਵੱਡੀ ਗਿਣਤੀ ਵਿੱਚ ਨਜ਼ਰ ਆਉਣਗੇ ਜਿਨ੍ਹਾਂ ਦੇ ਪੱਗਾਂ ਬੰਨੀਆਂ ਹੋਣਗੀਆਂ ਪਰ ਸਿਰ ਦੇ ਵਾਲ ਕੱਟੇ ਹੋਣਗੇ। ਕਈ ਸਿੱਖ ਨੌਜਵਾਨ ਸਿਰ ਉੱਪਰ ਪਟਕਾ ਬੰਨ੍ਹ ਕੇ ਉੱਪਰ ਦੀ ਟੋਪੀ ਲੈ ਲੈਂਦੇ ਹਨ।

ਜਿਸ ਤਰੀਕੇ ਨਾਲ ਵੱਡੀ ਗਿਣਤੀ ਸਿੱਖ ਨੌਜਵਾਨ ਸਿੱਖੀ ਤੋਂ ਹੀ ਦੂਰ ਹੁੰਦੇ ਜਾ ਰਹੇ ਹਨ, ਉਹ ਚਿੰਤਾ ਦਾ ਵਿਸ਼ਾ ਹੈ। ਸਿੱਖ ਨੌਜਵਾਨਾਂ ਨੂੰ ਗੁਰੂ ਨਾਨਕ ਦੇਵ ਜੀ ਸਮੇਤ ਸਾਰੇ ਹੀ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਬਾਰੇ ਜਾਣਕਾਰੀ ਦੇਣ ਅਤੇ ਨਿੱਕੀਆਂ ਜਿੰਦਾਂ ਵੱਲੋਂ ਵੱਡੇ ਸਾਕੇ ਕਰਨ ਅਤੇ ਸਿੱਖ ਵਿਰਸੇ ਨਾਲ ਜੋੜਨ ਲਈ ਵਿਸ਼ੇਸ਼ ਲਹਿਰ ਨੂੰ ਚਲਾਉਣ ਦੀ ਲੋੜ ਹੈ ਤਾਂ ਕਿ ਗੁਰੂ ਸਾਹਿਬਾਨ ਦੀ ਇਸ ਪਵਿੱਤਰ ਧਰਤੀ ਪੰਜਾਬ ਉੱਪਰ ਨੌਜਵਾਨਾਂ ਨੂੰ ਧਰਮ ਤੇ ਵਿਰਸੇ ਨਾਲ ਜੋੜਿਆ ਜਾ ਸਕੇ।



# ਰਲ ਸੰਗ ਕਾਫ਼ਲੇ ਦੇ, ਸਰਹੱਦਾਂ ਪਾਰ ਕਰਨ ਸ਼ਰਨਾਰਥੀ...



## ਹਰ ਸਾਲ ਆਪਣੇ ਦੇਸ਼ਾਂ ਨੂੰ ਛੱਡ ਕੇ ਹੋਰਨਾਂ ਦੇਸ਼ਾਂ 'ਚ ਸ਼ਰਨਾਰਥੀ ਬਣ ਜਾਂਦੇ ਹਨ ਲੱਖਾਂ ਲੋਕ

## ਭਾਰਤ ਵਿੱਚ ਵੀ ਰਹਿ ਰਹੇ ਹਨ ਵੱਖ-ਵੱਖ ਦੇਸ਼ਾਂ ਦੇ ਲੱਖਾਂ ਸ਼ਰਨਾਰਥੀ



ਵੱਖ- ਵੱਖ ਦੇਸ਼ਾਂ ਦੇ ਵੱਡੀ ਗਿਣਤੀ ਲੋਕ ਅਨੇਕਾਂ ਕਾਰਨਾਂ ਕਰਕੇ ਆਪਣੇ ਦੇਸ਼ਾਂ ਨੂੰ ਛੱਡ ਕੇ ਹੋਰਨਾਂ ਦੇਸ਼ਾਂ 'ਚ ਜਾ ਕੇ ਸ਼ਰਨਾਰਥੀ ਬਣ ਰਹੇ ਹਨ। ਇਸ ਕਰਕੇ ਸ਼ਰਨਾਰਥੀ ਸਮੱਸਿਆ ਪੂਰੀ ਦੁਨੀਆਂ ਵਿੱਚ ਗੰਭੀਰ ਹੋ ਗਈ ਹੈ। ਭਾਂਵੇਂ ਕਿ ਭਾਰਤ ਤੋਂ ਹਰ ਸਾਲ ਲੱਖਾਂ ਲੋਕ ਪਰਵਾਸ ਕਰਕੇ ਦੂਜੇ ਦੇਸ਼ਾਂ ਨੂੰ ਜਾਂਦੇ ਹਨ ਪਰ ਅਸਲੀਅਤ ਇਹ ਵੀ ਹੈ ਕਿ ਭਾਰਤ ਵਿੱਚ ਵੀ ਹੋਰਨਾਂ ਦੇਸ਼ਾਂ ਦੇ ਸ਼ਰਨਾਰਥੀ ਵੱਡੀ ਗਿਣਤੀ ਵਿੱਚ ਰਹਿ ਰਹੇ ਹਨ। ਇੱਕ ਰਿਪੋਰਟ ਅਨੁਸਾਰ ਭਾਰਤ ਵਿੱਚ 48,78,704 ਅੰਤਰਰਾਸ਼ਟਰੀ ਪਰਵਾਸੀ ਹਨ, ਜੋ ਕਿ ਕੁੱਲ ਆਬਾਦੀ ਦਾ 0.4 ਪ੍ਰਤੀਸ਼ਤ ਹੈ। ਇਨ੍ਹਾਂ ਪਰਵਾਸੀਆਂ ਵਿੱਚੋਂ 4.2 ਫੀਸਦੀ (ਯਾਨੀ 2,07,334) ਸ਼ਰਨਾਰਥੀ ਹਨ।

ਵਿਸ਼ਵ ਸਿਹਤ ਸੰਗਠਨ ਦੀ ਰਿਪੋਰਟ ਦੇ ਅਨੁਸਾਰ ਭਾਰਤ, ਬੰਗਲਾਦੇਸ਼ ਅਤੇ ਥਾਈਲੈਂਡ ਦੱਖਣ-ਪੂਰਬੀ ਏਸ਼ੀਆ ਖੇਤਰ ਵਿੱਚ ਚੋਟੀ ਦੇ ਤਿੰਨ ਦੇਸ਼ ਹਨ, ਜਿਨ੍ਹਾਂ ਨੇ 2020 ਦੌਰਾਨ ਸਭ ਤੋਂ ਵੱਧ ਪ੍ਰਵਾਸੀਆਂ ਅਤੇ ਸ਼ਰਨਾਰਥੀਆਂ ਦੀ ਮੇਜ਼ਬਾਨੀ ਕੀਤੀ। ਸੰਯੁਕਤ ਰਾਸ਼ਟਰ ਦੇ ਸ਼ਰਨਾਰਥੀ ਹਾਈ ਕਮਿਸ਼ਨਰ ਦੇ ਅੰਕੜਿਆਂ ਅਨੁਸਾਰ ਦੁਨੀਆਂ ਵਿੱਚ 44 ਲੱਖ ਲੋਕ ਅਜਿਹੇ ਹਨ, ਜਿਨ੍ਹਾਂ ਕੋਲ ਕਿਸੇ ਵੀ ਦੇਸ਼ ਦੀ ਨਾਗਰਿਕਤਾ ਨਹੀਂ ਹੈ। ਇਹ ਗਿਣਤੀ ਵੱਧ ਹੋ ਸਕਦੀ ਹੈ। ਇਸ ਦੇ ਨਾਲ ਹੀ ਦੁਨੀਆਂ ਵਿੱਚ 11 ਕਰੋੜ ਲੋਕ ਅਜਿਹੇ ਹਨ ਜੋ ਉਜਾੜੇ ਦੇ ਸੰਕਟ ਦਾ ਸਾਹਮਣਾ ਕਰ ਰਹੇ ਹਨ।

ਸੰਯੁਕਤ ਰਾਸ਼ਟਰ ਸੰਘ ਵੱਲੋਂ ਜਾਰੀ ਅੰਕੜਿਆਂ ਅਨੁਸਾਰ ਪੂਰੇ ਵਿਸ਼ਵ ਵਿਚ 11 ਕਰੋੜ ਲੋਕ ਜਬਰਦਸਤੀ ਬੇਘਰ ਕਰ ਦਿੱਤੇ ਗਏ। 6 ਕਰੋੜ ਲੋਕ ਆਪਣੇ ਦੇਸ਼ ਵਿੱਚ ਹੀ ਸ਼ਰਨਾਰਥੀ ਬਣ ਕੇ ਰਹਿ ਰਹੇ ਹਨ। 5 ਕਰੋੜ ਲੋਕਾਂ ਨੇ ਹੋਰਨਾਂ ਦੇਸ਼ਾਂ ਵਿੱਚ ਸ਼ਰਨਾਰਥੀ ਬਣ ਕੇ ਸ਼ਰਨ ਲਈ ਹੋਈ ਹੈ। ਸੰਯੁਕਤ ਰਾਸ਼ਟਰ ਸੰਘ ਦੇ ਅੰਕੜਿਆਂ ਅਨੁਸਾਰ ਸੀਰੀਆ ਤੋਂ 68 ਲੱਖ, ਵੇਨੇਜ਼ੁਏਲਾ ਤੋਂ 46 ਲੱਖ, ਅਫ਼ਗਾਨਿਸਤਾਨ ਤੋਂ 27 ਲੱਖ, ਦੱਖਣੀ ਸੂਡਾਨ ਤੋਂ 24 ਲੱਖ, ਮਿਆਂਮਾਰ ਤੋਂ 12 ਲੱਖ ਲੋਕ ਸ਼ਰਨਾਰਥੀ ਬਣੇ ਹੋਏ ਹਨ। ਯੂ.ਐਨ.ਓ. ਅਨੁਸਾਰ ਤੁਰਕੀ ਵਿੱਚ 38 ਲੱਖ, ਕੋਲੰਬੀਆ ਵਿੱਚ 18 ਲੱਖ, ਯੁਗਾਂਡਾ ਵਿੱਚ 15 ਲੱਖ, ਪਾਕਿਸਤਾਨ ਵਿੱਚ 15 ਲੱਖ, ਜਰਮਨੀ ਵਿੱਚ 13 ਲੱਖ ਸ਼ਰਨਾਰਥੀ ਲੋਕ ਰਹਿੰਦੇ ਹਨ।



### ਕੌਣ ਹੁੰਦੇ ਹਨ ਸ਼ਰਨਾਰਥੀ ?

ਸੰਯੁਕਤ ਰਾਸ਼ਟਰ ਵੱਲੋਂ ਸ਼ਰਨਾਰਥੀ ਦੀ ਦਿੱਤੀ ਪਰਿਭਾਸ਼ਾ ਦੇ ਅਨੁਸਾਰ, ਇੱਕ ਸ਼ਰਨਾਰਥੀ ਉਹ ਵਿਅਕਤੀ ਹੈ ਜੋ ਨਸਲ, ਧਰਮ, ਕੌਮੀਅਤ, ਕਿਸੇ ਖਾਸ ਸਮਾਜਿਕ ਜਾਂ ਰਾਜਨੀਤਿਕ ਸਮੂਹ ਨਾਲ ਟਕਰਾਅ ਅਤੇ ਜਨਤਕ ਵਿਵਸਥਾ ਨੂੰ ਗੰਭੀਰਤਾ ਨਾਲ ਭੰਗ ਕਰਨ ਵਾਲੀਆਂ ਘਟਨਾਵਾਂ ਦੇ ਕਾਰਨ ਅੱਤਿਆਚਾਰ ਦੇ ਡਰ ਕਾਰਨ ਇੱਕ ਅੰਤਰਰਾਸ਼ਟਰੀ ਸਰਹੱਦ ਪਾਰ ਕਰਦਾ ਹੈ।

### ਭਾਰਤ 'ਚ ਸ਼ਰਨਾਰਥੀ

ਭਾਰਤ ਕਈ ਦਹਾਕਿਆਂ ਤੋਂ ਸ਼ਰਨਾਰਥੀਆਂ ਦੀ ਮੇਜ਼ਬਾਨੀ ਕਰ ਰਿਹਾ ਹੈ। ਭਾਰਤ ਆਜ਼ਾਦੀ ਤੋਂ ਬਾਅਦ ਤੋਂ ਹੀ ਸ਼ਰਨਾਰਥੀਆਂ ਨੂੰ ਪਨਾਹ ਦਿੰਦਾ ਆ ਰਿਹਾ ਹੈ। ਉਦੋਂ ਤੋਂ ਇਹ ਸਿਲਸਿਲਾ ਜਾਰੀ ਹੈ।

**ਤਿੱਬਤੀ ਸ਼ਰਨਾਰਥੀ:** ਜਦੋਂ ਚੀਨ ਨੇ 1959 ਵਿੱਚ ਤਿੱਬਤ 'ਤੇ ਕਬਜ਼ਾ ਕੀਤਾ, ਦਲਾਈ ਲਾਮਾ ਅਤੇ ਉਨ੍ਹਾਂ ਦੇ ਪੈਰੋਕਾਰਾਂ ਨੇ ਭਾਰਤ ਵਿੱਚ ਸ਼ਰਨ ਲਈ।

**ਬੰਗਲਾਦੇਸ਼ੀ ਸ਼ਰਨਾਰਥੀ:** 1971 ਵਿੱਚ ਬੰਗਲਾਦੇਸ਼ ਦੇ ਆਜ਼ਾਦੀ ਸੰਘਰਸ਼ ਦੌਰਾਨ, ਲੱਖਾਂ ਬੰਗਲਾਦੇਸ਼ੀ ਸ਼ਰਨਾਰਥੀਆਂ ਨੇ ਭਾਰਤ ਵਿੱਚ ਸ਼ਰਨ ਲਈ ਸੀ।

**ਸ਼੍ਰੀਲੰਕਾ ਦੇ ਤਮਿਲ ਸ਼ਰਨਾਰਥੀ:** 1980 ਦੇ ਆਸਪਾਸ ਸ਼੍ਰੀਲੰਕਾ ਵਿੱਚ ਘਰੇਲੂ ਯੁੱਧ ਦੌਰਾਨ ਵੱਡੀ ਗਿਣਤੀ ਤਮਿਲਾਂ ਨੇ ਭਾਰਤ ਵਿੱਚ ਸ਼ਰਨ ਲਈ।

**ਰੋਹਿੰਗਿਆ ਸ਼ਰਨਾਰਥੀ:** ਕੁਝ ਸਾਲ ਪਹਿਲਾਂ ਵੱਡੀ ਗਿਣਤੀ ਵਿੱਚ ਮਿਆਂਮਾਰ ਤੋਂ ਭਾਰਤ ਭੱਜਣ ਵਾਲੇ ਸ਼ਰਨਾਰਥੀ ਅੱਜ ਭਾਰਤ ਲਈ ਵੱਡੀ ਚੁਣੌਤੀ ਹਨ।

**ਅਫਗਾਨ ਸ਼ਰਨਾਰਥੀ:** ਅਫਗਾਨਿਸਤਾਨ ਵਿੱਚ ਪਿਛਲੇ ਸਾਲ ਹਿੰਸਕ ਸੰਘਰਸ਼ ਦੇ ਕਾਰਨ, ਬਹੁਤ ਸਾਰੇ ਅਫਗਾਨ ਨਾਗਰਿਕ ਅਜੇ ਵੀ ਭਾਰਤ ਵਿੱਚ ਰਹਿ ਰਹੇ ਹਨ।

### ਸ਼ਰਨਾਰਥੀਆਂ ਦੀਆਂ ਸਮੱਸਿਆਵਾਂ

ਆਪਣੇ ਹੀ ਦੇਸ਼ ਤੋਂ ਅਣਗੌਲੇ ਅਤੇ ਸ਼ੋਸ਼ਣ ਦਾ ਸ਼ਿਕਾਰ ਹੋਏ ਸ਼ਰਨਾਰਥੀ ਦੂਜੇ ਦੇਸ਼ ਜਾਂਦੇ ਹਨ ਤਾਂ ਕਿ ਉਨ੍ਹਾਂ ਨੂੰ ਉਸ ਦੇਸ਼ ਵਿੱਚ ਅਜਿਹੀਆਂ ਸਮੱਸਿਆਵਾਂ ਦਾ ਸਾਹਮਣਾ ਨਾ ਕਰਨਾ ਪਵੇ, ਪਰ ਆਪਣਾ ਦੇਸ਼ ਛੱਡਣ ਤੋਂ ਬਾਅਦ ਵੀ ਉਹ ਅਣਗੌਲੇ ਅਤੇ ਸ਼ੋਸ਼ਣ ਦਾ ਸ਼ਿਕਾਰ ਹੀ ਰਹਿੰਦੇ ਹਨ। ਦੁਨੀਆਂ ਭਰ ਦੇ ਸ਼ਰਨਾਰਥੀਆਂ ਦੀ ਸਭ ਤੋਂ ਵੱਡੀ ਸਮੱਸਿਆ ਭਾਸ਼ਾ ਦੀ ਹੁੰਦੀ ਹੈ। ਇਹ ਬਿਲਕੁਲ ਵੀ ਜ਼ਰੂਰੀ ਨਹੀਂ ਹੈ ਕਿ ਸ਼ਰਨਾਰਥੀ ਉਸ ਇਲਾਕੇ ਦੀ ਭਾਸ਼ਾ ਜਾਣਦੇ ਹੋਣ ਜਿੱਥੇ ਉਹ ਸ਼ਰਨ ਲੈਂਦੇ ਹਨ। ਕਈ ਵਾਰ ਉਹ ਉਨ੍ਹਾਂ ਦੇਸ਼ਾਂ ਵਿੱਚ ਪਹੁੰਚ ਜਾਂਦੇ ਹਨ ਜਿੱਥੇ ਅੰਗਰੇਜ਼ੀ ਭਾਸ਼ਾ ਮੁੱਖ ਤੌਰ 'ਤੇ ਪ੍ਰਚਲਿਤ ਹੈ। ਉਨ੍ਹਾਂ ਲਈ ਇਹ ਸਿੱਖਣਾ ਬਹੁਤ ਮੁਸ਼ਕਿਲ ਹੁੰਦਾ ਹੈ। ਅਜਿਹੀ ਸਥਿਤੀ ਵਿੱਚ, ਭਾਸ਼ਾ ਦੀ ਸਮੱਸਿਆ ਕਾਰਨ, ਉਹ ਨਾ ਤਾਂ ਸਮਝ ਪਾਉਂਦੇ ਹਨ ਅਤੇ ਨਾ ਹੀ ਸਮਝਾ ਸਕਦੇ ਹਨ ਕਿ ਉਹ ਜਾਂ ਦੂਜੇ ਕੀ ਕਹਿ ਰਹੇ ਹਨ ? ਇਸ ਕਾਰਨ ਉਨ੍ਹਾਂ ਨੂੰ ਜ਼ਿੰਦਗੀ ਜਿਊਣ ਵਿੱਚ ਭਾਰੀ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਤੋਂ ਇਲਾਵਾ ਸ਼ਰਨਾਰਥੀਆਂ ਨੂੰ ਭੋਜਨ, ਰਿਹਾਇਸ਼, ਬੱਚਿਆਂ ਦੀ ਸਿੱਖਿਆ ਸਮੇਤ ਹੋਰ ਵੀ ਕਈ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

### ਮੌਸਮ ਕਾਰਨ ਹਰ ਸਾਲ 3 ਕਰੋੜ ਲੋਕ ਹੁੰਦੇ ਹਨ ਬੇਘਰ

ਕਨਸਰਨ ਵਰਲਡਵਾਈਡ ਦੇ ਅਨੁਸਾਰ, ਹਰ ਸਾਲ ਅੰਦਾਜ਼ਨ 30 ਮਿਲੀਅਨ ਲੋਕ ਜਲਵਾਯੂ ਨਾਲ ਸਬੰਧਿਤ ਆਫ਼ਤਾਂ ਕਾਰਨ ਬੇਘਰ ਹੋ ਜਾਂਦੇ ਹਨ। 2022 ਵਿੱਚ, ਸਾਰੇ ਅੰਦਰੂਨੀ ਉਜਾੜੇ ਵਿੱਚੋਂ 53% ਆਫ਼ਤਾਂ ਕਾਰਨ ਹੋਏ ਸਨ। ਇਹਨਾਂ ਆਫ਼ਤਾਂ ਵਿੱਚੋਂ 98% ਜਲਵਾਯੂ ਤਬਦੀਲੀ ਨਾਲ ਜੁੜੀਆਂ ਹੋਈਆਂ ਸਨ।। ਤੂਫਾਨ, ਚੱਕਰਵਾਤ, ਸੁਨਾਮੀ ਅਤੇ ਸੋਕੇ ਵਰਗੀਆਂ ਅਚਨਚੇਤ ਆਫ਼ਤਾਂ ਦਾ ਆਮ ਲੋਕਾਂ 'ਤੇ ਵੱਡਾ ਪ੍ਰਭਾਵ ਪੈਂਦਾ ਹੈ। ਇਹ ਅੰਦਾਜ਼ਾ ਲਗਾਇਆ ਗਿਆ ਹੈ ਕਿ 2050 ਤੱਕ, 1.2 ਬਿਲੀਅਨ ਲੋਕ ਜਲਵਾਯੂ ਤਬਦੀਲੀ ਕਾਰਨ ਬੇਘਰ ਹੋ ਸਕਦੇ ਹਨ। ਬੰਗਲਾਦੇਸ਼ ਵਿੱਚ, ਜਿੱਥੇ ਦੇਸ਼ ਦਾ 75% ਸਮੁੰਦਰੀ ਤਲ ਤੋਂ ਹੇਠਾਂ ਹੈ, ਸਮੁੰਦਰੀ ਪਾਣੀ ਦੇ ਵਧਣ ਕਾਰਨ 26 ਮਿਲੀਅਨ ਲੋਕ ਬੇਘਰ ਹੋਏ ਹਨ ਅਤੇ ਪ੍ਰਭਾਵਿਤ ਹੋਏ ਹਨ। ਇਹ ਅੰਦਾਜ਼ਾ ਲਗਾਇਆ ਗਿਆ ਹੈ ਕਿ 2050 ਤੱਕ, ਦੇਸ਼ ਦਾ 17% ਸਮੁੰਦਰੀ ਪੱਧਰ ਵਧਣ ਕਾਰਨ ਡੁੱਬ ਜਾਵੇਗਾ, ਜਿਸ ਕਰਕੇ 20 ਮਿਲੀਅਨ ਲੋਕ ਬੇਘਰ ਹੋ ਜਾਣਗੇ।



### ਅੱਤਿਆਚਾਰ, ਸੰਘਰਸ਼, ਹਿੰਸਾ, ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਾਰਨ ਉਜਾੜਾ

ਸੰਯੁਕਤ ਰਾਸ਼ਟਰ ਦੇ ਅਨੁਸਾਰ, ਜੂਨ 2023 ਦੇ ਅੰਤ ਵਿੱਚ, ਦੁਨੀਆਂ ਭਰ ਵਿੱਚ 110 ਮਿਲੀਅਨ ਲੋਕ ਅੱਤਿਆਚਾਰ, ਸੰਘਰਸ਼, ਹਿੰਸਾ, ਮਨੁੱਖੀ ਅਧਿਕਾਰਾਂ ਦੀ ਉਲੰਘਣਾ ਅਤੇ ਜਨਤਕ ਵਿਵਸਥਾ ਨੂੰ ਭੰਗ ਕਰਨ ਵਾਲੀਆਂ ਘਟਨਾਵਾਂ ਕਾਰਨ ਜ਼ਬਰਦਸਤੀ ਆਪਣੇ ਘਰਾਂ ਤੋਂ ਬੇਘਰ ਹੋ ਗਏ ਸਨ। ਇਨ੍ਹਾਂ ਵਿੱਚੋਂ 3.64 ਕਰੋੜ ਸ਼ਰਨਾਰਥੀ ਸਨ।

### ਦੇਸ਼ ਦੇ ਅੰਦਰ ਸਭ ਤੋਂ ਵੱਧ ਉਜਾੜਾ

ਸੰਯੁਕਤ ਰਾਸ਼ਟਰ ਦੇ ਅਨੁਸਾਰ, ਪੂਰੇ ਵਿਸ਼ਵ ਵਿੱਚ ਆਪਣੇ ਹੀ ਦੇਸ਼ਾਂ ਦੇ ਅੰਦਰ 62 ਮਿਲੀਅਨ ਲੋਕ ਅੰਦਰੂਨੀ ਤੌਰ 'ਤੇ ਉਜਾੜੇ ਦਾ ਸ਼ਿਕਾਰ ਹੋਏ ਸਨ। ਇਸ ਦੇ ਨਾਲ ਹੀ 60 ਲੱਖ ਲੋਕਾਂ ਨੂੰ ਪਨਾਹ ਦੀ ਲੋੜ ਸੀ। ਇਸ ਦੇ ਨਾਲ ਹੀ ਕਰੋੜਾਂ ਲੋਕ ਅਜਿਹੇ ਹਨ ਜਿਨ੍ਹਾਂ ਦਾ ਨਾ ਤਾਂ ਕੋਈ ਦੇਸ਼ ਹੈ ਅਤੇ ਨਾ ਹੀ ਕੋਈ ਇਲਾਕਾ। ਇਨ੍ਹਾਂ ਲੋਕਾਂ ਨੂੰ ਰਾਸ਼ਟਰੀਅਤਾ ਅਤੇ ਸਿੱਖਿਆ, ਸਿਹਤ ਦੇਖਭਾਲ, ਰੁਜ਼ਗਾਰ ਅਤੇ ਅੰਦੋਲਨ ਦੀ ਆਜ਼ਾਦੀ ਵਰਗੇ ਬੁਨਿਆਦੀ ਅਧਿਕਾਰਾਂ ਤੱਕ ਪਹੁੰਚ ਤੋਂ ਇਨਕਾਰ ਕੀਤਾ ਗਿਆ ਹੈ।

### ਸ਼ਰਨਾਰਥੀ ਸਮੱਸਿਆ ਦੇ ਕਾਰਨ

ਇਸ ਸਾਲ ਦੇ ਪਹਿਲੇ ਅੱਧ ਦੌਰਾਨ, ਵਿਸ਼ਵ ਪੱਧਰ 'ਤੇ ਲਗਭਗ 90% ਨਵੇਂ ਸ਼ਰਨਾਰਥੀ ਵਿਅਕਤੀਆਂ ਦਾ ਜਨਮ 7 ਮਹੱਤਵਪੂਰਨ ਉਜਾੜਾ ਸਥਿਤੀਆਂ ਵਿੱਚੋਂ ਹੋਇਆ ਸੀ। ਇਹਨਾਂ ਸਥਿਤੀਆਂ ਵਿੱਚ ਅਫ਼ਗਾਨਿਸਤਾਨ, ਡੈਮੋਕਰੇਟਿਕ ਰੀਪਬਲਿਕ ਆਫ ਕਾਂਗੋ, ਲਾਤੀਨੀ ਅਮਰੀਕਾ ਅਤੇ ਕੈਰੇਬੀਅਨ, ਮਿਆਂਮਾਰ, ਸੋਮਾਲੀਆ, ਸੂਡਾਨ ਅਤੇ ਯੂਕਰੇਨ ਵਰਗੇ ਕਈ ਦੇਸ਼ਾਂ ਵਿੱਚ ਚੱਲ ਰਹੇ ਨਵੇਂ ਸੰਘਰਸ਼ ਅਤੇ ਮਾਨਵਤਾਵਾਦੀ ਸੰਕਟ ਸ਼ਾਮਲ ਹਨ।

ਸ਼ਰਨਾਰਥੀ ਸਮੱਸਿਆ ਦਾ ਹੱਲ ਸੰਯੁਕਤ ਰਾਸ਼ਟਰ ਦੇ ਅਨੁਸਾਰ, ਸ਼ਰਨਾਰਥੀਆਂ ਦੀਆਂ ਸੰਭਾਵਨਾਵਾਂ ਘੱਟ ਹੋ ਰਹੀਆਂ ਹਨ ਜਦੋਂ ਉਨ੍ਹਾਂ ਦੀ ਦੁਰਦਸ਼ਾ ਦੇ ਤੁਰੰਤ ਹੱਲ ਦੀ ਗੱਲ ਆਉਂਦੀ ਹੈ। 1990 ਦੇ ਦਹਾਕੇ ਵਿੱਚ, ਹਰ ਸਾਲ ਔਸਤਨ 1.5 ਮਿਲੀਅਨ ਸ਼ਰਨਾਰਥੀ ਘਰ ਵਾਪਸ ਜਾਣ ਦੇ ਯੋਗ ਸਨ। ਪਿਛਲੇ ਇੱਕ ਦਹਾਕੇ ਵਿੱਚ ਇਹ ਗਿਣਤੀ ਘਟ ਕੇ ਲਗਭਗ 385,000 ਹੋ ਗਈ ਹੈ, ਭਾਵ ਉਜਾੜੇ ਵਿੱਚ ਵਾਧਾ ਅੱਜ ਦੇ ਹੱਲਾਂ ਤੋਂ ਕਿਤੇ ਵੱਧ ਹੈ।

### 69 ਵਿੱਚੋਂ 1 ਵਿਅਕਤੀ ਨੂੰ ਜਬਰੀ ਉਜਾੜੇ ਦਾ ਸਾਹਮਣਾ ਕਰਨਾ ਪਿਆ

ਗਲੋਬਲ ਟਰੈਂਡਸ ਰਿਪੋਰਟ, 2024 ਦੇ ਅਨੁਸਾਰ, 2023 ਦੇ ਅੰਤ ਤੱਕ 117 ਮਿਲੀਅਨ ਲੋਕਾਂ ਨੂੰ ਪਰਵਾਸ ਕਰਨ ਲਈ ਮਜਬੂਰ ਹੋਣਾ ਪਿਆ। ਦੁਨੀਆਂ ਵਿੱਚ ਹਰ 69 ਵਿੱਚੋਂ ਇੱਕ ਵਿਅਕਤੀ ਜਬਰੀ ਉਜਾੜੇ ਦਾ ਸ਼ਿਕਾਰ ਹੋਇਆ ਹੈ। ਇਹ ਪੂਰੀ ਦੁਨੀਆਂ ਦਾ ਲਗਭਗ 1.5 ਪ੍ਰਤੀਸ਼ਤ ਸੀ। ਮੰਨਿਆ ਜਾ ਰਿਹਾ ਹੈ ਕਿ 2024 ਦੇ ਅੰਤ ਤੱਕ ਬੇਘਰ ਹੋਏ ਲੋਕਾਂ ਦੀ ਗਿਣਤੀ 11 ਕਰੋੜ ਨੂੰ ਪਾਰ ਕਰ ਸਕਦੀ ਹੈ।

### ਵੱਡੇ ਉਜਾੜੇ ਦਾ ਕਾਰਨ ਬਣਿਆ ਯੂਕ੍ਰੇਨ ਯੁੱਧ

ਜ਼ਿਆਦਾਤਰ ਉਜਾੜਾ ਸੂਡਾਨ ਤੋਂ ਹੋਇਆ ਹੈ। ਇਸ ਦੇ ਨਾਲ ਹੀ ਇਸਲਾਮਿਕ ਰੀਪਬਲਿਕ ਆਫ ਇਰਾਨ, ਪਾਕਿਸਤਾਨ ਅਤੇ ਜਰਮਨੀ ਵਿੱਚ ਸ਼ਰਨਾਰਥੀਆਂ ਦੀ ਸੁਰੱਖਿਆ ਦੀ ਸਭ ਤੋਂ ਵੱਧ ਲੋੜ ਹੈ। 2023 ਤੱਕ 56 ਲੱਖ ਲੋਕਾਂ ਨੇ ਅਮਰੀਕਾ ਵਿੱਚ ਸ਼ਰਨਾਰਥੀ ਬਣਨ ਲਈ ਅਪਲਾਈ ਕੀਤਾ ਸੀ। ਇਨ੍ਹਾਂ ਵਿੱਚੋਂ ਵੱਡੀ ਗਿਣਤੀ ਯੂਕ੍ਰੇਨ ਦੇ ਲੋਕ ਹਨ ਜੋ ਰੂਸ ਨਾਲ ਜੰਗ ਲੜ ਰਹੇ ਹਨ। ਅਮਰੀਕੀ ਨਿਗਰਾਨੀ ਕੇਂਦਰ ਦੇ ਅੰਕੜਿਆਂ ਅਨੁਸਾਰ, ਅਮਰੀਕਾ ਵਿੱਚ ਅੰਦਰੂਨੀ ਤੌਰ 'ਤੇ ਸ਼ਰਨਾਰਥੀ ਲੋਕਾਂ ਦੀ ਗਿਣਤੀ ਤੇਜ਼ੀ ਨਾਲ ਵਧ ਕੇ 58 ਲੱਖ ਹੋ ਗਈ।


ਇਹ ਠੀਕ ਹੈ ਕਿ ਸ਼ਰਨਾਰਥੀ ਵੱਡੀ ਸਮੱਸਿਆ ਬਣ ਗਏ ਹਨ ਪਰ ਸ਼ਰਨਾਰਥੀਆਂ ਨੂੰ ਨਜ਼ਰਅੰਦਾਜ਼ ਕਰਨ ਦੀ ਥਾਂ ਅੰਤਰਰਾਸ਼ਟਰੀ ਸੰਸਥਾਵਾਂ ਨੂੰ ਉਨ੍ਹਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਸਕਾਰਾਤਮਕ ਅਤੇ ਉਸਾਰੂ ਭੂਮਿਕਾ ਨਿਭਾਉਣੀ ਚਾਹੀਦੀ ਹੈ।



# ਗੁਰੂ ਦੇ ਬਖ਼ਸ਼ੇ ਗੰਗਾ ਸਾਗਰ ਦੀ ਸੰਭਾਲ ਕਰ ਰਿਹੈ ਰਾਏ ਕੱਲਾ ਦਾ ਪਰਿਵਾਰ



ਗੁਰਭਜਨ ਗਿੱਲ





ਅੱਜ ਕੱਲ੍ਹ ਜਦੋਂ ਸਿੱਖ ਪੰਥ ਛੋਟੇ ਤੇ ਵੱਡੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਦੀ ਯਾਦ ਵਿੱਚ ਸ਼ਹੀਦੀ ਸਪਤਾਹ ਮਨਾ ਰਿਹਾ ਹੈ ਤਾਂ ਸਾਡਾ ਧਿਆਨ ਸੁਭਾਵਿਕ ਤੌਰ ’ਤੇ ਰਾਇਕੋਟ ਰਿਆਸਤ ਦੇ ਉਸ ਸਮੇਂ ਦੇ ਮੁਖੀ ਰਾਇ ਕੱਲਾ ਵੱਲ ਵੀ ਜਾਂਦਾ ਹੈ, ਜਿਨ੍ਹਾਂ ਨੇ ਦਸਵੇਂ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਉਸ ਸਮੇਂ ਮੁਗ਼ਲ ਹਕੂਮਤ ਦੇ ਜ਼ੁਲਮ ਤੇ ਜਬਰ ਦੀ ਪ੍ਰਵਾਹ ਨਾ ਕਰਦਿਆਂ ਰਾਏਕੋਟ ਵਿਖੇ ਟਹਿਲ-ਸੇਵਾ ਕੀਤੀ ਸੀ। ਗੁਰੂ ਜੀ ਨੇ ਉਨ੍ਹਾਂ ਨੂੰ ਗੰਗਾ ਸਾਗਰ (ਸੁਰਾਹੀਨੁਮਾ ਬਰਤਨ), ਕ੍ਰਿਪਾਨ ਤੇ ਰੀਹਲ ਆਦਿ ਵਸਤਾਂ ਦੀ ਬਖ਼ਸ਼ਿਸ਼ ਕੀਤੀ ਸੀ। ਕਈ ਪੀੜ੍ਹੀਆਂ ਤੋਂ ਇਹ ਪਰਿਵਾਰ ਗੰਗਾ ਸਾਗਰ ਦੀ ਸੰਭਾਲ ਕਰ ਰਿਹਾ ਹੈ ਅਤੇ ਸਮੇਂ-ਸਮੇਂ ਸੰਗਤਾਂ ਨੂੰ ਉਸ ਦੇ ਦਰਸ਼ਨ ਵੀ ਕਰਵਾਉਂਦਾ ਹੈ। ਪਰਿਵਾਰ ਦੇ ਪਿਛੋਕੜ ਤੇ ਵਰਤਮਾਨ ਬਾਰੇ ਇਸ ਲੇਖ ਵਿੱਚ ਚਰਚਾ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ।

ਜੈਸਲਮੇਰ (ਰਾਜਸਥਾਨ) ਤੋਂ ਆਏ ਰਾਏ ਤੁਲਸੀ ਦਾਸ ਰਾਜਾ ਵਿਕਰਮਾ ਦਿੱਤਯ ਸਮੇਂ ਹਠੂਰ ਦੇ ਰਾਜਾ ਬਣੇ। ਉਨ੍ਹਾਂ ਨੇ ਸੰਨ 1251 ’ਚ ਤਨਵਰ ਰਾਜਪੂਤ ਰਾਜੇ ਨੂੰ ਹਰਾ ਕੇ ਮੋਗਾ ਤੇ ਲੁਧਿਆਣਾ ਖੇਤਰ ਦੇ ਕੁਝ ਇਲਾਕੇ ਮਿਲਾ ਕੇ ਰਾਏਕੋਟ ਨੂੰ ਆਪਣੀ ਰਾਜਧਾਨੀ ਬਣਾ ਲਿਆ। ਸੂਫ਼ੀ ਫ਼ਕੀਰ ਪੀਰ ਸੱਯਦ ਕਬੀਰ ਬੁਖ਼ਾਰੀ ਜੀ ਅਤੇ ਉਨ੍ਹਾਂ ਦੇ ਗੱਦੀਨਸ਼ੀਨ ਪੰਜ ਪੀਰ ਮਖ਼ਦੂਮ ਜਹਾਨੀਆ ਗਸ਼ਤ ਦੀ ਵਿਚਾਰਧਾਰਾ ਤੋਂ ਪ੍ਰਭਾਵਤ ਹੋ ਕੇ ਇਨ੍ਹਾਂ ਨੇ ਇਸਲਾਮ ਧਾਰਨ ਕਰ ਲਿਆ ਅਤੇ ਸਿਰਾਜ-ਉਦ-ਦੀਨ ਕਲੀਮ-ਉਦ-ਦੀਨ ਦੇ ਮੁਸਲਿਮ ਨਾਂਅ ਨਾਲ ਜਾਣੇ ਜਾਣ ਲੱਗੇ। ਇਲਾਕੇ ਵਿੱਚ ਆਪ ਸ਼ੇਖ ਚਾਚੂ ਦੇ ਨਾਂਅ ਨਾਲ ਵੀ ਜਾਣੇ ਜਾਂਦੇ ਸਨ। ਉਨ੍ਹਾਂ ਦੇ ਉੱਤਰਾ ਅਧਿਕਾਰੀਆਂ ਵੱਲੋਂ ਹਠੂਰ ਤੋਂ ਇਲਾਵਾ ਰਾਏਕੋਟ, ਚਕਰ, ਜਗਰਾਉਂ, ਹਲਵਾਰਾ, ਤਲਵੰਡੀ ਰਾਏ, ਧਨੇਰ, ਸ਼ਾਹਬਾਜ਼ਪੁਰ, ਕਸਬਾ, ਕੁਤਬਾ, ਤਲਵਣ, ਨਕੋਦਰ ਸਮੇਤ ਵਰਤਮਾਨ ਜਲੰਧਰ ਜ਼ਿਲ੍ਹੇ ਦੇ ਮੰਜਕੀ ਇਲਾਕੇ ਦੇ 12 ਪਿੰਡ ਵਸਾਏ। ਇਸ ਦਾ ਹਵਾਲਾ ਫ਼ਰਾਂਸਿਸ ਮੈਸੀ ਦੀ ਪੁਸਤਕ ਚੀਫ਼ਸ ਆਫ਼ ਪੰਜਾਬ ਵਿੱਚ ਵੀ ਮਿਲਦਾ ਹੈ। ਰਾਏ ਕਮਾਲ-ਉਦ-ਦੀਨ ਰਾਏ ਸਿਰਾਜ-ਉਦ-ਦੀਨ (ਸ਼ੇਖ਼ ਚਾਚੂ) ਦੇ ਉੱਤਰਾਅਧਿਕਾਰੀ ਬਣੇ। ਆਪ ਰਾਏ ਸ਼ਾਹਬਾਜ਼ ਖ਼ਾਨ ਦੇ ਇਕਲੌਤੇ ਸਪੁੱਤਰ ਸਨ। ਰਾਏ ਕਮਾਲ-ਉਦ-ਦੀਨ ਦੇ ਅੱਗਿਉਂ ਇਕਲੌਤੇ ਫ਼ਰਜ਼ੰਦ ਰਾਏ ਕੱਲ੍ਹਾ ਜੀ ਸਨ। ਭਾਵੇਂ ਰਾਏਕੋਟ ਰਿਆਸਤ ਇਸਲਾਮੀ ਅਸਰ ਕਬੂਲ ਕਰ ਚੁੱਕੀ ਸੀ ਪਰ ਇਸ ਦੇ ਮੁਖੀ ਰਾਏ ਕੱਲ੍ਹਾ ਜੀ ਸਰਬ ਧਰਮ ਸਤਿਕਾਰ ਦੇ ਵਿਸ਼ਵਾਸੀ ਸਨ। ਸਾਹਿਬ ਸ੍ਰੀ ਗੋਬਿੰਦ ਸਿੰਘ ਜੀ ਦੇ ਅਨੰਦਪੁਰ ਸਾਹਿਬ ਛੱਡਣ ਵੇਲੇ ਮੁਗ਼ਲੀਆ ਹਕੂਮਤ ਅਤੇ ਪਹਾੜੀ ਰਾਜੇ ਆਪ ਜੀ ਦੇ ਖ਼ੂਨ ਦੇ ਪਿਆਸੇ ਸਨ। ਉਸ ਖ਼ਤਰਨਾਕ ਸਮੇਂ ਆਪਣੀ ਜਾਨ ਮਾਲ ਦੀ ਪ੍ਰਵਾਹ ਕੀਤੇ ਬਗ਼ੈਰ ਮੁਸਲਮਾਨ ਹੋਣ ਦੇ ਬਾਵਜੂਦ ਦਸਮੇਸ਼ ਪਿਤਾ ਜੀ ਦਾ ਸਾਥ ਨਿਭਾਇਆ। ਗੁਰੂ ਸਾਹਿਬ ਜੀ ਨੂੰ ਰਿਹਾਇਸ਼ ਲਈ ਆਪਣੀ ਹਵੇਲੀ ਤੇ ਸੁਰੱਖਿਆ ਛਤਰੀ ਮੁਹੱਈਆ ਕਰਵਾਈ। ਗੁਰੂ ਸਾਹਿਬ ਦੀ ਟਹਿਲ ਸੇਵਾ ’ਚ ਆਪ ਹਰ ਪਲ ਹਾਜ਼ਰ ਰਹੇ। ਗੁਰੂ ਜੀ ਵੱਲੋਂ ਦਿੱਤੀਆਂ ਬਖ਼ਸ਼ਿਸ਼ਾਂ ਸਦਕਾ ਗੁਰਦੁਆਰਾ ਟਾਹਲੀਆਣਾ ਸਾਹਿਬ ਇਸੇ ਅਟੁੱਟ ਸਾਂਝ ਦੀ ਗਵਾਹੀ ਦਿੰਦਾ ਹੈ। ਰਾਏ ਕੱਲ੍ਹਾ ਦਾ ਇਕਲੌਤਾ ਸਪੁੱਤਰ ਰਾਏ ਮੁਹੰਮਦ ਰਿਆਸਤ ਦਾ ਮੁਖੀ ਬਣਿਆ। ਰਾਏ ਮੁਹੰਮਦ ਦਾ ਸਪੁੱਤਰ ਰਾਏ ਅਲਿਆਸ ਅਗਲਾ ਵਾਰਿਸ ਸੀ ਜੋ 1802 ’ਚ ਜਗਰਾਉਂ ਨੇੜੇ ਸ਼ਿਕਾਰ ਖੇਡਦਾ ਜਾਨ ਗੁਆ ਬੈਠਾ। ਰਾਏ ਅਲਿਆਸ ਦੀ ਮਾਤਾ ਨੂਰ-ਉਨ-ਨਿਸਾ ਅਤੇ ਬੇਗ਼ਮ ਰਾਣੀ ਭਾਗਭਰੀ ਵੱਲੋਂ ਇਸ ਵੇਲੇ ਰਿਆਸਤ ਦੀ ਵਾਗਡੋਰ ਸੰਭਾਲੀ ਗਈ।

ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਕਾਲ ਦੌਰਾਨ 1806 ’ਚ ਰਾਏਕੋਟ ਰਿਆਸਤ ਨੂੰ ਖ਼ਾਲਸਾ ਰਾਜ ਵਿੱਚ ਸ਼ਾਮਿਲ ਕਰ ਲਿਆ ਗਿਆ। ਰਾਣੀ ਭਾਗਭਰੀ ਨੂੰ ਰਿਆਸਤ ਦਾ ਕੁਝ ਇਲਾਕਾ ਜਾਗੀਰ ਵਜੋਂ ਦੇ ਦਿੱਤਾ ਗਿਆ।

ਰਾਏ ਇਮਾਮ ਬਖ਼ਸ਼ : ਰਾਣੀ ਭਾਗਭਰੀ ਦਾ ਮੁਤਬੰਨਾ ਪੁੱਤਰ ਰਾਏ ਇਮਾਮ ਬਖ਼ਸ਼ ਸੀ ਜੋ ਰਾਏਕੋਟ ਦੇ ਬਾਨੀਆਂ ’ਚੋਂ ਇੱਕ ਰਾਏ ਫ਼ਤਹਿ ਖ਼ਾਨ ਦਾ ਪੜਦੋਹਤਾ ਸੀ। ਰਾਣੀ ਭਾਗਭਰੀ ਨੇ ਸੰਨ 1854 ਵਿੱਚ ਇਮਾਮ ਬਖ਼ਸ਼ ਨੂੰ ਆਪਣਾ ਉੱਤਰਾਅਧਿਕਾਰੀ ਐਲਾਨਿਆ। ਇਤਿਹਾਸਕਾਰ ਲੈਪਲ ਹੈਨਰੀ ਗ੍ਰਿਫ਼ਨ ਦੀ ਪੁਸਤਕ ਰਾਜਾਜ਼ ਆਫ਼ ਪੰਜਾਬ (1870) ਦੇ ਪੰਨਾ 60 ’ਤੇ ਇਹ ਹਵਾਲਾ ਮਿਲਦਾ ਹੈ। ਰਾਏ ਇਮਾਮ ਬਖ਼ਸ਼ ਦੀ 1886 ਵਿੱਚ ਮੌਤ ਮਗਰੋਂ ਉਨ੍ਹਾਂ ਦੇ 1846 ’ਚ ਜਨਮੇ ਪੁੱਤਰ ਰਾਏ ਫ਼ੈਜ਼ ਤਾਲਿਬ ਖ਼ਾਨ ਰਿਆਸਤ ਦੇ ਮੁਖੀ ਬਣੇ।

ਬ੍ਰਿਟਿਸ਼ ਹਕੂਮਤ ਅਧੀਨ ਉਹ ਮਿਊਂਸੀਪਲ ਕਮੇਟੀ ਦੇ ਪ੍ਰਧਾਨ, ਮੈਜਿਸਟਰੇਟ ਤੇ ਸਿਵਲ ਜੱਜ ਵਜੋਂ ਵੀ ਕਾਰਜਸ਼ੀਲ ਰਹੇ। ਲੈਪਲ ਗ੍ਰਿਫ਼ਨ ਮੁਤਾਬਿਕ ਆਪ ਦੀ ਮੌਤ ਸੰਨ 1900 ’ਚ ਹੋਈ ਜਿਸ ਉਪਰੰਤ ਰਿਆਸਤ ਦੀ ਵਾਗਡੋਰ ਉਨ੍ਹਾਂ ਦੇ 1877 ’ਚ ਜਨਮੇ ਸਪੁੱਤਰ ਰਾਏ ਇਨਾਇਤ ਖ਼ਾਨ ਸਾਹਿਬ ਨੇ ਸੰਭਾਲੀ। ਆਪ ਨੇ ਮਿਊਂਸੀਪਲ ਕਮੇਟੀ ਜਗਰਾਉਂ ਦੇ ਪ੍ਰਧਾਨ ਦੀ ਸੇਵਾ ਵੀ ਸੰਭਾਲੀ। ਮੈਜਿਸਟਰੇਟ ਹੋਣ ਤੋਂ ਇਲਾਵਾ ਆਪ ਨੂੰ 1935 ਵਿੱਚ ਜਗਰਾਉਂ ਤਹਿਸੀਲ ਦਾ ਸਿਵਲ ਜੱਜ ਨਿਯੁਕਤ ਕੀਤਾ ਗਿਆ। 1947 ’ਚ ਆਪ ਦੇਸ਼ ਵੰਡ ਕਾਰਨ ਪਾਕਿਸਤਾਨ ਚਲੇ ਗਏ। ਆਪ 1953 ’ਚ ਅੱਲ੍ਹਾ ਨੂੰ ਪਿਆਰੇ ਹੋ ਗਏ। ਪਾਕਿਸਤਾਨ ਜਾਣ ਲੱਗਿਆਂ ਵੀ ਉਨ੍ਹਾਂ ਸਿੱਖ ਸੰਗਤਾਂ ਨੂੰ ਦਸਮੇਸ਼ ਪਿਤਾ ਜੀ ਦੀ ਛੋਹ ਪ੍ਰਾਪਤ ਪਵਿੱਤਰ ਗੰਗਾ ਸਾਗਰ ਦੇ ਦਰਸ਼ਨ ਕਰਵਾਏ ਸਨ।

ਰਾਏ ਫ਼ਕੀਰ ਉਲਾ ਖ਼ਾਨ : ਰਾਏ ਇਨਾਇਤ ਖ਼ਾਨ ਦੇ 1930 ’ਚ ਜਨਮੇ ਇਕਲੌਤੇ ਸਪੁੱਤਰ ਰਾਏ ਫ਼ਕੀਰ ਉਲਾ ਖ਼ਾਨ ਨੇ ਦੇਸ਼ ਵੰਡ ਤੋਂ ਪਹਿਲਾਂ ਲਾਹੌਰ ਦੇ ਐਚੀਸਨ ਕਾਲਜ ਤੋਂ ਪੜ੍ਹਾਈ ਕੀਤੀ ਅਤੇ ਵੰਡ ਮਗਰੋਂ ਬਾਪ ਨਾਲ ਪਾਕਿਸਤਾਨ ਚਲੇ ਗਏ। ਸਿਰਫ਼ 28 ਸਾਲ ਦੀ ਉਮਰ ਵੇਲੇ ਆਪ ਗੁਜ਼ਰ ਗਏ। ਉਨ੍ਹਾਂ ਦੇ ਇਕਲੌਤੇ ਸਪੁੱਤਰ ਰਾਏ ਅਜ਼ੀਜ਼-ਉਲਾ-ਖ਼ਾਨ ਸਾਹਿਬ ਦੀ ਉਸ ਵੇਲੇ ਉਮਰ ਮਸਾਂ ਛੇ ਸਾਲ ਸੀ।

ਰਾਏ ਅਜ਼ੀਜ਼ ਉਲਾ ਖ਼ਾਨ ਜੀ ਚਾਰ ਸਾਲ ਦੇ ਸਨ ਜਦ ਮਾਤਾ ਜੀ ਫ਼ੌਤ ਹੋ ਗਏ। ਦਾਦੀ ਜੀ ਦੀ ਦੇਖ ਰੇਖ ਹੇਠ ਪ੍ਰਵਾਨ ਚੜ੍ਹੇ ਰਾਏ ਅਜ਼ੀਜ਼ ਉਲਾ ਖ਼ਾਨ ਨੇ ਐਚੀਸਨ ਕਾਲਜ ਲਾਹੌਰ ਅਤੇ ਗੌਰਮਿੰਟ ਕਾਲਜ ਲਾਹੌਰ ਤੋਂ ਉਚੇਰੀ ਸਿੱਖਿਆ ਗ੍ਰਹਿਣ ਕੀਤੀ। ਲੁਧਿਆਣਾ ਤੋਂ 1945 ’ਚ ਐੱਮ. ਐੱਲ. ਏ. ਬਣੇ ਰਾਏ ਮੁਹੰਮਦ ਇਕਬਾਲ ਦੀ ਬੇਟੀ ਬੇਗ਼ਮ ਤਬੱਸੁਮ ਆਪ ਦੀ ਜੀਵਨ ਸਾਥਣ ਹੈ। ਰਾਏ ਅਜ਼ੀਜ਼ ਉਲਾ ਖ਼ਾਨ ਸਾਹਿਬ ਪਾਕਿਸਤਾਨ ਦੀ ਪਾਰਲੀਮੈਂਟ ਦੇ ਚੀਚਾਵਤਨੀ ਤੋਂ ਮੈਂਬਰ ਨੈਸ਼ਨਲ ਅਸੈਂਬਲੀ ਤੇ ਪਾਰਲੀਮਾਨੀ ਸਕੱਤਰ ਵੀ ਰਹੇ ਹਨ। ਦਾਦੀ ਮਾਤਾ ਜੀ ਨੇ ਆਪ ਨੂੰ ਬਾਲਗ ਹੋਣ ਉਪਰੰਤ ਗੰਗਾ ਸਾਗਰ ਤੇ ਹੋਰ ਪਵਿੱਤਰ ਵਿਰਾਸਤ ਸੌਂਪੀ।

ਇਸ ਵਡਮੁੱਲੀ ਵਿਰਾਸਤ ਦੇ ਕਸਟੋਡੀਅਨ ਹੋਣ ਕਾਰਨ ਸਿੱਖ ਸੰਗਤਾਂ ਨੂੰ ਆਪ ਨੇ ਦੇਸ਼ ਵੰਡ ਉਪਰੰਤ ਦਸਮੇਸ਼ ਪਿਤਾ ਜੀ ਦੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਤ੍ਰੈ ਸ਼ਤਾਬਦੀ ਸਮਾਰੋਹਾਂ ਮੌਕੇ ਦਰਸ਼ਨ ਕਰਵਾਏ। ਰਾਏਕੋਟ ਸਮੇਤ ਸਾਰੇ ਪੰਜਾਬ ਵਿੱਚ ਸਿੱਖ ਸੰਗਤਾਂ ਨੇ ਗੰਗਾ ਸਾਗਰ ਦੇ ਦਰਸ਼ਨ ਕੀਤੇ। ਦੇਸ਼-ਵਿਦੇਸ਼ ਵਿੱਚ ਸਿੱਖ ਸੰਗਤਾਂ ਰਾਏ ਅਜ਼ੀਜ਼ ਉਲਾ ਖ਼ਾਨ ਸਾਹਿਬ ਨੂੰ ਦਸਮੇਸ਼ ਪਿਤਾ ਜੀ ਦੇ ਸਨੇਹ ਅਭਿਲਾਸ਼ੀ ਹੋਣ ਕਾਰਨ ਬਹੁਤ ਸਤਿਕਾਰ ਭੇਟ ਕਰਦੀਆਂ ਹਨ।



# ਧੀ ਦੀ ਆਪਣੇ ਪਿਓ ਨਾਲ ਸਾਂਝ ਹੁੰਦੀ ਗੂੜ੍ਹੀ ਅਤੇ ਰੂਹਾਨੀ



**ਸੁਖਪਾਲ ਸਿੰਘ ਗਿੱਲ**

ਧੀ ਬਿਨਾਂ ਸੱਭਿਆਚਾਰ, ਸੱਭਿਅਤਾ ਅਤੇ ਸਮਾਜ ਅਧੂਰਾ ਹੈ। ਇਹ ਗੱਲ ਉਦੋਂ ਸਮਝ ਲੱਗੀ ਜਦੋਂ ਭਰੂਣ ਹੱਤਿਆ ਸਿਰੋਂ ਟੱਪ ਗਈ। ਇਸ ਦੇ ਨਤੀਜੇ ਅੱਜ ਸਪੱਸ਼ਟ ਦਿਖਾਈ ਦਿੰਦੇ ਹਨ। ਆਖਿਰ ਨੀਂਦ ਖੁੱਲ੍ਹੀ ਤੇ ਭਾਰਤ ਸਰਕਾਰ ਨੇ ਨਾਅਰਾ ਦਿੱਤਾ, ਧੀ ਜੰਮੀ ਵੰਡੋ ਮਠਿਆਈ ਇਹ ਸਾਕਾਰ ਲੱਛਮੀ ਆਈ ਇਸ ਦੇ ਨਾਲ ਪੰਜਾਬੀ ਲੋਕ ਗੀਤ ਵੀ ਰੁਖ ਮੋੜਨ ਲਈ ਉਚਾਰਿਆ ਗਿਆ ਜਿਸ ਵਿੱਚ ਮੋਹ ਦੀ ਖ਼ੁਸ਼ਬੂ ਸੀ, ਸਾਡਾ ਚਿੜੀਆਂ ਦਾ ਚੰਬਾ ਵੇ ਬਾਬਲ ਅਸਾਂ ਉੱਡ ਜਾਣਾ, ਸਾਡੀ ਲੰਬੀ ਉਡਾਰੀ ਵੇ ਬਾਬਲ ਅਸਾਂ ਕਿਹੜੇ ਦੇਸ਼ ਜਾਣਾ। ਸਮਾਜ ਦੇ ਨਿਯਮ ਸਦਾਚਾਰਕ ਤਰੀਕੇ ਨਾਲ ਬਣੇ ਸਨ, ਪਰ ਅਸੀਂ ਇਨ੍ਹਾਂ ਨੂੰ ਸਮੇਂ ਦੀ ਦੌੜ ਘੋੜ ਵਿੱਚ ਲਪੇਟ ਦਿੱਤਾ।

**ਸਮਾਜਿਕ ਤਬਦੀਲੀ ਨੂੰ ਤਰੱਕੀ ਨਾ ਸਮਝੋ**


ਜੀਵਨ ਜਾਚ ਭੁਲਾ ਕੇ ਨੈਤਿਕਤਾ ਗੁਆ ਦਿੱਤੀ। ਸਮਾਜਿਕ ਸੱਭਿਆਚਾਰਕ ਤਬਦੀਲੀ ਨੂੰ ਤਰੱਕੀ ਸਮਝਣਾ ਸਾਡੀ ਵੱਡੀ ਭੁੱਲ ਹੈ। ਇਹ ਤਬਦੀਲੀ ਵਿਕਾਸ ਦੇ ਨਾਲ ਵਿਨਾਸ਼ ਵੀ ਹਨ। ਪੰਜਾਬੀ ਫ਼ੁਕਰੇਪਣ 'ਚ ਜਾਅਲੀ ਜਿਹੇ ਰੀਤੀ ਰਿਵਾਜ ਪੈਦਾ ਕਰਕੇ ਸ਼ਾਨਾਮੱਤੀ ਵਿਰਸੇ ਨੂੰ ਘਸਮੈਲਾ ਕਰ ਰਹੇ ਹਨ। ਸਮਾਂ ਮੁਆਫ਼ ਨਹੀਂ ਕਰੇਗਾ। ਮਾਂ-ਪਿਓ ਧੀ ਪੁੱਤ ਨੂੰ ਸਮਾਜੀਕਰਨ ਦਾ ਸਬਕ ਸਿਖਾਉਂਦਾ ਹੈ, ਬਾਕੀ ਸਬਕ ਤਾਂ ਦੁਨੀਆ ਹੀ ਸਿਖਾ ਦਿੰਦੀ ਹੈ। ਜੀਵ ਵਿਗਿਆਨਕ ਤੌਰ 'ਤੇ ਔਲਾਦ ਮਾਂ-ਪਿਓ ਲਈ ਜਿਗਰ ਦਾ ਟੋਟਾ ਹੁੰਦੀ ਹੈ। ਇਸ ਤੋਂ ਅੱਗੇ ਧੀ ਬੇਗਾਨਾ ਧਨ ਕਹਾਉਂਦੀ ਹੈ।


ਧੀ ਦੀ ਪਿਓ ਨਾਲ ਰੂਹਾਨੀ ਸਾਂਝ

ਧੀ ਦੀ ਪਿਓ ਨਾਲ ਸਾਂਝ ਗੂੜ੍ਹੀ ਅਤੇ ਰੂਹਾਨੀ ਹੁੰਦੀ ਹੈ। ਸਮਾਜ ਵਿੱਚ ਪਿਓ ਧੀ ਇੱਕ ਦੂਜੇ ਤੋਂ ਬਿਨਾਂ ਅਧੂਰੇ ਹਨ। ਧੀ ਨੂੰ ਪਿਓ ਦੀ ਪੱਗ ਅਤੇ ਪਿਓ ਨੂੰ ਸਹੁਰੇ ਘਰ ਧੀ ਦੀ ਖ਼ੁਸ਼ਹਾਲੀ ਦੀ ਚਿੰਤਾ ਹੁੰਦੀ ਹੈ। ਸਮਾਜ ਦੀ ਦੰਦ ਕਥਾ ਹੈ ਕਿ ਜਿਸ ਬਾਪ ਕੋਲ ਧੀ ਨਹੀਂ, ਉਸ ਨੂੰ ਸਮਝ ਨਹੀਂ ਆਉਂਦੀ। ਗੁੱਡੀਆਂ ਪਟੋਲਿਆਂ ਤੋਂ ਡੋਲੀ ਤੋਰਨ ਤੱਕ ਪਿਓ ਧੀ ਦੇ ਪਿਆਰ ਦਾ ਸਫ਼ਰ ਲੰਬਾ ਬਣ ਜਾਂਦਾ ਹੈ। ਮਾਂ ਨਾਲ ਪੁੱਤ, ਪਿਓ ਨਾਲ ਧੀ ਦਾ ਪਿਆਰ ਵੱਖਰੀ ਵੰਨਗੀ ਹੁੰਦੀ ਹੈ। ਧੀ ਪ੍ਰਤੀ ਜ਼ਿੰਮੇਵਾਰੀ ਦਾ ਅਹਿਸਾਸ ਪਿਓ ਨੂੰ ਆਪਣੀ ਆਦਤ ਬਦਲਣ ਨੂੰ ਵੀ ਮਜਬੂਰ ਕਰ ਦਿੰਦਾ ਹੈ। ਧੀ ਵਾਲੇ ਘਰ ਵਿੱਚ ਸ਼ਰਮ, ਸ਼ਬਦ ਅਤੇ ਸਬਕ ਅਣਡਿੱਠ ਨਹੀਂ ਕੀਤੇ ਜਾ ਸਕਦੇ।

**ਵਿੱਦਿਆ ਦੇਣ ਲਈ ਪਿਤਾ ਦਾ ਜ਼ੋਰ**

ਹਰ ਤਰ੍ਹਾਂ ਦਾ ਪਿਆਰ, ਸਤਿਕਾਰ, ਸਮਾਜੀਕਰਨ ਅਤੇ ਸਿੱਖਿਆ ਧੀ ਨੂੰ ਦੇਣ ਲਈ ਬਾਬਲ ਜ਼ੋਰ ਲਾਉਂਦਾ ਹੈ ਕਿਉਂਕਿ ਆਪਣੇ ਘਰ ਦਾ ਨਕਸ਼ਾ ਬੇਗਾਨੇ ਘਰ ਅਤੇ ਸਮਾਜ ਵਿੱਚ ਪੇਸ਼ ਕਰਨਾ ਹੁੰਦਾ ਹੈ। ਸਭ ਤੋਂ ਭਾਵਨਾਤਮਕ ਪਲ ਅਤੇ ਭਾਵਨਾਵਾਂ ਚੋਂ ਹੰਝੂ ਉਦੋਂ ਚਮਕੌਰ ਮਾਰਦੇ ਹਨ ਜਦੋਂ ਅਨੰਦ ਕਾਰਜ ਦੀ ਰਸਮ ਸਮੇਂ ਪਿਓ-ਧੀ ਦਾ ਪੱਲਾ ਜਵਾਈ ਨੂੰ ਫ਼ੜਾ ਕੇ ਜ਼ਿੰਮੇਵਾਰੀ ਤੋਂ ਰੁਖ਼ਸਤ ਹੋ ਜਾਂਦਾ ਹੈ।





**ਧੀਆਂ ਅਤੇ ਦਾਜ ਦੀ ਦਰਿੰਦਗੀ**

ਮਾਣਮੱਤੀ ਗੁਰਮੀਤ ਬਾਵਾ ਨੇ ਗੁੱਡੀਆਂ ਪਟੋਲਿਆਂ ਨੂੰ ਡੋਲੀ ਤੌਰਨ ਤੱਕ ਭਾਵਨਾਤਮਕ ਤੌਰ 'ਤੇ ਪੇਸ਼ ਕਰ ਕੇ ਸਦਾ ਬਹਾਰ ਸ਼ਿੰਗਾਰ ਦਿੱਤਾ। ਜਦੋਂ ਡੋਲੀ ਤੁਰਦੀ ਹੈ ਤਾਂ ਮਾਂ-ਪਿਓ, ਸ਼ਰੀਕਾ, ਸਾਕ ਸੰਬੰਧੀ ਅਤੇ ਉੱਥੇ ਦੀ ਧਰਤੀ ਵੀ ਹੰਝੂ ਕੇਰ ਕੇ ਸੁੰਨ ਹੋ ਜਾਂਦੇ ਹਨ। ਆਦਮ ਜਾਤ ਦਾ ਇਹ ਭਾਵਭਿੰਨਾ ਛਿਣ ਹੁੰਦਾ ਹੈ। ਪਿਤਾ ਦੇ ਹੰਝੂਆਂ 'ਚੋਂ ਮਮਤਾ ਲਿਸ਼ਕਾਰੇ ਮਾਰਦੀ ਧੀ ਨੂੰ ਸੁਹਾਗਵੰਤੀ ਦਾ ਅਸ਼ੀਰਵਾਦ ਦਿੰਦੀ ਹੈ। ਡੋਲੀ ਤੋਰਨ ਸਮੇਂ ਪਿਓ ਹਾਜ਼ਰ ਨਾ ਹੋਵੇ ਤਾਂ ਚੁੱਪ ਪੱਸਰ ਜਾਂਦੀ ਹੈ।

ਕਈ ਵਾਰ ਕਈ ਪਿਓ ਦੁਨਿਆਵੀ ਕਾਰਨਾਂ ਕਰ ਕੇ ਵੀ ਧੀ ਦੀ ਡੋਲੀ ਸਮੇਂ ਹਾਜ਼ਰ ਨਹੀਂ ਹੁੰਦੇ। ਆਮ ਜਨਤਾ ਵਿੱਚ ਅਜਿਹੀਆਂ ਘਟਨਾਵਾਂ ਆਮ ਹੋ ਜਾਂਦੀਆਂ ਹਨ। ਸੱਤ ਪੁੱਤਰ ਘਰ ਵਿੱਚ ਵੱਸ ਜਾਂਦੇ ਹਨ, ਇਕੱਲੀ ਧੀ ਤੋਰਨੀ ਪੈਂਦੀ ਹੈ। ਇਹ ਵਿਚਾਰੀ ਜੰਮਦੀ ਹੀ ਬੇਗ਼ਾਨਗੀ ਦਾ ਅਹਿਸਾਸ ਲੈ ਕੇ ਹੈ। ਪਿਓ ਦੇ ਕਿਸੇ ਵੀ ਕਾਰਨ ਧੀ ਦੀ ਡੋਲੀ ਤੋਰਨ 'ਤੇ ਹਾਜ਼ਰ ਨਾ ਹੋਣ ਨੂੰ ਇਉਂ ਸੱਭਿਆਚਾਰਕ ਵੰਨਗੀ ਦਿੱਤੀ ਹੈ ਜੋ ਕਿ ਸਦਾਬਹਾਰ ਹੰਝੂ ਕੇਰਦੀ ਹੀ ਰਹੇਗੀ-

ਓ ਪੁੱਤਰ ਸੱਤ ਵੀ ਸਮਾ ਲੈਂਦੋ,  
ਵੇ ਬਾਬਲਾ ਪੁੱਤਰ ਸੱਤ ਵੀ  
ਸਮਾ ਲੈਂਦੋ,  
ਹਾਏ ਪੁੱਤਰ ਸੱਤ ਵੀ ਸਮਾ ਲੈਂਦੋ,  
ਵੇ ਧੀ ਘਰ ਨਾ ਇਕ ਸਮਾ ਸਕੀ,  
ਜਿਹੜੀ ਤੁਰਨ ਵੇਲੇ ਘਰੋਂ  
ਗਈ ਰੋਂਦੀ,  
ਉਹਨੂੰ ਮਾਂ ਨਾ ਚੁੱਪ ਕਰਾ ਸਕਦੀ,  
ਕਹਾਰੋ ਡੋਲੀ ਨਾ ਚਾਇਓ ਮੇਰਾ ਬਾਬਲ ਆਇਆ ਨੀਂ  
ਵੇਖ ਵੀਰਾ ਦੂਰ ਖੜ੍ਹਾ ਰੋਵੇ ਕਿਸੇ ਨੇ ਚੁੱਪ ਕਰਾਇਆ ਨੀਂ,  
ਕਹਾਰੋ ਡੋਲੀ ਨਾ ਚਾਇਓ ਵੇ ਮੇਰਾ ਬਾਬਲ ਆਇਆ ਨੀਂ ।

ਡੋਲੀ ਤੋਰਨ ਵੇਲੇ ਜਦੋਂ ਬਾਬਲ ਨਹੀਂ ਹੁੰਦਾ ਤਾਂ ਕੁਝ ਖੋਹਿਆ ਹੋਇਆ ਮਹਿਸੂਸ ਹੁੰਦਾ ਹੈ। ਭਾਵਨਾਤਮਕ ਉਬਾਲ ਆਉਂਦਾ ਹੀ ਰਹਿੰਦਾ ਹੈ। ਸ਼ਾਲਾ ! ਡੋਲੀ ਪਿਓ ਹੀ ਤੋਰੇ ਤੇ ਮਾਪਿਆਂ ਦੀ ਉਮਰ ਲੰਬੀ ਹੋਵੇ।



## ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਵਿਸ਼ੇਸ਼ ਅੰਕ

# ਸ੍ਰੀ ਗੁਰੂ ਗੋਬਿੰਦ ਸਿੰਘ ਦੇ ਪਰਿਵਾਰ ਦੀਆਂ ਸ਼ਹੀਦੀਆਂ ਦਾ ਮਹੀਨਾ ਦਸੰਬਰ

ਡਾ. ਰਣਜੀਤ ਸਿੰਘ

ਖ਼ਾਲਸਾ ਪੰਥ ਦੇ ਸਿਰਜਕ ਅਤੇ ਸਰਬੰਸਦਾਨੀ ਗੁਰੂ ਗੋਬਿੰਦ ਸਿੰਘ ਨੇ ਮਨੁੱਖੀ ਹੱਕਾਂ ਦੀ ਰਾਖੀ ਲਈ ਆਪਣੇ ਸਿੰਘਾਂ ਨੂੰ ਹੀ ਸਿਰ ਤਲੀ 'ਤੇ ਰੱਖਣ ਲਈ ਨਹੀਂ ਆਖਿਆ ਸਗੋਂ ਆਪਣੇ ਸਾਰੇ ਪਰਿਵਾਰ ਦੀ ਵੀ ਕੁਰਬਾਨੀ ਦਿੱਤੀ। ਸੰਸਾਰ ਵਿੱਚ ਕੋਈ ਹੋਰ ਪੀਰ ਪੈਗੰਬਰ ਨਹੀਂ ਹੋਇਆ, ਜਿਸ ਨੇ ਆਪਣੇ ਹੱਥੀਂ ਆਪਣੇ ਪਿਤਾ ਅਤੇ ਪੁੱਤਰਾਂ ਨੂੰ ਸ਼ਹੀਦੀ ਦੇਣ ਲਈ ਤੋਰਿਆ ਹੋਵੇ। ਗੁਰੂ ਗੋਬਿੰਦ ਸਿੰਘ ਜੀ ਸਿਰਫ਼ ਨੌਂ ਸਾਲ ਦੇ ਸਨ ਜਦੋਂ ਉਨ੍ਹਾਂ ਨੇ ਆਪਣੇ ਪਿਤਾ ਗੁਰੂ ਤੇਗ਼ ਬਹਾਦਰ ਜੀ ਨੂੰ ਸ਼ਹੀਦੀ ਦੇਣ ਲਈ ਤੋਰ ਦਿੱਤਾ। ਉਦੋਂ ਦੇਸ਼ ਵਿੱਚ ਔਰੰਗਜ਼ੇਬ ਦਾ ਰਾਜ ਸੀ। ਉਹ ਧੱਕੇ ਨਾਲ ਗ਼ੈਰ ਮੁਸਲਮਾਨਾਂ ਨੂੰ ਮੁਸਲਮਾਨ ਬਣਾ ਰਿਹਾ ਸੀ। ਕਸ਼ਮੀਰ ਦੇ ਪੰਡਿਤਾਂ ਨੂੰ ਵੀ ਧਰਮ ਤਬਦੀਲ ਕਰਨ ਦਾ ਹੁਕਮ ਸੁਣਾਇਆ ਗਿਆ। ਕਿਸੇ ਹਿੰਦੂ ਰਾਜੇ-ਮਹਾਰਾਜੇ ਨੇ ਪੰਡਿਤਾਂ ਦੀ ਬਾਂਹ ਨਾ ਫ਼ੜੀ। ਅਖੀਰ ਉਹ ਗੁਰੂ ਤੇਗ਼ ਬਹਾਦਰ ਜੀ ਕੋਲ ਫ਼ਰਿਆਦ ਲੈ ਕੇ ਆਏ। ਬਾਲ ਗੋਬਿੰਦ ਰਾਏ ਨੇ ਪੁੱਛਿਆ, 'ਪਿਤਾ ਜੀ ਇਸ ਜ਼ੁਲਮ ਨੂੰ ਠੱਲ੍ਹ ਕਿਵੇਂ ਪਾਈ ਜਾ ਸਕਦੀ ਹੈ।' ਪਿਤਾ ਜੀ ਦਾ ਉੱਤਰ ਸੀ ਕਿ ਕਿਸੇ ਮਹਾਂਪੁਰਖ ਦੇ ਕੁਰਬਾਨੀ ਦੇਣ ਨਾਲ ਹੀ ਇਸ ਜ਼ੁਲਮ ਨੂੰ ਠੱਲ੍ਹ ਪਾਈ ਜਾ ਸਕਦੀ ਹੈ। ਬਾਲ ਗੋਬਿੰਦ ਰਾਏ ਨੇ ਆਖਿਆ, 'ਪਿਤਾ ਜੀ ਤੁਹਾਡੇ ਤੋਂ ਵੱਡਾ ਮਹਾਂਪੁਰਖ ਕੌਣ ਹੋ ਸਕਦਾ ਹੈ।' ਆਪਣੇ ਪੁੱਤਰ ਦੇ ਸ਼ਬਦ ਸੁਣ ਕੇ ਗੁਰੂ ਜੀ ਨਿਹਾਲ ਹੋ ਗਏ। ਉਨ੍ਹਾਂ ਪੰਡਿਤਾਂ ਨੂੰ ਆਖਿਆ, 'ਜਾ ਕੇ ਬਾਦਸ਼ਾਹ ਨੂੰ ਆਖ ਦਿਓ ਕਿ ਜੇ ਸਾਡਾ ਗੁਰੂ ਇਸਲਾਮ ਕਬੂਲ ਕਰ ਲਵੇ ਤਾਂ ਅਸੀਂ ਵੀ ਮੁਸਲਮਾਨ ਬਣ ਜਾਵਾਂਗੇ।'

ਨੌਵੇਂ ਗੁਰੂ ਨੇ ਆਪਣੀ ਮਰਜ਼ੀ ਨਾਲ ਸ਼ਹਾਦਤ ਦੇਣ ਲਈ ਦਿੱਲੀ ਵੱਲ ਚਾਲੇ ਪਾਏ। ਇਹ ਸ਼ਹਾਦਤ ਉਨ੍ਹਾਂ ਆਪਣੀ ਮਰਜ਼ੀ ਨਾਲ ਮਨੁੱਖੀ ਹੱਕਾਂ ਦੀ ਰਾਖੀ ਲਈ ਦਿੱਤੀ। ਇਹ ਅਦੁੱਤੀ ਸ਼ਹਾਦਤ ਸੀ ਕਿਉਂਕਿ ਸੰਸਾਰ ਵਿੱਚ ਬਹੁਤੀਆਂ ਸ਼ਹਾਦਤਾਂ ਮੌਕੇ ਦੇ ਹਾਕਮਾਂ ਵੱਲੋਂ ਆਪਣੇ ਵਿਰੋਧੀਆਂ ਨੂੰ ਸਜ਼ਾ ਦੇ ਰੂਪ ਵਿੱਚ ਦਿੱਤੀ ਗਈਆਂ ਹਨ।

ਗੁਰੂ ਗੋਬਿੰਦ ਸਿੰਘ ਜੀ ਨੇ 1699 ਨੂੰ ਵਿਸਾਖੀ ਵਾਲੇ ਦਿਨ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਭਰੇ ਦੀਵਾਨ ਵਿੱਚ ਮਿਆਨ 'ਚੋਂ ਲਿਸ਼ਕਦੀ ਤਲਵਾਰ ਕੱਢ ਕੇ ਇੱਕ ਸਿਰ ਦੀ ਮੰਗ ਕੀਤੀ। ਇੰਝ ਉਨ੍ਹਾਂ ਪੰਜ ਜਿਊਂਦੇ ਸ਼ਹੀਦਾਂ ਦੀ ਚੋਣ ਕੀਤੀ, ਜਿਨ੍ਹਾਂ ਨੂੰ ਅੰਮ੍ਰਿਤ ਦੀ ਦਾਤ ਨਾਲ ਸਿੰਘ ਸਜਾ ਕੇ ਪੰਜ ਪਿਆਰਿਆਂ ਦਾ ਨਾਮ ਦਿੱਤਾ। ਗੁਰੂ ਜੀ ਨੇ ਖ਼ਾਲਸੇ ਦੀ ਸਿਰਜਣਾ ਕਰਕੇ ਆਪਣੇ ਆਪ ਨੂੰ ਉਸੇ ਪੰਗਤੀ ਵਿੱਚ ਖੜ੍ਹਾ ਕਰ ਦਿੱਤਾ। ਗੁਰੂ ਸਾਹਿਬ ਨੇ ਸਮਾਜ 'ਚੋ ਊਚ-ਨੀਚ ਤੇ ਜਾਤ ਪਾਤ ਦੇ ਫ਼ਰਕ ਨੂੰ ਮੇਟ ਸਭਨਾਂ ਨੂੰ ਬਰਾਬਰੀ ਬਖ਼ਸ਼ੀ। ਗੁਰੂ ਦਾ ਸਿੰਘ ਕੇਵਲ ਆਪਣੇ ਹੱਕਾਂ ਦੀ ਰਾਖੀ ਨਹੀਂ ਕਰਦਾ ਸਗੋਂ ਮਜ਼ਲੂਮਾਂ ਦੇ ਹੱਕਾਂ ਦੀ ਰਾਖੀ ਵੀ ਕਰਦਾ ਹੈ। ਉਹ ਕਿਰਤ ਕਰਦਾ ਹੈ, ਵੰਡ ਛਕਦਾ ਹੈ ਤੇ ਨਾਮ ਜਪਦਾ ਹੈ। ਉਹ ਮਿੱਠ ਬੋਲੜਾ ਹੈ ਤੇ ਉੱਚੇ ਆਚਰਣ ਵਾਲਾ ਹੈ।


ਇਸ ਇਨਕਲਾਬੀ ਤਬਦੀਲੀ ਨੇ ਮੌਕੇ ਦੇ ਸ਼ਾਸਕਾਂ, ਧਾਰਮਿਕ ਅਤੇ ਸਮਾਜਿਕ ਆਗੂਆਂ ਨੂੰ ਭੈਭੀਤ ਕਰ ਦਿੱਤਾ। ਇਸ ਤੋਂ ਪਹਿਲਾਂ ਕਿ ਇਹ ਚੰਗਿਆੜੀ ਭਾਂਬੜ ਦਾ ਰੂਪ ਧਾਰ ਲਵੇ, ਸ਼ਾਸਕਾਂ ਨੇ ਇਸ ਨੂੰ ਬੁਝਾਉਣ ਲਈ ਭਾਰੀ ਫ਼ੌਜਾਂ ਨਾਲ ਦਸਮੇਸ਼ ਦੇ ਗੜ੍ਹ ਆਨੰਦਪੁਰ ਸਾਹਿਬ ਨੂੰ ਘੇਰਾ ਪਾ ਲਿਆ। ਸ਼ਾਹੀ ਫ਼ੌਜਾਂ ਨੇ 1701 ਤੋਂ 1704 ਦੇ ਵਿਚਕਾਰ ਆਨੰਦਪੁਰ ਸਾਹਿਬ 'ਤੇ ਪੰਜ ਵਾਰ ਹਮਲਾ ਕੀਤਾ। ਚਾਰ ਲੜਾਈਆਂ ਵਿੱਚ ਸਿੰਘਾਂ ਨੇ ਵੈਰੀ ਦੇ ਦੰਦ ਖੱਟੇ ਕੀਤੇ। ਪੰਜਵੀਂ ਵਾਰ ਭਾਰੀ ਫ਼ੌਜ ਨਾਲ ਸ਼ਾਹੀ ਫ਼ੌਜਾਂ ਨੇ ਆਨੰਦਪੁਰ ਸਾਹਿਬ ਨੂੰ ਘੇਰਾ ਪਾਇਆ। ਇਹ ਘੇਰਾ ਛੇ ਮਹੀਨੇ ਚੱਲਦਾ ਰਿਹਾ। ਸ਼ਾਹੀ ਫ਼ੌਜਾਂ ਨੇ ਗੁਰੂ ਜੀ ਨੂੰ ਪੇਸ਼ਕਸ਼ ਕੀਤੀ ਕਿ ਜੇ ਉਹ ਲੜਾਈ ਬੰਦ ਕਰਕੇ ਆਨੰਦਪੁਰ ਸਾਹਿਬ ਨੂੰ ਛੱਡ ਜਾਣ ਤਾਂ ਘੇਰਾ ਚੁੱਕ ਲਿਆ ਜਾਵੇਗਾ।



ਗੁਰੂ ਜੀ ਆਪਣੇ ਪਰਿਵਾਰ ਅਤੇ ਸਿੰਘਾਂ ਨਾਲ ਕੀਰਤਪੁਰ ਸਾਹਿਬ ਵੱਲ ਤੁਰ ਪਏ। ਦੁਸ਼ਮਣ ਆਪਣੇ ਵਾਅਦੇ ਤੋਂ ਮੁੱਕਰ ਗਏ ਤੇ ਉਨ੍ਹਾਂ ਨੇ ਗੁਰੂ ਜੀ 'ਤੇ ਹਮਲਾ ਬੋਲ ਦਿੱਤਾ। ਅੱਗੇ ਸਰਸਾ ਨਦੀ ਹੜ੍ਹ ਆਇਆ ਹੋਇਆ ਸੀ। ਪਿੱਛੋਂ ਵੈਰੀ ਦਾ ਹਮਲਾ, ਅੱਗੇ ਹੜ੍ਹ, ਸਾਰੀ ਵਹੀਰ ਨਿੱਖੜ ਗਈ। ਗੁਰੂ ਜੀ ਦਾ ਪਰਿਵਾਰ ਵੀ ਨਿੱਖੜ ਗਿਆ। ਜਦੋਂ ਗੁਰੂ ਜੀ ਨੇ ਨਦੀ ਪਾਰ ਕੀਤੀ ਤਾਂ ਉਨ੍ਹਾਂ ਨਾਲ ਦੋ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਜੀ, ਬਾਬਾ ਜੁਝਾਰ ਸਿੰਘ ਅਤੇ ਡੇਢ ਸੌ ਦੇ ਕਰੀਬ ਸਿੰਘ ਰਹਿ ਗਏ। ਗੁਰੂ ਜੀ ਜਦੋਂ ਰੋਪੜ ਪਹੁੰਚੇ ਤਾਂ ਉਨ੍ਹਾਂ 'ਤੇ ਮੁੜ ਹਮਲਾ ਹੋ ਗਿਆ। ਗੁਰੂ ਜੀ ਬਹਾਦਰੀ ਨਾਲ ਲੜੇ ਅਤੇ ਵੈਰੀ ਨੂੰ ਪਛਾੜਿਆ। ਇਥੋਂ ਚੱਲ ਕੇ ਗੁਰੂ ਜੀ ਚਮਕੌਰ ਸਾਹਿਬ ਪਹੁੰਚੇ। ਹੁਣ ਉਨ੍ਹਾਂ ਨਾਲ ਸਿਰਫ਼ 40 ਸਿੰਘ ਹੀ ਰਹਿ ਗਏ, ਬਾਕੀ ਸ਼ਹੀਦੀਆਂ ਪਾ ਗਏ। ਉਸ ਦਿਨ ਸੱਤ ਪੋਹ ਸੀ ਤੇ ਕੜਾਕੇ ਦੀ ਠੰਢ ਪੈ ਰਹੀ ਸੀ। ਇਥੇ ਗੁਰੂ ਜੀ ਨੇ ਇੱਕ ਵੱਡੀ ਹਵੇਲੀ ਵਿੱਚ ਟਿਕਾਣਾ ਕੀਤਾ, ਜਿਸ ਨੂੰ ਗੜ੍ਹੀ ਆਖਿਆ ਜਾਂਦਾ ਹੈ। ਸ਼ਾਹੀ ਫ਼ੌਜਾਂ ਪਿੱਛਾ ਕਰਦੀਆਂ ਇਥੇ ਵੀ ਪੁੱਜ ਗਈਆਂ ਅਤੇ ਗੜ੍ਹੀ ਨੂੰ ਘੇਰਾ ਪਾ ਲਿਆ। ਸਿੰਘਾਂ ਨੇ ਇਸ ਹਮਲੇ ਦਾ ਡੱਟ ਕੇ ਮੁਕਾਬਲਾ ਕੀਤਾ ਪਰ ਦੁਪਹਿਰ ਤੀਕ ਸਿੰਘਾਂ ਦੇ ਤੀਰ ਤੇ ਗੋਲ਼ੀ-ਸਿੱਕਾ ਖ਼ਤਮ ਹੋ ਗਿਆ। ਹੁਣ ਤਲਵਾਰਾਂ ਨਾਲ ਮੁਕਾਬਲਾ ਕਰਨ ਦਾ ਫ਼ੈਸਲਾ ਕੀਤਾ ਗਿਆ। ਪੰਜ-ਪੰਜ ਸਿੰਘਾਂ ਦੇ ਜਥੇ ਬਣਾਏ ਗਏ, ਜਿਨ੍ਹਾਂ ਗੜ੍ਹੀ 'ਚੋਂ ਬਾਹਰ ਜਾ ਕੇ ਵੈਰੀ ਦਾ ਮੁਕਾਬਲਾ ਕਰਦੇ ਹੋਏ ਸ਼ਹੀਦੀ ਪ੍ਰਾਪਤ ਕਰਨੀ ਸੀ। ਦੋ ਜਥਿਆਂ ਦੇ ਸਰਦਾਰ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਥਾਪੇ ਗਏ। ਬਾਬਾ ਅਜੀਤ ਸਿੰਘ ਦੀ ਉਸ ਵੇਲੇ ਉਮਰ 17 ਸਾਲ ਅਤੇ ਬਾਬਾ ਜੁਝਾਰ ਸਿੰਘ ਦੀ 15 ਸਾਲ ਸੀ। ਸਿੰਘਾਂ ਦਾ ਜਥਾ ਜੈਕਾਰੇ ਬੁਲਾਉਂਦਾ ਬਿਜਲੀ ਵਾਂਗ ਵੈਰੀ ਉੱਤੇ ਟੁੱਟ ਪੈਂਦਾ ਅਤੇ ਅਨੇਕਾਂ ਵੈਰੀਆਂ ਦੇ ਆਹੂ ਲਾਹੁੰਦਾ ਹੋਇਆ ਸ਼ਹੀਦੀ ਜਾਮ ਪੀ ਲੈਂਦਾ। ਵਾਰੀ ਆਉਣ 'ਤੇ ਗੁਰੂ ਜੀ ਨੇ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਨੂੰ ਅਸ਼ੀਰਵਾਦ ਦੇ ਕੇ ਸ਼ਹੀਦੀ ਦੇਣ ਲਈ ਤੋਰਿਆ। ਪੁੱਤਰ ਦੀ ਬਹਾਦਰੀ ਨੂੰ ਆਪ ਗੜ੍ਹੀ ਦੀ ਕੰਧ 'ਤੇ ਖੜ੍ਹੇ ਹੋ ਕੇ ਵੇਖ ਰਹੇ ਸਨ। ਜਦੋਂ ਸਾਹਿਬਜ਼ਾਦੇ ਨੇ ਸ਼ਹੀਦੀ ਦਾ ਜਾਮ ਪੀਤਾ ਤਾਂ ਉਨ੍ਹਾਂ ਨੇ ਰੋਸ ਪ੍ਰਗਟ ਕਰਨ ਦੀ ਥਾਂ ਰੱਬ ਦਾ ਸ਼ੁਕਰ ਕੀਤਾ ਅਤੇ ਛੋਟੇ ਸਾਹਿਬਜ਼ਾਦੇ ਨੂੰ ਯੁੱਧ ਵਿੱਚ ਭੇਜ ਦਿੱਤਾ। ਜਿਸ ਫ਼ੁਰਤੀ ਅਤੇ ਸਿਆਣਪ ਨਾਲ ਸਾਹਿਬਜ਼ਾਦੇ ਜੁਝਾਰ ਸਿੰਘ ਨੇ ਯੁੱਧ ਕੀਤਾ, ਉਸ ਨੇ ਵੈਰੀਆਂ ਨੂੰ ਵੀ ਦੰਗ ਕਰ ਦਿੱਤਾ। ਰਾਤ ਪੈਣ ਤੱਕ ਛੋਟੇ ਸਾਹਿਬਜ਼ਾਦੇ ਨੇ ਵੀ ਸ਼ਹੀਦੀ ਪ੍ਰਾਪਤ ਕਰ ਲਈ।

ਰਾਤ ਨੂੰ ਖ਼ਾਲਸੇ ਦਾ ਹੁਕਮ ਮੰਨ ਕੇ ਗੁਰੂ ਜੀ ਤਿੰਨ ਸਿੰਘਾਂ ਨਾਲ ਚਮਕੌਰ ਦੀ ਗੜ੍ਹੀ 'ਚੋਂ ਨਿਕਲ ਗਏ। ਗੁਰੂ ਜੀ ਦਾ ਘੋੜਾ ਇੱਕ ਥਾਂ ਆ ਕੇ ਰੁਕ ਗਿਆ ਤੇ ਅੱਗੇ ਜਾਣ ਤੋਂ ਨਾਂਹ ਕਰ ਦਿੱਤੀ। ਗੁਰੂ ਜੀ ਨੇ ਭਾਈ ਦਇਆ ਸਿੰਘ ਨੂੰ ਆਖਿਆ ਕਿ ਵੇਖੋ ਘੋੜਾ ਕਿਉਂ ਰੁਕਿਆ ਹੈ। ਦਇਆ ਸਿੰਘ ਨੇ ਦੱਸਿਆ ਕਿ ਸਾਹਿਬਜ਼ਾਦੇ ਦਾ ਸਰੀਰ ਪਿਆ ਹੈ ਤੇ ਘੋੜਾ ਉਨ੍ਹਾਂ ਦੇ ਪੈਰ ਚੁੰਮ ਰਿਹਾ ਹੈ। ਭਾਈ ਦਇਆ ਸਿੰਘ ਆਪਣਾ ਕਮਰਕੱਸਾ ਖੋਲ੍ਹ ਸਾਹਿਬਜ਼ਾਦੇ 'ਤੇ ਪਾਉਣ ਲੱਗੇ ਤਾਂ ਗੁਰੂ ਜੀ ਨੇ ਰੋਕ ਦਿੱਤਾ। ਉਨ੍ਹਾਂ ਕਿਹਾ, 'ਇਹ ਸਾਰੇ ਮੇਰੇ ਹੀ ਸਾਹਿਬਜ਼ਾਦੇ ਹਨ। ਕੋਈ ਆ ਕੇ ਆਪੇ ਹੀ ਇਨ੍ਹਾਂ ਦਾ ਸਸਕਾਰ ਕਰ ਦੇਵੇਗਾ।' ਸ਼ਹੀਦਾਂ ਦੇ ਸਤਿਕਾਰ ਵਜੋਂ ਗੁਰੂ ਜੀ ਆਪ ਵੀ ਘੋੜੇ ਤੋਂ ਉੱਤਰੇ ਅਤੇ ਆਪਣੇ ਜੋੜੇ ਉਤਾਰ ਨੰਗੇ ਪੈਰੀਂ ਤੁਰ ਪਏ। ਨਾਲ ਦੇ ਸਿੰਘਾਂ ਨੇ ਸੋਚਿਆ ਗੁਰੂ ਜੀ ਮੁੜ ਘੋੜੇ 'ਤੇ ਸਵਾਰ ਹੋਣਗੇ ਪਰ ਉਹ ਤਾਂ ਅੱਗੇ ਜਾ ਚੁੱਕੇ ਸਨ। ਗੁਰੂ ਜੀ ਨਾਲ ਉਨ੍ਹਾਂ ਦਾ ਮੇਲ ਮਾਛੀਵਾੜੇ ਜਾ ਕੇ ਹੋਇਆ, ਜਿੱਥੇ ਦਸਮੇਸ਼ ਪਿਤਾ ਇੱਕ ਟਿੰਡ ਦਾ ਸਰਾਹਣਾ ਬਣਾਈ ਸੁੱਤੇ ਪਏ ਸਨ। ਤੜਕੇ ਇੱਕ ਸਿੰਘਣੀ ਬੀਬੀ ਸ਼ਰਨ ਕੌਰ ਨੇ ਚਿਤਾ ਸਜਾਈ ਤੇ ਸਾਰੇ ਸ਼ਹੀਦ ਸਿੰਘਾਂ ਦੇ ਸਰੀਰਾਂ ਨੂੰ ਉਸ 'ਤੇ ਰੱਖ ਅੱਗ ਲਗਾ ਦਿੱਤੀ। ਅੱਗ ਦੀ ਲਪਟਾਂ ਵੇਖ ਵੈਰੀ ਦੀ ਫ਼ੌਜ ਵਿੱਚ ਭਗਦੜ ਮੱਚ ਗਈ ਤੇ ਉਨ੍ਹਾਂ ਚਿਤਾ ਨੂੰ ਘੇਰਾ ਪਾ ਲਿਆ।

(ਬਾਕੀ ਸਫ਼ਾ 31 'ਤੇ)



ਐਡਵੋਕੇਟ ਹਰਜਿੰਦਰ ਸਿੰਘ ਧਾਮੀ
ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ

# ਇਤਿਹਾਸ ਦਾ ਲਾਸਾਨੀ ਪੰਨਾ ਸਾਕਾ ਸਰਹਿੰਦ

ਸਰਬੰਸਦਾਨੀ, ਸਾਹਿਬ-ਏ-ਕਮਾਲ, ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦਾ ਇਤਿਹਾਸ ਆਪਣੇ-ਆਪ ਵਿੱਚ ਲਾਸਾਨੀ ਅਤੇ ਵਿਲੱਖਣ ਹੈ। ਦੁਨੀਆਂ ਦੇ ਧਾਰਮਿਕ ਇਤਿਹਾਸ ਅੰਦਰ ਅਜਿਹੀ ਮਿਸਾਲ ਹੋਰ ਕਿਧਰੇ ਨਹੀਂ ਮਿਲਦੀ। ਧਰਮਾਂ ਦੇ ਇਤਿਹਾਸ ਵਿੱਚ ਸਾਕਾ ਸਰਹਿੰਦ ਉਹ ਘਟਨਾ ਹੈ ਜਿਸ ਨੇ ਸਿੱਖ ਮਨਾਂ ਅੰਦਰ ਸਮੇਂ ਦੀ ਹਕੂਮਤ ਵਿਰੁੱਧ ਗੁੱਸੇ ਤੇ ਰੋਹ ਦੀ ਅੱਗ ਨੂੰ ਹੋਰ ਤਿੱਖਾ ਕੀਤਾ ਅਤੇ ਇਸ ਤੋਂ ਸ਼ਕਤੀ ਤੇ ਪ੍ਰੇਰਨਾ ਲੈ ਕੇ ਸਿੱਖਾਂ ਨੇ ਜ਼ਾਲਮ ਮੁਗ਼ਲ ਹਕੂਮਤ ਨਾਲ ਜ਼ਬਰਦਸਤ ਟੱਕਰ ਲਈ।

ਜਿਸ ਸਮੇਂ ਕਲਗੀਧਰ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਜੀ ਤੇ ਬਾਬਾ ਫ਼ਤਹਿ ਸਿੰਘ ਜੀ ਨੂੰ ਸੂਬਾ ਸਰਹਿੰਦ ਦੇ ਹੁਕਮ ਨਾਲ ਜਿੰਦਾ ਨੀਂਹਾਂ ਵਿੱਚ ਚਿਣ ਕੇ ਸ਼ਹੀਦ ਕੀਤਾ ਗਿਆ ਤਾਂ ਸਾਹਿਬਜ਼ਾਦਿਆਂ ਦੀ ਉਮਰ ਭਾਵੇਂ ਬਹੁਤ ਛੋਟੀ ਸੀ ਪਰ ਉਨ੍ਹਾਂ ਦੀ ਦਲੇਰੀ ਅਤੇ ਸਿੱਖੀ ਪ੍ਰਤੀ ਦ੍ਰਿੜ੍ਹਤਾ ਪ੍ਰੌੜ੍ਹ ਉਮਰ ਤੋਂ ਘੱਟ ਨਹੀਂ ਸੀ।

ਸਾਹਿਬਜ਼ਾਦਿਆਂ ਨੇ ਜਿਸ ਦਲੇਰੀ, ਸਿਦਕਦਿਲੀ ਅਤੇ ਜਿੰਦਾਦਿਲੀ ਨਾਲ ਸੂਬੇ ਦੀ ਕਚਹਿਰੀ ਵਿੱਚ ਸਵਾਲਾਂ ਦੇ ਜਵਾਬ ਦਿੱਤੇ, ਉਸ ਵੱਲੋਂ ਧਰਮ ਛੱਡਣ ਖ਼ਾਤਰ ਦਿੱਤੇ ਜਾ ਰਹੇ ਲਾਲਚਾਂ ਨੂੰ ਠੁਕਰਾਇਆ ਤੇ ਸ਼ਹਾਦਤ ਨੂੰ ਕਬੂਲ ਕੀਤਾ, ਉਸ ਦਾ ਵਿਸ਼ਵ ਦੇ ਧਰਮ ਇਤਿਹਾਸ ਅੰਦਰ ਕੋਈ ਮੁਕਾਬਲਾ ਨਹੀਂ ਮਿਲਦਾ।



ਇਹ ਚੜ੍ਹਦੀ ਕਲਾ ਦੀ ਜੀਵਤ ਮਿਸਾਲ ਹੈ। ਇਸੇ ਲਈ ਗੁਰੂ ਸਾਹਿਬ ਦੇ ਸਾਹਿਬਜ਼ਾਦਿਆਂ ਦੀ ਕੁਰਬਾਨੀ ਨੂੰ ਸਿੱਖ ਅਤੇ ਗ਼ੈਰ ਸਿੱਖ ਇਤਿਹਾਸਕਾਰਾਂ ਨੇ ਅਦੁੱਤੀ ਕਿਹਾ ਹੈ। ਕਹਿਰ ਦੀ ਠੰਢੀ ਰਾਤ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਖ਼ਾਲਸੇ ਸਮੇਤ ਸ੍ਰੀ ਅਨੰਦਪੁਰ ਸਾਹਿਬ ਨੂੰ ਛੱਡਣਾ, ਸਰਸਾ ਨੇ ਰਸਤਾ ਰੋਕਣਾ, ਪਰਿਵਾਰ ਦਾ ਖੇਰੂੰ-ਖੇਰੂੰ ਹੋਣਾ ਅਤੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਆਦਿ ਸਭ ਘਟਨਾਵਾਂ ਸਿੱਖ ਇਤਿਹਾਸ ਦੇ ਵੱਡੇ ਪਹਿਲੂ ਹਨ।

ਸਰਸਾ ਨੂੰ ਪਾਰ ਕਰਨ ਤੋਂ ਬਾਅਦ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਆਪ ਦੇ ਮਾਤਾ ਜੀ, ਸਾਹਿਬਜ਼ਾਦੇ ਅਤੇ ਆਪ ਜੀ ਦੇ ਮਹਿਲ ਸਭ ਵਿੱਛੜ ਗਏ। ਮਾਤਾ ਗੁਜਰੀ ਜੀ ਛੋਟੇ ਸਾਹਿਬਜ਼ਾਦਿਆਂ ਨਾਲ ਗੁਰੂ-ਘਰ ਦੇ ਰਸੋਈਏ ਗੰਗੂ ਨਾਲ ਉਸ ਦੇ ਪਿੰਡ ਖੇੜੀ (ਸਹੇੜੀ) ਆ ਗਏ। ਮਾਤਾ ਜੀ ਕੋਲ ਸੋਨੇ ਦੀਆਂ ਮੋਹਰਾਂ ਵੇਖ ਅਤੇ ਸਰਕਾਰੀ ਇਨਾਮ ਦੇ ਲਾਲਚ 'ਚ ਗੰਗੂ ਡੋਲ ਗਿਆ। ਗੰਗੂ ਵੱਲੋਂ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਨਾਲ ਕੀਤੇ ਵਿਸ਼ਵਾਸਘਾਤ ਬਾਰੇ ਅੱਲਾ ਯਾਰ ਖਾਂ ਜੋਗੀ ਲਿਖਦੇ ਹਨ:

ਬਦਜ਼ਾਤ ਬਦ-ਸਿਫਾਤ ਵਹੁ ਗੰਗੂ ਨਮਕ-ਹਰਾਮ।

ਟੁਕੜੋਂ ਪੇ ਸਤਗੁਰੂ ਕੇ ਜੋ ਪਲਤਾ ਰਹਾ ਮੁਦਾਮ।

ਦੁਨੀਆ ਮੇਂ ਅਪਨੇ ਨਾਮ ਕੋ ਬਦਨਾਮ ਕਰ ਗਿਆ।

ਦੁਸ਼ਮਨ ਭੀ ਜੁ ਨ ਕਰਤਾ ਵਹੁ ਯਿ ਕਾਮ ਕਰ ਗਿਆ।

ਗੰਗੂ ਨੇ ਸਾਹਿਬਜ਼ਾਦਿਆਂ ਅਤੇ ਮਾਤਾ ਜੀ ਦੀ ਖ਼ਬਰ ਮੋਰਿੰਡੇ ਥਾਣੇ ਜਾ ਦਿੱਤੀ ਜਿੱਥੇ ਸਾਹਿਬਜ਼ਾਦਿਆਂ ਨੂੰ ਮਾਤਾ ਜੀ ਸਮੇਤ ਗ੍ਰਿਫ਼ਤਾਰ ਕਰ ਕੇ ਸਰਹਿੰਦ ਦੇ ਸੂਬੇਦਾਰ ਵਜ਼ੀਰ ਖ਼ਾਨ ਦੇ ਹਵਾਲੇ ਕੀਤਾ ਗਿਆ। ਸੂਬੇਦਾਰ ਵਜ਼ੀਰ ਖ਼ਾਨ ਨੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਨੂੰ ਠੰਢੇ ਬੁਰਜ 'ਚ ਕੈਦ ਕਰ ਦਿੱਤਾ।

ਕਹਿਰ ਦੀ ਸੀਤ 'ਚ ਭੁੱਖੇ-ਭਾਣੇ ਸਾਹਿਬਜ਼ਾਦੇ ਸਾਰੀ ਰਾਤ ਦਾਦੀ ਮਾਂ ਦੀ ਗੋਦ 'ਚ ਬੈਠੇ ਗੁਰੂ ਪਿਤਾ ਦੀ ਸੂਰਮਗਤੀ, ਦਾਦਿਆਂ-ਪੜਦਾਦਿਆਂ ਦੀ ਕੁਰਬਾਨੀ ਦੀਆਂ ਬਾਤਾਂ ਸੁਣਦੇ ਸਿੱਖੀ ਅਸੂਲਾਂ 'ਤੇ ਦ੍ਰਿੜ੍ਹ ਰਹਿਣ ਲਈ ਸਿੱਖਿਆ ਲੈਂਦੇ ਰਹੇ। ਦਿਨ ਚੜ੍ਹਦਿਆਂ ਸਾਹਿਬਜ਼ਾਦਿਆਂ ਨੂੰ ਕਚਹਿਰੀ 'ਚ ਪੇਸ਼ ਕਰਨ ਦਾ ਹੁਕਮ ਹੋਇਆ। ਸਾਹਿਬਜ਼ਾਦੇ ਬੁਲੰਦ ਹੌਸਲੇ 'ਚ ਸਨ। ਮਾਤਾ ਗੁਜਰੀ ਜੀ ਨੇ ਬੱਚਿਆਂ ਨੂੰ ਤਿਆਰ ਕੀਤਾ।

ਸਾਹਿਬਜ਼ਾਦਿਆਂ ਨੂੰ ਕਚਹਿਰੀ 'ਚ ਵਜ਼ੀਰ ਖਾਂ ਦੇ ਸਾਹਮਣੇ ਪੇਸ਼ ਕੀਤਾ ਗਿਆ। ਉਨ੍ਹਾਂ ਨੂੰ ਪਹਿਲਾਂ ਧਨ, ਦੌਲਤ, ਜਗੀਰਾਂ, ਸ਼ਾਹੀ ਡੋਲੀਆਂ ਦੇ ਲਾਲਚ ਦੇ ਕੇ ਇਸਲਾਮ ਧਰਮ ਧਾਰਨ ਕਰਨ ਲਈ ਕਿਹਾ ਗਿਆ, ਫਿਰ ਸਰੀਰਕ ਕਸ਼ਟ ਤੇ ਮੌਤ ਦੇ ਡਰਾਵੇ ਦਿੱਤੇ ਗਏ ਪਰ ਕੋਮਲ ਜਿੰਦਾਂ ਦੇ ਚਿਹਰਿਆਂ 'ਤੇ ਸਿੱਖੀ ਪਿਆਰ, ਬੀਰਤਾ ਤੇ ਜੁਰਅਤ ਪ੍ਰਤੱਖ ਦਿਸ ਰਹੀ ਸੀ। ਸਾਹਿਬਜ਼ਾਦਿਆਂ ਦੇ ਅਡੋਲ ਚਿੱਤ ਰਹਿੰਦਿਆਂ ਰੋਅਬ ਭਰੇ ਜਵਾਬਾਂ ਨੇ ਸਭ ਨੂੰ ਕੰਬਣੀ ਛੇੜ ਦਿੱਤੀ।

ਸਾਹਿਬਜ਼ਾਦਿਆਂ ਨੂੰ ਇਸਲਾਮ ਧਾਰਨ ਕਰਵਾਉਣ ਲਈ ਲਾਲਚ, ਡਰਾਵੇ ਤੇ ਧਮਕੀਆਂ ਦਾ ਦੌਰ ਚੱਲਦਾ ਰਿਹਾ। ਪੇਸ਼ ਨਾ ਜਾਂਦੀ ਵੇਖ ਕੇ ਮੂੱਲਾਂ ਤੇ ਕਾਜ਼ੀਆਂ ਨੂੰ ਸਾਹਿਬਜ਼ਾਦਿਆਂ ਦੀ ਸਜ਼ਾ ਨਿਸ਼ਚਤ ਕਰਨ ਲਈ ਕਿਹਾ ਗਿਆ ਜਿਸ 'ਤੇ ਉਨ੍ਹਾਂ ਸਾਹਿਬਜ਼ਾਦਿਆਂ ਨੂੰ ਨੀਂਹਾਂ 'ਚ ਚਿਣ ਕੇ ਸ਼ਹੀਦ ਕਰਨ ਦਾ ਹੁਕਮ ਸੁਣਾਇਆ।

ਇੰਝ ਸਾਹਿਬਜ਼ਾਦਾ ਬਾਬਾ ਜ਼ੋਰਾਵਰ ਸਿੰਘ ਜੀ ਤੇ ਬਾਬਾ ਫ਼ਤਿਹ ਸਿੰਘ ਜੀ ਨੇ ਲਾਸਾਨੀ ਸ਼ਹਾਦਤ ਪ੍ਰਾਪਤ ਕਰ ਕੇ ਦੁਨੀਆ ਦੇ ਇਤਿਹਾਸ ਅੰਦਰ ਨਿਵੇਕਲਾ ਪੰਨਾ ਸਿਰਜਿਆ। ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਖ਼ਬਰ ਸੁਣ ਕੇ ਮਾਤਾ ਗੁਜਰੀ ਜੀ ਵੀ ਠੰਢੇ ਬੁਰਜ ਵਿੱਚ ਗੁਰਪੁਰੀ ਪਿਆਨਾ ਕਰ ਗਏ।

ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੇ ਸਸਕਾਰ ਲਈ ਦੀਵਾਨ ਟੋਡਰ ਮੱਲ ਨੇ ਸੋਨੇ ਦੀਆਂ ਮੋਹਰਾਂ ਦੇ ਕੇ ਜ਼ਮੀਨ ਖ਼ਰੀਦੀ, ਜਿਸ ਸਥਾਨ 'ਤੇ ਗੁਰਦੁਆਰਾ ਜੋਤੀ ਸਰੂਪ ਸੁਭਾਇਮਾਨ ਹੈ। ਸਾਹਿਬਜ਼ਾਦਿਆਂ ਦੀ ਸ਼ਹਾਦਤ ਨੇ ਸਿੱਖ ਸੰਘਰਸ਼ ਵਿੱਚ ਨਵੀਂ ਰੂਹ ਫੂਕ ਦਿੱਤੀ। ਦਸਮੇਸ਼ ਪਿਤਾ ਜੀ ਦਾ ਥਾਪੜਾ ਲੈ ਕੇ ਬਾਬਾ ਬੰਦਾ ਸਿੰਘ ਬਹਾਦਰ ਨੇ ਅਜਿਹੀ ਉਥਲ-ਪੁਥਲ ਲਿਆਂਦੀ ਕਿ ਮੁਗ਼ਲ ਸਾਮਰਾਜ ਦੀਆਂ ਜੜ੍ਹਾਂ ਹਿੱਲ ਗਈਆਂ। ਸਿੱਖ ਯੋਧਿਆਂ ਨੇ ਸਮੇਂ ਦੇ ਹੈਂਕੜਬਾਜ਼ ਵਜ਼ੀਰ ਖਾਂ ਅਤੇ ਉਸ ਦੇ ਦਰਬਾਰੀਆਂ ਦੀ ਜੋ ਦਸ਼ਾ ਕੀਤੀ ਉਹ ਇਤਿਹਾਸ ਬਣ ਗਿਆ।

ਇਸ ਸਾਕੇ ਪਿੱਛੋਂ ਖ਼ਾਲਸੇ ਨੇ ਸਿੱਖ ਰਾਜ ਦੀ ਮੰਜ਼ਿਲ ਵੀ ਸਰ ਕੀਤੀ। ਸਾਹਿਬਜ਼ਾਦਾ ਬਾਬਾ ਜ਼ੋਰਾਵਰ ਸਿੰਘ ਜੀ, ਸਾਹਿਬਜ਼ਾਦਾ ਬਾਬਾ ਫ਼ਤਹਿ ਸਿੰਘ ਜੀ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਸਿੱਖ ਕੌਮ ਲਈ ਮਾਰਗ ਦਰਸ਼ਕ ਹੈ। ਇਹ ਸ਼ਹਾਦਤਾਂ ਸਾਨੂੰ ਸਿੱਖ ਧਰਮ ਦੀਆਂ ਉੱਚੀਆਂ-ਸੁੱਚੀਆਂ ਕਦਰਾਂ-ਕੀਮਤਾਂ 'ਤੇ ਪਹਿਰਾ ਦੇਣ ਲਈ ਸਦਾ ਤਤਪਰ ਰਹਿਣ ਦੀ ਪ੍ਰੇਰਨਾ ਦਿੰਦੀਆਂ ਆ ਰਹੀਆਂ ਹਨ।

# ਸਾਕਾ ਸਰਹਿੰਦ

ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377



ਸੰਸਾਰ ਵਿੱਚ ਸੰਘਰਸ਼ ਅਤੇ ਦਲੇਰੀ ਦੀਆਂ ਬਹੁਤ ਮਿਸਾਲਾਂ ਹਨ ਪਰ ਸਿੱਖ ਕੌਮ ਦਾ ਇੱਕ ਵਿਲੱਖਣ ਇਤਿਹਾਸ ਹੈ। ਹਰ ਮੁਸੀਬਤ ਦਾ ਸਾਹਮਣਾ ਸੰਜਮ, ਸਾਹਸ, ਦ੍ਰਿੜ੍ਹਤਾ ਅਤੇ ਬੀਰਤਾ ਨਾਲ ਕੀਤਾ ਹੈ। ਘੱਲੂਘਾਰਿਆਂ ਤੋਂ ਬਾਅਦ 26 ਫਰਵਰੀ 1764 ਵਿੱਚ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਹੇਠ ਸਰਹਿੰਦ ਨੂੰ ਮੁੜ ਫ਼ਤਿਹ ਕਰ ਲਿਆ ਗਿਆ ਅਤੇ ਜੈਨ ਖਾਂ ਸੂਬਾ ਸਰਹਿੰਦ ਨੂੰ ਮਾਰ ਮੁਕਾਇਆ।

ਸਿੱਖ ਸੰਘਰਸ਼ ਵਿੱਚ ਸਵੈ ਮਾਣ ਅਤੇ ਮਨੁੱਖ ਦੀ ਪੂਰਨ ਆਜ਼ਾਦੀ ਲਈ ਸਿੱਖਾਂ ਨੇ ਧਾਰਮਿਕ ਕੱਟੜਵਾਦੀਆਂ ਦੇ ਜਬਰੀ ਧਰਮ ਪ੍ਰੀਵਰਤਨ ਦੇ ਖ਼ੂਨੀ ਇਰਾਦੇ ਦਾ ਮੁਕਾਬਲਾ ਕੀਤਾ। ਜਿਵੇਂ ਤੱਤੀਆਂ ਤਵੀਆਂ, ਉਬਲਦੀਆਂ ਦੇਗਾਂ, ਆਰੇ ਦੇ ਦੰਦਿਆਂ ’ਤੇ, ਚਰਖੜੀਆਂ ਤੇ ਰੰਬੀਆਂ ਦੀ ਧਾਰ ਤੇ ਜੰਬੂਰ ਦੀਆਂ ਖਿੱਚਾਂ ਤੇ ਸਰਹਿੰਦ ਦੀ ਕੰਧ ਤੇ ਚਮਕੌਰ ਦੀਆਂ ਜੰਗਾਂ ਵਿੱਚ ਹਰ ਹਾਲ ਵਿੱਚ ਬੜੀ ਦ੍ਰਿੜ੍ਹਤਾ ਨਾਲ ਜ਼ੁਲਮ ਦਾ ਮੁਕਾਬਲਾ ਕੀਤਾ।

ਸਾਹਿਬ ਏ ਕਮਾਲ ਗੁਰੂ ਗੋਬਿੰਦ ਸਿੰਘ ਜੀ ਦੀ ਵਧਦੀ ਫ਼ੌਜੀ ਤਾਕਤ ਤੋਂ ਪਹਾੜੀ ਰਾਜੇ ਭੈ ਭੀਤ ਸਨ, ਕਿਉਂਕਿ ਉਹਨਾਂ ਨੂੰ ਆਪਣੇ ਧਰਮ ਅਤੇ ਰਾਜ ਸੱਤਾ ਨੂੰ ਖ਼ਤਰਾ ਜਾਪਦਾ ਸੀ। ਉਹਨਾਂ ਮੁਗਲ ਬਾਦਸ਼ਾਹ ਔਰੰਗਜ਼ੇਬ ਤੋਂ ਮਦਦ ਮੰਗੀ। ਬਾਦਸ਼ਾਹ ਨੇ ਲਾਹੌਰ ਅਤੇ ਸਰਹਿੰਦ ਦੇ ਸੂਬੇਦਾਰਾਂ ਨੂੰ ਗੁਰੂ ਸਾਹਿਬ ਜੀ ਵਿਰੁੱਧ ਵਧਣ ਲਈ ਕਿਹਾ। ਉਹਨਾਂ ਨੇ 1701 ਨੂੰ ਆਨੰਦਪੁਰ ਸਾਹਿਬ ’ਤੇ ਹਮਲਾ ਕਰ ਦਿੱਤਾ। ਪਹਾੜੀ ਰਾਜਿਆਂ ਦਾ ਮੁਕਾਬਲਾ ਤਿੰਨ ਸਾਲ ਤੱਕ ਚਲਦਾ ਰਿਹਾ। ਅੰਤ 1704 ਨੂੰ ਵੈਰੀ ਦੀਆਂ ਰਲਵੀਂਆਂ ਫ਼ੌਜਾਂ ਨੇ ਕਿਲੇ ਨੂੰ ਪੂਰੀ ਤਰਾਂ ਘੇਰ ਲਿਆ। ਰਸਦ ਪਾਣੀ ਅੰਦਰ ਜਾਣ ’ਤੇ ਪਾਬੰਦੀ ਲਗਾ ਦਿੱਤੀ। ਸਿੱਟੇ ਵਜੋਂ ਭੁੱਖ ਅਤੇ ਪਿਆਸ ਹੱਥੋਂ ਸਿੰਘ ਤੰਗ ਆ ਗਏ। ਨਿੱਤ ਦਿਨ ਉਹ ਕਮਜ਼ੋਰ ਹੋਣ ਲੱਗੇ। ਵੈਰੀ ਕੋਲ ਸਿਖਲਾਈ ਪ੍ਰਾਪਤ ਵੱਡੀ ਫ਼ੌਜ ਸੀ। ਫਿਰ ਵੀ ਵੈਰੀ ਨੇ ਜਾਣ ਲਿਆ ਸੀ ਕਿ ਗੁਰੂ ਸਾਹਿਬ ਜੀ ਕੋਲੋਂ ਜਬਰੀ ਕਿਲਾ ਖਾਲੀ ਨਹੀਂ ਕਰਵਾਇਆ ਜਾ ਸਕਦਾ। ਰਲਵੇਂ ਜਰਨੈਲਾਂ ਨੇ ਝੂਠੀਆਂ ਕਸਮਾਂ ਖਾ ਕੇ ਗੁਰੂ ਜੀ ਨੂੰ ਕਿਹਾ ਕਿ ਜੇ ਕਰ ਉਹ ਕਿਲਾ ਛੱਡ ਦੇਣ ਤਾਂ ਉਹਨਾਂ ਨੂੰ ਸੁਰੱਖਿਅਤ ਜਾਣ ਦਿੱਤਾ ਜਾਵੇਗਾ। ਕੋਈ ਹਮਲਾ ਨਹੀਂ ਕੀਤਾ ਜਾਵੇਗਾ।

ਭਾਵੇਂ ਗੁਰੂ ਸਾਹਿਬ ਜੀ ਨੂੰ ਉਹਨਾਂ ’ਤੇ ਇਤਬਾਰ ਨਹੀਂ ਸੀ, ਪਰ ਹਾਲਾਤ ਹੀ ਅਜਿਹੇ ਸਨ ਕਿ ਗੁਰੂ ਸਾਹਿਬ ਜੀ ਨੇ 20-21 ਦਸੰਬਰ 1704 ਦੀ ਵਿਚਕਾਰਲੀ ਰਾਤ ਨੂੰ ਆਨੰਦਪੁਰ ਛੱਡ ਦਿੱਤਾ। ਗੁਰੂ ਸਾਹਿਬ ਜੀ ਨਾਲ 400-500 ਸਿੰਘ, ਚਾਰ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ ਸਨ। ਇੱਥੋਂ ਹੀ ਚਮਕੌਰ ਸਾਹਿਬ ਦੀ ਜੰਗ ਅਤੇ ਸਾਕਾ ਸਰਹਿੰਦ ਸ਼ੁਰੂ ਹੁੰਦਾ ਹੈ। ਜਦੋਂ ਗੁਰੂ ਜੀ ਦਾ ਕਾਫ਼ਲਾ ਸਰਸਾ ਨਦੀ ’ਤੇ ਪਹੁੰਚਿਆ, ਵੈਰੀ ਨੇ ਸਾਰੀਆਂ ਕਸਮਾਂ ਤੋੜ ਕੇ ਕਾਫ਼ਲੇ ’ਤੇ ਹਮਲਾ ਕਰ ਦਿੱਤਾ। ਗੁਰੂ ਸਾਹਿਬ ਜੀ ਘੇਰੇ ਵਿੱਚ ਆ ਗਏ। ਵੈਰੀ ਦੀ ਰਲਵੀਂ ਫ਼ੌਜ ਪਿੱਛਾ ਕਰਦੀ ਆ ਰਹੀ ਸੀ। ਸਿੰਘ ਵੀ ਮੈਦਾਨ ਵਿੱਚ ਡੱਟ ਖਲੋਤੇ। ਘਮਸਾਨ ਦੀ ਜੰਗ ਸ਼ੁਰੂ ਸੀ। ਸਿੰਘਾਂ ਨੇ ਹਿੰਮਤ ਕਰਕੇ ਦੋ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਨੂੰ ਸਿਰਸਾ ਪਾਰ ਲੰਘਾ ਦਿੱਤਾ। ਗੁਰੂ ਸਾਹਿਬ ਜੀ ਅਤੇ ਕੁਝ ਸਿੰਘ ਘੋੜਿਆਂ ਸਮੇਤ ਸਿਰਸਾ ਪਾਰ ਲੰਘ ਗਏ। ਇਸ ਸਮੇਂ ਦੌਰਾਨ ਮਾਤਾ ਗੁਜਰੀ ਜੀ ਅਤੇ ਦੋ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫ਼ਤਿਹ ਸਿੰਘ ਜੀ ਪ੍ਰਵਾਰ ਤੋਂ ਵਿੱਛੜ ਗਏ। ਗੁਰੂ ਘਰ ਦੇ ਰਸੋਈਏ ਗੰਗੂ ਬ੍ਰਾਹਮਣ ਨਾਲ ਕਿਸੇ ਹੋਰ ਰਾਹ ਪੈ ਗਏ। ਗੁਰੂ ਸਾਹਿਬ ਜੀ ਕੁਝ ਸਿੰਘਾਂ ਅਤੇ ਦੋ ਵੱਡੇ ਸਾਹਿਬਜ਼ਾਦਿਆਂ ਨਾਲ ਚਮਕੌਰ ਸਾਹਿਬ ਵੱਲ ਵੱਧ ਰਹੇ ਸਨ। ਮਾਤਾ ਗੁਜਰੀ ਜੀ ਅਤੇ ਦੋ ਛੋਟੇ ਸਾਹਿਬਜ਼ਾਦੇ ਗੰਗੂ ਬ੍ਰਾਹਮਣ ਨਾਲ ਉਸ ਦੇ ਪਿੰਡ ਸਹੇੜੀ (ਮੋਰਿੰਡਾ) ਵਿਖੇ ਜਾ ਠਹਿਰੇ। ਮਾਤਾ ਜੀ ਕੋਲ ਧੰਨ ਦੌਲਤ ਵੀ ਸੀ। ਇਹ ਵੇਖ ਕੇ ਗੰਗੂ ਦੇ ਮਨ ਵਿੱਚ ਲਾਲਚ ਅਤੇ ਬੇਈਮਾਨੀ ਆ ਗਈ। ਉਸਨੇ ਰਾਤ ਨੂੰ ਮਾਤਾ ਜੀ ਦੇ ਪੱਲੇ ਵਿਚੋਂ ਧੰਨ ਅਤੇ ਗਹਿਣੇ ਚੋਰੀ ਕਰ ਲਏ। ਸਵੇਰੇ ਜਦੋਂ ਮਾਤਾ ਜੀ ਨੇ ਚੋਰੀ ਬਾਰੇ ਪੁੱਛਿਆ ਤਾਂ ਗੰਗੂ ਆਪਣੀ ਚੋਰੀ ਛੁਪਾਉਣ ਲਈ ਖਹਿਬੜ ਹੀ ਪਿਆ। ਹੋਰ ਲਾਲਚ ਵਿੱਚ ਸਰਕਾਰ ਕੋਲੋਂ ਇਨਾਮ ਪ੍ਰਾਪਤ ਕਰਨ ਲਈ ਉਸਨੇ ਮਾਤਾ ਜੀ ਅਤੇ ਦੋ ਸਾਹਿਬਜ਼ਾਦਿਆਂ ਨੂੰ ਸਰਕਾਰ ਕੋਲ ਫੜਵਾਉਣ ਲਈ ਕਹਿ ਦਿੱਤਾ।

ਮਾਤਾ ਜੀ ਨੇ ਬੜਾ ਸਮਝਾਇਆ ਕਿ ਗੰਗੂ ਇਹ ਪਾਪ ਨਾ ਕਰ। ਉਸਨੇ ਮੋਰਿੰਡਾ ਦੇ ਕੋਤਵਾਲ ਕੋਲ ਜਾ ਕੇ ਦਸ ਪਾ ਦਿੱਤੀ ਕਿ ਗੁਰੂ ਜੀ ਦਾ ਪ੍ਰਵਾਰ ਉਸ ਦੇ ਘਰ ਵਿੱਚ ਹੈ। ਮੋਰਿੰਡਾ ਪੁਲਿਸ ਨੇ ਜਾਨੀ ਖਾਂ ਤੇ ਮਾਨੀ ਖਾਂ ਨੂੰ ਭੇਜ ਕੇ 23 ਦਸੰਬਰ 1704 ਦੀ ਸਵੇਰ ਨੂੰ ਗੁਰੂ ਸਾਹਿਬ ਜੀ ਦਾ ਪ੍ਰਵਾਰ ਗ੍ਰਿਫ਼ਤਾਰ ਕਰਵਾ ਲਿਆ। ਸ਼ਾਮ ਤੱਕ ਸਰਹਿੰਦ ਦੇ ਸੂਬੇਦਾਰ ਵਜ਼ੀਰ ਖਾਂ ਕੋਲ ਪੇਸ਼ ਕਰ ਦਿੱਤਾ। ਅਗਲੀ ਕਾਰਵਾਈ ਹੋਣ ਤੱਕ ਸੂਬੇਦਾਰ ਨੇ ਤਿੰਨਾਂ ਨੂੰ ਸਰਹਿੰਦ ਦੇ ਠੰਡੇ ਬੁਰਜ ਵਿੱਚ ਕੈਦ ਕਰ ਦਿੱਤਾ। ਪੋਹ ਦੀ ਠੰਡੀ ਰਾਤ ਵਿੱਚ ਪ੍ਰਵਾਰ ਨੂੰ ਮੁਗਲਾਂ ਦਾ ਜ਼ੁਲਮ ਸਹਿਣਾ ਪਿਆ। ਹਕੂਮਤ ਦੇ ਪਹਿਰੇ ਦੀ ਪੂਰੀ ਸਖ਼ਤੀ ਸੀ ਕਿ ਕੋਈ ਮਦਦ ਨਾ ਪਹੁੰਚੇ। ਸਿੱਖੀ ਦੇ ਸ਼ਰਧਾਲੂ ਬਾਬਾ ਮੋਤੀ ਰਾਮ ਮਹਿਰਾ ਜੀ ਨੇ ਆਪਣੀ ਜਾਨ ਦੀ ਪ੍ਰਵਾਹ ਨਾ ਕਰਦੇ ਹੋਏ ਪ੍ਰਵਾਰ ਦੀ ਗਰਮ ਦੁੱਧ ਨਾਲ ਸੇਵਾ ਕੀਤੀ। ਮੋਤੀ ਰਾਮ ਮਹਿਰਾ ਬਾਬਾ ਜੀ ਦਾ ਇਸ ਕੁਰਬਾਨੀ ਲਈ ਸਿੱਖ ਇਤਿਹਾਸ ਵਿੱਚ ਬੜਾ ਸਤਿਕਾਰ ਹੈ।

23-24 ਦਸੰਬਰ 1704 ਦੀ ਰਾਤ ਠੰਡੇ ਬੁਰਜ ਵਿੱਚ ਕੈਦ ਰੱਖਣ ਤੋਂ ਬਾਅਦ 24 ਦਸੰਬਰ 1704 ਨੂੰ ਸੂਬੇਦਾਰ ਵਜ਼ੀਰ ਖਾਂ ਦੀ ਕਚਹਿਰੀ ਵਿੱਚ ਪੇਸ਼ ਕੀਤਾ ਗਿਆ। ਸਾਹਿਬਜ਼ਾਦੇ ਚੜ੍ਹਦੀਕਲਾ, ਸਿਦਕ, ਸੰਜਮ ਅਤੇ ਬੜੀ ਦ੍ਰਿੜ੍ਹਤਾ ਨਾਲ ਪੇਸ਼ ਹੋਏ। ਸਾਹਿਬਜ਼ਾਦਿਆਂ ਨੂੰ ਡਰਾਵਾ ਦਿੱਤਾ ਕਿ ਉਹਨਾਂ ਦੇ ਗੁਰੂ ਪਿਤਾ ਜੀ ਚਮਕੌਰ ਸਾਹਿਬ ਦੀ ਜੰਗ ਵਿੱਚ ਸ਼ਹੀਦ ਹੋ ਚੁੱਕੇ ਹਨ। ਹੁਣ ਤੁਹਾਨੂੰ ਕੋਈ ਨਹੀਂ ਬਚਾ ਸਕਦਾ। ਤੁਸੀਂ ਇੱਥੋਂ ਬੱਚ ਕੇ ਵੀ ਨਹੀਂ ਨਿਕਲ ਸਕਦੇ। ਤੁਹਾਡੀ ਜਾਨ ਬਖਸ਼ੀ ਜਾ ਸਕਦੀ ਹੈ ਕਿ ਇਸਲਾਮ ਕਬੂਲ ਕਰ ਲਓ। ਸਾਹਿਬਜ਼ਾਦਿਆਂ ਨੇ ਬੜੀ ਦ੍ਰਿੜ੍ਹਤਾ ਨਾਲ ਉੱਤਰ ਦਿੱਤਾ ਕਿ ਉਹ ਆਪਣੇ ਧਰਮ ਨੂੰ ਬਚਾਉਣ ਅਤੇ ਕਾਇਮ ਰੱਖਣ ਲਈ ਆਪਣੀਆਂ ਜਾਨਾਂ ਕੁਰਬਾਨ ਕਰਨ ਲਈ ਤਿਆਰ ਹਨ। ਸਾਨੂੰ ਆਪਣੇ ਧਾਰਮਿਕ ਵਿਰਸੇ ਦੀਆਂ ਕੁਰਬਾਨੀਆਂ ’ਤੇ ਬੜਾ ਮਾਣ ਹੈ। ਉੱਪਰੋਂ ਦਾਦੀ ਮਾਂ ਦਾ ਹੌਂਸਲਾ ਸਾਡੇ ਨਾਲ ਹੈ। ਅਸੀਂ ਧਰਮ ਦੀ ਸ਼ਾਨ ਹਮੇਸ਼ਾ ਉੱਚੀ ਰੱਖਣੀ ਹੈ। ਕਚਹਿਰੀ ਵਿੱਚ ਹਕੂਮਤ ਦੇ ਉੱਚ ਅਧਿਕਾਰੀਆਂ ਨੇ ਵੀ ਕਿਹਾ ਕਿ ਬੱਚਿਓ ਨਵਾਬ ਅੱਗੇ ਝੁਕ ਜਾਓ, ਜਾਨ ਬਖ਼ਸ਼ੀ ਲਈ ਇਸਲਾਮ ਕਬੂਲ ਕਰਨ ਲਈ ਵੀ ਪ੍ਰੇਰਿਆ।

ਸੂਬੇਦਾਰ ਹੁਣ ਦੁਨਿਆਵੀ ਲਾਲਚ ਦੇਣ ’ਤੇ ਆ ਗਿਆ ਕਿ ਇਸਲਾਮ ਕਬੂਲ ਕਰਕੇ ਸ਼ਾਹੀ ਠਾਠ ਬਾਠ ਦੀ ਜ਼ਿੰਦਗੀ ਦਾ ਸੁਪਨਾ ਵਿਖਾਇਆ। ਪਰ ਸਾਹਿਬਜ਼ਾਦੇ ਅਡੋਲ ਅਤੇ ਆਪਣੇ ਵਚਨ ’ਤੇ ਕਾਇਮ ਰਹੇ। ਬੜੀ ਦਲੀਲ ਨਾਲ ਹਰ ਲਾਲਚ ਠੁਕਰਾ ਦਿੱਤਾ। ਸੂਬੇਦਾਰ ਉਹਨਾਂ ਦੀ ਦਲੇਰੀ ’ਤੇ ਹੈਰਾਨ ਸੀ ਪਰ ਉਸਨੇ ਸੋਚਿਆ ਕਿ ਬੱਚੇ ਹਨ। ਡਰਾਉਣ ਧਮਕਾਉਣ ਨਾਲ ਸਹਿਮ ਜਾਣਗੇ, ਹੋਲੀ ਹੋਲੀ ਮਨ ਹੀ ਜਾਣਗੇ। ਉਸ ਦਿਨ ਦੀ ਕਾਰਵਾਈ ਖ਼ਤਮ ਹੋਈ। ਅਗਲੇ ਦਿਨ ਪੇਸ਼ ਹੋਣ ਦਾ ਹੁਕਮ ਦਿੱਤਾ ਅਤੇ ਉਹਨਾਂ ਨੂੰ ਮੁੜ ਠੰਡੇ ਬੁਰਜ ਵਿੱਚ ਭੇਜ ਦਿੱਤਾ।

25 ਦਸੰਬਰ 1704 ਨੂੰ ਮੁੜ ਕਚਹਿਰੀ ਵਿੱਚ ਪੇਸ਼ੀ ਹੋਈ। ਸਾਹਿਬਜ਼ਾਦੇ ਹੋਰ ਵੀ ਦ੍ਰਿੜ੍ਹ ਸਨ। ਫਿਰ ਉਹੀ ਜਾਹੋ ਜਹਾਲ ਅਤੇ ਚੜ੍ਹਦੀਕਲਾ ਕਾਇਮ ਸੀ। ਅਦਾਲਤ ਦੀ ਕਾਰਵਾਈ ਵਿੱਚ ਫਿਰ ਉਹੀ ਇਸਲਾਮ ਕਬੂਲਣ ਦੀ ਕਹਾਣੀ ਦੁਹਰਾਈ ਗਈ। ਸੂਬੇਦਾਰ ਫਿਰ ਡਰਾਉਣ ਧਮਕਾਉਣ ਲੱਗਾ। ਉਸਨੇ ਕ੍ਰੋਧ ਵਿੱਚ ਆ ਕੇ ਕਿਹਾ ਕਿ ਇਸਲਾਮ ਨਾ ਕਬੂਲ ਕਰਨ ’ਤੇ ਉਹਨਾਂ ਨੂੰ ਜਿੰਦਾ ਕੰਧ ਵਿੱਚ ਚਿਣ ਕੇ ਕਤਲ ਕਰ ਦਿੱਤਾ ਜਾਵੇਗਾ। ਸਾਹਿਬਜ਼ਾਦੇ ਅਡੋਲ ਸਨ। ਸੂਬੇਦਾਰ ਨੇ ਕਾਜ਼ੀ ਨੂੰ ਸਾਹਿਬਜ਼ਾਦਿਆਂ ਦੇ ਦੋਸ਼ ਸਮਝਾਉਂਦਿਆਂ ਉਹਨਾਂ ਵਿਰੁੱਧ ਤੁਰੰਤ ਸਜ਼ਾ ਸੁਨਾਉਣ ਦਾ ਫੈਸਲਾ ਦੇਣ ਲਈ ਕਿਹਾ ਪਰ ਕਾਜ਼ੀ ਨੇ ਕਿਹਾ ਕਿ ਇਸਲਾਮ ਮਾਸੂਮ ਬੱਚਿਆਂ ਨੂੰ ਉਹਨਾਂ ਦੇ ਬਾਪ ਨਾਲ ਦੁਸ਼ਮਣੀ ਤੇ ਸਜ਼ਾ ਦੇਣ ਦੀ ਇਜਾਜ਼ਤ ਨਹੀਂ ਦਿੰਦਾ। ਸੂਬੇਦਾਰ ਨੇ ਚਲਾਕੀ ਨਾਲ ਹਾਜ਼ਰ ਮੁਹੰਮਦ ਖਾਂ ਨਵਾਬ ਮਾਲੇਰਕੋਟਲਾ ਨੂੰ ਦਿਵਾਨ ਸੁੱਚਾ ਨੰਦ ਦੇ ਇਸ਼ਾਰੇ ’ਤੇ ਯਾਦ ਕਰਵਾਇਆ ਕਿ ਉਸ ਦਾ ਭਰਾ ਨਾਹਰ ਖਾਂ, ਜੋ ਮੁਗਲ ਫ਼ੌਜਾਂ ਦਾ ਆਗੂ ਸੀ, ਗੁਰੂ ਸਾਹਿਬ ਜੀ ਦੇ ਹੱਥੋਂ ਜੰਗ ਵਿੱਚ ਮਾਰਿਆ ਗਿਆ ਸੀ। ਸੂਬੇਦਾਰ ਨੇ ਸਾਹਿਬਜ਼ਾਦਿਆਂ ਨੂੰ ਉਸ ਦੇ ਹਵਾਲੇ ਕਰਨ ਦੀ ਪੇਸ਼ਕਸ਼ ਕੀਤੀ ਤਾਂ ਉਹ ਸਾਹਿਬਜ਼ਾਦਿਆਂ ਨੂੰ ਕਤਲ ਕਰਕੇ ਆਪਣੇ ਭਰਾ ਦੀ ਮੌਤ ਦਾ ਬਦਲਾ ਲੈ ਸਕੇ। ਇਹ ਉਸ ਲਈ ਸਹੀ ਮੌਕਾ ਹੈ ਪਰ ਇਖਲਾਕੀ ਨਵਾਬ ਸੂਬੇਦਾਰ ਦੀ ਚਲਾਕੀ ਵਿੱਚ ਨਹੀਂ ਆਇਆ। ਅੱਲ੍ਹਾ ਯਾਰ ਖਾਂ ਜੋਗੀ ਦੇ ਸ਼ਬਦਾਂ ਵਿੱਚ ਕਿ “ ਬਦਲਾ ਹੀ ਲੇਨਾ ਹੋਗਾ, ਤੋਂ ਹਮ ਲੇਂਗੇ ਬਾਪ ਸੇ, ਮਹਿਫੂਜ ਰੱਖੇ ਹਮ ਕੋ ਖੁਦਾ ਐਸੇ ਪਾਪ ਸੇ। ”

ਪਰ ਮੱਕਾਰ ਸੁੱਚਾ ਨੰਦ ਨਹੀਂ ਸੀ ਚਾਹੁੰਦਾ ਕਿ ਬੱਚਿਆਂ ਨੂੰ ਛੱਡਿਆ ਜਾਵੇ । ਉਸ ਨੇ ਬਹਾਨੇ ਨਾਲ ਕਿਹਾ ਕਿ ਜੇ ਕਰ ਹੁਣ ਛੱਡ ਦਿੱਤਾ ਤਾਂ ਅੱਗੇ ਜਾ ਕੇ ਵੱਡੀ ਬਗਾਵਤ ਕਰਨਗੇ। ਇਸ ਲਈ ਇਹ ਕੱਲ ਦੇ ਬਾਗੀ ਹਕੂਮਤ ਲਈ ਖ਼ਤਰਾ ਹਨ। ਬਾਗੀਆਂ ਨੂੰ ਸਜ਼ਾ ਮਿਲਣੀ ਹੀ ਚਾਹੀਦੀ ਹੈ। ਹੋਰ ਕੋਈ ਚਾਰਾ ਨਾ ਦਿਸਣ ’ਤੇ ਸੂਬੇਦਾਰ ਵਜ਼ੀਰ ਖਾਂ ਨੇ ਕਿਹਾ ਕਿ ਬੱਚਿਓ ਮੈਂ ਤੁਹਾਨੂੰ ਆਖਰੀ ਮੌਕਾ ਦਿੰਦਾ ਹਾਂ ਕਿ ਇਸਲਾਮ ਕਬੂਲ ਕਰ ਲਵੋ ਜਾਂ ਮੌਤ ਦਾ ਸਾਹਮਣਾ ਕਰਨ ਲਈ ਤਿਆਰ ਹੋ ਜਾਵੋ। ਸਾਹਿਬਜ਼ਾਦਿਆਂ ਨੇ ਆਪਣਾ ਦ੍ਰਿੜ੍ਹ ਇਰਾਦਾ ਨਾਲ ਫੈਸਲਾ ਸੁਣਾਦਿਆਂ ਬੜੇ ਜੋਸ਼ ਵਿੱਚ ਕਿਹਾ ਕਿ ਅਸੀਂ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਬਣਾਈ ਸ਼ੇਰਾਂ ਦੀ ਕੌਮ ਦੇ ਵਾਰਿਸ ਹਾਂ, ਜੋ ਮੌਤ ਤੋਂ ਨਹੀਂ ਡਰਦੇ। ਤਦ ਸੂਬੇਦਾਰ ਨੂੰ ਸਾਹਿਬਜ਼ਾਦਿਆਂ ਨੂੰ ਜਿੰਦਾ ਕੰਧ ਵਿੱਚ ਚਿਣ ਦੇਣ ਦਾ ਹੁਕਮ ਸੁਣਾ ਦਿੱਤਾ। ਨਵਾਬ ਮਾਲੇਰਕੋਟਲਾ ਨੇ ਇਸ ਫ਼ੈਸਲੇ ’ਤੇ ਅਸਹਿਮਤੀ ਪ੍ਰਗਟ ਕਰਦਿਆਂ ਇਸ ਨੂੰ ਰੱਦ ਕਰਨ ਦਾ ਸੁਝਾਅ ਦਿੱਤਾ ਪਰ ਉਸ ਦੀ ਸੱਚ ਦੀ ਆਵਾਜ਼ ਨੂੰ ਨਾ ਸੁਣਿਆ ਗਿਆ। ਨਵਾਬ ਨੇ ਹਾਅ ਦਾ ਨਾਰ੍ਹਾ ਮਾਰਿਆ ਤੇ ਕਚਹਿਰੀ ਛੱਡ ਕੇ ਚਲੇ ਗਏ। ਸੂਬੇਦਾਰ ਵਜ਼ੀਰ ਖਾਂ ਦੇ ਹੁਕਮ ਨਾਲ ਕੰਧ ਦੀ ਉਸਾਰੀ ਦਾ ਸਮਾਨ ਮੰਗਵਾ ਲਿਆ ਗਿਆ, ਮਾਸੂਮ ਸਾਹਿਬਜ਼ਾਦਿਆਂ ਨੂੰ ਕੰਧ ਵਿੱਚ ਚਿਣਵਾਇਆ ਜਾਣ ਲੱਗਾ। ਰੱਦੇ ਲਾਉਂਦਿਆਂ ਵੀ ਉਹਨਾਂ ਨੂੰ ਮੁੜ ਮੁੜ ਇਸਲਾਮ ਕਬੂਲਣ ਲਈ ਉਕਸਾਇਆ ਜਾਂਦਾ ਰਿਹਾ ਪਰ ਸਾਹਿਬਜ਼ਾਦੇ ਹਮੇਸ਼ਾ ਦੀ ਤਰ੍ਹਾਂ ਅਡੋਲ ਸਨ। ਜਦ ਕੰਧ ਛਾਤੀ ਤੱਕ ਆਣ ਪੁੱਜੀ ਤਾਂ ਬੁਨਿਆਦ ਹਿੱਲ ਗਈ ਤੇ ਕੰਧ ਢਹਿ ਢੇਰੀ ਹੋ ਗਈ। ਸਮਾਣਾ ਦੇ ਸ਼ਾਸ਼ਲ ਬੇਗ ਤੇ ਬਾਸਲ ਬੇਗ ਜਲਾਦਾਂ ਨੇ ਦੋਵੇਂ ਸਾਹਿਬਜ਼ਾਦਿਆਂ ਦੇ ਸੀਸ ਧੜ ਤੋਂ ਅਲੱਗ ਕਰ ਦਿੱਤੇ। ਸਾਹਿਬਜ਼ਾਦਿਆਂ ਨੇ ਆਪਣੇ ਸਰੀਰ ਭੇਟ ਕਰਕੇ ਆਪਣੇ ਪੁਰਖ਼ਿਆਂ ਦੀਆਂ ਸ਼ਹੀਦੀਆਂ ਦੀ ਲਾਜ ਰੱਖ ਲਈ। ਉਹ ਧਰਮ ਦੇ ਸਿਦਕ ਤੋਂ ਨਹੀਂ ਹਾਰੇ। ਲੋਕਾਂ ਨੇ ਹਾਅ ਦਾ ਨਾਰ੍ਹਾ ਮਾਰਿਆ ਕਿ ਧੰਨ ਹੈ ਉਹ ਮਾਂ ਜਿਸ ਨੇ ਅਜਿਹੇ ਬਹਾਦਰ ਸਪੂਤਾਂ ਨੂੰ ਜਨਮ ਦਿੱਤਾ ਹੈ। ਇਸ ਤਰਾਂ 7-9 ਸਾਲ ਦੀ ਉਮਰ ਦੇ ਸਾਹਿਬਜ਼ਾਦੇ ਮੁਗਲ ਹਕੂਮਤ ਦੇ ਜਾਲਮ ਹਾਕਮਾਂ ਨੇ ਸ਼ਹੀਦ ਕਰਵਾ ਦਿੱਤੇ। ਮਾਤਾ ਗੁਜਰੀ ਜੀ ਵੀ ਇਸੇ ਜ਼ੁਲਮ ਹੇਠ ਸ਼ਹੀਦੀ ਪਾ ਗਏ। ਸਾਕਾ ਸਰਹਿੰਦ ਦਿਵਸ ਸਲਾਨਾ ਜੋੜ ਮੇਲ ਫ਼ਤਹਿਗੜ੍ਹ ਸਾਹਿਬ ਵਿਖੇ 11,12 ਅਤੇ 13 ਪੋਹ ਨੂੰ ਮਨਾਇਆ ਜਾਂਦਾ ਹੈ।

ਸੂਬਾ ਸਰਹਿੰਦ ਦੇ ਦੀਵਾਨ ਟੋਡਰ ਮੱਲ ਜੀ ਸਿੱਖੀ ਦੇ ਸ਼ਰਧਾਲੂ ਸਨ। ਉਹਨਾਂ ਨੇ ਸ਼ਾਮ ਤੱਕ ਤਿੰਨਾਂ ਦੀਆਂ ਅੰਤਿਮ ਰਸਮਾਂ ਦਾ ਪ੍ਰਬੰਧ ਕਰ ਲਿਆ ਸੀ। ਜ਼ਮੀਨ ਦੇ ਇਸ ਟੁਕੜੇ ਲਈ ਉਹਨਾਂ ਨੂੰ ਖੜੇ ਰੁੱਖ ਸੋਨੇ ਦੀਆਂ ਮੋਹਰਾਂ ਅਸ਼ਰਫ਼ੀਆਂ ਵਿਛਾ ਕੇ ਮੁੱਲ ਤਾਰਨਾ ਪਿਆ। ਜਿਥੇ ਗੁਰਦੁਆਰਾ ਜੋਤੀ ਸਰੂਪ ਸੁਸ਼ੋਭਿਤ ਹੈ। ਸਿੱਖ ਇਤਿਹਾਸ ਵਿੱਚ ਸਾਕਾ ਸਰਹਿੰਦ ਕੁਰਬਾਨੀ ਦੀ ਇੱਕ ਵਿਲੱਖਣ ਮਿਸਾਲ ਹੈ।

ਸਿੱਖ ਇਤਿਹਾਸ ਵਿੱਚ ਬਾਬਾ ਮੋਤੀ ਰਾਮ ਮਹਿਰਾ ਜੀ ਅਤੇ ਦੀਵਾਨ ਟੋਡਰ ਮੱਲ ਜੀ ਦਾ ਨਾਉਂ ਉਹਨਾਂ ਦੇ ਨੇਕ ਕਿਰਦਾਰਾਂ ਲਈ ਬੜੇ ਪਿਆਰ ਸਤਿਕਾਰ ਨਾਲ ਲਿਆ ਜਾਂਦਾ ਹੈ। ਸਾਕਾ ਸਰਹਿੰਦ ਦੀਆਂ ਸਰਵ ਉੱਚ ਸ਼ਹੀਦੀਆਂ ਸੰਸਾਰ ਵਿੱਚ ਬੇਮਿਸਾਲ ਹਨ। ਇਸ ਦ੍ਰਿੜ੍ਹ ਇਰਾਦੇ ਦੇ ਜਜ਼ਬਾਤ ਨੇ ਸਾਬਤ ਕੀਤਾ ਕਿ ਕਿਸੇ ਲਾਲਚ ਜਾਂ ਡਰ ਅੱਗੇ ਸਾਹਿਬ ਏ ਕਮਾਲ ਗੁਰੂ ਗੋਬਿੰਦ ਸਿੰਘ ਜੀ ਦਾ ਸਿੱਖ ਕਦੇ ਨਹੀਂ ਝੁਕ ਸਕਦਾ। ਸਰਹਿੰਦ ਦੀ ਕੰਧ ਸਿੱਖ ਰਾਜ ਦੀ ਨੀਂਹ ਪੱਥਰ ਸਾਬਤ ਹੋਈ। ਬਾਬਾ ਬੰਦਾ ਸਿੰਘ ਜੀ ਬਹਾਦਰ ਨੇ ਸਾਕਾ ਸਰਹਿੰਦ ਦੇ ਮੁੱਖ ਦੋਸ਼ੀ ਸੂਬੇਦਾਰ ਵਜ਼ੀਰ ਖਾਂ ਨੂੰ ਮੌਤ ਦੇ ਘਾਟ ਉਤਾਰ ਕੇ 14 ਮਈ 1710 ਨੂੰ ਜ਼ੁਲਮ ਦਾ ਕਿੰਗਰਾ ਢਾਹਿਆ। ਭਾਰੀ ਮੁਸੀਬਤਾਂ ਅਤੇ ਮੁਹਿੰਮਾਂ ਵਿਚੋਂ ਲੰਘ ਕੇ ਸਿੱਖ ਕੌਮ ਫਿਰ ਤੋਂ ਜਥੇਬੰਦ ਹੁੰਦੀ ਰਹੀ। ਸੰਨ 1783 ਵਿੱਚ ਜਰਨੈਲ ਬਘੇਲ ਸਿੰਘ ਅਤੇ ਜਰਨੈਲ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਹੇਠ ਦਿੱਲੀ ’ਤੇ ਕਬਜ਼ਾ ਕਰ ਲਿਆ। ਸਿੱਖਾਂ ਦੀ ਸੰਯੁਕਤ ਤਾਕਤ ਨੇ ਮਹਾਰਾਜਾ ਰਣਜੀਤ ਸਿੰਘ ਦਾ ਰਾਜ 12 ਅਪ੍ਰੈਲ 1801 ਤੋਂ ਜੂਨ 27, 1839 ਤੱਕ ਕਾਇਮ ਰੱਖਿਆ ਗਿਆ।



# ਅਮਰ ਸ਼ਹੀਦ ਬਾਬਾ ਮੋਤੀ ਰਾਮ ਮਹਿਰਾ



ਸੁਖਵਿੰਦਰ ਸਿੰਘ ਮੁੱਲਾਂਪੁਰ
9914184794

ਸਿੱਖ ਧਰਮ ਸ਼ਹੀਦੀਆਂ ਨਾਲ ਭਰਿਆ ਪਿਆ ਹੈ। ਇਸ ਧਰਮ ਵਿੱਚ ਅਨੇਕਾ ਹੀ ਸ਼ਹੀਦ ਪੈਦਾ ਹੋਏ ਹਨ। ਕਈਆਂ ਨੂੰ ਜ਼ਾਲਮਾਨਾ ਢੰਗ ਨਾਲ ਸ਼ਹੀਦ ਕੀਤਾ ਗਿਆ ਪਰ ਫ਼ਿਰ ਵੀ ਉਹਨਾਂ ਨੇ ਸਬਰ ਸੰਤੋਖ ਨਾਲ ਸਿੱਖ ਧਰਮ ਉਤੋਂ ਆਪਣੀਆਂ ਜਾਨਾਂ ਨਿਛਾਵਰ ਕਰ ਦਿੱਤੀਆਂ। ਉਹਨਾਂ ਦੀਆਂ ਸ਼ਹੀਦੀਆਂ ਨਾਲ ਸਿੱਖ ਧਰਮ ਜਿਊਂਦਾ ਅਤੇ ਦੁੱਖਦਈ ਇਤਿਹਾਸ ਨਾਲ ਭਰਿਆ ਪਿਆ ਹੈ। ਸਾਡੇ ਗੁਰੂ ਸਾਹਿਬਾਨ, ਸਿੰਘ, ਸਿੰਘਣੀਆਂ, ਬੱਚੇ ਸ਼ਹੀਦੀਆਂ ਦੇ ਕੇ ਸਿੱਖੀ ਦੀ ਨੀਂਹ ਸਦਾ ਲਈ ਪੱਕੀ ਮਜ਼ਬੂਤ ਕਰ ਗਏ।

ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਜ਼ਿਕਰ ਕਰਨ ਵੇਲੇ ਇੱਕ ਸ਼ਹੀਦ ਪਰਿਵਾਰ ਦਾ ਜ਼ਿਕਰ ਆਉਂਦਾ ਹੈ। ਇਸ ਸ਼ਹੀਦ ਪਰਿਵਾਰ ਦਾ ਮੁਖੀ ਬਾਬਾ ਮੋਤੀ ਰਾਮ ਮਹਿਰਾ ਜੀ ਸਨ। ਜਿੰਨਾਂ ਦਾ ਜਨਮ ਭਾਈ ਹਰਾ ਰਾਮ ਦੇ ਘਰ ਮਾਤਾ ਲੱਧੋ ਦੀ ਕੁਖੋਂ ਸੰਗਤਪੁਰ ਸੋਢੀਆਂ (ਸਰਹਿੰਦ) ਵਿੱਚ 1677 ਈ. ਦੇ ਨੇੜੇ ਹੋਇਆ ਸੀ। ਕਵੀ ਕਿਸ਼ਨ ਸਿੰਘ ਅਨੁਸਾਰ ਪੰਜਾਂ ਪਿਆਰਿਆਂ ਵਿਚੋਂ ਭਾਈ ਹਿੰਮਤ ਸਿੰਘ ਬਾਬਾ ਮੋਤੀ ਰਾਮ ਮਹਿਰਾ ਦੇ ਚਾਚਾ ਜੀ ਲਗਦੇ ਸਨ।

20 ਦਸੰਬਰ (6 ਪੋਹ) 1704 ਈ. ਨੂੰ ਜਦੋਂ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਿੰਘਾਂ ਅਤੇ ਪਰਿਵਾਰ ਸਮੇਤ ਸ੍ਰੀ ਅਨੰਦਪੁਰ ਸਾਹਿਬ ਤੋਂ ਚਾਲੇ ਪਾਏ ਤਾਂ ਪਹਾੜੀ ਰਾਜਿਆਂ ਤੇ ਮੁਗਲ ਫ਼ੌਜਾਂ ਨੇ ਉਹਨਾਂ 'ਤੇ ਹਮਲਾ ਕਰ ਦਿੱਤਾ। ਸਰਸਾ ਨਦੀ ਦੇ ਕੰਢੇ ਘਮਸਾਨ ਦਾ ਯੁੱਧ ਹੋਇਆ।

ਸਰਸਾ ਨਦੀ ਵਿੱਚ ਹੜ੍ਹ ਆਉਣ ਕਰਕੇ ਸਰਸਾ ਪਾਰ ਕਰਦਿਆਂ ਗੁਰੂ ਸਾਹਿਬ ਜੀ ਦਾ ਪਰਿਵਾਰ ਇਕ ਦੂਸਰੇ ਨਾਲੋਂ ਵਿਛੜ ਗਿਆ। ਮਾਤਾ ਗੁਜਰ ਕੌਰ ਅਤੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫ਼ਤਿਹ ਸਿੰਘ ਜੀ ਗੁਰੂ ਘਰ ਦੇ ਰਸੋਈਏ ਗੰਗੂ ਬ੍ਰਾਹਮਣ ਨਾਲ ਇੱਕ ਪਾਸੇ ਚਲੇ ਗਏ। ਉਹਨਾਂ ਦੇ ਰਸੋਈਏ ਗੰਗੂ ਬ੍ਰਹਾਮਣ ਨੇ ਲਾਲਚ ਵੱਸ ਮਾਤਾ ਜੀ ਅਤੇ ਦੋਵੇਂ ਸਾਹਿਬਜ਼ਾਦਿਆਂ ਨੂੰ ਮੁਰਿੰਡੇ ਥਾਣੇ ਵਿੱਚ ਗ੍ਰਿਫ਼ਤਾਰ ਕਰਵਾ ਦਿੱਤਾ। ਮੁਰਿੰਡੇ ਥਾਣੇ ਇੱਕ ਰਾਤ ਰੱਖਣ ਤੋਂ ਬਾਅਦ ਬਸੀ ਪਠਾਣਾ ਲੈ ਗਏ। ਬਸੀ ਪਠਾਣਾ ਤੋਂ ਬੱਚਿਆਂ ਦੇ ਪੈਰੀਂ ਬੇੜੀਆਂ ਹੱਥਾਂ ਵਿੱਚ ਹੱਥ ਕੜੀਆਂ ਲਗਾ ਕੇ ਸਰਹਿੰਦ ਥਾਣੇ ਲੈ ਗਏ। ਉੱਥੋਂ ਸੂਬਾ ਸਰਹਿੰਦ ਨਵਾਬ ਵਜ਼ੀਰ ਖਾਨ ਦੀ ਕਚਿਹਰੀ ਵਿੱਚ ਪੇਸ਼ ਕਰ ਦਿੱਤਾ।

ਮੋਤੀ ਰਾਮ ਮਹਿਰਾ ਉਸ ਵੇਲੇ ਸੂਬਾ ਸਰਹਿੰਦ ਦੇ ਰਸੋਈਖ਼ਾਨੇ ਵਿੱਚ ਹਿੰਦੂ ਕੈਦੀਆਂ ਅਤੇ ਹਿੰਦੂ ਸਿਪਾਹੀਆਂ ਲਈ ਖਾਣਾ ਤਿਆਰ ਕਰਦੇ ਸਨ। ਜਦ ਬਾਬਾ ਮੋਤੀ ਰਾਮ ਮਹਿਰੇ ਨੂੰ ਪਤਾ ਲੱਗਿਆ ਕਿ ਮਾਤਾ ਗੁਜਰ ਕੌਰ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਠੰਡੇ ਬੁਰਜ ਵਿੱਚ ਕੈਦ ਕੀਤਾ ਹੈ ਤਾਂ ਬਾਬਾ ਮੋਤੀ ਰਾਮ ਮਹਿਰਾ ਨੇ ਉਦਾਸੀ ਦੀ ਹਾਲਤ ਵਿੱਚ ਘਰ ਪਹੁੰਚ ਕੇ ਆਪਣੇ ਪਰਿਵਾਰ ਨੂੰ ਦੱਸਿਆ। ਘਰ ਵਿੱਚ ਉਹਨਾਂ ਦੀ ਮਾਤਾ ਅਤੇ ਪਤਨੀ ਭੋਲੀ (ਬੌਈ ਜਾ ਦੇਵਾਂ) ਨੂੰ ਜਦ ਮਯੂਸੀ ਦਾ ਪਤਾ ਲੱਗਿਆ ਕਿ ਮਾਤਾ ਗੁਜਰ ਕੌਰ ਜੀ, ਬਾਬਾ ਜ਼ੋਰਾਵਰ ਸਿੰਘ ਜੀ ਅਤੇ ਫ਼ਤਿਹ ਸਿੰਘ ਜੀ ਠੰਡੇ ਬੁਰਜ ਵਿੱਚ ਕੈਦ ਹਨ ਅਤੇ ਠੰਡ ਨਾਲ ਆਕੜੇ ਪਏ ਹਨ। ਤੇਜ ਹਵਾਵਾਂ ਚਲ ਰਹੀਆ ਹਨ ਪਰ ਫ਼ਿਰ ਵੀ ਚੜ੍ਹਦੀ ਕਲਾ ਵਿੱਚ ਅਡੋਲ ਹਨ। ਇਹਨਾਂ ਦੀ ਮਾਤਾ ਅਤੇ ਪਤਨੀ ਨੇ ਕਿਹਾ ਕਿ ਸਾਨੂੰ ਗੁਰੂ ਸਾਹਿਬ ਦੇ ਪਰਿਵਾਰ ਦੀ ਸੇਵਾ ਕਰਨੀ ਚਾਹੀਦੀ ਹੈ।

ਪਰਿਵਾਰ ਦੀ ਸਲਾਹ ਨਾਲ ਬਾਬਾ ਮੋਤੀ ਰਾਮ ਮਹਿਰਾ ਜੀ ਬੜੀ ਸੁਚਮਤਾ ਦੇ ਨਾਲ ਗਰਮ ਦੁੱਧ ਦਾ ਗੜਵਾ ਲੈ ਕੇ ਠੰਡੇ ਬੁਰਜ ਵੱਲ ਚੱਲ ਪਏ। ਚੱਲਣ ਤੋਂ ਪਹਿਲਾਂ ਬਾਬਾ ਜੀ ਦੀ ਧਰਮ ਪਤਨੀ ਨੇ ਆਪਣੇ ਗਹਿਣੇ ਬਾਬਾ ਜੀ ਨੂੰ ਦੇ ਦਿੱਤੇ। ਬਾਬਾ ਜੀ ਨੂੰ ਕਿਹਾ ਕਿ ਪਹਿਰੇਦਾਰ ਤੁਹਾਨੂੰ ਲੰਘਣ ਨਹੀਂ ਦੇਵੇਗਾ ਉਸ ਨੂੰ ਗਹਿਣਿਆ ਦਾ ਲਾਲਚ ਦੇ ਕੇ ਅੱਗੇ ਲੰਘ ਜਾਣਾ। ਇਹ ਸੇਵਾ ਜਰੂਰ ਨਿਭਾਉਣੀ ਹੈ। ਪਹਿਰੇਦਾਰ ਬਾਬਾ ਜੀ ਨੂੰ ਅੱਗੇ ਨਹੀਂ ਲੱਘਣ ਦਿੰਦਾ ਸੀ। ਬਾਬਾ ਜੀ ਨੇ ਇਸ ਤਰ੍ਹਾਂ ਹੀ ਕੀਤਾ। ਪਹਿਰੇਦਾਰ ਨੂੰ ਗਹਿਣੇ ਦੇ ਦਿੱਤੇ ਉਸ ਨੇ ਬਾਬਾ ਜੀ ਨੂੰ ਅੱਗੇ ਲੰਘਣ ਦੀ ਆਗਿਆ ਦੇ ਦਿੱਤੀ।

ਪਹਿਰੇਦਾਰ ਨੇ ਬਾਬਾ ਜੀ ਨੂੰ ਪੁੱਛਿਆ ਤੁਹਾਨੂੰ ਨਵਾਬ ਤੋਂ ਡਰ ਨਹੀਂ ਲਗਦਾ ਨਵਾਬ ਦਾ ਹੁਕਮ ਹੈ ਜਿਹੜਾ ਗੁਰੂ ਸਾਹਿਬ ਦੇ ਬੱਚਿਆਂ ਦੀ ਸੇਵਾ ਕਰੇਗਾ ਉਸ ਨੂੰ ਕੋਹਲੂ ਵਿੱਚ ਪੀੜ ਦਿੱਤਾ ਜਾਵੇਗਾ। ਬਾਬਾ ਜੀ ਨੇ ਕਿਹਾ ਜੇ ਗੁਰੂ ਜੀ ਦੀ ਖੁਸ਼ੀ ਅਤੇ ਪ੍ਰਾਪਤੀ ਲਈ ਆਪਣਾ ਆਪ ਨਿਛਾਵਰ ਕਰ ਦਿੱਤਾ ਜਾਵੇ ਤਾਂ ਵੀ ਮਹਿੰਗਾ ਨਹੀਂ ਹੈ। ਬਾਬਾ ਜੀ ਨੇ ਜਾ ਕੇ ਬੱਚਿਆਂ ਅਤੇ ਮਾਤਾ ਗੁਜਰ ਕੌਰ ਜੀ ਨੂੰ ਗਰਮ ਦੁੱਧ ਪਲਾ ਕੇ ਅਸੀਸਾਂ ਪ੍ਰਾਪਤ ਕੀਤੀਆ। ਕਵੀ ਸੰਤਰੇਣ ਭਾਈ ਪ੍ਰੇਮ ਜੀ ਲਿਖਦੇ ਹਨ–

–ਪਿਖ ਕੇ ਪ੍ਰੇਮ ਸੁ ਮੋਤੀ ਕੇਰਾ।
ਮਾਤਾ ਕਹੈਯੋ ਭਲਾ ਹੋਵੇ ਤੇਰਾ।

ਇਸ ਤਰ੍ਹਾਂ ਬਾਬਾ ਜੀ ਨੇ ਤਿੰਨ ਦਿਨ ਮਾਤਾ ਗੁਜਰ ਕੌਰ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਗਰਮ ਦੁੱਧ ਛਕਾ ਕੇ ਸੇਵਾ ਪ੍ਰਾਪਤ ਕੀਤੀ।

27 ਦਸੰਬਰ (13 ਪੋਹ) 1704 ਨੂੰ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫ਼ਤਿਹ ਸਿੰਘ ਜੀ ਨੂੰ ਸ਼ਹੀਦ ਕਰ ਦਿੱਤਾ। ਮਾਤਾ ਗੁਜਰ ਕੌਰ ਜੀ ਠੰਡੇ ਬੁਰਜ ਵਿੱਚੋਂ ਸਚਖੰਡ ਜਾ ਬਿਰਾਜੇ।

ਬਾਬਾ ਮੋਤੀ ਰਾਮ ਮਹਿਰਾ ਜੀ ਵਲੋਂ ਕੀਤੀ ਮਾਤਾ ਜੀ ਅਤੇ ਛੋਟੇ ਬੱਚਿਆਂ ਦੀ ਸੇਵਾ ਗੁਪਤ ਰਹਿ ਜਾਣੀ ਸੀ ਜੇਕਰ ਗੰਗੂ ਬ੍ਰਾਹਮਣ ਦਾ ਚਚੇਰਾ ਭਰਾ ਪੰਮਾ ਲੰਗਾ, ਜੋ ਬਾਬਾ ਜੀ ਨਾਲ ਵਜ਼ੀਰ ਖਾਨ ਦੀ ਰਸੋਈ ਵਿੱਚ ਰਸੋਈਆ ਸੀ ਉਹ ਬਾਬਾ ਜੀ ਦੀ ਸ਼ਿਕਾਇਤ ਵਜ਼ੀਰ ਖਾਨ ਕੋਲ ਨਾ ਕਰਦਾ।

ਪੰਮੇ ਲੰਗੇ ਦੀ ਚੁਗਲੀ ਕਰਨ ਤੋਂ ਬਾਅਦ ਵਜੀਰ ਖਾਨ ਨੇ ਬਾਬਾ ਜੀ ਨੂੰ ਪਰਿਵਾਰ ਸਮੇਤ ਪੇਸ਼ ਹੋਣ ਲਈ ਕਿਹਾ। ਵਜੀਰ ਖਾਨ ਨੇ ਕ੍ਰੋਧ ਵਿੱਚ ਬਾਬਾ ਜੀ ਨੂੰ ਕਿਹਾ ਕਿ ਤੂੰ ਸਿੱਖ ਏ, ਤੂੰ ਮਾਤਾ ਜੀ ਅਤੇ ਬੱਚਿਆਂ ਨੂੰ ਦੁੱਧ ਪਿਲਾਇਆ ਏ ? ਬਾਬਾ ਜੀ ਨੇ ਕਿਹਾ ਹਾਂ ਪਿਲਾਇਆ ਏ!

ਵਜੀਰ ਖਾਨ ਭੜਕ ਗਿਆ। ਉਸਨੇ ਬਾਬਾ ਜੀ ਨੂੰ ਕਿਹਾ ਕਿ ਤੂੰ ਪਰਿਵਾਰ ਸਮੇਤ ਸਿੱਖਾਂ ਦੀ ਮਦਦ ਕੀਤੀ ਹੈ ਕਿ ਆਪਣਾ ਧਰਮ ਬਦਲ ਕੇ ਮੁਸਲਮਾਨ ਬਣ ਜਾ ਨਹੀਂ ਤਾਂ ਤੈਨੂੰ ਸਾਰੇ ਪਰਿਵਾਰ ਸਮੇਤ ਕੋਹਲੂ ਵਿੱਚ ਪੀੜ ਦਿੱਤਾ ਜਾਵੇਗਾ। ਬਾਬਾ ਜੀ ਨੇ ਕਿਹਾ ਕਿ ਮੈਂ ਗੁਰੂ ਸਾਹਿਬ ਜੀ ਨੂੰ ਨਹੀਂ ਛੱਡ ਸਕਦਾ ਮੈਨੂੰ ਮਰਨਾ ਮਨਜ਼ੂਰ ਹੈ ਜੋ ਮਰਜੀ ਸਜ਼ਾ ਦਿਓ। ਵਜ਼ੀਰ ਖਾਨ ਨੇ ਬਾਬਾ ਜੀ ਨੂੰ ਅਤੇ ਇਸ ਦੇ ਸਾਰੇ ਪਰਿਵਾਰ ਨੂੰ ਕੋਹਲੂ ਵਿੱਚ ਪੀੜਨ ਦੀ ਸਜਾ ਸੁਣਾ ਦਿੱਤੀ।

ਸੂਬਾ ਸਰਹਿੰਦ ਨੇ ਪਹਿਲਾ ਬਾਬਾ ਜੀ ਦੇ ਛੇ ਸਾਲ ਦੇ ਪੁੱਤਰ ਨਰਾਇਣੇ ਨੂੰ ਕੋਹਲੂ ਵਿੱਚ ਪੀੜ ਦਿੱਤਾ ਫ਼ਿਰ ਅੱਸੀ ਸਾਲਾਂ ਦੀ ਮਾਤਾ ਲੱਧੋ ਫ਼ਿਰ ਉਹਨਾਂ ਦੀ ਸਪੁੱਤਨੀ ਬੀਬੀ ਭੋਲੀ ਜੀ ਨੂੰ ਸਰਹਿੰਦ ਦੇ ਤੇਲੀਆਂ ਮਹੱਲੇ ਕੋਹਲੂ ਵਿੱਚ ਪੀੜ ਕੇ ਸ਼ਹੀਦ ਕਰ ਦਿੱਤਾ। ਬਾਬਾ ਮੋਤੀ ਰਾਮ ਮਹਿਰਾ ਜੀ ਇਹ ਸ਼ਹੀਦੀ ਦਾ ਦ੍ਰਿਸ਼ ਅੱਖਾਂ ਸਾਹਮਣੇ ਵੇਖ ਅਡੋਲ ਖੜੇ ਰਹੇ। ਫ਼ਿਰ ਬਾਬਾ ਮੋਤੀ ਰਾਮ ਮਹਿਰਾ ਜੀ ਨੂੰ ਸ਼ਹੀਦ ਕੀਤਾ ਗਿਆ।


ਜਦੋਂ ਬਾਬਾ ਬੰਦਾ ਸਿੰਘ ਬਹਾਦਰ ਜੀ ਨੇ ਸਰਹਿੰਦ ਫ਼ਤਿਹ ਕੀਤਾ ਤਾਂ ਬਾਬਾ ਮੋਤੀ ਰਾਮ ਮਹਿਰਾ ਜੀ ਦੀ ਘਾਲਣਾ ਬਾਰੇ ਸੁਣ ਬਾਬਾ ਬੰਦਾ ਸਿੰਘ ਬਹਾਦਰ ਜੀ ਦੇ ਮੁੱਖ ਵਿਚੋਂ ਇਹ ਬਚਨ ਨਿਕਲਿਆ –

– ਧੰਨ ਮੋਤੀ ਜਿੰਨ੍ਹ ਪੁੰਨ ਕਮਾਇਆ।
ਗੁਰੂ ਲਾਲਾਂ ਤਾਂਈ ਦੁੱਧ ਪਿਲਾਇਆ।

ਬਾਬਾ ਮੋਤੀ ਰਾਮ ਮਹਿਰਾ ਜੀ ਦਾ ਮੁੱਖ ਅਸਥਾਨ ਗੁਰਦੁਆਰਾ ਫ਼ਤਿਹਗੜ੍ਹ ਸਾਹਿਬ ਤੋਂ ਦੋ ਸੋ ਮੀਟਰ ਮੁਰਿੰਡੇ ਵਾਲੇ ਪਾਸੇ ਸਥਿਤ ਹੈ। ਇਹ ਅਸਥਾਨ ਰੋਜ਼ਾ ਸ਼ਰੀਫ਼ ਦੇ ਸਾਹਮਣੇ ਹੈ ਜਿੱਥੇ ਬਾਬਾ ਜੀ ਦੀ ਯਾਦ ਵਿੱਚ ਹਰ ਸਾਲ 25 ਤੋਂ 27 ਦਸੰਬਰ ਤੱਕ ਧਾਰਮਿਕ ਸਮਾਗਮ ਹੁੰਦੇ ਹਨ ਅਤੇ ਦੂਰੋਂ ਦੂਰੋਂ ਸੰਗਤਾਂ ਆਕੇ ਬਾਬਾ ਜੀ ਦੇ ਅਸਥਾਨ 'ਤੇ ਨਤਮਸਤਕ ਹੁੰਦੀਆਂ ਹਨ।



# ਬਾਬਾ ਜੀਵਨ ਸਿੰਘ ਦੀ ਮਹਾਨ ਸੇਵਾ ਤੇ ਸ਼ਹਾਦਤ



ਤਲਵਿੰਦਰ ਸਿੰਘ ਬੁਟਰ

ਇਤਿਹਾਸਕਾਰਾਂ ਅਨੁਸਾਰ 'ਰੰਘਰੇਟਿਆਂ' ਦਾ ਸਿੱਖੀ ਵਿੱਚ ਪ੍ਰਵੇਸ਼ ਭਾਈ ਜੈਤਾ ਜੀ ਦੇ ਪੂਰਵਜ਼ ਭਾਈ ਕਲਿਆਣਾ ਜੀ ਤੋਂ ਹੋਇਆ। 'ਗੁਰੂ ਕੇ ਬੇਟੇ' ਪੁਸਤਕ ਦੇ ਕਰਤਾ ਜਸਵੰਤ ਸਿੰਘ ਅਨੁਸਾਰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਚੌਥੀ ਉਦਾਸੀ ਤੋਂ ਬਾਅਦ ਜਦੋਂ ਬਾਬਾ ਬੁੱਢਾ ਜੀ ਨਾਲ ਮਿਲਾਪ ਹੋਇਆ ਤਾਂ ਉਸ ਵੇਲੇ ਭਾਈ ਕਲਿਆਣਾ ਜੀ ਵੀ ਬਾਬਾ ਬੁੱਢਾ ਜੀ ਦੇ ਨਾਲ ਹੀ ਸਨ, ਜੋ ਕਿ ਬਾਬਾ ਬੁੱਢਾ ਜੀ ਦੇ ਪਿੰਡ ਕੱਥੂਨੰਗਲ ਦੇ ਹੀ ਵਸਨੀਕ ਸਨ। ਭਾਈ ਕਲਿਆਣਾ ਜੀ ਨੇ ਪਹਿਲੀ ਪਾਤਸ਼ਾਹੀ ਤੋਂ ਲੈ ਕੇ ਛੇਵੀਂ ਪਾਤਸ਼ਾਹੀ ਤੱਕ ਗੁਰੂ-ਘਰ ਦੀ ਅਨਿੰਨ ਸੇਵਾ ਕੀਤੀ। ਜਦੋਂ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਦਰਬਾਰ ਸਾਹਿਬ ਦੀ ਸੇਵਾ ਸ਼ੁਰੂ ਕੀਤੀ ਤਾਂ ਭਾਈ ਕਲਿਆਣਾ ਜੀ ਪਰਿਵਾਰ ਸਮੇਤ ਇਸ ਸੇਵਾ ਵਿੱਚ ਸ਼ਾਮਲ ਹੋਏ। 'ਤਵਾਰੀਖ ਗੁਰੂ ਖ਼ਾਲਸਾ' ਅਨੁਸਾਰ ਜਦ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਬਾਦਸ਼ਾਹ ਜਹਾਂਗੀਰ ਨੂੰ ਮਿਲਣ ਲਈ ਗਵਾਲੀਅਰ ਲਈ ਰਵਾਨਾ ਹੋਏ ਤਾਂ ਗੁਰੂ-ਘਰ ਦਾ ਪ੍ਰਬੰਧ ਬਾਬਾ ਬੁੱਢਾ ਜੀ ਸਮੇਤ ਜਿਨ੍ਹਾਂ ਪੰਜ ਸਿੱਖਾਂ ਨੂੰ ਸੌਂਪ ਕੇ ਗਏ, ਉਨ੍ਹਾਂ ਵਿਚੋਂ ਇੱਕ ਭਾਈ ਕਲਿਆਣਾ ਜੀ ਸਨ।

ਭਾਈ ਕਲਿਆਣਾ ਜੀ ਦੀ ਚੌਥੀ ਪੀੜ੍ਹੀ ਵਿਚੋਂ ਭਾਈ ਸਦਾ ਨੰਦ ਸਨ। ਬਾਬਾ ਬਕਾਲਾ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਵਲੋਂ ਭੋਰੇ ਵਿੱਚ ਤਪੱਸਿਆ ਕਰਨ ਵੇਲੇ ਭਾਈ ਸਦਾ ਨੰਦ ਜੀ ਨੇ ਲੰਬਾ ਸਮਾਂ ਗੁਰੂ ਸਾਹਿਬ ਦੀ ਸੇਵਾ ਕੀਤੀ ਅਤੇ ਇੱਥੋਂ ਹੀ ਬਾਅਦ ਵਿੱਚ ਉਹ ਨੌਵੀਂ ਪਾਤਸ਼ਾਹੀ ਦੇ ਨਾਲ ਪਟਨਾ ਸਾਹਿਬ ਅਤੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਚਲੇ ਗਏ। ਭਾਈ ਸਦਾ ਨੰਦ ਦਾ ਵਿਆਹ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪਣੇ ਹੱਥੀਂ ਪੰਡਤ ਸ਼ਿਵ ਨਰਾਇਣ ਦੀ ਪੁੱਤਰੀ ਬੀਬੀ ਲਾਜਵੰਤੀ ਦੇ ਨਾਲ ਕਰਵਾਇਆ ਸੀ। ਬੀਬੀ ਲਾਜਵੰਤੀ ਨੇ ਵੀ ਗੁਰੂ-ਘਰ ਦੀ ਇੰਨੀ ਸੇਵਾ ਕੀਤੀ ਕਿ ਮਾਤਾ ਗੁਜਰੀ ਜੀ ਉਸ ਨੂੰ ਪਿਆਰ ਨਾਲ 'ਪ੍ਰੇਮੋ' ਆਖ ਕੇ ਬੁਲਾਉਂਦੇ ਸਨ। ਭਾਈ ਸਦਾ ਨੰਦ ਦੇ ਘਰ ਦੋ ਪੁੱਤਰਾਂ ਦਾ ਜਨਮ ਹੋਇਆ ਭਾਈ ਜੈਤਾ ਜੀ ਅਤੇ ਭਾਈ ਸੰਗਤਾ ਜੀ।

ਭਾਈ ਜੈਤਾ ਜੀ ਦਾ ਜਨਮ ਪਿੰਡ ਗੱਗੋਮਾਹਲ (ਅੰਮ੍ਰਿਤਸਰ) ਵਿੱਚ ਹੋਇਆ। ਪਿਤਾ ਸਦਾ ਨੰਦ ਦੀਆਂ ਧਰਮ ਪ੍ਰਚਾਰ ਫ਼ੇਰੀਆਂ ਕਾਰਨ ਭਾਈ ਜੈਤੇ ਦਾ ਬਚਪਨ ਬਨਾਰਸ ਅਤੇ ਪਟਨਾ ਸਾਹਿਬ ਵਿੱਚ ਬੀਤਿਆ। ਭਾਈ ਜੈਤਾ ਜੀ ਨੇ ਪਟਨਾ ਸਾਹਿਬ ਵਿਖੇ ਹੀ ਗੁਰਮੁਖੀ, ਗੁਰਬਾਣੀ ਅਤੇ ਸ਼ਸਤਰ ਵਿੱਦਿਆ ਪ੍ਰਾਪਤ ਕੀਤੀ। ਪੰਜਾਬੀ, ਹਿੰਦੀ, ਬ੍ਰਿਜ, ਸੰਸਕ੍ਰਿਤ, ਅਰਬੀ, ਫ਼ਾਰਸੀ ਆਦਿ ਭਾਸ਼ਾਵਾਂ ਦਾ ਗਿਆਨ ਅਤੇ ਸੰਗੀਤ ਸਿੱਖਿਆ ਬਾਲ ਗੋਬਿੰਦ ਰਾਇ ਜੀ ਲਈ ਨਿਯੁਕਤ ਕੀਤੇ ਉਸਤਾਦਾਂ ਕੋਲੋਂ ਲਈ। ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਨਾਲ ਹੀ ਭਾਈ ਸਦਾ ਨੰਦ ਦਾ ਪਰਿਵਾਰ ਸ੍ਰੀ ਅਨੰਦਪੁਰ ਸਾਹਿਬ ਆ ਗਿਆ। ਇੱਥੇ ਉਨ੍ਹਾਂ ਨੇ ਗੁਰੂ ਦੀ ਸਿੱਖਿਆ ਅਤੇ ਸ਼ਸਤਰ ਵਿੱਦਿਆ ਪ੍ਰਾਪਤ ਕੀਤੀ।




ਸ੍ਰੀ ਗੁਰੂ ਤੇਗ ਬਹਾਦਰ ਜੀ ਧਰਮ ਦੀ ਆਜ਼ਾਦੀ ਖ਼ਾਤਰ ਸ਼ਹਾਦਤ ਦੇਣ ਲਈ 11 ਜੁਲਾਈ 1675 ਈਸਵੀ ਨੂੰ ਸ੍ਰੀ ਅਨੰਦਪੁਰ ਸਾਹਿਬ ਤੋਂ ਪੰਜ ਹਜ਼ੂਰੀ ਸਿੱਖਾਂ ਸਮੇਤ ਦਿੱਲੀ ਲਈ ਰਵਾਨਾ ਹੋਏ। ਮਗਰੋਂ ਭਾਈ ਜੈਤਾ ਜੀ ਦਿੱਲੀ ਵਿਚ ਗੁਰੂ ਸਾਹਿਬ ਦੀ ਖ਼ਬਰ ਲੈਣ ਪਹੁੰਚੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਕਵੀ 'ਕੰਕਣ' ਅਨੁਸਾਰ, ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਸ਼ਹਾਦਤ ਤੋਂ ਪਹਿਲਾਂ ਭਾਈ ਜੈਤਾ ਜੀ ਰਾਹੀਂ ਗੁਰਬਾਣੀ ਦੇ 57 ਸਲੋਕ, ਇੱਕ ਹੁਕਮਨਾਮਾ, 5 ਪੈਸੇ, ਨਾਰੀਅਲ ਅਤੇ ਗੁਰਗੱਦੀ ਤਿਲਕ ਸ੍ਰੀ ਅਨੰਦਪੁਰ ਸਾਹਿਬ ਬਾਲ ਗੋਬਿੰਦ ਰਾਏ ਜੀ ਨੂੰ ਭੇਜਿਆ। ਬਾਲ ਗੋਬਿੰਦ ਰਾਏ ਜੀ ਨੂੰ ਗੁਰਗੱਦੀ 'ਤੇ ਬਿਰਾਜਮਾਨ ਕਰਵਾਉਣ ਉਪਰੰਤ ਭਾਈ ਜੈਤਾ ਜੀ ਮੁੜ ਦਸਮ ਗੁਰੂ ਜੀ ਦੇ ਹੁਕਮ ਅਨੁਸਾਰ ਦਿੱਲੀ ਚਲੇ ਗਏ। ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਦਿੱਲੀ ਦੇ ਚਾਂਦਨੀ ਚੌਂਕ ਵਿੱਚ ਔਰੰਗਜ਼ੇਬ ਨੇ 11 ਨਵੰਬਰ 1675 ਨੂੰ ਸੀਸ ਧੜ ਨਾਲੋਂ ਜੁਦਾ ਕਰਕੇ ਸ਼ਹੀਦ ਕਰਵਾ ਦਿੱਤਾ। ਹਕੂਮਤ ਦੀਆਂ ਅੱਖਾਂ 'ਚ ਘੱਟਾ ਪਾ ਕੇ ਭਾਈ ਜੈਤਾ ਜੀ ਕਿਸੇ ਤਰ੍ਹਾਂ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸੀਸ ਲੈ ਕੇ ਸ੍ਰੀ ਅਨੰਦਪੁਰ ਸਾਹਿਬ ਪਹੁੰਚੇ। ਗੁਰੂ ਬਾਲ ਗੋਬਿੰਦ ਰਾਇ ਜੀ ਨੇ ਭਾਈ ਜੈਤਾ ਦੀ ਦਲੇਰੀ, ਕੁਰਬਾਨੀ ਅਤੇ ਦ੍ਰਿੜ੍ਹਤਾ 'ਤੇ ਪ੍ਰਸੰਨ ਹੁੰਦਿਆਂ ਉਸ ਨੂੰ ਛਾਤੀ ਨਾਲ ਲਾਇਆ ਅਤੇ ਬਚਨ ਕੀਤਾ, 'ਰੰਘਰੇਟੇ ਗੁਰੂ ਕੇ ਬੇਟੇ।'

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਤੋਂ ਬਾਅਦ ਸ੍ਰੀ ਅਨੰਦਪੁਰ ਸਾਹਿਬ ਵਿੱਚ ਰਣਜੀਤ ਨਗਾਰਾ ਵਜਾਉਣ ਦੀ ਪਰੰਪਰਾ ਆਰੰਭ ਕੀਤੀ ਤਾਂ ਭਾਈ ਜੈਤਾ ਨੂੰ ਨਗਾਰਚੀ ਨੀਯਤ ਕੀਤਾ। ਭਾਈ ਜੈਤਾ ਜੀ ਦਾ ਅਨੰਦ ਕਾਰਜ ਦਸਮ ਪਿਤਾ ਨੇ ਭਾਈ ਸੁਜਾਨ ਸਿੰਘ ਪਿੰਡ ਰਿਆੜਕੀ ਪਰਗਨਾ ਪੱਟੀ ਦੀ ਧੀ ਬੀਬੀ ਰਾਜ ਕੌਰ ਨਾਲ ਕਰਵਾਇਆ। ਦਸਮ ਪਾਤਸ਼ਾਹ ਨੇ ਕਿਲ੍ਹਾ ਅਨੰਦਗੜ੍ਹ ਦੀ ਉਸਾਰੀ ਆਰੰਭ ਕਰਵਾਈ ਤਾਂ ਕਿਲ੍ਹੇ ਦੀ ਪੱਛਮ ਵਾਲੀ ਕੰਧ ਦੇ ਨਾਲ ਹੀ ਭਾਈ ਜੈਤਾ ਜੀ ਦੀ ਰਿਹਾਇਸ਼ ਵਾਸਤੇ ਟਿੱਬੀ 'ਤੇ ਇੱਕ ਬੁੰਗਾ ਬਣਵਾ ਕੇ ਦਿੱਤਾ। ਇਤਿਹਾਸਕਾਰ ਸ਼ਮਸ਼ੇਰ ਸਿੰਘ ਅਸ਼ੋਕ ਲਿਖਦੇ ਹਨ, 'ਗੁਰੂ ਜੀ ਨੇ ਭਾਈ ਜੈਤੇ ਨੂੰ ਆਪਣੇ ਸਾਹਿਬਜ਼ਾਦਿਆਂ ਨਾਲ ਅੰਮ੍ਰਿਤ ਛਕਾ ਕੇ ਅਤੇ ਪੰਜਵਾਂ ਸਾਹਿਬਜ਼ਾਦਾ ਹੋਣ ਦਾ ਵਰਦਾਨ ਦੇ ਕੇ ਜਾਤਿ ਪਾਤਿ ਤੇ ਛੂਆ-ਛਾਤ ਨੂੰ ਉੱਕਾ ਹੀ ਖ਼ਤਮ ਕਰਨ ਦਾ ਜੋ ਉਦਾਹਰਣ ਪੇਸ਼ ਕੀਤਾ ਉਸ ਦੀ ਇਤਿਹਾਸ ਵਿਚੋਂ ਹੋਰ ਕੋਈ ਮਿਸਾਲ ਨਹੀਂ ਮਿਲਦੀ।'

ਦਸਮ ਪਾਤਸ਼ਾਹ ਵੱਲੋਂ 19-20 ਦਸੰਬਰ 1704 ਈਸਵੀ ਦੀ ਵਿਚਕਾਰਲੀ ਰਾਤ ਪਰਿਵਾਰ ਤੇ ਸਿੱਖ ਸੇਵਕਾਂ ਸਮੇਤ ਸ੍ਰੀ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਿਆ ਗਿਆ ਤਾਂ ਸਰਸਾ ਨਦੀ ਪਾਰ ਕਰਦਿਆਂ ਸਾਹਿਬਜ਼ਾਦਾ ਅਜੀਤ ਸਿੰਘ ਨੂੰ ਦੁਸ਼ਮਣਾਂ ਨੇ ਘੇਰ ਲਿਆ। ਬਾਬਾ ਜੀਵਨ ਸਿੰਘ 'ਭਾਈ ਜੈਤਾ ਜੀ' ਨੇ ਬਹਾਦਰੀ ਤੇ ਜੰਗੀ ਕਲਾ ਦੇ ਜੌਹਰ ਦਿਖਾਉਂਦਿਆਂ ਸਾਹਿਬਜ਼ਾਦਾ ਅਜੀਤ ਸਿੰਘ ਨੂੰ ਦੁਸ਼ਮਣ ਫ਼ੌਜਾਂ ਦੇ ਘੇਰੇ ਵਿਚੋਂ ਕੱਢ ਕੇ ਸਰਸਾ ਨਦੀ ਤੋਂ ਪਾਰ ਲੰਘਾਇਆ। ਅਖੀਰ ਚਮਕੌਰ ਦੀ ਕੱਚੀ ਗੜ੍ਹੀ ਵਿੱਚ ਮੁਗ਼ਲ ਫ਼ੌਜਾਂ ਨਾਲ ਬਹਾਦਰੀ ਨਾਲ ਜੂਝਦਿਆਂ 22 ਦਸੰਬਰ 1704 ਈਸਵੀ ਨੂੰ ਬਾਬਾ ਜੀਵਨ ਸਿੰਘ 'ਭਾਈ ਜੈਤਾ ਜੀ' ਸ਼ਹੀਦੀ ਜਾਮ ਪੀ ਗਏ। ਬਾਬਾ ਜੀਵਨ ਸਿੰਘ 'ਭਾਈ ਜੈਤਾ ਜੀ' ਨੇ ਦਸਮ ਪਾਤਸ਼ਾਹ ਦੇ ਨਾਲ ਹੀ ਲਗਭਗ 29 ਵਰ੍ਹੇ ਆਪਣੇ ਜੀਵਨ ਦੇ ਸ੍ਰੀ ਅਨੰਦਪੁਰ ਸਾਹਿਬ ਵਿੱਚ ਗੁਰੂ-ਘਰ ਦੀ ਸੇਵਾ-ਬਿਰਤੀ ਵਿੱਚ ਬਿਤਾਏ, ਆਪ ਦੇ ਚਾਰ ਪੁੱਤਰ, ਪਿਤਾ-ਮਾਤਾ ਅਤੇ ਭਰਾ (ਚਮਕੌਰ ਦੀ ਗੜ੍ਹੀ ਦੇ ਸ਼ਹੀਦ ਭਾਈ ਸੰਗਤ ਸਿੰਘ) ਵੀ ਸ਼ਹੀਦ ਹੋਏ। ਕਿਲ੍ਹਾ ਅਨੰਦਗੜ੍ਹ ਸਾਹਿਬ ਦੀ ਪੱਛਮੀ ਬਾਹੀ ਵੱਲ ਭਾਈ ਜੈਤਾ ਜੀ ਦਾ ਪੁਰਾਤਨ ਰਿਹਾਇਸ਼ੀ ਬੁੰਗਾ ਅੱਜ ਵੀ ਮੌਜੂਦ ਹੈ, ਜਿਸ ਦੀ ਸੇਵਾ-ਸੰਭਾਲ ਭਾਈ ਜੈਤਾ ਜੀ ਦੇ ਖ਼ਾਨਦਾਨ ਵਿਚੋਂ ਬਾਬਾ ਕਿਰਪਾਲ ਸਿੰਘ ਦੇ ਸਪੁੱਤਰ ਬਾਬਾ ਤੀਰਥ ਸਿੰਘ ਕਰ ਰਹੇ ਹਨ। ਪੁਰਾਤਨ ਰਿਹਾਇਸ਼ੀ ਬੁੰਗੇ ਅੰਦਰਲੇ ਤੋਸ਼ੇਖ਼ਾਨੇ ਵਿੱਚ ਬਾਬਾ ਜੀਵਨ ਸਿੰਘ 'ਭਾਈ ਜੈਤਾ ਜੀ' ਦੇ ਸ਼ਸਤਰ- ਨਾਗਣੀ, ਕਟਾਰ, ਕੜਾ ਅਤੇ ਕਿਰਪਾਨ ਸੁਸ਼ੋਭਿਤ ਹਨ।

# ਚਮਕੌਰ ਦੇ ਸਾਕੇ ਤੋਂ ਸਰਹਿੰਦ ਦੀ ਦੀਵਾਰ ਤੱਕ





ਗੁਰਦੇਵ ਸਿੰਘ ਸਿੱਧੂ (ਡਾ.)

ਪੰਜਾਬ ਦੇ ਇਤਿਹਾਸ ਵਿੱਚ ਦਸੰਬਰ ਮਹੀਨੇ ਦਾ ਪਿਛਲਾ ਪੰਦਰਵਾੜਾ ਵਿਸ਼ੇਸ਼ ਸਥਾਨ ਰੱਖਦਾ ਹੈ। ਇਨ੍ਹੀਂ ਦਿਨੀਂ ਹੀ ਇੱਕ ਪਿਤਾ ਦੇ ਚਾਰ ਪੁੱਤਰ ਕੌਮ ਤੇ ਧਰਮ ਲਈ ਆਪਾ ਵਾਰ ਗਏ ਸਨ। ਇਨ੍ਹਾਂ ਵਿਚੋਂ ਵੱਡੇ ਦੋ ਸਾਹਿਬਜ਼ਾਦੇ ਅਜੀਤ ਸਿੰਘ ਅਤੇ ਜੁਝਾਰ ਸਿੰਘ, ਜਿਨ੍ਹਾਂ ਚਮਕੌਰ ਦੇ ਮੈਦਾਨ-ਏ-ਜੰਗ ਵਿੱਚ ਆਪਣੀ ਤਲਵਾਰ ਦੇ ਜੌਹਰ ਵਿਖਾਏ ਤੇ ਛੋਟੇ ਦੋ ਸਾਹਿਬਜ਼ਾਦੇ ਜ਼ੋਰਾਵਰ ਸਿੰਘ ਤੇ ਫਤਿਹ ਸਿੰਘ ਸਨ, ਜਿਨ੍ਹਾਂ ਨੇ ਸੂਬਾ ਸਰਹੰਦ ਵੱਲੋਂ ਦਿੱਤੇ ਦੁਨਿਆਵੀ ਲਾਲਚਾਂ ਨੂੰ ਠੁਕਰਾਉਂਦਿਆਂ ਆਪਣੇ ਧਰਮ ਪ੍ਰਤਿ ਆਸਥਾ ਨੂੰ ਠੇਸ ਨਹੀਂ ਪੁੱਜਣ ਦਿੱਤੀ। ਇਸ ਘਟਨਾਵਲੀ ਦਾ ਆਰੰਭ ਮਈ 1704 ਈ. ਵਿੱਚ ਮੁਗ਼ਲਾਂ ਤੇ ਪਹਾੜੀ ਰਾਜਿਆਂ ਦੀਆਂ ਸੈਨਾਵਾਂ ਵੱਲੋਂ ਗੁਰੂ ਗੋਬਿੰਦ ਸਿੰਘ ਜੀ ਦੇ ਟਿਕਾਣੇ ਸ੍ਰੀ ਅਨੰਦਪੁਰ ਸਾਹਿਬ ਨੂੰ ਘੇਰਾ ਪਾਉਣ ਤੋਂ ਹੁੰਦਾ ਹੈ। ਜਦ ਦੁਸ਼ਮਣ ਆਪਣੀ ਸੈਨਾ ਨਾਲ ਸਿੰਘਾਂ ਨੂੰ ਦਬਕਾਉਣ ਵਿੱਚ ਸਫ਼ਲ ਨਾ ਹੋਇਆ ਤਾਂ ਉਸ ਨੇ ਇਕ ਪਾਸੇ ਨਗਰ ਵਿੱਚ ਜਾਣ ਵਾਲੇ ਪਾਣੀ ਦੇ ਸਰੋਤ ਨੂੰ ਰੋਕ ਦਿੱਤਾ ਅਤੇ ਦੂਜੇ ਪਾਸੇ ਕੁਰਾਨ ਤੇ ਦੇਵੀ ਦੇ ਨਾਂ ਉੱਤੇ ਕਸਮਾਂ ਖਾ ਕੇ ਗੁਰੂ ਗੋਬਿੰਦ ਸਿੰਘ ਜੀ ਨੂੰ ਭਰੋਸਾ ਦਿਵਾਇਆ ਕਿ ਜੇ ਉਹ ਕਿਲ੍ਹਾ ਖਾਲੀ ਕਰ ਜਾਣ ਤਾਂ ਉਨ੍ਹਾਂ ਨੂੰ ਸੁਰੱਖਿਅਤ ਲਾਂਘਾ ਦੇ ਦਿੱਤਾ ਜਾਵੇਗਾ। ਗੁਰੂ ਗੋਬਿੰਦ ਸਿੰਘ ਆਪਣੇ ਪਰਿਵਾਰ ਅਤੇ ਸਿੱਖ ਸੈਨਾ ਨਾਲ ਅਜੇ ਅਨੰਦਪੁਰ ਤੋਂ ਬਹੁਤੀ ਦੂਰ ਨਹੀਂ ਪਹੁੰਚੇ ਸਨ ਕਿ ਦੁਸ਼ਮਣ ਨੇ ਪਿੱਛਿਓਂ ਹਮਲਾ ਕਰ ਦਿੱਤਾ। ਗੁਰੂ ਜੀ ਨੇ ਰਣਨੀਤਿਕ ਪੈਂਤੜੇ ਵਜੋਂ ਸਿੰਘਾਂ ਦੇ ਤਿੰਨ ਜਥਿਆਂ ਨੂੰ ਵੱਖ-ਵੱਖ ਸਥਾਨਾਂ 'ਤੇ ਤੈਨਾਤ ਕੀਤਾ ਹੋਇਆ ਸੀ। ਉਨ੍ਹਾਂ ਜਥਿਆਂ ਨੇ ਦੁਸ਼ਮਣ ਨੂੰ ਉਲਝਾਈ ਰੱਖਿਆ ਜਿਸ ਦੌਰਾਨ ਗੁਰੂ ਗੋਬਿੰਦ ਸਿੰਘ, ਉਨ੍ਹਾਂ ਦਾ ਪਰਿਵਾਰ ਤੇ ਕੁਝ ਸਿੰਘ ਸਰਸਾ ਨਦੀ ਤਕ ਪਹੁੰਚ ਗਏ ਪਰ ਇਸ ਹਫੜਾ-ਦਫੜੀ ਵਿੱਚ ਗੁਰੂ ਜੀ ਦਾ ਪਰਿਵਾਰ ਤਿੰਨ ਹਿੱਸਿਆਂ ਵਿੱਚ ਵੰਡਿਆ ਗਿਆ। ਵੱਡੇ ਦੋਵੇਂ ਸਾਹਿਬਜ਼ਾਦੇ ਗੁਰੂ ਗੋਬਿੰਦ ਸਿੰਘ ਜੀ ਦੇ ਨਾਲ, ਛੋਟੇ ਸਾਹਿਬਜ਼ਾਦੇ ਆਪਣੀ ਦਾਦੀ ਮਾਤਾ ਗੁਜਰੀ ਜੀ ਨਾਲ ਅਤੇ ਗੁਰੂ ਜੀ ਦੇ ਮਹਿਲ ਮਾਤਾ ਸੁੰਦਰੀ ਜੀ ਅਤੇ ਮਾਤਾ ਜੀਤੋ ਜੀ ਭਾਈ ਮਨੀ ਸਿੰਘ ਦੇ ਨਾਲ ਸਨ। ਦੋਵਾਂ ਮਾਤਾਵਾਂ ਨੂੰ ਭਾਈ ਮਨੀ ਸਿੰਘ ਦਿੱਲੀ ਲੈ ਗਏ, ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਨੂੰ ਉਨ੍ਹਾਂ ਦਾ ਰਸੋਈਆ ਗੰਗੂ ਆਪਣੇ ਪਿੰਡ ਖੇੜੀ ਲੈ ਗਿਆ ਅਤੇ ਵੱਡੇ ਸਾਹਿਬਜ਼ਾਦੇ ਗੁਰੂ ਜੀ ਦੇ ਨਾਲ ਚਮਕੌਰ ਪੁੱਜੇ। ਹੋਰ ਚਾਲੀ ਸਿੰਘ ਵੀ ਇਸ ਜਥੇ ਵਿੱਚ ਸ਼ਾਮਲ ਸਨ।

ਗੁਰੂ ਜੀ ਜਾਣਦੇ ਸਨ ਕਿ ਦੁਸ਼ਮਣ ਸੈਨਾ ਉਨ੍ਹਾਂ ਦਾ ਪਿੱਛਾ ਕਰਦੀ ਆ ਰਹੀ ਹੈ, ਇਸ ਲਈ ਉਨ੍ਹਾਂ ਚਮਕੌਰ ਦੀ ਇਕ ਕੱਚੀ ਗੜ੍ਹੀ ਵਿੱਚ ਮੋਰਚੇ ਲਾ ਲਏ। ਗੁਰੂ ਜੀ ਨੇ ਸਾਰੇ ਸਿੰਘਾਂ ਨੂੰ ਤੀਰ, ਗੋਲੀਆਂ ਆਦਿ ਵੰਡ ਕੇ ਉਨ੍ਹਾਂ ਨੂੰ ਚੁਫੇਰੇ ਨਜ਼ਰ ਰੱਖਣ ਲਈ ਆਖਿਆ। ਇਉਂ ਇੱਥੇ ਉਹ ਅਸਾਵੀਂ ਜੰਗ ਲੜੀ ਗਈ, ਜਿਥੇ ਇਕ ਪਾਸੇ ਕੱਚੀ ਗੜ੍ਹੀ ਵਿੱਚ ਗਿਣਤੀ ਦੇ ਚਾਲੀ ਸਿੰਘ ਸਨ ਅਤੇ ਦੂਜੇ ਪਾਸੇ ਵੱਡੀ ਗਿਣਤੀ ਵਿੱਚ ਦੁਸ਼ਮਣ ਸੈਨਾ। ਜਿਉਂ ਹੀ ਦੁਸ਼ਮਣ ਗੜ੍ਹੀ ਦੇ ਨੇੜੇ ਆਉਂਦਾ, ਗੁਰੂ ਜੀ ਤੇ ਸਿੰਘ ਉਨ੍ਹਾਂ ਨੂੰ ਮੂੰਹ ਤੋੜਵਾਂ ਜਵਾਬ ਦਿੰਦੇ। ਜਦ ਤੀਰ ਅਤੇ ਗੋਲੀਆਂ ਖ਼ਤਮ ਹੋ ਗਏ ਤਾਂ ਗੁਰੂ ਜੀ ਤੋਂ ਆਗਿਆ ਲੈ ਕੇ ਸਿੰਘ ਛੋਟੀਆਂ-ਛੋਟੀਆਂ ਟੋਲੀਆਂ ਵਿੱਚ ਗੜ੍ਹੀ ਤੋਂ ਬਾਹਰ ਜਾ ਕੇ ਦੁਸ਼ਮਣ ਉੱਤੇ ਹਮਲਾਵਰ ਹੋਏ। ਗੜ੍ਹੀ ਉੱਤੇ ਖੜ੍ਹ ਕੇ ਸਿੰਘਾਂ ਦੀ ਸੂਰਬੀਰਤਾ ਨੂੰ ਵੇਖ ਅਜੀਤ ਸਿੰਘ ਨੇ ਗੁਰੂ-ਪਿਤਾ ਅੱਗੇ ਜੰਗ ਦੇ ਮੈਦਾਨ ਵਿੱਚ ਜਾਣ ਦੀ ਬੇਨਤੀ ਕੀਤੀ। ਗੁਰੂ ਜੀ ਨੇ ਮੱਥਾ ਚੁੰਮ ਕੇ ਉਨ੍ਹਾਂ ਨੂੰ ਛਾਤੀ ਨਾਲ ਲਾਇਆ ਤੇ ਹੱਥੀਂ ਜੰਗ ਦੇ ਮੈਦਾਨ ਵਿੱਚ ਤੋਰਿਆ। ਵੱਡੇ ਵੀਰ ਨੂੰ ਬਹਾਦਰੀ ਨਾਲ ਜੂਝਦਿਆਂ ਵੇਖ ਛੋਟੇ ਸਾਹਿਬਜ਼ਾਦੇ ਦੇ ਮਨ ਵਿੱਚ ਵੀ ਉਤਸ਼ਾਹ ਉਤਪੰਨ ਹੋਇਆ ਤਾਂ ਉਨ੍ਹਾਂ ਨੇ ਵੀ ਗੁਰੂ-ਪਿਤਾ ਨੂੰ ਬੇਨਤੀ ਕੀਤੀ, 'ਦਿਹੋ ਆਗਿਆ ਪਿਤਾ ਜੀ ਮੇਰੇ ਤਾਈਂ, ਜਾਵਾਂ ਜੰਗ ਅੰਦਰ ਲਲਕਾਰ ਕਰ ਕੇ।' ਇਹ ਬੇਨਤੀ ਸੁਣ ਕੇ ਗੁਰੂ ਜੀ ਖ਼ੁਸ਼ ਹੋਏ ਅਤੇ ਉਨ੍ਹਾਂ ਨੂੰ ਵੀ ਜੰਗ ਦੇ ਮੈਦਾਨ ਵਿੱਚ ਜਾਣ ਦੀ ਇਜਾਜ਼ਤ ਦੇ ਦਿੱਤੀ। ਚਮਕੌਰ ਦੀ ਜੰਗ ਦਾ ਮਹੱਤਵ ਇਸ ਕਾਰਨ ਨਹੀਂ ਕਿ ਭੋਜਨ ਅਤੇ ਅਸਲੇ ਤੋਂ ਵਿਹੀਨ ਚਾਲੀ ਸਿੰਘਾਂ, ਦੋਵਾਂ ਸਾਹਿਬਜ਼ਾਦਿਆਂ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਦੁਸ਼ਮਣ ਫੌਜ ਦਾ ਬੇਮਿਸਾਲ ਬਹਾਦਰੀ ਨਾਲ ਮੁਕਾਬਲਾ ਕੀਤਾ, ਸਗੋਂ ਇੱਕ ਬਾਪ ਵੱਲੋਂ ਆਪਣੇ ਜਿਗਰ ਦੇ ਟੋਟਿਆਂ ਨੂੰ ਸਾਹਮਣੇ ਖੜ੍ਹੀ ਮੌਤ ਵੱਲ ਆਪ ਤੋਰ ਕੇ ਹਉਕੇ ਲੈਣ ਦੀ ਥਾਂ ਵਾਹਿਗੁਰੂ ਦਾ ਸ਼ੁਕਰਾਨਾ ਕਰਨ ਕਰਕੇ ਵੀ ਹੈ। ਇਨ੍ਹਾਂ ਦੋਵਾਂ ਸਾਹਿਬਜ਼ਾਦਿਆਂ ਦੀ ਜੰਗ ਦੇ ਮੈਦਾਨ ਵਿੱਚ ਸ਼ਹੀਦੀ ਤੋਂ ਕੁੱਝ ਹੀ ਦਿਨ ਪਿੱਛੋਂ ਸਰਹੰਦ ਦਾ ਸਾਕਾ ਵਰਤਿਆ। ਸਰਸਾ ਨਦੀ 'ਤੇ ਗੁਰੂ ਜੀ ਦੇ ਮੁੱਖ ਜਥੇ ਤੋਂ ਵਿਛੜੀ ਮਾਤਾ ਗੁਜਰੀ, ਸਿਆਲ ਦੀ ਠੰਢੀ ਠਾਰ ਰਾਤ ਵਿੱਚ ਵਗ ਰਹੀ ਠੱਕੇ ਦੀ ਹਵਾ, ਨਦੀ ਪਾਰ ਕਰਨ ਸਮੇਂ ਭਿੱਜੇ ਕੱਪੜੇ ਅਤੇ ਚਾਰ-ਚੁਫੇਰੇ ਹਰਲ-ਹਰਲ ਕਰਦੇ ਦੁਸ਼ਮਣਾਂ ਤੋਂ ਬਾਲਾਂ ਨੂੰ ਬਚਾ ਕੇ ਕਿਸੇ ਸੁਰੱਖਿਅਤ ਟਿਕਾਣੇ ਲੈ ਜਾਣ ਬਾਰੇ ਸੋਚ ਹੀ ਰਹੀ ਸੀ ਕਿ ਗੁਰੂ ਘਰ ਦਾ ਰਸੋਈਆ ਗੰਗੂ ਆ ਗਿਆ। ਉਸ ਨੇ ਮਾਤਾ ਗੁਜਰੀ ਨੂੰ ਧਰਵਾਸ ਦਿੰਦਿਆਂ ਆਖਿਆ, 'ਏਥੋਂ ਥੋੜ੍ਹੇ ਹੀ ਕੋਹਾਂ 'ਤੇ ਪਿੰਡ ਮੇਰਾ, ਓਹ ਤਾਂ ਸਮਝ ਤੂੰ ਆਪਣਾ ਘਰ ਮਾਈ।' ਡੁੱਬਦੇ ਨੂੰ ਤਿਣਕੇ ਦਾ ਸਹਾਰਾ, ਮਾਤਾ ਗੁਜਰੀ ਨੇ ਉਸ ਨਾਲ ਜਾਣ ਦੀ ਸਹਿਮਤੀ ਦੇ ਦਿੱਤੀ। ਮਾਤਾ ਗੁਜਰੀ ਕੋਲ ਦੌਲਤ ਵੇਖ ਕੇ ਗੰਗੂ ਦਾ ਮਨ ਬੇਈਮਾਨ ਹੋ ਗਿਆ। ਘਰ ਪਹੁੰਚ ਕੇ ਉਸ ਨੇ ਪਹਿਲਾਂ ਧਨ ਕਾਬੂ ਕੀਤਾ ਅਤੇ ਫਿਰ ਉਨ੍ਹਾਂ ਬਾਰੇ ਮੋਰਿੰਡੇ ਦੇ ਮੁਗ਼ਲ ਹਾਕਮ ਪਾਸ ਜਾ ਮੁਖਬਰੀ ਕੀਤੀ। ਮੋਰਿੰਡੇ ਦੇ ਹਾਕਮਾਂ ਨੇ ਮਾਤਾ ਗੁਜਰੀ ਜੀ ਅਤੇ ਦੋਵਾਂ ਬਾਲ ਸਾਹਿਬਜ਼ਾਦਿਆਂ ਨੂੰ ਸੂਬਾ ਸਰਹੰਦ ਕੋਲ ਪਹੁੰਚਾਉਣ ਵਿੱਚ ਦੇਰ ਨਾ ਲਾਈ। ਚਮਕੌਰ ਦੀ ਗੜ੍ਹੀ ਵਿਚੋਂ ਨਿਕਲ ਕੇ ਮਾਲਵੇ ਵੱਲ ਨੂੰ ਜਾ ਰਹੇ ਗੁਰੂ ਗੋਬਿੰਦ ਸਿੰਘ ਦਾ ਪਿੱਛਾ ਕਰਨਾ ਛੱਡ ਕੇ ਵਜ਼ੀਰ ਖਾਂ ਸੂਬਾ ਸਰਹੰਦ ਰਾਜਧਾਨੀ ਪਰਤਿਆ ਤਾਂ ਅਗਲੇ ਦਿਨ ਸਾਹਿਬਜ਼ਾਦਿਆਂ ਨੂੰ ਕਚਹਿਰੀ ਵਿੱਚ ਪੇਸ਼ ਕਰਨ ਦਾ ਹੁਕਮ ਹੋਇਆ। ਸਾਹਿਬਜ਼ਾਦਿਆਂ ਉਪਰ ਮੁਸਲਮਾਨ ਬਣਨ ਲਈ ਜ਼ੋਰ ਪਾਇਆ ਗਿਆ ਪਰ ਉਹ ਨਾ ਮੰਨੇ। ਫਿਰ ਲਾਲਚ ਦਿੱਤੇ ਗਏ ਪਰ ਫਿਰ ਵੀ ਦੋਵਾਂ ਸਾਹਿਬਜ਼ਾਦਿਆਂ ਨੂੰ ਧਰਮ ਪਰਿਵਰਤਨ ਲਈ ਮਨਾ ਨਾ ਸਕੇ।ਆਖਰ ਦੋਵਾਂ ਸਾਹਿਬਜ਼ਾਦਿਆਂ ਨੂੰ ਦੀਵਾਰ ਵਿੱਚ ਚਿਣਵਾ ਦਿੱਤਾ ਗਿਆ। ਸ਼ਹੀਦੀ ਮੌਕੇ ਸਾਹਿਬਜ਼ਾਦਿਆਂ ਦੀ ਉਮਰ ਕ੍ਰਮਵਾਰ ਨੌਂ ਸਾਲ ਅਤੇ ਸੱਤ ਸਾਲ ਸੀ ਅਤੇ ਇਉਂ ਉਹ ਵਿਸ਼ਵ ਦੇ ਸਭ ਤੋਂ ਛੋਟੀ ਉਮਰ ਦੇ ਸ਼ਹੀਦ ਹੋਏ ਹਨ। ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਦੁਖਦਾਈ ਸੂਚਨਾ ਮਿਲੀ ਤਾਂ ਮਾਤਾ ਗੁਜਰੀ ਦੇ ਪ੍ਰਾਣ ਪੰਖੇਰੂ ਵੀ ਉਡਾਰੀ ਮਾਰ ਗਏ। ਚਮਕੌਰ ਸਾਹਿਬ ਅਤੇ ਸਰਹਿੰਦ ਵਿੱਚ ਵਾਪਰੀਆਂ ਇਨ੍ਹਾਂ ਦੋਵਾਂ ਅਦੁੱਤੀ ਘਟਨਾਵਾਂ ਦੀ ਮਹੱਤਤਾ ਦ੍ਰਿੜਾਉਣ ਲਈ ਵਿਦਵਾਨ ਖੋਜੀ ਕਾਫਿਰ ਵੱਲੋਂ ਆਪਣੀ ਪੁਸਤਕ 'ਸਿੱਖ ਇਤਿਹਾਸਕਾਰੀ ਵਿੱਚ ਤੁਕਾਕਾਰੀ' ਵਿੱਚ ਲਿਖੇ ਇਹ ਸ਼ਬਦ ਵਿਚਾਰਨਯੋਗ ਹਨ, 'ਅਨੰਦਪੁਰ ਛੱਡਣ ਤੋਂ ਲੈ ਕੇ ਚਮਕੌਰ ਅਤੇ ਸਰਹਿੰਦ ਵਾਲੇ ਸਾਕੇ, ਇਕ ਹਫ਼ਤੇ ਦੇ ਬੜੇ ਸੰਖੇਪ ਸਮੇਂ 'ਚ ਵਾਪਰਦੇ ਆ, ਮਗਰ ਸਾਕਿਆਂ 'ਚ ਸਮੋਇਆ ਇਤਿਹਾਸ ਸੰਖੇਪ ਨਹੀਂ, ਸਗੋਂ ਅਤਿ ਵਿਸ਼ਾਲ ਏ-ਸੰਘਣਾ ਵੀ। ਸੰਸਾਰ ਦੇ ਇਤਿਹਾਸ ਦੇ ਸੰਦਰਭ ਨਾਤੇ ਵੀ, ਖਾਸ ਕਰ ਕੇ ਚਮਕੌਰ ਦੀ ਅਜੋੜ ਜੰਗ ਅਤੇ ਸਰਹਿੰਦ ਵਿਚਲੀ ਸ਼ਹੀਦੀ ਦਾ ਤੋੜ, ਸ਼ਾਇਦ, ਕਿਧਰੇ ਨਹੀਂ ਮਿਲਦਾ।'(ਪੰਨਾ 69)

# ਕੁਰਬਾਨੀਆਂ ਦੀ ਮਿਸਾਲ: ਸਾਕਾ ਸਰਹਿੰਦ

ਰਣਦੀਪ ਕੌਰ ਪੰਧੇਰ
ਸ੍ਰੀ ਫ਼ਤਿਹਗੜ੍ਹ ਸਾਹਿਬ

ਸਿੱਖ ਇਤਿਹਾਸ ਕੁਰਬਾਨੀਆਂ ਦੀ ਮਿਸਾਲ ਹੈ। ਸ਼ਹੀਦ ਕਿਸੇ ਵੀ ਕੌਮ ਦਾ ਸਰਮਾਇਆ ਹੁੰਦੇ ਹਨ ਤੇ ਸਿੱਖ ਧਰਮ ਸ਼ਹੀਦਾਂ ਦੇ ਲਹੂ ਭਿੱਜੇ ਇਤਿਹਾਸ ਦੀ ਲੰਮੀ ਗਾਥਾ ਹੈ।ਸਿੱਖਾਂ ਦੇ ਦਸਮ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਚਾਰ ਸਾਹਿਬਜ਼ਾਦੇ ਵੀ ਇਸੇ ਸ਼ਹੀਦੀ ਰੂਪੀ ਮਾਲਾ ਦੇ ਅਹਿਮ ਮਣਕੇ ਹਨ ਜਿਨ੍ਹਾਂ ਦੀ ਮਿਸਾਲ ਸੰਸਾਰ ਵਿਚ ਕਿਤੇ ਨਹੀਂ ਮਿਲਦੀ।ਸਭ ਤੋਂ ਪਹਿਲਾਂ ਸਿੱਖ ਸਾਹਿਤ ਵਿੱਚ ਚਾਰ ਸਾਹਿਬਜ਼ਾਦਿਆਂ ਸਬੰਧੀ ਇਤਿਹਾਸਿਕ ਪੱਖ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਔਰੰਗਜ਼ੇਬ ਨੂੰ ਲਿਖੇ ਖ਼ਤ 'ਜ਼ਫ਼ਰਨਾਮਾ'ਵਿੱਚੋਂ ਮਿਲਦਾ ਹੈ ਕਿ:

'ਚਿਹਾ ਸ਼ੁਦ ਕਿ ਚੂੰ ਬੱਚਗਾ ਕਸ਼ਤਹ ਚਾਰ, ਕੀ ਬਾਕੀ ਬਮਾਂਦਸਤ ਪੇਚੀਦਹ ਮਾਰ'

ਗੁਰੂ ਸਾਹਿਬ ਲਿਖਦੇ ਹਨ ਕਿ 'ਐ ਔਰੰਗਜ਼ੇਬ ਤੂੰ ਮੇਰੇ ਚਾਰ ਪੁੱਤਰ ਖ਼ਤਮ ਕਰ ਦਿੱਤੇ ਹਨ, ਪਰ ਤੂੰ ਯਾਦ ਰੱਖ ਕੇ ਤੇਰੀ ਜ਼ੁਲਮੀ ਸਲਤਨਤ ਨੂੰ ਖਤਮ ਕਰਨ ਵਾਲਾ ਕੁੰਡਲਾਂ ਵਾਲਾ ਨਾਗ ਹਾਲੇ ਬਾਕੀ ਹੈ,ਜੋ ਤੇਰੀ ਸਲਤਨਤ ਨੂੰ ਖ਼ਤਮ ਕਰਕੇ ਹੀ ਦਮ ਲਵੇਗਾ। ਦਸਮ ਪਿਤਾ ਦੇ ਪਰਿਵਾਰ ਦੀ ਸ਼ਹੀਦੀ ਗਾਥਾ ਦੀ ਮਿਸਾਲ ਪੂਰੇ ਸੰਸਾਰ ਵਿੱਚ ਕਿਤੇ ਵੀ ਨਹੀਂ ਮਿਲਦੀ ਜਿੱਥੇ ਕਿਸੇ ਨੇ ਦੂਜੇ ਦੀ ਧਰਮ ਦੀ ਰੱਖਿਆ ਖਾਤਰ ਬਲੀਦਾਨ ਦਿੱਤਾ ਹੋਵੇ। ਗੁਰੂ ਪਿਤਾ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਸਾਹਿਬ ਇਸ ਦੀ ਲਾਸਾਨੀ ਮਿਸਾਲ ਹਨ। ਜਿਹੜਾ ਗੁਰੂ ਪੂਰੀ ਕੌਮ ਨੂੰ ਇਹ ਸੰਦੇਸ਼ ਦਿੰਦਾ ਹੋਵੇ ਕਿ;

ਭੈ ਕਾਹੂ ਕੋ ਦੇਤ ਨਹਿ ਨਹਿ ਭੈ ਮਾਨਤ ਆਨ'

ਭਾਵ ਮੇਰੇ ਸਿੱਖ ਨਾ ਹੀ ਕਿਸੇ ਨੂੰ ਡਰਾਉਂਦੇ ਹਨ ਅਤੇ ਨਾ ਹੀ ਕਿਸੇ ਤੋਂ ਡਰਦੇ ਹਨ, ਫਿਰ ਉਨ੍ਹਾਂ ਦੇ ਪੋਤੇ ਜ਼ੁਲਮ ਅੱਗੇ ਕਿੰਜ ਝੁਕ ਸਕਦੇ ਸੀ। ਜਿਸ ਪੁੱਤਰ ਨੇ ਨਿੱਕੀ ਉਮਰੇ ਹੀ ਆਪਣੇ ਪਿਓ ਨੂੰ ਇਹ ਕਹਿ ਕੇ ਮਜ਼ਲੂਮਾਂ ਦੀ ਮਦਦ ਲਈ ਤੋਰਿਆ ਕਿ ਤੁਹਾਡੇ ਤੋਂ ਮਹਾਨ ਮਨੁੱਖ ਕੁਰਬਾਨੀ ਲਈ ਹੋਰ ਕੋਈ ਨਹੀਂ, ਉਸ ਗੁਰੂ ਗੋਬਿੰਦ ਦੇ ਇਹ ਲਾਲ ਔਰੰਗਜ਼ੇਬ ਦੀ ਪਾਪੀ ਹਕੂਮਤ ਅੱਗੇ ਹਿੱਕ ਤਾਣ ਕੇ ਖੜ੍ਹ ਗਏ।ਸਾਕਾ ਸਰਹਿੰਦ ਇਕ ਅਜਿਹੀ ਘਟਨਾ ਹੈ ਜਿਸ ਨੇ ਸਿੱਖਾਂ ਤੇ ਹੀ ਨਹੀਂ ਬਲਕਿ ਪੂਰੇ ਜਗਤ ਤੇ ਡੂੰਘੀ ਛਾਪ ਛੱਡੀ ਹੈ। ਜੇ ਇਸ ਸਾਕੇ ਦੀ ਗੱਲ ਕਰੀਏ ਤਾਂ ਦਸਮੇਸ਼ ਪਿਤਾ ਦੇ ਲਾਲਾਂ ਦੀ ਅਦੁੱਤੀ ਸ਼ਹਾਦਤ ਦਾ ਇਤਿਹਾਸ ਵਿੱਚ ਸਭ ਤੋਂ ਉਭਰਵਾਂ ਸਥਾਨ ਹੈ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਘਟਨਾ ਦੇ ਲੜੀਵਾਰ ਢੰਗ ਨਾਲ ਵੇਖੀਏ ਤਾਂ ਪਿਛੋਕੜ ਦਾ ਜ਼ਿਕਰ ਕਰਨਾ ਲਾਜ਼ਮੀ ਹੈ।ਜਦੋਂ ਸਾਹਿਬ ਏ ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਗੁਰੂਤਾ ਗੱਦੀ ਤੇ ਬਿਠਾਇਆ ਗਿਆ ਤਾਂ ਉਨ੍ਹਾਂ ਦੀ ਉਮਰ ਨੌਂ ਸਾਲਾਂ ਤੋਂ ਵੀ ਘੱਟ ਸੀ। ਹਿੰਦ ਦੀ ਚਾਦਰ ਕਹਾਉਣ ਵਾਲੇ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਦਿੱਲੀ ਵਿਖੇ ਸ਼ਹੀਦ ਕਰ ਦਿੱਤਾ ਗਿਆ। 22 ਵਰ੍ਹਿਆਂ ਦੀ ਉਮਰ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਜੀਵਨ ਕਾਲ ਦੀ ਪਹਿਲੀ ਜੰਗ ਲੜੀ ਅਤੇ ਪਹਾੜੀ ਰਾਜਿਆਂ ਨੂੰ ਲੱਕ ਤੋੜਵੀਂ ਹਾਰ ਦਿੱਤੀ। ਫਿਰ ਸੰਨ 1699 ਵਿੱਚ ਖਾਲਸਾ ਪੰਥ ਦੀ ਸਾਜਨਾ ਕਰਕੇ ਦਸਮੇਸ਼ ਪਿਤਾ ਨੇ ਸਿੱਖਾਂ ਵਿੱਚ ਨਵੀਂ ਰੂਹ ਫੂਕੀ। ਖਾਲਸੇ ਦੇ ਜਨਮ ਨੇ ਸਿੱਖ ਇਤਿਹਾਸ ਨੂੰ ਇਕ ਨਵਾਂ ਮੋੜ ਦਿੱਤਾ ਅਤੇ ਸਮੁੱਚੇ ਭਾਰਤ ਨੂੰ ਨਵੀਂ ਦਿਸ਼ਾ ਦਿੱਤੀ ਖਾਲਸੇ ਦੀ ਸਥਾਪਨਾ ਤੋਂ ਲੱਗਭਗ ਦੋ ਵਰ੍ਹਿਆਂ ਉਪਰੰਤ ਲੜਾਈਆਂ ਦਾ ਦੌਰ ਸ਼ੁਰੂ ਹੋ ਗਿਆ। ਪਹਾੜੀ ਰਾਜਿਆਂ ਨੂੰ ਸੱਤਾ ਦਾ ਖਤਰਾ ਜਾਪਿਆ ਅਤੇ ਉਨ੍ਹਾਂ ਨੇ ਔਰੰਗਜ਼ੇਬ ਨੂੰ ਸ਼ਿਕਾਇਤ ਕੀਤੀ।ਔਰੰਗਜ਼ੇਬ ਨੇ ਅਨੰਦਪੁਰ ਸਾਹਿਬ ਤੇ ਹਮਲਾ ਕਰਨ ਦੇ ਹੁਕਮ ਦਿੱਤੇ। ਗੁਰੂ ਜੀ ਅਤੇ ਫ਼ੌਜਾਂ ਨੇ ਇਸ ਦਾ ਡੱਟ ਕੇ ਮੁਕਾਬਲਾ ਕੀਤਾ। ਔਰੰਗਜੇਬ ਨੇ ਕਿਲੇ ਅੰਦਰ ਰਾਸ਼ਨ ਪਾਣੀ ਜਾਣਾ ਬੰਦ ਕਰਵਾ ਦਿੱਤਾ। ਉਸ ਨੂੰ ਪਤਾ ਸੀ ਕਿ ਜ਼ਬਰਦਸਤੀ ਨਾਲ ਕਿਲ੍ਹਾ ਖਾਲੀ ਨਹੀਂ ਕਰਵਾਇਆ ਜਾ ਸਕਦਾ ਤਾਂ ਮੁਗ਼ਲ ਅਤੇ ਪਹਾੜੀ ਫੌਜਾਂ ਨੇ ਗਊ ਅਤੇ ਕੁਰਾਨ ਏ ਪਾਕ ਦੀਆਂ ਕਸਮਾਂ ਖਾਧੀਆਂ ਕਿ ਕਿਲ੍ਹਾ ਛੱਡਣ ਤੇ ਕਿਸੇ ਸਿੱਖ ਨੂੰ ਕੁਝ ਨਹੀਂ ਕਿਹਾ ਜਾਵੇਗਾ। ਗੁਰੂ ਜੀ ਨੂੰ ਪਤਾ ਸੀ ਕਿ ਉਹ ਕਸਮਾਂ ਤੇ ਕਿੰਨਾ ਖਰਾ ਉਤਰਨਗੇ ਪਰ ਉਨ੍ਹਾਂ ਨੇ ਧਾਰਮਿਕ ਚਿੰਨ੍ਹਾਂ ਦੇ ਸਨਮਾਨ ਨੂੰ ਵੇਖਦਿਆਂ ਕਿਲ੍ਹਾ ਖਾਲੀ ਕਰਨ ਦਾ ਮਨ ਬਣਾ ਲਿਆ। ਅਨੰਦਪੁਰ ਸਾਹਿਬ ਛੱਡਣ ਤੇ ਗੁਰੂ ਸਾਹਿਬ ਨਾਲ 1500 ਸਿੰਘਾਂ ਦਾ ਕਾਫ਼ਿਲਾ ਸੀ।ਜਦੋਂ ਇਹ ਕਾਫਲਾ ਸਰਸਾ ਨਦੀ ਕੋਲ ਪਹੁੰਚਿਆ ਤਾਂ ਮੁਗਲ ਫੌਜਾਂ ਨੇ ਗਊ ਅਤੇ ਕੁਰਾਨ ਦੀਆਂ ਕਸਮਾਂ ਤੋੜ ਕੇ ਕਾਫਲੇ ਤੇ ਹਮਲਾ ਬੋਲ ਦਿੱਤਾ। ਸਰਸਾ ਨਦੀ ਵਿਚ ਹੜ੍ਹ ਆਇਆ ਹੋਇਆ ਸੀ। ਇੱਕ ਪਾਸੇ ਸ਼ੂਕਦੀ ਸਰਸਾ ਨਦੀ ਤੇ ਦੂਜੇ ਪਾਸੇ ਉੱਚੇ ਪਹਾੜ ਪਰ ਗੁਰੂ ਸਾਹਿਬ ਨੇ ਈਨ ਨਾ ਮੰਨੀ ਉਨ੍ਹਾਂ ਨੇ ਡੱਟ ਕੇ ਮੁਗਲਾਂ ਦਾ ਸਾਹਮਣਾ ਕੀਤਾ।ਕੁਝ ਸਿੰਘਾਂ ਨੇ ਹਿੰਮਤ ਦਿਖਾਈ ਅਤੇ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਨਦੀ ਵਿੱਚੋਂ ਪਾਰ ਲੈ ਗਏ। ਸਰਸਾ ਨਦੀ ਪਾਰ ਕਰਨ ਉਪਰੰਤ ਸਿੱਖ ਹਾਲੇ ਇਕੱਠੇ ਵੀ ਨਹੀਂ ਸਨ ਹੋਏ ਕਿ ਰੋਪੜ ਦੇ ਰੰਗੜਾਂ ਨੇ ਧਾਵਾ ਬੋਲ ਦਿੱਤਾ। ਬੇਸ਼ੱਕ ਉਹ ਸਾਹਿਬ ਏ ਕਮਾਲ ਅੱਗੇ ਛੇਤੀ ਹੀ ਮੈਦਾਨ ਛੱਡ ਗਏ, ਪਰ ਮਾਤਾ ਗੁਜਰੀ ਜੀ ਤੇ ਸਾਹਿਬਜ਼ਾਦੇ ਗੁਰੂ ਜੀ ਤੋਂ ਵਿਛੜ ਗਏ। ਚਮਕੌਰ ਸਾਹਿਬ ਪਹੁੰਚ ਕੇ ਗੁਰੂ ਜੀ ਨੇ ਇਤਿਹਾਸ ਦੀ ਬੇਜੋੜ ਜੰਗ ਲੜੀ ਤੇ ਇਸ ਜੰਗ ਵਿੱਚ ਵੱਡੇ ਸਾਹਿਬਜ਼ਾਦੇ ਸਾਹਿਬਜ਼ਾਦਾ ਅਜੀਤ ਸਿੰਘ ਤੇ ਸਾਹਿਬਜ਼ਾਦਾ ਜੁਝਾਰ ਸਿੰਘ ਸ਼ਹੀਦ ਹੋ ਗਏ, ਅਤੇ ਤਿੰਨ ਪਿਆਰੇ ਭਾਈ ਸਾਹਿਬ ਸਿੰਘ, ਹਿੰਮਤ ਸਿੰਘ ਤੇ ਮੋਹਕਮ ਸਿੰਘ ਵੀ ਰਣਭੂਮੀ ਦੀ ਭੇਟ ਚੜ੍ਹੇ। ਉਧਰ ਮਾਤਾ ਗੁਜਰੀ ਜੀ ਤੇ ਛੋਟੇ ਸਾਹਿਬਜ਼ਾਦੇ ਰਸੋਈਏ ਗੰਗੂ ਬ੍ਰਾਹਮਣ ਦੇ ਨਾਲ ਉਸ ਦੇ ਪਿੰਡ ਸਹੇੜੀ ਪਹੁੰਚੇ। ਮਾਤਾ ਜੀ ਕੋਲ ਧਨ ਵੇਖ ਕੇ ਉਸ ਦੀ ਨੀਅਤ ਫਿੱਟ ਗਈ ਅਤੇ ਉਸ ਨੇ ਰਾਤ ਨੂੰ ਗਹਿਣੇ ਅਤੇ ਧਨ ਚੋਰੀ ਕਰ ਲਿਆ ਅਤੇ ਮੋਰਿੰਡਾ ਦੇ ਕੋਤਵਾਲ ਨੂੰ ਉਨ੍ਹਾਂ ਬਾਰੇ ਦੱਸ ਦਿੱਤਾ। ਸਾਹਿਬਜ਼ਾਦਿਆਂ ਨੂੰ ਉਨ੍ਹਾਂ ਨੇ ਸੂਬਾ ਸਰਹਿੰਦ ਦੇ ਹਵਾਲੇ ਕਰ ਦਿੱਤਾ।

ਉਦੋਂ ਹੀ ਉਨ੍ਹਾਂ ਨੂੰ ਪੋਹ ਦੀ ਹੱਡ ਚੀਰਵੀਂ ਠੰਢ ਵਿੱਚ, ਠੰਢੀ ਰਾਤ ਵਿੱਚ ਠੰਢੇ ਬੁਰਜ ਵਿੱਚ ਨਜ਼ਰਬੰਦ ਕੀਤਾ ਗਿਆ। ਗੁਰੂ ਘਰ ਦੇ ਇੱਕ ਸ਼ਰਧਾਲੂ ਬਾਬਾ ਮੋਤੀ ਰਾਮ ਮਹਿਰਾ ਨੇ ਨਾਟਕੀ ਢੰਗ ਨਾਲ ਬੁਰਜ ਵਿੱਚ ਦਾਖ਼ਲ ਹੋ ਕੇ ਉਨ੍ਹਾਂ ਨੂੰ ਦੁੱਧ ਛਕਾਇਆ ਤਾਂ ਹੀ ਅੱਜ ਉਨ੍ਹਾਂ ਦਾ ਨਾਮ ਇਤਿਹਾਸ ਵਿੱਚ ਸੁਨਹਿਰੀ ਅੱਖਰਾਂ ਵਿੱਚ ਦਰਜ ਹੈ।ਸੂਬਾ ਸਰਹਿੰਦ ਨੇ ਚੜ੍ਹਦੀ ਸਵੇਰ ਸਾਹਿਬਜ਼ਾਦਿਆਂ ਨੂੰ ਕਚਹਿਰੀ ਵਿੱਚ ਪੇਸ਼ ਕਰਨ ਦਾ ਹੁਕਮ ਦਿੱਤਾ। ਸਾਹਿਬਜ਼ਾਦੇ ਚੜ੍ਹਦੀ ਕਲਾ ਨਾਲ ਕਚਹਿਰੀ ਵਿੱਚ ਪੇਸ਼ ਹੋਏ। ਸੂਬੇ ਨੇ 'ਪੈਂਦੀ ਸੱਟੇ' ਝੂਠ ਬੋਲਿਆ ਕਿ ਤੁਹਾਡੇ ਪਿਤਾ ਚਮਕੌਰ ਦੀ ਜੰਗ ਵਿੱਚ ਸ਼ਹੀਦ ਹੋ ਚੁੱਕੇ ਹਨ ਜੇ ਤੁਸੀਂ ਆਪਣੀ ਜਾਨ ਦੀ ਸਲਾਮਤੀ ਚਾਹੁੰਦੇ ਹੋ ਤਾਂ ਇਸਲਾਮ ਕਬੂਲ ਕਰ ਲਵੋ ਪਰ ਸਾਹਿਬਜ਼ਾਦਿਆਂ ਨੂੰ ਫ਼ਾਨੀ ਦੇਹ ਨਾਲੋਂ ਧਰਮ ਜ਼ਿਆਦਾ ਪਿਆਰਾ ਸੀ। ਉਨ੍ਹਾਂ ਨੇ ਇਸ ਗੱਲ ਤੋਂ ਸਾਫ ਇਨਕਾਰ ਕਰ ਦਿੱਤਾ।ਸੂਬੇ ਨੇ ਦੁਨਿਆਵੀ ਲਾਲਚਾਂ ਦਾ ਚੋਗਾ ਸੁੱਟਿਆ। ਠਾਠ ਬਾਠ ਦੀ ਜ਼ਿੰਦਗੀ ਦੇ ਸਬਜ਼ਬਾਗ ਦਿਖਾਏ, ਪਰ ਸਾਹਿਬਜ਼ਾਦੇ ਟੱਸ ਤੋਂ ਮੱਸ ਨਾ ਹੋਏ। ਅਗਲੀ ਸਵੇਰ ਫਿਰ ਉਨ੍ਹਾਂ ਨੂੰ ਕਚਹਿਰੀ ਵਿੱਚ ਪੇਸ਼ ਕੀਤਾ ਗਿਆ, ਤੇ ਫਿਰ ਉਨ੍ਹਾਂ ਨੂੰ ਚੜ੍ਹਦੀ ਕਲਾ ਵਿੱਚ ਵੇਖ ਕੇ ਸੂਬਾ ਅੱਗ ਵਰੋਲਾ ਹੋ ਗਿਆ। ਉਹ ਵਾਹ ਨਾ ਚੱਲਦੀ ਵੇਖ ਕੇ ਸਾਹਿਬਜ਼ਾਦਿਆਂ ਨੂੰ ਡਰਾਉਣ ਧਮਕਾਉਣ ਲੱਗਾ, ਪਰ ਸਾਹਿਬਜਾਦੇ ਅਡੋਲ ਰਹੇ ਅਤੇ ਸੂਬੇ ਨੇ ਸਜ਼ਾ ਏ ਮੌਤ ਦਾ ਫੈਸਲਾ ਸੁਣਾ ਦਿੱਤਾ।ਕਾਜ਼ੀ ਨੂੰ ਭਰੋਸੇ ਵਿੱਚ ਲੈਂਦਿਆਂ ਸਾਹਿਬਜ਼ਾਦਿਆਂ ਨੂੰ ਜ਼ਿੰਦਾ ਦੀਵਾਰ ਵਿੱਚ ਚੜ੍ਹਨ ਦਾ ਹੁਕਮ ਸੁਣਾਇਆ ਗਿਆ। ਨਵਾਬ ਮਾਲੇਰਕੋਟਲਾ ਨੇ ਇਸ ਫੈਸਲੇ ਨੂੰ ਰੱਦ ਕਰਨ ਦਾ ਸੁਝਾਅ ਦਿੱਤਾ ਪਰ ਉਸ ਪਵਿੱਤਰ ਆਵਾਜ਼ ਨੂੰ ਅਣਸੁਣਿਆ ਕਰ ਦਿੱਤਾ ਗਿਆ।ਮੰਨਿਆ ਜਾਂਦਾ ਹੈ ਕਿ ਅਗਲੀ ਸਵੇਰ ਫਿਰ ਸਾਹਿਬਜ਼ਾਦਿਆਂ ਨੂੰ ਪੇਸ਼ ਕੀਤਾ ਗਿਆ, ਅਤੇ ਉਨ੍ਹਾਂ ਨੂੰ ਇੱਕ ਵਾਰ ਫਿਰ ਇਸਲਾਮ ਕਬੂਲ ਕਰਨ ਲਈ ਆਖਿਆ ਗਿਆ। ਸਭ ਤਰ੍ਹਾਂ ਦੇ ਤਸੀਹੇ, ਲਾਲਚ, ਡਰਾਵੇ ਦਿੱਤੇ ਗਏ ਪਰ ਸਾਹਿਬਜ਼ਾਦੇ ਵੀ ਦਸਮੇਸ਼ ਪਿਤਾ ਦੇ ਲਾਲ ਸਨ, ਉਹ ਧਰਮ ਕਿਵੇਂ ਛੱਡ ਸਕਦੇ ਸਨ। ਸੂਬੇ ਦੇ ਹੁਕਮ ਨਾਲ ਜ਼ਲਾਦ ਸ਼ਾਸ਼ਲ ਬੇਗ ਤੇ ਬਾਸ਼ਲ ਬੇਗ ਨੇ ਬੇਰਹਿਮੀ ਨਾਲ ਮਾਸੂਮ ਜਿੰਦਾਂ ਨੂੰ ਜ਼ਿਬਾਹ ਕਰ ਦਿੱਤਾ ਅਤੇ ਛੋਟੇ ਸਾਹਿਬਜ਼ਾਦਿਆਂ ਨੇ ਸ਼ਹਾਦਤ ਪਾਈ।

ਸਾਕਾ ਸਰਹਿੰਦ ਬਾਰੇ ਹਕੀਮ ਅੱਲ੍ਹਾ ਯਾਰ ਖ਼ਾਂ ਜੋਗੀ 'ਸ਼ਹੀਦਾਨਿ ਵਫ਼ਾ' ਵਿੱਚ ਸਾਹਿਬਜ਼ਾਦਿਆਂ ਨੂੰ ਸ਼ਰਧਾਂਜਲੀ ਦਿੰਦੇ ਹੋਏ ਲਿਖਦੇ ਹਨ;

'ਹਮ ਜਾਨ ਦੇ ਕੇ ਔਰੋਂ ਕੀ ਜਾਨ ਬਚਾ ਚਲੇ
ਸਿੱਖੀ ਕੀ ਨੀਂਵ ਹਮ ਹੈਂ ਸਰੋਂ ਪਰ ਉਠਾ ਚਲੇ
ਗੁਰਿਆਈ ਕਾ ਹੈ ਕਿੱਸਾ ਜਹਾਂ ਮੇਂ ਬਨਾ ਚਲੇ
ਸਿੰਘੋਂ ਕੀ ਸਲਤਨਤ ਕਾ ਹੈ ਪੌਦਾ ਲਗਾ ਚਲੇ'




# ਆਮ ਲੋਕਾਂ ਨੂੰ ਜਾਗਰੂਕ ਕਰਕੇ ਕੀਤੀ ਜਾ ਸਕਦੀ ਹੈ ਵਾਤਾਵਰਣ ਦੀ ਸੁਰੱਖਿਆ





ਜਦੋਂ ਤੋਂ ਪ੍ਰਦੂਸ਼ਣ ਕਾਰਨ ਸਮੱਸਿਆਵਾਂ ਵਧੀਆਂ ਹਨ, ਕੇਂਦਰ ਅਤੇ ਰਾਜ ਸਰਕਾਰਾਂ ਨੇ ਆਪਣੇ ਪੱਧਰ ’ਤੇ ਇਸ ਤੋਂ ਛੁਟਕਾਰਾ ਪਾਉਣ ਲਈ ਕਦਮ ਚੁੱਕੇ ਹਨ। ਸਵਾਲ ਇਹ ਪੈਦਾ ਹੁੰਦਾ ਹੈ ਕਿ ਕੀ ਕੇਂਦਰ ਅਤੇ ਰਾਜ ਸਰਕਾਰਾਂ ਵੱਲੋਂ ਵਾਤਾਵਰਣ ਨੂੰ ਪ੍ਰਦੂਸ਼ਣ ਮੁਕਤ ਕਰਨ ਲਈ ਅਲਾਟ ਕੀਤੇ ਫ਼ੰਡਾਂ ਅਤੇ ਸਕੀਮਾਂ ਨਾਲ ਵਾਤਾਵਰਣ ਨੂੰ ਸਾਫ਼-ਸੁਥਰਾ ਬਣਾਇਆ ਜਾ ਸਕਦਾ ਹੈ?

ਇਹ ਕਹਿਣਾ ਮੁਸ਼ਕਿਲ ਹੈ ਕਿ ਪਿਛਲੇ ਤਿੰਨ ਦਹਾਕਿਆਂ ਵਿੱਚ ਮਨੁੱਖੀ ਸਭਿਅਤਾ ਦੀਆਂ ਸਾਰੀਆਂ ਗਤੀਵਿਧੀਆਂ ਅਤੇ ਵਿਕਾਸ ’ਤੇ ਵਾਤਾਵਰਣ ਪ੍ਰਦੂਸ਼ਣ ਦਾ ਕਿੰਨਾ ਪ੍ਰਭਾਵ ਪਿਆ ਹੈ। ਦਰਅਸਲ, ਇਹ ਇੱਕ ਅਜਿਹਾ ਧੀਮਾ ਜ਼ਹਿਰ ਹੈ ਜੋ ਸਾਡੀ ਸਿਹਤ ਅਤੇ ਹੋਰ ਕਈ ਗਤੀਵਿਧੀਆਂ ਨੂੰ ਪ੍ਰਭਾਵਿਤ ਕਰਦਾ ਹੈ। ਕੋਰੋਨਾ ਤੋਂ ਪਹਿਲਾਂ ਵਾਤਾਵਰਣ ਪ੍ਰਦੂਸ਼ਣ ਨੂੰ ਕਈ ਸਮੱਸਿਆਵਾਂ, ਸੰਕਟਾਂ, ਬਿਮਾਰੀਆਂ, ਵਿਕਾਸ ਵਿੱਚ ਰੁਕਾਵਟ, ਆਰਥਿਕ ਤਰੱਕੀ ਵਿੱਚ ਰੁਕਾਵਟ ਅਤੇ ਸਮੁੱਚੇ ਮਾਹੌਲ ਨੂੰ ਜ਼ਹਿਰੀਲਾ ਕਰਨ ਦਾ ਕਾਰਨ ਮੰਨਿਆ ਜਾਂਦਾ ਸੀ। ਇਸ ਦਾ ਇਹ ਮਤਲਬ ਨਹੀਂ ਹੈ ਕਿ ਵਾਤਾਵਰਣ ਪ੍ਰਦੂਸ਼ਣ ਦੇ ਪ੍ਰਭਾਵ, ਇਸ ਦੀਆਂ ਵਧਦੀਆਂ ਸਮੱਸਿਆਵਾਂ, ਸੰਕਟ, ਬਿਮਾਰੀਆਂ, ਮੌਸਮੀ ਚੱਕਰਾਂ ਵਿੱਚ ਤਬਦੀਲੀਆਂ ਅਤੇ ਹੋਰ ਅਣਗਿਣਤ ਸਮੱਸਿਆਵਾਂ ਨੂੰ ਤਰਜੀਹਾਂ ਦੀ ਸੂਚੀ ਵਿੱਚੋਂ ਹਟਾ ਦਿੱਤਾ ਜਾਣਾ ਚਾਹੀਦਾ ਹੈ।

2015 ਵਿੱਚ ਪੈਰਿਸ ਜਲਵਾਯੂ ਸਮਝੌਤੇ ਵਿੱਚ ਤੈਅ ਕੀਤੇ ਗਏ ਮਤਿਆਂ ਦੇ ਅਨੁਸਾਰ, ਭਾਰਤ ਵਾਤਾਵਰਣ ਦੀ ਸੁਰੱਖਿਆ ਅਤੇ ਤਰੱਕੀ ਲਈ ਲਗਾਤਾਰ ਯਤਨ ਕਰ ਰਿਹਾ ਹੈ। ਜੀ-20 ਦੇਸ਼ਾਂ ਵਿਚੋਂ ਭਾਰਤ ਇਕਲੌਤਾ ਅਜਿਹਾ ਦੇਸ਼ ਹੈ ਜੋ ਸਮਝੌਤੇ ਦੀ ਪਾਲਣਾ ਕਰ ਰਿਹਾ ਹੈ। ਇਸ ਵਿੱਚ ਜੰਗਲੀ ਖੇਤਰਾਂ ਨੂੰ ਬਚਾਉਣਾ ਅਤੇ ਵਧਾਉਣਾ ਸ਼ਾਮਲ ਹੈ। ਪਰ ਇਹ ਸਿਰਫ਼ ਇਹੀ ਨਹੀਂ ਹੈ। ਹਵਾ ਪ੍ਰਦੂਸ਼ਣ ਤੋਂ ਇਲਾਵਾ ਪਾਣੀ, ਸ਼ੋਰ, ਮਿੱਟੀ, ਅੱਗ ਅਤੇ ਅਤਿਅੰਤ ਰੌਸ਼ਨੀ ਪ੍ਰਦੂਸ਼ਣ ਵਰਗੀਆਂ ਸਮੱਸਿਆਵਾਂ ਵੀ ਹਨ, ਜਿਨ੍ਹਾਂ ਦੇ ਮਾੜੇ ਪ੍ਰਭਾਵਾਂ ਨੇ ਕਈ ਪੱਧਰਾਂ ’ਤੇ ਸਮੱਸਿਆਵਾਂ ਪੈਦਾ ਕੀਤੀਆਂ ਹਨ।

ਵਿਗਿਆਨੀਆਂ ਨੇ ਵਧਦੇ ਹਵਾ ਪ੍ਰਦੂਸ਼ਣ ਨੂੰ ਜਲਵਾਯੂ ਤਬਦੀਲੀ, ਵਧਦੀਆਂ ਬਿਮਾਰੀਆਂ, ਗਲੋਬਲ ਵਾਰਮਿੰਗ, ਸੁਨਾਮੀ ਅਤੇ ਧਰਤੀ ਦੇ ਵਧਦੇ ਤਾਪਮਾਨ ਦਾ ਮੁੱਖ ਕਾਰਨ ਮੰਨਿਆ ਹੈ। ਧਰਤੀ ਦੇ ਵਧਦੇ ਤਾਪਮਾਨ ਅਤੇ ਮੌਸਮੀ ਚੱਕਰ ਵਿੱਚ ਤਬਦੀਲੀਆਂ ਦਾ ਸਭ ਤੋਂ ਵੱਡਾ ਕਾਰਨ ਜ਼ਹਿਰੀਲੀ ਕਾਰਬਨ ਊਰਜਾ ਹੈ। ਸਾਡੇ ਦੇਸ਼ ਵਿੱਚ 2005 ਦੇ ਮੁਕਾਬਲੇ ਕਾਰਬਨ ਨਿਕਾਸ ਵਿੱਚ 21 ਫ਼ੀਸਦੀ ਦੀ ਕਮੀ ਆਈ ਹੈ, ਪਰ ਇਹ ਬਹੁਤ ਘੱਟ ਹੈ। ਦਿੱਲੀ, ਗੁਰੂਗ੍ਰਾਮ, ਆਗਰਾ, ਗਾਜ਼ੀਆਬਾਦ, ਕਾਨਪੁਰ ਅਤੇ ਹੋਰ ਸ਼ਹਿਰਾਂ ਵਿੱਚ ਲਗਾਤਾਰ ਹਵਾ ਪ੍ਰਦੂਸ਼ਣ ਦਾ ਮਤਲਬ ਹੈ ਕਿ ਵਾਤਾਵਰਣ ਦੀ ਬਿਹਤਰੀ ਲਈ ਹੋਰ ਪ੍ਰਭਾਵਸ਼ਾਲੀ ਕਦਮ ਚੁੱਕਣ ਦੀ ਲੋੜ ਹੈ।

ਵਾਤਾਵਰਣ ਵਿਗਿਆਨੀਆਂ ਅਨੁਸਾਰ 2040 ਤੱਕ ਦੇਸ਼ ਵਿੱਚ ਸਾਫ਼ ਊਰਜਾ ਦੀ ਮੰਗ ਅੱਜ ਦੇ ਮੁਕਾਬਲੇ ਤਿੰਨ ਗੁਣਾ ਵੱਧ ਜਾਵੇਗੀ। ਸਰਵੇਖਣ ਦੱਸਦੇ ਹਨ ਕਿ ਦੇਸ਼ ਦੇ ਕਈ ਰਾਜਾਂ ਵਿੱਚ ਯੂਰੀਆ, ਅਮੋਨੀਆ, ਜ਼ਿੰਕ ਸਲਫ਼ੇਟ ਅਤੇ ਕੀਟਨਾਸ਼ਕ ਬਣਾਉਣ ਵਾਲੀਆਂ ਫ਼ੈਕਟਰੀਆਂ ਹਨ, ਜਿਨ੍ਹਾਂ ਦੀਆਂ ਚਿਮਨੀਆਂ ਵਿੱਚੋਂ ਕਈ ਤਰ੍ਹਾਂ ਦੀਆਂ ਜ਼ਹਿਰੀਲੀਆਂ ਗੈਸਾਂ ਨਿਕਲਦੀਆਂ ਹਨ, ਜੋ ਵਾਤਾਵਰਨ ਨੂੰ ਬੁਰੀ ਤਰ੍ਹਾਂ ਨਾਲ ਵਿਗਾੜਦੀਆਂ ਹਨ। ਫ਼ੂਲਪੁਰ ਅਤੇ ਆਂਵਲਾ ਵਿੱਚ ਯੂਰੀਆ ਬਣਾਉਣ ਦੀਆਂ ਵੱਡੀਆਂ ਫ਼ੈਕਟਰੀਆਂ ਹਨ।

ਜਦੋਂ ਤੋਂ ਪ੍ਰਦੂਸ਼ਣ ਕਾਰਨ ਸਮੱਸਿਆਵਾਂ ਵਧੀਆਂ ਹਨ, ਉਦੋਂ ਤੋਂ ਕੇਂਦਰ ਅਤੇ ਰਾਜ ਸਰਕਾਰਾਂ ਨੇ ਇਸ ਤੋਂ ਛੁਟਕਾਰਾ ਪਾਉਣ ਲਈ ਕਦਮ ਚੁੱਕੇ ਹਨ। ਸਵਾਲ ਇਹ ਪੈਦਾ ਹੁੰਦਾ ਹੈ ਕਿ ਕੀ ਕੇਂਦਰ ਅਤੇ ਰਾਜ ਸਰਕਾਰਾਂ ਵੱਲੋਂ ਵਾਤਾਵਰਣ ਨੂੰ ਪ੍ਰਦੂਸ਼ਣ ਮੁਕਤ ਕਰਨ ਲਈ ਅਲਾਟ ਕੀਤੇ ਫ਼ੰਡਾਂ ਅਤੇ ਸਕੀਮਾਂ ਨਾਲ ਵਾਤਾਵਰਣ ਨੂੰ ਸਾਫ਼-ਸੁਥਰਾ ਬਣਾਇਆ ਜਾ ਸਕਦਾ ਹੈ? ਜ਼ਾਹਿਰ ਹੈ ਕਿ ਕੇਂਦਰ ਸਰਕਾਰ ਵੱਲੋਂ ਹਵਾ ਅਤੇ ਪਾਣੀ ਦੇ ਪ੍ਰਦੂਸ਼ਣ ਤੋਂ ਛੁਟਕਾਰਾ ਪਾਉਣ ਲਈ ਚੁੱਕੇ ਗਏ ਕਦਮਾਂ ਅਤੇ ਵਾਤਾਵਰਨ ਨੂੰ ਪ੍ਰਦੂਸ਼ਿਤ ਕਰਨ ਵਾਲੇ ਕਾਰਕਾਂ ਬਾਰੇ ਆਮ ਲੋਕਾਂ ਨੂੰ ਸਮਝਾਉਣ ਦੀ ਲੋੜ ਹੈ।

ਜਿੰਨਾ ਚਿਰ ਆਮ ਆਦਮੀ ਵਾਤਾਵਰਣ ਪ੍ਰਤੀ ਲਾਪਰਵਾਹ ਰਹਿੰਦਾ ਹੈ ਅਤੇ ਉੱਚੀ ਆਵਾਜ਼ ਰਾਹੀਂ ਹਵਾ, ਪਾਣੀ, ਮਿੱਟੀ ਅਤੇ ਵਾਯੂਮੰਡਲ ਵਿੱਚ ਸ਼ੋਰ ਪ੍ਰਦੂਸ਼ਣ ਪੈਦਾ ਕਰਦਾ ਰਹੇਗਾ, ਉਦੋਂ ਤੱਕ ਪ੍ਰਦੂਸ਼ਣ ਸਬੰਧੀ ਸਮੱਸਿਆਵਾਂ ਦਾ ਹੱਲ ਨਹੀਂ ਹੋ ਸਕਦਾ। ਸਿਰਫ਼ ਕਾਨੂੰਨ ਬਣਾਉਣ ਨਾਲ ਸਮੱਸਿਆ ਦਾ ਹੱਲ ਨਹੀਂ ਹੋਵੇਗਾ। ਇਸ ਲਈ ਵਿਗਿਆਨੀ ਆਮ ਲੋਕਾਂ ਨੂੰ ਵਾਤਾਵਰਣ ਪ੍ਰਤੀ ਜਾਗਰੂਕ ਕਰਨ ਦੀ ਸਲਾਹ ਦਿੰਦੇ ਰਹਿੰਦੇ ਹਨ। ਪਿਛਲੇ ਤੀਹ ਸਾਲਾਂ ਵਿੱਚ ਦਿੱਲੀ ਸਮੇਤ ਭਾਰਤ ਦੇ ਛੋਟੇ-ਵੱਡੇ ਸ਼ਹਿਰਾਂ, ਕਸਬਿਆਂ ਅਤੇ ਸ਼ਹਿਰਾਂ ਵਿੱਚ ਵੱਧ ਰਹੀਆਂ ਸਮੱਸਿਆਵਾਂ ਨੇ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਜੇਕਰ ਅਸੀਂ ਬਿਹਤਰ ਜੀਵਨ ਜਿਊਣਾ ਚਾਹੁੰਦੇ ਹਾਂ ਤਾਂ ਸਾਨੂੰ ਪ੍ਰਦੂਸ਼ਣ ਨੂੰ ਘੱਟ ਕਰਨਾ ਹੋਵੇਗਾ। ਲੋੜ ਇਸ ਗੱਲ ਦੀ ਹੈ ਕਿ ਅਸੀਂ ਆਪਣੇ ਹਿੱਤ ਅਤੇ ਵਾਤਾਵਰਣ ਨੂੰ ਪ੍ਰਦੂਸ਼ਿਤ ਕਰਨ ਵਾਲੇ ਤੱਤਾਂ ਦੀ ਵਰਤੋਂ ਘੱਟ ਤੋਂ ਘੱਟ ਕਰੀਏ ਅਤੇ ਦੂਜਿਆਂ ਨੂੰ ਵੀ ਇਸ ਬਾਰੇ ਜਾਗਰੂਕ ਕਰੀਏ। ਇਸ ਦਾ ਮਤਲਬ ਇਹ ਹੈ ਕਿ ਵਧਦੀ ਗੰਭੀਰ ਵਾਤਾਵਰਣ ਦੀਆਂ ਸਮੱਸਿਆਵਾਂ ਨੂੰ ਜ਼ਿੰਦਗੀ ਅਤੇ ਮੌਤ ਦੇ ਸਵਾਲ ਵਾਂਗ ਬਹੁਤ ਗੰਭੀਰਤਾ ਨਾਲ ਲੈਣਾ ਹੋਵੇਗਾ, ਤਾਂ ਹੀ ਸਾਡਾ ਵਾਤਾਵਰਣ ਸੁਰੱਖਿਅਤ ਹੋਵੇਗਾ ਅਤੇ ਅਸੀਂ ਵੀ ਸੁਰੱਖਿਅਤ ਰਹਾਂਗੇ।

# ਵਾਤਾਵਰਣ ’ਤੇ ਨਿਰਭਰ ਕਰਦੇ ਹਨ ਆਰਥਿਕ ਖ਼ੁਸ਼ਹਾਲੀ ਅਤੇ ਵਿਕਾਸ

ਜਦੋਂ ਆਰਥਿਕਤਾ ਤੇਜ਼ੀ ਨਾਲ ਵਿਕਾਸ ਦੀ ਸੰਭਾਵਨਾ ਨੂੰ ਵਿਕਸਤ ਕਰਦੀ ਹੈ, ਤਾਂ ਕਈ ਨਵੀਆਂ ਚੁਨੌਤੀਆਂ ਵੀ ਪੈਦਾ ਹੁੰਦੀਆਂ ਹਨ। ਆਰਥਿਕ ਵਿਕਾਸ ਅਤੇ ਟਿਕਾਊ ਵਿਕਾਸ ਦੇ ਦ੍ਰਿਸ਼ਟੀਕੋਣ ਤੋਂ, ਸਾਨੂੰ ਇਹ ਫ਼ੈਸਲਾ ਕਰਨਾ ਹੋਵੇਗਾ ਕਿ ਦੁਰਲੱਭ ਸਰੋਤਾਂ ਦੀ ਸਰਵੋਤਮ ਵਰਤੋਂ ਕਿਵੇਂ ਕੀਤੀ ਜਾਵੇਗੀ।

ਮਨੁੱਖ ਦੀ ਹੋਂਦ ਪੌਦਿਆਂ ਅਤੇ ਜਾਨਵਰਾਂ ਦੀ ਹੋਂਦ ’ਤੇ ਨਿਰਭਰ ਕਰਦੀ ਹੈ। ਅਸੀਂ ਆਪਣੇ ਆਲੇ-ਦੁਆਲੇ ਦੇ ਰੁੱਖਾਂ, ਪਾਣੀ, ਹਵਾ ਅਤੇ ਵੱਖ-ਵੱਖ ਕੁਦਰਤੀ ਕਾਰਕਾਂ ਨੂੰ ਵਾਤਾਵਰਨ ਵਜੋਂ ਜਾਣਦੇ ਹਾਂ। ਵਾਤਾਵਰਨ ਦਾ ਸਿੱਧਾ ਸਬੰਧ ਕੁਦਰਤ ਨਾਲ ਹੈ। ਸਾਡੇ ਵਾਤਾਵਰਨ ਵਿੱਚ ਸਾਨੂੰ ਵੱਖ-ਵੱਖ ਤਰ੍ਹਾਂ ਦੇ ਜਾਨਵਰ, ਰੁੱਖ, ਪੌਦੇ ਅਤੇ ਹੋਰ ਜੀਵਿਤ ਅਤੇ ਨਿਰਜੀਵ ਚੀਜ਼ਾਂ ਮਿਲਦੀਆਂ ਹਨ। ਇਹ ਸਭ ਮਿਲ ਕੇ ਵਾਤਾਵਰਨ ਬਣਾਉਂਦੇ ਹਨ। ਅੱਜ ਦੇ ਮਸ਼ੀਨੀ ਯੁੱਗ ਵਿੱਚ ਅਸੀਂ ਅਜਿਹੀ ਸਥਿਤੀ ਵਿੱਚੋਂ ਲੰਘ ਰਹੇ ਹਾਂ। ਅੱਜ ਲੋੜ ਹੈ ਵਾਤਾਵਰਨ ਨਾਲ ਸਬੰਧਿਤ ਉਪਲਬਧ ਗਿਆਨ ਨੂੰ ਵਿਹਾਰਕ ਬਣਾਉਣ ਦੀ ਤਾਂ ਜੋ ਆਮ ਜਨਤਾ ਸਮੱਸਿਆ ਨੂੰ ਆਸਾਨੀ ਨਾਲ ਸਮਝ ਸਕੇ। ਅਜਿਹੀ ਔਖੀ ਸਥਿਤੀ ਵਿੱਚ ਸਮਾਜ ਨੂੰ ਆਪਣੇ ਫ਼ਰਜ਼ਾਂ ਅਤੇ ਜ਼ਿੰਮੇਵਾਰੀਆਂ ਦਾ ਅਹਿਸਾਸ ਕਰਵਾਉਣਾ ਜ਼ਰੂਰੀ ਹੈ। ਇਸ ਤਰ੍ਹਾਂ ਸਮਾਜ ਵਿੱਚ ਵਾਤਾਵਰਣ ਪ੍ਰਤੀ ਜਾਗਰੂਕਤਾ ਪੈਦਾ ਕੀਤੀ ਜਾ ਸਕਦੀ ਹੈ। ਅਸਲ ਵਿੱਚ, ਦੋ ਭਾਗ, ਜੀਵਿਤ ਅਤੇ ਨਿਰਜੀਵ, ਮਿਲ ਕੇ ਕੁਦਰਤ ਦੀ ਸਿਰਜਣਾ ਕਰਦੇ ਹਨ।

ਜਦੋਂ ਆਰਥਿਕਤਾ ਤੇਜ਼ੀ ਨਾਲ ਵਿਕਾਸ ਦੀ ਸੰਭਾਵਨਾ ਨੂੰ ਵਿਕਸਤ ਕਰਦੀ ਹੈ, ਤਾਂ ਕਈ ਨਵੀਆਂ ਚੁਨੌਤੀਆਂ ਵੀ ਪੈਦਾ ਹੁੰਦੀਆਂ ਹਨ। ਆਰਥਿਕ ਵਿਕਾਸ ਅਤੇ ਟਿਕਾਊ ਵਿਕਾਸ ਦੇ ਦ੍ਰਿਸ਼ਟੀਕੋਣ ਤੋਂ, ਸਾਨੂੰ ਇਹ ਫ਼ੈਸਲਾ ਕਰਨਾ ਹੋਵੇਗਾ ਕਿ ਦੁਰਲੱਭ ਸਰੋਤਾਂ ਦੀ ਸਰਵੋਤਮ ਵਰਤੋਂ ਕਿਵੇਂ ਕੀਤੀ ਜਾਵੇਗੀ। ਇਹ ਸੁਝਾਅ ਦੇਣ ਲਈ ਬਹੁਤ ਸਾਰੇ ਸਬੂਤ ਹਨ ਕਿ ਅਜਿਹੀਆਂ ਨੀਤੀਆਂ ਸਮੁੱਚੀ ਮਨੁੱਖੀ ਭਲਾਈ ਨੂੰ ਵੀ ਘਟਾ ਸਕਦੀਆਂ ਹਨ। ਆਰਥਿਕ ਵਿਕਾਸ ਕੁਦਰਤੀ ਸਰੋਤਾਂ ਦੀ ਸਰਵੋਤਮ ਵਰਤੋਂ ’ਤੇ ਅਧਾਰਤ ਹੋਣਾ ਚਾਹੀਦਾ ਹੈ ਅਤੇ ਇਸ ਦੇ ਨਾਲ ਹੀ ਵਿਕਾਸ ਨੂੰ ਵਾਤਾਵਰਣ ਸੰਤੁਲਿਤ ਰੱਖਣਾ ਚਾਹੀਦਾ ਹੈ। ਵਾਤਾਵਰਣ ਅਤੇ ਕੁਦਰਤੀ ਸਰੋਤਾਂ ਦੀ ਸੰਭਾਲ ਕੀਤੇ ਬਿਨਾਂ ਗਰੀਬੀ ਦਾ ਖਾਤਮਾ ਅਤੇ ਟਿਕਾਊ ਖ਼ੁਸ਼ਹਾਲੀ ਪ੍ਰਾਪਤ ਨਹੀਂ ਕੀਤੀ ਜਾ ਸਕਦੀ। ਵਾਤਾਵਰਣ ਅਤੇ ਆਰਥਿਕ ਵਿਕਾਸ ਵਿੱਚ ਆਪਸੀ ਰਿਸ਼ਤਾ ਹੈ। ਵਾਤਾਵਰਣ ਅਤੇ



ਸਮਾਜਿਕ ਆਰਥਿਕ ਵਿਕਾਸ ਇੰਨੇ ਆਪਸ ਵਿੱਚ ਜੁੜੇ ਹੋਏ ਹਨ ਕਿ ਵਿਕਾਸ ਦੀ ਕਲਪਨਾ ਵੀ ਵਾਤਾਵਰਣ ਉੱਤੇ ਇਸ ਦੇ ਪ੍ਰਭਾਵ ਤੋਂ ਬਿਨਾਂ ਨਹੀਂ ਕੀਤੀ ਜਾ ਸਕਦੀ।

ਕੁਦਰਤੀ ਸਰੋਤ ਅਤੇ ਕੱਚੇ ਮਾਲ ਜਿਵੇਂ ਪਾਣੀ, ਲੱਕੜ ਅਤੇ ਖਣਿਜਾਂ ਦੀ ਵਰਤੋਂ ਉਦਯੋਗਿਕ ਉਤਪਾਦਨ ਵਿੱਚ ਕੀਤੀ ਜਾਂਦੀ ਹੈ ਅਤੇ ਇਸ ਕਾਰਨ ਉਦਯੋਗਿਕ ਵਿਕਾਸ ਵਾਤਾਵਰਣ ਨੂੰ ਨੁਕਸਾਨ ਪਹੁੰਚਾਉਣ ਦਾ ਕਾਰਨ ਬਣਦਾ ਹੈ। ਇਸ ਲਈ, ਸਥਿਰਤਾ ਲਈ ਵਾਤਾਵਰਣ ਸੁਰੱਖਿਆ ਅਤੇ ਆਰਥਿਕ ਵਿਕਾਸ ਦੇ ਏਜੰਡੇ ਵਿਚਕਾਰ ਚੰਗਾ ਸੰਤੁਲਨ ਬਣਾਉਣਾ ਬਹੁਤ ਮਹੱਤਵਪੂਰਨ ਹੈ। ਵਾਤਾਵਰਨ, ਆਰਥਿਕ ਅਤੇ ਸਮਾਜਿਕ ਖੇਤਰਾਂ ਵਿੱਚ ਟਿਕਾਊ ਵਿਕਾਸ ਲਈ, ਸਾਰੇ ਮਾਪਾਂ ਨੂੰ ਸੰਤੁਲਿਤ ਢੰਗ ਨਾਲ ਵਰਤਿਆ ਜਾਣਾ ਚਾਹੀਦਾ ਹੈ। ਵਿਕਾਸ ਉਦੋਂ ਹੀ ਟਿਕਾਊ ਹੋ ਸਕਦਾ ਹੈ ਜਦੋਂ ਇਹ ਕੁਦਰਤੀ ਸੰਤੁਲਨ ਦੀ ਰੱਖਿਆ ਕਰਦਾ ਹੈ। ਵਾਤਾਵਰਣ ਨੂੰ ਆਮ ਤੌਰ ’ਤੇ ਦੋ ਹਿੱਸਿਆਂ ਵਿੱਚ ਵੰਡਿਆ ਜਾ ਸਕਦਾ ਹੈ। ਪਹਿਲਾ ਭੂਗੋਲਿਕ ਅਤੇ ਕੁਦਰਤੀ ਵਾਤਾਵਰਣ ਅਤੇ ਦੂਜਾ ਨਕਲੀ ਅਤੇ ਸਮਾਜਿਕ ਵਾਤਾਵਰਣ। ਕੁਦਰਤੀ ਅਤੇ ਭੂਗੋਲਿਕ ਵਾਤਾਵਰਣ ਵਿੱਚ ਪਾਣੀ, ਬਨਸਪਤੀ, ਪਸ਼ੂ ਧਨ, ਖਣਿਜ ਪਦਾਰਥ ਆਦਿ ਸ਼ਾਮਲ ਹਨ।

ਕੁਦਰਤੀ ਵਾਤਾਵਰਣ ਦਾ ਸਾਡੇ ਸਮਾਜਿਕ ਅਤੇ ਆਰਥਿਕ ਜੀਵਨ ’ਤੇ ਵਿਆਪਕ ਪ੍ਰਭਾਵ ਪੈਂਦਾ ਹੈ। ਨਕਲੀ ਅਤੇ ਸਮਾਜਿਕ ਮਾਹੌਲ ਸਾਡੇ ਖੁਸ਼ਹਾਲ ਅਤੇ ਖੁਸ਼ਹਾਲ ਜੀਵਨ ਦੁਆਰਾ ਸਿਰਜਿਆ ਜਾਂਦਾ ਹੈ। ਇਸ ਤਰ੍ਹਾਂ, ਆਰਥਿਕ ਵਾਤਾਵਰਣ ਵਿੱਚ ਅਰਥ ਵਿਵਸਥਾ ਦੀ ਸਥਿਤੀ, ਆਰਥਿਕ ਨਿਯਮ, ਵਿਸ਼ਵਾਸ, ਆਰਥਿਕ ਵਿਕਾਸ ਦੀ ਦਿਸ਼ਾ ਆਦਿ ਸ਼ਾਮਲ ਹੁੰਦੇ ਹਨ। ਆਰਥਿਕ ਵਾਤਾਵਰਣ ਮਨੁੱਖੀ ਆਰਥਿਕ ਗਤੀਵਿਧੀਆਂ ਨਾਲ ਸਬੰਧਿਤ ਹੈ। ਇਸ ਵਿੱਚ ਮਨੁੱਖ ਦੁਆਰਾ ਪੈਸਾ ਕਮਾਉਣ ਅਤੇ ਇਸ ਨੂੰ ਕੁਸ਼ਲਤਾ ਨਾਲ ਖਰਚ ਕਰਨ ਨਾਲ ਸਬੰਧਿਤ ਸਾਰੀਆਂ ਗਤੀਵਿਧੀਆਂ ਸ਼ਾਮਲ ਹਨ। ਇਸ ਵਿੱਚ ਖੇਤੀਬਾੜੀ, ਉਦਯੋਗ, ਵਪਾਰ, ਵਣਜ, ਆਵਾਜਾਈ, ਸੰਚਾਰ, ਬੀਮਾ, ਬੈਂਕਿੰਗ, ਸਰਕਾਰੀ ਆਮਦਨ-ਖ਼ਰਚ ਅਤੇ ਹੋਰ ਸਾਰੀਆਂ ਵਿਧਾਨਕ ਆਰਥਿਕ ਗਤੀਵਿਧੀਆਂ ਸ਼ਾਮਲ ਹਨ। ਆਰਥਿਕ ਮਾਹੌਲ ਸਥਿਰ ਨਹੀਂ ਰਹਿੰਦਾ। ਆਰਥਿਕ ਮਾਹੌਲ ਵੀ ਦੇਸ਼ ਦੇ ਅੰਦਰੂਨੀ ਅਤੇ ਅੰਤਰਰਾਸ਼ਟਰੀ ਹਾਲਾਤਾਂ ਤੋਂ ਪ੍ਰਭਾਵਿਤ ਹੁੰਦਾ ਹੈ। ਆਰਥਿਕ ਖੁਸ਼ਹਾਲੀ ਅਤੇ ਵਿਕਾਸ ਵਾਤਾਵਰਣ ’ਤੇ ਨਿਰਭਰ ਕਰਦਾ ਹੈ। ਆਰਥਿਕ ਮਾਹੌਲ ਰੁਜ਼ਗਾਰ ਮੁਖੀ ਹੈ। ਅਤੇ ਦੇਸ਼ ਦੀ ਤਰੱਕੀ ਨੂੰ ਚਲਾਉਣ ਵਿੱਚ ਵੀ ਸਹਾਈ ਹੁੰਦਾ ਹੈ। ਜੇਕਰ ਆਰਥਿਕ ਮਾਹੌਲ ਅਨੁਕੂਲ ਨਹੀਂ ਹੈ ਤਾਂ ਗਰੀਬੀ, ਬੇਰੁਜ਼ਗਾਰੀ, ਭੁੱਖਮਰੀ, ਜਨਤਾ ਦੇ ਅਸੰਤੋਸ਼ ਦਾ ਸਾਹਮਣਾ ਕਰਨਾ ਪੈਂਦਾ ਹੈ ਜੋ ਕਿਸੇ ਵੀ ਦੇਸ਼ ਦੇ ਵਿਕਾਸ ਵਿੱਚ ਰੁਕਾਵਟ ਬਣਦੇ ਹਨ। ਜੇਕਰ ਦੇਸ਼ ਦਾ ਆਰਥਿਕ ਮਾਹੌਲ ਸਹੀ ਅਤੇ ਸੰਤੁਲਿਤ ਹੋਵੇਗਾ ਤਾਂ ਦੇਸ਼ ਤਰੱਕੀ ਅਤੇ ਵਿਕਾਸ ਦੇ ਰਾਹ ’ਤੇ ਅੱਗੇ ਵਧੇਗਾ। ਲੋਕ ਭਲਾਈ ਸਕੀਮਾਂ ਨੂੰ ਵੀ ਸਹੀ ਦਿਸ਼ਾ ਵਿੱਚ ਚਲਾਇਆ ਜਾਵੇਗਾ। ਮਨੁੱਖ ਦਾ ਸੁਖੀ ਜੀਵਨ ਵੀ ਆਰਥਿਕ ਵਾਤਾਵਰਨ ਦੇ ਸੰਤੁਲਿਤ ਵਿਕਾਸ ’ਤੇ ਨਿਰਭਰ ਕਰਦਾ ਹੈ। ਇਸ ਲਈ ਇਹ ਕਿਹਾ ਜਾ ਸਕਦਾ ਹੈ ਕਿ ਆਰਥਿਕ ਵਾਤਾਵਰਣ ਦੀ ਅਨੁਕੂਲਤਾ ਦੇਸ਼ ਦੇ ਵਿਕਾਸ ਨੂੰ ਅੱਗੇ ਲਿਜਾਉਣ ਵਿੱਚ ਸਹਾਇਕ ਵਜੋਂ ਕੰਮ ਕਰਦੀ ਹੈ।

ਮਨੁੱਖ ਲਈ ਦੋਸਤਾਨਾ ਅਤੇ ਸੰਤੁਲਿਤ ਵਾਤਾਵਰਨ ਹੋਣਾ ਬਹੁਤ ਜ਼ਰੂਰੀ ਹੈ। ਜੇਕਰ ਅਸੀਂ ਹੁਣ ਤੋਂ ਹੀ ਵਾਤਾਵਰਨ ਦੀ ਸੰਭਾਲ ਵੱਲ ਧਿਆਨ ਨਾ ਦਿੱਤਾ ਤਾਂ ਆਉਣ ਵਾਲਾ ਮਨੁੱਖੀ ਜੀਵਨ ਹਨੇਰਾ ਬਣ ਜਾਵੇਗਾ। ਸਾਨੂੰ ਆਰਥਿਕ ਮਾਹੌਲ ਦਾ ਵੀ ਧਿਆਨ ਰੱਖਣਾ ਹੋਵੇਗਾ। ਆਰਥਿਕ ਵਾਤਾਵਰਣ ਨੂੰ ਬਚਾ ਕੇ ਅਸੀਂ ਮਨੁੱਖੀ ਜੀਵਨ ਨੂੰ ਸੁਖੀ ਅਤੇ ਸੁਰੱਖਿਅਤ ਬਣਾ ਸਕਦੇ ਹਾਂ।

TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE
QUIKQ WEX




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE
ROAD SQUAD CONNECT

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST
TA TRUCK SERVICE


FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035

ਜਗਦੀਸ਼ ਕੌਰ ਮਾਨ

ਵਿਆਹਾਂ ’ਚ ਹੁੰਦੇ ਫ਼ਜ਼ੂਲ ਖ਼ਰਚਿਆਂ ਦੇ ਰੁਝਾਨ ਨੂੰ ਠੱਲ੍ਹ ਪਾਉਣ ਦਾ ਸੁਨੇਹਾ ਦਿੰਦੀ ਕਹਾਣੀ

# ‘ਸਿਆਣੇ ਦੀ ਮੱਤ’



ਘਰ ਵਿੱਚ ਹਰਨਾਮ ਸਿੰਘ ਦੀ ਪੋਤੀ ਦਾ ਵਿਆਹ ਧਰਿਆ ਹੋਇਆ ਸੀ। ਸਾਰਾ ਟੱਬਰ ਕਈ ਮਹੀਨਿਆਂ ਤੋਂ ਵਿਆਹ ਦੀਆਂ ਤਿਆਰੀਆਂ ਵਿੱਚ ਲੱਗਿਆ ਹੋਇਆ ਸੀ। ਸਾਰਾ ਦਿਨ ਘਰ ਵਿੱਚ ਹਫ਼ੜਾ ਦਫ਼ੜੀ ਮੱਚੀ ਰਹਿੰਦੀ। ਹਰ ਕੋਈ ਆਪਣੇ ਹਿੱਸੇ ਆਏ ਕੰਮ ਨੂੰ ਨਿਪਟਾਉਂਦਾ ਭੱਜਿਆ ਫ਼ਿਰਦਾ ਨਜ਼ਰ ਆ ਰਿਹਾ ਸੀ ਪਰ ਕਾਰਜ ਦੇ ਕਿਸੇ ਵੀ ਕੰਮ ਵਿੱਚ ਕੋਈ ਉਸ ਦਾਨੇ ਸ਼ਾਨੇ ਬਜ਼ੁਰਗ ਦੀ ਸਲਾਹ ਲੈਣ ਦੀ ਜ਼ਰੂਰਤ ਹੀ ਨਹੀਂ ਸੀ ਸਮਝ ਰਿਹਾ। ਉਹ ਚੁੱਪ ਚਾਪ ਆਪਣੇ ਮਨ ਵਿੱਚ ਹੀ ਕਚੀਚੀਆਂ ਜਿਹੀਆਂ ਵੱਟਦਾ ਰਹਿੰਦਾ। ਉਸਦਾ ਪੁੱਤਰ ਅੱਵਲ ਤਾਂ ਉਸ ਕੋਲ ਬਹਿੰਦਾ ਹੀ ਨਹੀਂ ਸੀ। ਜੇ ਕਦੇ ਉਹ ਆਪ ਆਵਾਜ਼ ਮਾਰ ਕੇ ਸੱਦ ਵੀ ਲੈਂਦਾ ਤਾਂ ਉਹ ਔਖਾ ਸੌਖਾ ਹੋ ਕੇ ਐਵੇਂ ਦੋ ਕੁ ਘੜੀਆਂ ਮਸਾਂ ਹੀ ਉਸ ਕੋਲ ਬੈਠਦਾ। ਉਨਾ ਚਿਰ ਉਸਦੇ ਘਰ ਵਾਲੀ ਦਾ ਉਸ ’ਤੇ ਪੂਰਾ ਪਹਿਰਾ ਰਹਿੰਦਾ, ਇਹ ਸੁਣਨ ਲਈ ਕਿ ਸੁਣਾਂ ਤਾਂ ਸਹੀ, ਪਿਉ ਪੁੱਤ ਕੀ ਗੱਲਾਂ ਕਰਦੇ ਨੇ।

ਬਜ਼ੁਰਗ ਪਿਤਾ ਗੱਲੀਂ ਬਾਤੀਂ ਪੁੱਤ ਨੂੰ ਸੁਣਾ ਦਿੰਦਾ, “ਕਾਕਾ! ਸਿਆਣੇ ਦੀ ਰਾਇ ਲੈਣੀ ਕੋਈ ਮਾੜੀ ਗੱਲ ਨਹੀਂ ਹੁੰਦੀ, ਬੰਦਾ ਸੌ ਨਫ਼ੇ ਨੁਕਸਾਨ ਤੋਂ ਬਚ ਜਾਂਦੈ, ਸਿਆਣੇ ਦਾ ਕਿਹਾ, ਆਉਲੇ ਦਾ ਖਾਧਾ ਬਾਅਦ ’ਚ ਪਤਾ ਲਗਦੈ।

ਮੁੰਡਾ ਖਿੱਝ ਕੇ ਬੋਲਦਾ, “ਬਾਪੂ ਜੀ! ਤੁਸੀਂ ਆਪਣੀ ਕਬੀਲਦਾਰੀ ਨਜਿੱਠ ਲਈ ਏ ਨਾ, ਹੁਣ ਸਾਨੂੰ ਆਪਣੇ ਕੰਮ ਆਪ ਕਰਨ ਦਿਉ, ਬਥੇਰੀ ਲੰਬੜਦਾਰੀ ਕਰ ਲਈ ਤੁਸੀਂ, ਨਾਲੇ ਵੱਡੀ ਉਮਰੇ ਦਿਮਾਗ਼ ਕਿੱਥੇ ਪਹਿਲਾਂ ਵਰਗਾ ਰਹਿੰਦੈ, ਜਿਹੜੀਆਂ ਗੱਲਾਂ ਤੁਸੀਂ ਸੁਣਾਉਂਦੇ ਹੋ ਨਾ, ਇਹ ਤਾਂ ਪੁਰਾਣੇ ਜ਼ਮਾਨੇ ਦੇ ਲੋਕਾਂ ਦੀਆਂ ਐਵੇਂ ਜੋੜੀਆਂ ਹੋਈਆਂ ਗੱਲਾਂ ਨੇ, ਤੁਸੀਂ ਭਲਾ ਹੁਣ ਕੀ ਲੈਣਾ ਕਬੀਲਦਾਰੀ ਦੇ ਝਮੇਲਿਆਂ ’ਚ ਪੈ ਕੇ, ਦੋ ਵੇਲੇ ਦੀ ਰੋਟੀ ਮਿਲੀ ਜਾਂਦੀ ਐ ਤੁਹਾਨੂੰ ਬੈਠਿਆਂ ਬਿਠਾਇਆਂ ਨੂੰ, ਬਸ ਏਨਾ ਈ ਬਹੁਤ ਐ, ਤੁਸੀਂ ਹੁਣ ਮੰਜੇ ’ਤੇ ਬੈਠ ਕੇ ਰਾਮ ਰਾਮ ਕਰਿਆ ਕਰੋ।

ਪੁੱਤ ਤੋਂ ਝਾੜ ਝੰਬ ਕਰਵਾ ਕੇ ਬਜ਼ੁਰਗ ਵਿਚਾਰਾ ਚੁੱਪ ਕਰਕੇ ਬੈਠ ਜਾਂਦਾ। ਕੀਰਤੀ ਦੇ ਵਿਆਹ ਵਿੱਚ ਸਿਰਫ਼ ਇੱਕ ਮਹੀਨਾ ਰਹਿ ਗਿਆ ਸੀ। ਧੀ ਵਾਲਿਆਂ ਦਾ ਪੂਰਾ ਜ਼ੋਰ ਦਾਜ ਬਣਾਉਣ ’ਤੇ ਲੱਗਿਆ ਹੋਇਆ ਸੀ। ਘਰ ਵਿੱਚ ਇਹ ਪਹਿਲਾ ਵਿਆਹ ਸੀ। ਸਾਰੇ ਟੱਬਰ ਦੀ ਇਹੀ ਕੋਸ਼ਿਸ਼ ਸੀ ਕਿ ਵਿਆਹ ਵਿੱਚ ਕਿਸੇ ਵੀ ਪਾਸਿਉਂ ਕੋਈ ਕਮੀ ਪੇਸ਼ੀ ਨਾ ਰਹਿ ਜਾਵੇ। ਬਰਾਤ ਦੀ ਪੂਰੀ ਸੇਵਾ ਸੰਭਾਲ ਹੋਵੇ। ਦਿਨ ਰਾਤ ਸਕੀਮਾਂ ਬਣਦੀਆਂ, ਢਹਿੰਦੀਆਂ ਤੇ ਫ਼ੇਰ ਨਵੇਂ ਸਿਰਿਉਂ ਵਿਉਂਤਬੰਦੀ ਕੀਤੀ ਜਾਂਦੀ। ਕੁੜੀ ਦੇ ਪਿਉ ਤੇ ਭਰਾਵਾਂ ਦਾ ਵਿਚਾਰ ਸੀ ਕਿ ਵਿਆਹ ‘ਬੱਲੇ ਬੱਲੇ’ ਵਾਲਾ ਹੋਣਾ ਚਾਹੀਦੈ, ਜੇ ਚਾਰ ਪੈਸੇ ਸਿਰ ਚੜ੍ਹ ਵੀ ਜਾਣਗੇ ਤਾਂ ਕੋਈ ਗੱਲ ਨਹੀਂ, ਆਪੇ ਲਹਿੰਦੇ ਫ਼ਿਰਨਗੇ, ਬਸ ਵਿਆਹ ਇਹੋ ਜਿਹਾ ਠੁੱਕਦਾਰ ਹੋਵੇ ਕਿ ਸ਼ਰੀਕ ਮੂੰਹ ਵਿੱਚ ਉਂਗਲਾਂ ਪਾ ਕੇ ਦੇਖਣ। ਕੀਰਤੀ ਦਾ ਵਿਆਹ ਕਈ ਸਾਲਾਂ ਤੱਕ ਲੋਕਾਂ ਦੇ ਚੇਤਿਆਂ ’ਚ ਟਿਕਿਆ ਰਹੇ।

ਮੁੰਡੇ ਵਾਲੇ ਵੀ ਕਿਸੇ ਗੱਲੋਂ ਘੱਟ ਨਹੀਂ ਸਨ। ਉੱਧਰ ਵੀ ਮੁੰਡੇ ਦੀ ਮਾਂ ਦੀ ਹੀ ਮੁਖਤਿਆਰੀ ਸੀ। ਉਹ ਚਾਹੁੰਦੀ ਸੀ ਕਿ ਵਰੀ ਇਹੋ ਜਿਹੀ ਬਣਾਈ ਜਾਵੇ ਕਿ ਉਸ ਪਿੰਡ ਵਿੱਚ ਇਸ ਤੋਂ ਪਹਿਲਾਂ ਕਿਸੇ ਵੀ ਕੁੜੀ ਦੇ ਵਿਆਹ ਵਿੱਚ ਉਹੋ ਜਿਹੀ ਵਰੀ ਨਾ ਆਈ ਹੋਵੇ। ਉਨ੍ਹਾਂ ਨੇ ਸਮੇਤ ਚੂੜੀਆਂ ਇੱਕ ਵਧੀਆ ਭਾਰਾ ਸੈਟ ਬਣਵਾ ਲਿਆ ਸੀ ਪਰ ਵਰੀ ਬਣਾਉਣ ’ਤੇ ਆ ਕੇ ਗੱਲ ਅੜ ਗਈ ਸੀ।

ਕੀਰਤੀ ਦੀ ਸੱਸ ਚਾਹੁੰਦੀ ਸੀ ਕਿ ਵਰੀ ਦੇ ਸੂਟ ਕੁੜੀ ਦੇ ਪਸੰਦ ਦੇ ਬਣਵਾਏ ਜਾਣ। ਆਖਰ ਪਹਿਨਣੇ ਹੰਢਾਉਣੇ ਤਾਂ ਉਸੇ ਨੇ ਹਨ, ਜੇ ਉਸਦੀ ਪਸੰਦ ਦੇ ਹੀ ਨਾ ਬਣੇ ਤਾਂ ਪੈਸੇ ਲਾਇਆਂ ਦਾ ਕੀ ਫ਼ਾਇਦਾ! ਵਿਆਹ ਵਾਲਾ ਮੁੰਡਾ ਤਾਂ ਵਿਚਾਰਾ ਸਿੱਧਾ ਸਾਦਾ ਸੀ ਤੇ ਮੁੰਡੇ ਦਾ ਪਿਓ ਵੀ ਜ਼ਨਾਨੀ ਪਿੱਛੇ ‘ਹਾਂ ਜੀ ਹਾਂ ਜੀ’ ਕਰਨ ਵਾਲਾ ਸੀ। ਮਾਂ ਕਈ ਦਿਨਾਂ ਦੀ ਮੁੰਡੇ ਦੇ ਪਿੱਛੇ ਪਈ ਹੋਈ ਸੀ ਕਿ ਉਹ ਆਪਣੇ ਸਹੁਰੀਂ ਫ਼ੋਨ ਕਰੇ ਕਿ ਉਹ ਆਉਂਦੇ ਬੁੱਧਵਾਰ ਨੂੰ ਕੁੜੀ ਨੂੰ ਲੈ ਕੇ ਲੁਧਿਆਣੇ ਪਹੁੰਚ ਜਾਣ, ਉਥੋਂ ਕਿਸੇ ਵਧੀਆ ਜਿਹੇ ਸ਼ੋਅ ਰੂਮ ਤੋਂ ਵਰੀ ਬਣਾਉਣ ਦੀ ਰਾਇ ਸੀ। ਕਿਸੇ ਚੰਗੀ ਬੂਟੀਕ ’ਤੇ ਜਿੰਨੇ ਕੁ ਸੂਟ ਉਸ ਨੇ ਸਿਲਾਈ ਕਰਵਾਉਣੇ ਹੋਏ ਨਾਲ ਹੀ ਮੇਚਾ ਦੇ ਜਾਵੇਗੀ।

ਜਦੋਂ ਮੁੰਡੇ ਦਾ ਫ਼ੋਨ ਸਹੁਰੇ ਘਰ ਪਹੁੰਚਿਆ ਤਾਂ ਘਰ ਵਿੱਚ ਘੁਸਰ ਮੁਸਰ ਹੋਣੀ ਸ਼ੁਰੂ ਹੋ ਗਈ ਕਿ ਕੁੜੀ ਨੂੰ ਭੇਜਿਆ ਜਾਵੇ ਕਿ ਨਾ ਭੇਜਿਆ ਜਾਵੇ। ਆਖਰ ਫ਼ੈਸਲਾ ਹੋਇਆ ਕਿ ਜੇ ਅਗਲੇ ਏਡੇ ਚਾਅ ਨਾਲ ਸੱਦਦੇ ਹਨ ਤਾਂ ਕੁੜੀ ਨੂੰ ਭੇਜਣ ਵਿੱਚ ਹਰਜ਼ ਵੀ ਕੀ ਐ? ਕੀਰਤੀ ਨੂੰ ਭਾਵੇਂ ਨੈੱਟ ’ਤੇ ਅਜੋਕੇ ਸਮੇਂ ਦੇ ਫ਼ੈਸ਼ਨ ਦੇਖਣ ਦੀ ਆਦਤ ਕਾਰਨ ਸਾਰਾ ਪਤਾ ਸੀ ਕਿ ਅੱਜ ਕਲ੍ਹ ਕਿਹੜੇ ਸੂਟ ਸਾੜੀਆਂ ਸੈਂਡਲ ਪਰਸ ਟਰੈਂਡ ਵਿਚ ਹਨ ਪਰ ਉਹ ਬਾਹਰ ਅੰਦਰ ਘੱਟ ਵੱਧ ਹੀ ਨਿਕਲੀ ਸੀ। ਬਿਗਾਨਿਆਂ ਨਾਲ ਪਹਿਲੀ ਵਾਰ ਜਾਣਾ ਕਰਕੇ ਉਹ ਅੰਦਰੋਂ ਡਰੀ ਹੋਈ ਸੀ। “ਮੰਮੀ! ਤੁਸੀਂ ਵੀ ਮੇਰੇ ਨਾਲ ਹੋਵੋਂਗੇ ਨਾ? ਉਸਨੇ ਆਪਣੀ ਮਾਂ ਨੂੰ ਪੁੱਛਿਆ।

“ਫ਼ੋਟ! ਕਮਲੀ ਨਾ ਹੋਵੇ ਤਾਂ, ਅਖੇ ਕਮਲੇ ਭਾਲਣ ਜਾਉ ਕਮਲੇ ਘਰੇ ਬਥੇਰੇ, ਮੈਂ ਭਲਾ ਉਥੇ ਕੀ ਕਰਨ ਜਾਣੈਂ, ਕੁਲਦੀਪ ਵੀਰਾ ਜਾਊਗਾ ਤੇਰੇ ਨਾਲ, ਉਹ ਕਿਸੇ ਨੇੜੇ-ਤੇੜੇ ਦੀ ਦੁਕਾਨ ’ਤੇ ਬਹਿ ਜੇ’ ਗਾ ਤੇ ਤੂੰ ਉਨ੍ਹਾਂ ਨਾਲ ਜਾ ਕੇ ਕੱਪੜੇ ਖ਼ਰੀਦ ਲਵੀਂ।

“ਹਾਏ! ਮੰਮੀ! ਮੈਂ ਇਕੱਲੀ.......? ਕੁੜੀ ਸੰਗ ਨਾਲ ਸੁੰਗੜਦੀ ਜਾ ਰਹੀ ਸੀ।

ਨਾ ਪੁੱਤ! ਇਉਂ ਨੀਂ ਕਰੀਦੈ, ਹੋਰ ਚਹੁੰ ਦਿਨਾਂ ਨੂੰ ਤੂੰ ਇਕੱਲੀ ਨੇ ਈਂ ਉਨ੍ਹਾਂ ’ਚ ਰਹਿਣਾ ਏਂ। ਮਾਂ, ਹਰ ਹਾਲਤ ਵਿੱਚ ਧੀ ਦੇ ਆਤਮ-ਵਿਸ਼ਵਾਸ ਦਾ ਗਰਾਫ਼ ਵਧਾਉਣਾ ਚਾਹੁੰਦੀ ਸੀ। ਕੁੜੀ ਦਾ ਦਾਦਾ ਹਰਨਾਮ ਸਿੰਘ ਸਭ ਕੁਝ ਹੁੰਦਾ ਵੇਖੀ ਜਾ ਰਿਹਾ ਸੀ। ਉਸ ਨੂੰ ਆਪਣੇ ਵੇਲੇ ਯਾਦ ਆ ਰਹੇ ਸਨ ਜਦੋਂ ਲੋਕ ਵਿਆਹਾਂ ’ਤੇ ਘੱਟ ਤੋਂ ਘੱਟ ਖ਼ਰਚ ਕਰਦੇ ਹੁੰਦੇ ਸਨ। ਹਰ ਕੰਮ ਵਿੱਚ ਸਰਫ਼ਾ ਕੀਤਾ ਜਾਂਦਾ ਸੀ। ਇੱਕ ਵਾਰੀ ਦੀਆਂ ਬਣਾਈਆਂ ਟੂੰਬਾਂ ਨਾਲ ਲੋਕ ਕਈ-ਕਈ ਮੁੰਡੇ ਵਿਆਹ ਲੈਂਦੇ ਸਨ। ਹਰਨਾਮ ਸਿੰਘ ਤੇ ਉਸ ਤੋਂ ਛੋਟਾ ਭਰਾ ਸ਼ਾਮ ਸਿੰਘ ਦੋਹਾਂ ਭਰਾਵਾਂ ਦੇ ਵਿਆਹਾਂ ਵਿੱਚ ਵੀ ਘਰਦਿਆਂ ਨੇ ਇਵੇਂ ਹੀ ਸਾਰਿਆ ਸੀ। ਪਰਿਵਾਰ ਕਰਜ਼ੇ ਤੋਂ ਬਚ ਜਾਂਦੇ ਸਨ। ਲੋਕ ਸਾਦਾ ਜੀਵਨ ਜਿਉਂਦੇ ਸਨ ਤੇ ਸਦਾ ਖ਼ੁਸ਼ ਰਹਿੰਦੇ ਸਨ। ਉਦੋਂ ਨਾ ਕਿਸੇ ’ਤੇ ਮਾਨਸਿਕ ਬੋਝ ਹੁੰਦਾ ਸੀ ਤੇ ਨਾ ਕੋਈ ਕਰਜ਼ੇ ਦੇ ਬੋਝ ਥੱਲੇ ਆ ਕੇ ਖ਼ੁਦਕੁਸ਼ੀ ਕਰਦਾ ਸੀ।

“ਹਾਏ! ਉਹ ਦਿਨ ਕਿੰਨੇ ਸ਼ੁਗਲ ਮੇਲੇ ਵਾਲੇ ਹੁੰਦੇ ਸਨ। ਬਾਬੇ ਨੇ ਵੱਡਾ ਸਾਰਾ ਹਾਉਕਾ ਭਰਿਆ।

ਉਸ ਦਿਨ ਮੰਗਲਵਾਰ ਸੀ। ਉਸ ਤੋਂ ਅਗਲੇ ਦਿਨ ਬੁੱਧਵਾਰ ਨੂੰ ਕੁੜੀ ਨੂੰ ਸਹੁਰਿਆਂ ਨੇ ਵਰੀ ਬਣਾਉਣ ਲਈ ਸੱਦਿਆ ਹੋਇਆ ਸੀ। ਬਜ਼ੁਰਗ ਦਾਦਾ ਚੁੱਪ ਚਾਪ ਬੈਠਾ ਸਭ ਕੁਝ ਦੇਖ ਰਿਹਾ ਸੀ। ਉਸ ਦੀ ਜਾਚੇ ਇਹ ਕੰਮ ਗ਼ਲਤ ਹੋ ਰਿਹਾ ਸੀ ਪਰ ਉਸ ਵਿਚਾਰੇ ਨੂੰ ਉਥੇ ਕੌਣ ਪੁੱਛਦਾ ਸੀ! ਉਸ ਦੀ ਹਾਲਤ ਤਾਂ ਮੇਲੇ ਵਿੱਚ ਚੱਕੀਰਾਹੇ ਵਰਗੀ ਸੀ। ਉਹ ਕਿੰਨਾ ਹੀ ਚਿਰ ਬੈਠਾ ਸੋਚਦਾ ਰਿਹਾ ਫ਼ਿਰ ਉਸ ਤੋਂ ਨਾ ਹੀ ਰਹਿ ਹੋਇਆ।

ਉਸ ਨੇ ਖੂੰਡੀ ਫ਼ੜੀ ਤੇ ਖੰਘੂਰਾ ਜਿਹਾ ਮਾਰ ਕੇ ਸਿੱਧਾ ਉਸ ਕਮਰੇ ਵਿੱਚ ਜਾ ਵੜਿਆ ਜਿੱਥੇ ਬੈਠਾ ਸਾਰਾ ਟੱਬਰ ਸਲਾਹ ਮਸ਼ਵਰਾ ਕਰ ਰਿਹਾ ਸੀ। ਉਹ ਬਿਨ ਬੁਲਾਏ ਹੀ ਜਾ ਕੇ ਉਨ੍ਹਾਂ ਦੇ ਵਿਚਕਾਰ ਬਹਿ ਗਿਆ ਤੇ ਬੋਲਿਆ, “ਭਾਵੇਂ ਤੁਸੀਂ ਕਿਸੇ ਵੀ ਗੱਲ ਵਿੱਚ ਮੇਰੀ ਸਲਾਹ ਲੈਣੀ ਜ਼ਰੂਰੀ ਨਹੀਂ ਸਮਝਦੇ ਤੇ ਹਰ ਕੰਮ ਵਿੱਚ ਆਪਣੀ ਮਰਜ਼ੀ ਕਰਦੇ ਓਂ ਪਰ ਫ਼ੇਰ ਵੀ ਸਿਆਣੇ ਦੀ ਮੱਤ ਦਾ ਕੋਈ ਮੁੱਲ ਹੁੰਦੈ, ਇਹ ਵੱਖਰੀ ਗੱਲ ਐ ਕਿ ਬਦਲਦੇ ਜ਼ਮਾਨੇ ਵਿੱਚ ਇਸਦੀ ਕੋਈ ਅਹਿਮੀਅਤ ਨਹੀਂ ਰਹੀ, ਤੁਸੀਂ ਕੁੜੀ ਨੂੰ ਲੁਧਿਆਣੇ ਇਸ ਦੇ ਪਸੰਦ ਦੀ ਵਰੀ ਬਣਾਉਣ ਵਾਸਤੇ ਬਿਲਕੁਲ ਨਹੀਂ ਲੈ ਕੇ ਜਾਣਾ, ਆਪਣੇ ਜੱਟਾਂ ਦੇ ਜਿਹੋ ਜਿਹੇ ਗੁਜ਼ਾਰੇ ਬਜਾਰੇ ਹਨ ਉਹ ਕਿਸੇ ਤੋਂ ਵੀ ਗੁੱਝੇ ਛੁਪੇ ਹੋਏ ਨਹੀਂ, ਕਰਜ਼ਾ ਲਏ ਬਗੈਰ ਤੇ ਉਧਾਰ ਚੁੱਕੇ ਬਗੈਰ ਆਪਣਾ ਜੱਟਾਂ ਜ਼ਿਮੀਂਦਾਰਾਂ ਦਾ ਉੱਕਾ ਹੀ ਨਹੀਂ ਸਰਦਾ, ਬਸ ਐਵੇਂ ਘਰਾਂ ਦੇ ਉਹਲੇ ਪਰਦੇ ਬਣੇ ਹੁੰਦੇ ਨੇ, ਐਡਾ ਖੱਬੀ ਖਾਨ ਕੋਈ ਵੀ ਨਹੀਂ ਹੁੰਦਾ ਕਿ ਉਸ ਦੇ ਘਰੇ ਰੁਪਈਆਂ ਦੀਆਂ ਬੋਰੀਆਂ ਭਰੀਆਂ ਪਈਆਂ ਹੋਣ, ਖਵਰੇ ਉਨ੍ਹਾਂ ਨੇ ਕੱਪੜੇ ਨਗਦ ਬਣਾਉਣੇ ਹਨ ਕਿ ਉਧਾਰ ਚੁੱਕਣੇ ਹਨ ਜੇ ਕੁੜੀ ਨਾਲ ਹੋਈ ਤਾਂ ਉਨ੍ਹਾਂ ਦੇ ਘਰ ਦਾ ਹੀਜ ਪਿਆਜ ਪਹਿਲਾਂ ਹੀ ਜ਼ਾਹਰ ਹੋ ਜਾਣਾ ਹੈ ਫ਼ਿਰ ਕੁੜੀ ਦੇ ਮਨ ਵਿੱਚ ਉਹ ਪਿਆਰ ਸਤਿਕਾਰ ਕਾਇਮ ਨਹੀਂ ਰਹਿਣਾ ਜਿਹੜਾ ਹੁਣ ਮੈਂਐ, ਨਾਲੇ ਆਪਣੀ ਕੁੜੀ ਦਾ ਮੈਨੂੰ ਪਤੈ, ਇਹ ਨੇ ਮਹਿੰਗੇ ਤੋਂ ਮਹਿੰਗੇ ਸੂਟਾਂ ’ਤੇ ਹੱਥ ਰੱਖਣੈਂ ਪਿੱਛੋਂ ਅਗਲੇ ਨੀਤਾਂ ਪਰਖਦੇ ਹੁੰਦੇ ਨੇ, ਸੋ ਮੇਰੀ ਤਾਂ ਇਹੀ ਰਾਇ ਹੈ ਕਿ ਤੁਸੀਂ ਕੁੜੀ ਨੂੰ ਨਾ ਹੀਂ ਭੇਜੋਂ ਤਾਂ ਚੰਗਾ ਰਹੂਗਾ।

ਲੈ ਹੋਰ ਸੁਣ’ ਲੋ ਕਰ’ ਲੋ ਘਿਉ ਨੂੰ ਭਾਂਡਾ, ਲੱਲੜ ਲਾ ਤਾ ਬਈ ਸਲਾਹ ਦੇ ਕੇ, ਨਾ ਭੇਜੀਏ ਕਿਮੇਂ ਨਾ, ਜਦੋਂ ਅਗਲੇ ਏਡੇ ਚਾਅ ਨਾਲ ਸੱਦਦੇ ਨੇ। ਕੁੜੀ ਦੀ ਮਾਂ ਸੜ ਭੁੱਜ ਕੇ ਬੋਲੀ। ਉਸ ਨੇ ਮੂੰਹ ਇਉਂ ਬਣਾਇਆ ਹੋਇਆ ਸੀ ਜਿਵੇਂ ਕਹਿਣਾ ਚਾਹੁੰਦੀ ਹੋਵੇ ਬਈ ਤੈਨੂੰ ਏਥੇ ਕਿਹੜੇ ਭੜੂਏ ਨੇ ਸੱਦਿਐ, ਅਖੇ ਸੱਦੀ ਨਾ ਬੁਲਾਈ ਮੈਂ ਲਾੜੇ ਦੀ ਤਾਈ।

ਨਹੀਂ ਭਾਈ ਬਸੰਤ ਕੁਰੇ! ਤੂੰ ਸਹੁਰੀਏ! ਅਜੇ ਨਿਆਣੀ ਸਿਆਣੀ ਏਂ, ਤੈਨੂੰ ਨੀਂ ਪਤੈ ਇਨ੍ਹਾਂ ਡੂੰਘੀਆਂ ਰਮਜ਼ਾਂ ਦਾ, ਆਪਾਂ ਨੂੰ ਕੁੜੀ ਨਾ ਭੇਜਣ ’ਚ ਈ ਫ਼ਾਇਦੈ, ਵਰੀ ਦੇ ਤਿਉਰ ਬਣਾਉਣ ਨੂੰ ਉਸ ਘਰ ਦੀਆਂ ਤੀਵੀਂਆਂ ਕਿਹੜਾ ਨਿਆਣੀਆਂ ਨੇ, ਆਪੇ ਬਣਾ ਲੈਣਗੀਆਂ, ਤੁਸੀਂ ਉਨ੍ਹਾਂ ਨੂੰ ਹੱਥ ਜੋੜ ਕੇ ਬੇਨਤੀ ਕਰ ਦੇਵੋ ਕਿ ਜਿਹੜਾ ਕੁਝ ਵੀ ਤੁਸੀਂ ਵਰੀ ’ਚ ਲੈ ਕੇ ਆਵੋਂਗੇ ਸਾਡੇ ਲਈ ਉਹ ਸਿਉਨੇ ਦੀਆਂ ਤਾਰਾਂ ਹੋਣਗੀਆਂ, ਨਾਲੇ ਆਪਣੇ ਘਰ ਦੀ ਸਰਦਾਰੀ ਬਣੀ ਰਹਿ ਜਾਊਗੀ ਬਈ ਕੁੜੀ ਰੱਜੇ ਪੁੱਜੇ ਘਰ ਦੀ ਧੀ ਐ, ਮੈਂ ਤਾਂ ਆਪਣੀ ਜਿਹੜੀ ਰਾਇ ਦੇਣੀ ਸੀ ਸੋ ਦੇ ਦਿੱਤੀ, ਅੱਗੇ ਭਾਈ! ਤੁਸੀਂ ਆਪਣਾ ਪੜ੍ਹਿਆ ਵਿਚਾਰੋ। ਇਹ ਕਹਿੰਦਾ ਬਜ਼ੁਰਗ ਖੂੰਡੀ ਫ਼ੜ ਕੇ ਆਪਣੇ ਕਮਰੇ ਵੱਲ ਨੂੰ ਚਲਾ ਗਿਆ। ਗੱਲ ਤਾਂ ਬਾਪੂ ਜੀ ਦੀ ਠੀਕ ਐ, ਕਿਉਂ ਬਈ ਮੁੰਡਿਉ! ਅਜੀਤ ਸਿੰਘ ਨੇ ਸਾਰੀਆਂ ਗੱਲਾਂ ’ਤੇ ਡੂੰਘੀ ਵਿਚਾਰ ਕਰਕੇ ਆਪਣੇ ਪੁੱਤਾਂ ਦੀ ਰਾਇ ਜਾਣਨੀ ਚਾਹੀ।

ਹਾਂ ਡੈਡੀ ਜੀ! ਬਾਬਾ ਜੀ ਠੀਕ ਕਹਿੰਦੇ ਨੇ ਜਿਹੜੀਆਂ ਗੱਲਾਂ ਉਹ ਦੱਸ ਕੇ ਗਏ ਨੇ ਆਪਾਂ ਤਾਂ ਪਹਿਲਾਂ ਉਹ ਸੋਚੀਆਂ ਈਂ ਨਹੀਂ ਸਨ।” ਫ਼ਿਰ ਸਾਰਾ ਪਰਿਵਾਰ ਇਸੇ ਗੱਲ ’ਤੇ ਸਹਿਮਤ ਹੋ ਗਿਆ ਕਿ ਕੁੜੀ ਨੂੰ ਨਾ ਭੇਜਿਆ ਜਾਵੇ। ਕੁੜੀ ਦਾ ਭਰਾ ਕੁਲਦੀਪ ਉਦੋਂ ਹੀ ਕੱਲ੍ਹ ਦੇ ਪ੍ਰੋਗਰਾਮ ਦੀ ਸੂਚਨਾ ਦੇਣ ਵਾਸਤੇ ਆਪਣੇ ਹੋਣ ਵਾਲੇ ਜੀਜੇ ਦਾ ਫ਼ੋਨ ਨੰਬਰ ਮਿਲਾਉਣ ਲੱਗ ਪਿਆ।

## ਮਿੰਨੀ ਕਹਾਣੀਆਂ

### ਬਦਲਾਅ

**ਅਮਰੀਕ ਸੈਦੋਕੇ**

“ਮੰਮੀ ਜੀ, ਰੋਟੀ ਪਾਓ ਖਾਈਏ, ਭੁੱਖ ਬਹੁਤ ਲੱਗੀ ਐ। ਅੱਜ ਤਾਂ ਸਿਖਰ ਦੁਪਹਿਰਾ ਹੋ ਗਿਆ।” ਮਨਜੀਤ ਨੇ ਘਰ ਵੜਦਿਆਂ ਹੀ ਕਿਹਾ।

“ਰੋਟੀ ਤਾਂ ਸੁਵਖਤੇ ਦੀ ਬਣੀ ਪਈ ਐ। ਕਿੱਥੇ ਗੁਜ਼ਾਰਿਆ ਪੁੱਤ, ਐਨਾ ਸਮਾਂ? ਮੈਨੂੰ ਤਾਂ ਫ਼ਿਕਰ ਹੀ ਵੱਢ-ਵੱਢ ਖਾਈ ਜਾਂਦਾ ਸੀ।”

“ਸੱਥ ਵਿੱਚ ਕੁਝ ਬਜ਼ੁਰਗ ਪੁਰਾਣੀਆਂ ਗੱਲਾਂ ਕਰਦੇ ਸੀ। ਉੱਥੇ ਬੈਠ ਗਿਆ ਸਾਂ ਕੁਝ ਪਲ। ਬੜਾ ਅਨੰਦ ਆਇਆ ਮਾਂ ਅੱਜ,” ਮਨਜੀਤ ਨੇ ਕਿਹਾ।

“ਮੈਂ ਸਦਕੇ ਜਾਵਾਂ ਮੇਰੇ ਲਾਲ ਦੇ। ਸ਼ੁਕਰ ਰੱਬਾ ਤੇਰਾ, ਜੋ ਸਾਡੇ ਨੌਜਵਾਨਾਂ ਨੇ ਇੱਧਰ ਸੱਥਾਂ ਵੱਲ ਨੂੰ ਪੈਰ ਮੋੜਿਆ। ਨਹੀਂ ਤਾਂ ਨਵੀਂ ਪੀੜ੍ਹੀ ਕੋਲ ਘਰੇ ਮਾਂ ਬਾਪ ਦੀ ਜਾਂ ਕੋਈ ਰਿਸ਼ਤੇਦਾਰ ਆ ਜਾਵੇ ਤਾਂ ਕਿਸੇ ਨਾਲ ਗੱਲ ਕਰਨ ਸੁਣਨ ਦਾ ਵਕਤ ਵੀ ਨਹੀਂ। ਦਿਨ ਰਾਤ ਹਰੇਕ ਦੀਆਂ ਉਂਗਲਾਂ ਮੋਬਾਈਲਾਂ ’ਤੇ ਘੁੰਮਦੀਆਂ ਨਜ਼ਰ ਆਉਂਦੀਆਂਹਨ, ਤੂੰ ਕਿਵੇਂ ਭੁੱਲ ਕੇ ਸੱਥ ਵਿੱਚ ਬੈਠ ਗਿਆ, ਹੈਂ?”

“ਮਾਂ, ਸੱਥ ’ਚੋਂ ਇੱਕ ਨਵਾਂ ਸ਼ਬਦ ਸੁਣ ਕੇ ਆਇਆ ਹਾਂ, ਕੁਲ ਕੀ ਚੀਜ਼ ਹੁੰਦੀ ਐ?”

“ਮਨਜੀਤ, ਵਧਦੇ ਪਰਿਵਾਰਾਂ ਦੇ ਲਾਣਿਆਂ ਦੀਆਂ ਪੀੜ੍ਹੀਆਂ ਨੂੰ ਕੁਲਾਂ ਆਖਦੇ ਨੇ। ਅੱਗੇ ਜਦੋਂ ਕਿਸੇ ਲਾਗੀ ਨੂੰ ਘਰ ਵਾਲਿਆਂ ਖੈਰ ਪਾਉਣੀ ਤਾਂ ਉਸ ਨੇ ਸੌ-ਸੌ ਅਸੀਸਾਂ ਦੇਣੀਆਂ, ਤੁਹਾਡੀ ਪੀੜ੍ਹੀ ਵਧੇ ਫੁੱਲੇ, ਘਰਾਂ ਨੂੰ ਭਾਗ ਲੱਗਣ, ਅਮਰ ਵੇਲ ਵਾਂਗੂ ਵਧੋ।

ਜਦੋਂ ਕਿਤੇ ਮਾਪਿਆਂ ਦੇ ਇਕਲੌਤੇ ਪੁੱਤ ਦੀ ਮੌਤ ਹੋ ਜਾਂਦੀ ਤਾਂ ਪਿੰਡ ਵਿੱਚ ਮਾਤਮ ਛਾ ਜਾਂਦਾ। ਲੋਕ ਚੁੱਲ੍ਹੇ ਅੱਗ ਨਾ ਬਾਲਦੇ। ਸਭ ਦੀਆਂ ਅੱਖਾਂ ਨਮ ਹੁੰਦੀਆਂ। ਲੋਕਾਂ ਨੇ ਗੱਲਾਂ ਕਰਨੀਆਂ, ਬਈ ਇਨ੍ਹਾਂ ਦੀ ਤਾਂ ਕੁਲ਼ ਹੀ ਖ਼ਤਮ ਹੋ ਗਈ।”

“ਹੈਂ ਮੰਮੀ ਜੀ? ਹਰ ਰੋਜ਼ ਅਖਬਾਰਾਂ ਤੇ ਟੀ ਵੀ ਚੈਨਲਾਂ ਤੋਂ ਦਰਦਨਾਕ ਖ਼ਬਰਾਂ ਸੁਣਦੇ ਹਾਂ, ਕਿਵੇਂ ਮਾਵਾਂ ਪੁੱਤਾਂ ਦੀਆਂ ਲੋਥਾਂ ’ਤੇ ਲਿਟਦੀਆਂ ਨੇ ਪਿਟਦੀਆਂ ਨੇ, ਭੈਣਾਂ ਦੀਆਂ ਚੀਕਾਂ ਸੁਣ ਦਿਲ ਨੂੰ ਧੂਹ ਪੈਂਦੀ ਆ, ਬੱਚੇ ਕਿਵੇਂ ਪਿਉ ਦੀ ਉਡੀਕ ਕਰਦੇ ਨੇ, ਹੈਰੋਇਨ ਤੇ ਚਿੱਟੇ ਨੇ ਔਰਤਾਂ ਨੂੰ ਭਰ ਜਵਾਨੀ ਵਿੱਚ ਹੀ ਸਿਰ ’ਤੇ ਚਿੱਟੀਆਂ ਚੁੰਨੀਆਂ ਲੈਣ ਲਈ ਮਜਬੂਰ ਕਰ ਦਿੱਤਾ। ਨੌਜਵਾਨ ਨਸ਼ਿਆਂ ਦੀ ਭੇਟ ਚੜ੍ਹ ਗਏ, ਘਰਾਂ ਦੇ ਕਿੰਨੇ ਹੀ ਚਿਰਾਗ ਬੁਝ ਗਏ।” “ਹਾਂ ਪੁੱਤ! ਹਰ ਰੋਜ਼ ਪਰਿਵਾਰਾਂ ਦੇ ਪਰਿਵਾਰ ਹੀ ਪਰਮਾਤਮਾ ਅੱਗੇ ਇਹੋ ਅਰਦਾਸਾਂ ਕਰਦੇ ਨੇ, ਸੱਚੇ ਪਾਤਸ਼ਾਹ ਤੂੰ ਹੀ ਸਾਡੀ ਨੌਜਵਾਨ ਪੀੜ੍ਹੀ ਨੂੰ ਨਸ਼ਾ ਮੁਕਤ ਜ਼ਿੰਦਗੀ ਜਿਉਣ ਦਾ ਬਲ ਬਖ਼ਸ਼ੀਂ। ਸਾਡੀ ਗੌਰਮਿੰਟ ਖੌਰੇ ਕਦੋਂ ਜਾਗੂ, ਨਸ਼ਿਆਂ ਦੇ ਸੌਦਾਗਰ ਤਾਂ ਕਾਨੂੰਨ ਅਤੇ ਜੇਲ੍ਹਾਂ ਤੋਂ ਕੋਹਾਂ ਦੂਰ ਨੇ। ਕੀ ਪਤਾ ਸਾਡੇ ਪ੍ਰਬੰਧਕ ਕਦੋਂ ਕੋਈ ਉਪਰਾਲਾ ਕਰਕੇ ਇਨ੍ਹਾਂ ਨੂੰ ਨੱਥ ਪਾਉਣਗੇ।

ਫੇਰ ਕਿਤੇ ਜਾ ਕੇ ਸਾਡੇ ਨੌਜਵਾਨਾਂ ਦਾ ਭਵਿੱਖ, ਰੰਗਲਾ ਪੰਜਾਬ ਅਤੇ ਬਚਦੀਆਂ ਕੁਲਾਂ ਨੂੰ ਬਰਬਾਦ ਹੋਣ ਤੋਂ ਬਚਾਇਆ ਜਾ ਸਕੇਗਾ।”

*****

### ਅਣਭੋਲ ਭੁੱਖ

**ਜੈਸਮੀਨ ਕੌਰ ਸੰਧੂ**

ਅੱਜ ਮੂੰਹ ਹਨੇਰੇ ਤੋਂ ਹੀ ਮੌਸਮ ਖਰਾਬ ਸੀ ਤੇ ਹਲਕੀ-ਹਲਕੀ ਭੂਰ ਪੈ ਰਹੀ ਸੀ। ਮੈਂ ਚਾਹ ਦਾ ਕੱਪ ਲੈ ਕੇ ਬਾਹਰ ਬੈਠੀ ਭੂਰੋ ਨੂੰ ਉਡੀਕ ਰਹੀ ਸੀ ਕਿਉਂਕਿ ਅੱਜ ਮੀਂਹ ਕਾਰਨ ਉਸ ਨੂੰ ਦੇਰ ਹੋ ਗਈ ਸੀ। ਜਿਉਂ ਹੀ ਮੈਂ ਚਾਹ ਦੀ ਆਖ਼ਰੀ ਘੁੱਟ ਭਰੀ, ਭੂਰੋ ਮੀਂਹ ’ਚ ਭਿੱਜਦੀ ਹੋਈ ਬੂਹੇ ਵਿੱਚੋਂ ਅੰਦਰ ਆਈ।

ਅੱਜ ਉਸ ਨਾਲ ਇੱਕ ਨਿਆਣਾ ਵੀ ਆਇਆ ਸੀ। ਪੁੱਛਣ ’ਤੇ ਉਸ ਨੇ ਦੱਸਿਆ ਕਿ ਉਸ ਦਾ ਭਤੀਜਾ ਹੈ। ਭੂਰੋ ਨੇ ਨਿਆਣੇ ਨੂੰ ਬੈਠਣ ਦਾ ਇਸ਼ਾਰਾ ਕੀਤਾ ਤੇ ਆਪ ਆਪਣੇ ਕੰਮ ਲੱਗ ਗਈ। ਮੈਂ ਵੀ ਅੰਦਰ ਆ ਕੇ ਧੋਤੇ ਕੱਪੜੇ ਸੁੱਕਣੇ ਪਾਉਣ ਲਈ ਮਸ਼ੀਨ ’ਚੋਂ ਕੱਢਣ ਲੱਗੀ ਤੇ ਭੂਰੋ ਲਈ ਗੈਸ ’ਤੇ ਚਾਹ ਰੱਖ ਦਿੱਤੀ। ਫਿਰ ਬਾਹਰ ਜਾ ਕੇ ਭੂਰੋ ਨਾਲ ਗੱਲਾਂ ਕਰਨ ਲੱਗੀ ਅਤੇ ਕੁਝ ਕਬਾੜ ਦਾ ਸਾਮਾਨ ਗੱਟੇ ਵਿੱਚ ਪਾਉਣ ਲੱਗੀ। ਇੰਨੇ ਨੂੰ ਚਾਹ ਬਣ ਗਈ ਅਤੇ ਭੂਰੋ ਵੀ ਵਿਹੜੇ ਵਿੱਚ ਝਾੜੂ ਲਾ ਕੇ ਚਾਹ ਪੀਣ ਬਹਿ ਗਈ ਸੀ। ਉਸ ਨੇ ਆਪਣੇ ਭਤੀਜੇ ਨੂੰ ਹਾਕ ਮਾਰ ਕੇ ਚਾਹ ਪੀਣ ਲਈ ਪੁੱਛਿਆ। ਉਸ ਨੇ ਨਾਂਹ ਵਿੱਚ ਸਿਰ ਹਿਲਾ ਦਿੱਤਾ। ਮੇਰੇ ਪੁੱਛਣ ’ਤੇ ਵੀ ਉਸ ਨੇ ਨਾਂਹ ਕਿਹਾ। ਮੈਂ ਅੰਦਰੋਂ ਉਸ ਲਈ ਬਿਸਕੁਟ ਲੈ ਆਈ। ਉਸ ਨੇ ਬੜੇ ਹੀ ਅਣਮੰਨੇ ਮਨ ਨਾਲ ਬਿਸਕੁਟ ਦਾ ਪੈਕਟ ਫੜਿਆ। ਚਾਹ ਪੀ ਕੇ ਭੂਰੋ ਅੰਦਰਲੇ ਕੰਮ ਕਰਨ ਲੱਗੀ। ਮੈਂ ਵੀ ਰਸੋਈ ’ਚ ਆ ਕੇ ਭਾਂਡੇ ਮਾਂਜਣ ਲੱਗੀ। ਸ਼ਨਿੱਚਰਵਾਰ ਹੋਣ ਕਰਕੇ ਅੱਜ ਕਬਾੜੀਏ ਨੇ ਵੀ ਆਉਣਾ ਸੀ। ਜਦੋਂ ਨੂੰ ਮੈਂ ਭਾਂਡੇ ਮਾਂਜੇ, ਕਬਾੜ ਵਾਲਾ ਆ ਗਿਆ। ਮੈਂ ਬਾਹਰ ਆ ਕੇ ਉਸ ਨੂੰ ਗੱਟਾ ਚੁੱਕਣ ਲਈ ਕਹਿ ਦਿੱਤਾ। ਮੈਂ ਉਸ ਨਾਲ ਗੱਲਾਂ ਕਰਦੀ ਨੇ ਵੇਖਿਆ ਕਿ ਭੂਰੋ ਦਾ ਭਤੀਜਾ ਉੱਥੇ ਨਹੀਂ ਸੀ। ਮੈਂ ਜਦੋਂ ਪਿੱਛੇ ਮੁੜ ਕੇ ਵੇਖਿਆ ਤਾਂ ਉਹ ਕਿਨੂੰ ਦੇ ਬੂਟੇ ਤੋਂ ਕੱਚੇ ਕਿਨੂੰ ਤੋੜ ਰਿਹਾ ਸੀ। ਮੈਨੂੰ ਇੱਕਦਮ ਗੁੱਸਾ ਆਇਆ ਤੇ ਮੈਂ ਉਸ ਨੂੰ ਇਸ ਕੰਮ ਤੋਂ ਵਰਜਿਆ। ਨਿਆਣਾ ਡਰ ਗਿਆ ਅਤੇ ਉਸੇ ਥਾਂ ਜਾ ਕੇ ਬੈਠ ਗਿਆ।

ਭੂਰੋ ਨੇ ਵੀ ਉਸ ਨੂੰ ਝਿੜਕਿਆ ਤੇ ਫਟਾਫਟ ਆਪਣਾ ਕੰਮ ਨਿਬੇੜਨ ਲੱਗੀ। ਮੈਂ ਨਹਾਉਣ ਚਲੀ ਗਈ। ਮੇਰੇ ਆਉਣ ਤੱਕ ਭੂਰੋ ਕੰਮ ਕਰਕੇ ਜਾ ਚੁੱਕੀ ਸੀ ਤੇ ਉਹ ਬਿਸਕੁਟ ਦਾ ਪੈਕਟ ਉਵੇਂ ਹੀ ਪਿਆ ਸੀ। ਉਹ ਨਿਆਣੇ ਦੀ ਅਣਭੋਲ ਭੁੱਖ ਨੇ ਮੈਨੂੰ ਅੰਦਰੋਂ ਹਲੂਣਿਆ। ਉਸ ਨੇ ਬਿਸਕੁਟ ਛੱਡ ਕੇ ਕੱਚੇ ਕਿਨੂੰ ਖਾਣ ਲਈ ਤੋੜੇ ਸਨ। ਮੈਨੂੰ ਆਪਣੇ ਆਪ ’ਤੇ ਬਹੁਤ ਗੁੱਸਾ ਆਇਆ ਤੇ ਬਿਸਕੁਟ ਦਾ ਪੈਕਟ ਮੈਂ ਉਸ ਲਈ ਸੰਭਾਲ ਕੇ ਰੱਖ ਦਿੱਤਾ।

## ਸਰਹੰਦ ਦੀਏ ਦੀਵਾਰੇ ਨੀ

ਇੰਦਰਜੀਤ ਹਸਨਪੁਰੀ



ਤੂੰ ਖ਼ੂਨ ਮਸੂਮਾਂ ਦਾ ਪੀਤਾ ।
ਨਾ ਤਰਸ ਜ਼ਰਾ ਵੀ ਤੂੰ ਕੀਤਾ ।
ਤੂੰ ਇਹ ਕੀ ਕੀਤੇ ਕਾਰੇ ਨੇ ।
ਸਰਹੰਦ ਦੀਏ ਦੀਵਾਰੇ ਨੀ ।

ਇਹ ਮਾਂ ਕਿਸੇ ਦੇ ਜਾਏ ਸੀ ।
ਕਿਸੇ ਪਿਉ ਨੇ ਲਾਡ ਲਡਾਏ ਸੀ ।
ਸੀ ਅੱਖ ਕਿਸੇ ਦੇ ਤਾਰੇ ਨੀ ।
ਸਰਹੰਦ ਦੀਏ ਦੀਵਾਰੇ ਨੀ ।

ਤੈਨੂੰ ਲੋਕੀ ਸਾਰੇ ਕਹਿਣ ਨੀ ।
ਤੂੰ ਖਾ ਗਈ ਬਣ ਕੇ ਡੈਣ ਨੀ ।
ਦਸਮੇਸ਼ ਦੇ ਰਾਜ ਦੁਲਾਰੇ ਨੀ ।
ਸਰਹੰਦ ਦੀਏ ਦੀਵਾਰੇ ਨੀ ।

ਤੂੰ ਡਾਢੇ ਕੀਤੇ ਲੋਹੜੇ ਨੀ ।
ਮਾਤਾ ਤੋਂ ਲਾਲ ਵਿਛੋੜੇ ਨੀ ।
ਤੈਨੂੰ ਲਾਹਨਤ ਪਾਂਦੇ ਸਾਰੇ ਨੀ ।
ਸਰਹੰਦ ਦੀਏ ਦੀਵਾਰੇ ਨੀ ।

ਤੇਰੇ ਮਾੜੇ ਹੈਸਨ ਭਾਗ ਨੀ ।
ਤੂੰ ਲਾਇਆ ਮੱਥੇ 'ਤੇ ਦਾਗ ਨੀ ।
ਜਿਸਨੂੰ ਨਾ ਕੋਈ ਉਤਾਰੇ ਨੀ ।
ਸਰਹੰਦ ਦੀਏ ਦੀਵਾਰੇ ਨੀ ।

ਤੂੰ ਜ਼ੋਰ ਬਥੇਰਾ ਲਾਇਆ ਨੀ ।
ਇਨ੍ਹਾਂ ਨੂੰ ਬਹੁਤ ਡਰਾਇਆ ਨੀ ।
ਪਰ ਇਹ ਨਾ ਬਾਜ਼ੀ ਹਾਰੇ ਨੀ ।
ਸਰਹੰਦ ਦੀਏ ਦੀਵਾਰੇ ਨੀ ।

ਜਿਹਨੂੰ ਸ਼ੀਂਹ ਨਾ ਬੇਲਿਉਂ ਬੁਕਦਾ ਏ ।
ਜਿਹਨੂੰ 'ਹਸਨਪੁਰੀ' ਜੱਗ ਝੁਕਦਾ ਏ ।
ਉਹ ਲਾਲ ਤੈਂ ਮਨੋਂ ਵਿਸਾਰੇ ਨੀ ।
ਸਰਹੰਦ ਦੀਏ ਦੀਵਾਰੇ ਨੀ ।


# ਮੇਰੀ ਕਲਮ

## ਅਨੰਦਪੁਰੀ ਪ੍ਰੀਤਮ ਦੇ ਦਰਸ਼ਨ ਮਾਛੀਵਾੜੇ ਦੇ ਜੰਗਲਾਂ ਵਿੱਚ

ਪ੍ਰਸ਼ਨ :-
ਅੱਖਾਂ ਸਿਕਦੀਆਂ ਸਨ ਤੇਰੇ ਦਰਸ਼ਨਾਂ ਨੂੰ,
ਅਜ ਦਰਸ ਤੂੰ ਕੀ ਦਿਖਾਇਆ ਏ ?
ਕਿਥੇ ਬਾਜ, ਨੀਲਾ, ਕਿਥੇ ਤਾਜ ਪੀਲਾ ?
ਕਿਥੇ ਅਜ ਇਹ ਰੰਗ ਬਣਾਇਆ ਏ ?
ਕਿਥੇ ਲਾਲ ਚਾਰੇ ਕਿਥੇ ਪੰਜ ਪਿਆਰੇ,
ਕਿਥੇ ਬਣਾਂ ਅਜ ਚੌਰ ਝੁਲਾਇਆ ਏ ?
ਕਿਥੇ ਮਖ਼ਮਲੀ ਅਤਲਸੀ ਕੀਮ ਖ਼ਾਬਾਂ,
ਅਜ ਕੰਡਿਆਂ ਫ਼ਰਸ਼ ਸਜਾਇਆ ਏ ?

ਅਜ ਆਣ ਤਕੇ ਮਾਤਾ ਗੁਜਰੀ ਜੇ,
ਝੜੀ ਹੰਝੂਆਂ ਦੀ ਲਾ ਕੇ ਰੋੜ੍ਹ ਦੇਵੇ ।
ਕੋਈ ਪੁੱਤ ਦੇਖੇ ਦੁਨੀਆਂਦਾਰ ਆ ਕੇ,
ਛਾਤੀ ਪਿਟਕੇ ਸੀਸ ਨੂੰ ਫੋੜ ਦੇਵੇ ।
ਮਾਤਾ ਸੁੰਦਰੀ ਆਣ ਕੇ ਪਤੀ ਦੇਖੇ,
ਸੀਸ ਧਰਤ ਤੇ ਪਟਕ ਕੇ ਤੋੜ ਦੇਵੇ ।
ਜਿਹੜਾ ਜਿਗਰ ਵਾਲਾ ਤੈਨੂੰ ਅਜ ਵੇਖੇ,
ਘਟਾ ਚੜ੍ਹੀ ਨੂੰ ਰੋ ਰੋ ਮੋੜ ਦੇਵੇ ।

ਐਪਰ ਪੁਰੀ ਅਨੰਦ ਦੇ ਵਾਸੀਆ ਵੇ,
ਤੇਰੇ ਚਿਹਰੇ ਤੇ ਚੌਗੁਣਾ ਨੂਰ ਦਿਸੇ ।
ਲੁਟੀ ਗਈ ਤੇਰੀ ਸਾਰੀ ਪਾਤਸ਼ਾਹੀ,
ਐਪਰ ਰਿਦੇ ਸਰੂਰ ਭਰਪੂਰ ਦਿਸੇ ।



ਹੀਰਾ ਸਿੰਘ ਦਰਦ

ਹਿੰਮਤ ਗਜ਼ਬ ਦੀ ਦਮਕਦੀ ਅੱਖੀਆਂ 'ਚੋਂ,
ਭਾਵੇਂ ਦੇਹੀ ਸਾਰੀ ਚਕਨਾਚੂਰ ਦਿਸੇ ।
ਆਵੇ ਸਮਝ ਨਾ ਕਲਗੀਆਂ ਵਾਲਿਆ ਵੇ,
ਤੇਰਾ ਅਜਬ ਹੀ ਕੋਈ ਦਸਤੂਰ ਦਿਸੇ ।

ਗੁਰੂ ਜੀ ਦਾ ਉੱਤਰ :-
ਅੱਖਾਂ ਖੋਲ੍ਹਕੇ ਦੇਖ ਖਾਂ ਭੋਲਿਆ ਵੇ,
ਮੇਰੇ ਜਿਹਾ ਅਜ ਕੌਣ ਨਿਹਾਲ ਹੋਵੇ ?
ਜਿਸਦਾ ਵਤਨ ਤੋਂ ਬੰਸ ਕੁਰਬਾਨ ਹੋਵੇ,
ਸਮਝੋ ਓਸ ਤੇ ਸਾਈਂ ਕਿਰਪਾਲ ਹੋਵੇ ।
ਬੇਟੇ ਸਫ਼ਲ ਹੋਏ, ਆਉਣਾ ਸਫ਼ਲ ਹੋਇਆ,
ਅਜ ਨਿਹਾਲ ਮੇਰਾ ਵਾਲ ਵਾਲ ਹੋਵੇ ।
ਬੇਸ਼ਕ ਜਿੰਦੜੀ ਵੀ ਮੇਰੀ ਲਗੇ ਲੇਖੇ,
ਐਪਰ ਵਤਨ ਆਜ਼ਾਦ ਖ਼ੁਸ਼ਹਾਲ ਹੋਵੇ ।

ਜਦੋਂ ਦੇਸ਼ ਗੁਲਾਮੀ ਦੇ ਵਿਚ ਬਧਾ,
ਰੋਵੇ, ਹਾਵਿਆਂ ਦੇ ਨਾਲੇ ਵੈਣ ਪਾਵੇ ।
ਓਦੋਂ ਮਹਿਲ ਤੇ ਮਾੜੀਆਂ ਕੌਣ ਚਾਹਵੇ,
ਸੇਜਾਂ ਸੋਹਣੀਆਂ ਤੇ ਕਿਦਾਂ ਚੈਨ ਆਵੇ ?
ਸ਼ਹਿਰ ਉਜੜੇ ਬਾਗ਼ ਵੈਰਾਨ ਦਿਸਣ,
ਨੀਂਦ ਨੈਣਾਂ ਦੇ ਕੋਲ ਕੀ ਲੈਣ ਆਵੇ ?
ਨਾ ਪਰਵਾਰ ਭਾਵੇ ਨਾ ਘਰ ਬਾਰ ਭਾਵੇ,
ਕੰਨੀਂ ਦੁਖੀਆਂ ਦੇ ਜਦੋਂ ਪੈਣ ਹਾਵੇ ।

ਅਜ ਵਸਿਆ ਦਿਸਦਾ ਦੇਸ ਸਾਰਾ,
ਮੈਂ ਭੀ ਵਸਿਆ ਮਹਿਲ ਉਸਾਰ ਐਥੇ ।
ਇਹ ਉਜਾੜੀਆਂ ਮਹਿਲ ਤੇ ਮਾੜੀਆਂ ਨੇ,
ਖੜੇ ਦਿਸਦੇ ਅੰਬ ਅਨਾਰ ਐਥੇ ।
ਕੰਡੇ ਨਹੀਂ ਇਹ ਵਿਛੀ ਹੈ ਸੇਜ ਮਖ਼ਮਲ,
ਮੇਰਾ ਸਜਿਆ ਅਜ ਦਰਬਾਰ ਐਥੇ ।
ਹੋਇਆ ਕੀ ਜੇ ਬੇਟੇ ਕੁਰਬਾਨ ਹੋ ਗਏ,
ਮੈਨੂੰ ਦਿਸਦਾ ਲਖ ਹਜ਼ਾਰ ਐਥੇ ।

## ਸੰਗਤੇ ਨੀ ਮੇਰਾ ਨਾਂ ਗੁਜਰੀ

ਚਰਨ ਸਿੰਘ ਸਫ਼ਰੀ

ਸੰਗਤੇ ਨੀ ਮੇਰਾ ਨਾਂ ਗੁਜਰੀ, ਮੈਂ ਗੋਬਿੰਦ ਸਿੰਘ ਦੀ ਮਾਂ ਗੁਜਰੀ,
ਮੈਂ ਗੁਜਰ ਗੁਜਰ ਕੇ ਗੁਜਰੀ ਹਾਂ, ਕਈ ਵਾਰੀਂ ਕਈ ਕਈ ਥਾਂ ਗੁਜਰੀ,
ਸੰਗਤੇ ਨੀ ਮੇਰਾ ਨਾਂ ਗੁਜਰੀ, ਮੈਂ ਗੋਬਿੰਦ ਸਿੰਘ ਦੀ ਮਾਂ ਗੁਜਰੀ..

ਮੇਰਾ ਨੌਂ ਸਾਲ ਦਾ ਪੁੱਤਰ ਸੀ, ਜਦ ਪਤੀ ਧਰਮ ਲਈ ਲੜਨ ਗਿਆ,
ਉਹ ਦਿੱਲੀ ਸ਼ਹਿਰ ਦੀਆਂ ਰਾਹਾਂ ਸੀ,ਹਿੰਦ ਧਰਮ ਦੀ ਰੱਖਿਆ ਕਰਨ ਗਿਆ,
ਜਦ ਤੱਕਿਆ ਸੀਸ ਸੀ ਅੱਖੀਆਂ ਨੇ, ਪਹਿਲੀ ਵਾਰ ਮੈਂ ਉਸੇ ਥਾਂ ਗੁਜਰੀ,
ਸੰਗਤੇ ਨੀ ਮੇਰਾ ਨਾਂ ਗੁਜਰੀ, ਮੈਂ ਗੋਬਿੰਦ ਸਿੰਘ ਦੀ ਮਾਂ ਗੁਜਰੀ..

ਮੇਰੇ ਵੱਡੇ ਪੋਤਿਆਂ ਚਮਕੋਰ ਦੀ ਜੰਗ ਵਿੱਚ, ਲੜਦਿਆਂ ਸ਼ਹੀਦੀਆਂ ਪਾ ਦਿੱਤੀਆਂ,
ਉਹ ਪਿਆਸੇ ਲੜਦੇ ਸ਼ਹੀਦ ਹੋਏ, ਦੋ ਬੂੰਦਾਂ ਪਾਣੀ ਦੀਆਂ ਨਾਂ ਦਿੱਤੀਆਂ,
ਜੋ ਕਦੇ ਨਾ ਮੁੜ ਕੇ ਆਉਣੀ ਸੀ, ਮੇਰੇ ਘਰ 'ਚੋਂ ਐਸੀ ਛਾਂ ਗੁਜਰੀ,
ਸੰਗਤੇ ਨੀ ਮੇਰਾ ਨਾਂ ਗੁਜਰੀ, ਮੈਂ ਗੋਬਿੰਦ ਸਿੰਘ ਦੀ ਮਾਂ ਗੁਜਰੀ..

ਮੈਂ ਠੰਡੇ ਬੁਰਜ ਵਿੱਚ ਪੋਤਿਆ ਨੂੰ, ਸਾਰੀ ਰਾਤ ਸਮਝਾਉਦੀ ਰਹੀ
ਕਦੇ ਜ਼ੁਲਮ ਅੱਗੇ ਨਾ ਝੁਕ ਜਾਇਉ, ਮੈਂ ਏਹੋ ਸਬਕ ਸਿਖਾਉਂਦੀ ਰਹੀ,
ਜਦ ਪੋਤੇ ਮੇਰੇ ਸ਼ਹੀਦ ਕੀਤੇ, ਫਿਰ ਆਪਣੇ ਆਪ ਮੈਂ ਤਾਂ ਗੁਜਰੀ,
ਸੰਗਤੇ ਨੀ ਮੇਰਾ ਨਾਂ ਗੁਜਰੀ, ਮੈਂ ਗੋਬਿੰਦ ਸਿੰਘ ਦੀ ਮਾਂ ਗੁਜਰੀ..



## ਮਾਤਾ ਗੁਜਰੀ ਜੀ

ਨੰਦ ਲਾਲ ਨੂਰਪੁਰੀ

ਅਧੀ ਰਾਤੀਂ ਮਾਂ ਗੁਜਰੀ ਬੈਠੀ ਘੜੀਆਂ ਚੰਦਾਂ ਦੀਆਂ ਗਾਵੇ ।
ਅੱਖੀਆਂ ਦੇ ਤਾਰਿਆਂ ਦਾ, ਮੈਨੂੰ ਚਾਨਣਾ ਨਜ਼ਰ ਨਾ ਆਵੇ ।

ਨੀ ਕੱਲ੍ਹ ਜਦੋਂ ਸੌਣ ਲਗੀ ਮੇਰੇ ਕੋਲ ਹੀਰਿਆਂ ਦੀ ਜੋੜੀ
ਪਿੰਡਿਆਂ ਤੇ ਹੱਥ ਫੇਰ ਕੇ, ਮੈਂ ਆਖਿਆ ਵੰਡੂੰਗੀ ਲੋੜ੍ਹੀ
ਵਿਛ ਦਾ ਸੋਕ ਬੁਰਾ ਨੀ ਮੈਥੋਂ ਸੋਕ ਝਲਿਆ ਨਾ ਜਾਵੇ
ਅਧੀ ਰਾਤੀਂ ਮਾਂ ਗੁਜਰੀ

ਸੁਫ਼ਨਾ ਸੱਚ ਹੋ ਗਇਆ, ਮੇਰੇ ਨਾਲ ਝਗੜ ਪਈ ਹੋਣੀ
ਇਟ ਉਤੇ ਇਟ ਰਖਕੇ ਤੇਰੇ ਹੀਰਿਆਂ ਦੀ ਚਮਕ ਲੁਕੋਣੀ
ਨੀ ਛਾਤੀ ਨਾਲ ਮੈਂ ਲਾ ਲਏ, ਜਾਂ ਉਹ ਉਛਲੀ ਭਰਨ ਕਲਾਵੇ
ਅਧੀ ਰਾਤੀਂ ਮਾਂ ਗੁਜਰੀ

ਇਕ ਦਿਨ ਪੁਛਦੇ ਸੀ, ਦਾਦੀ ਪਿਤਾ ਜੀ ਕੋਲ ਕਦ ਜਾਣਾ
ਐਤਕੀਂ ਤਾਂ ਰਜ ਰਜ ਕੇ, ਅਸੀਂ ਹਸ ਹਸ ਗਲ ਲਗ ਜਾਣਾ
ਇਕ ਇਕ ਬੋਲ ਚੰਦਰਾ ਨੀ ਮੇਰੇ ਧੂਹ ਕਾਲਜੇ ਨੂੰ ਪਾਵੇ
ਅਧੀ ਰਾਤੀਂ ਮਾਂ ਗੁਜਰੀ

ਕਲ੍ਹ ਮੇਰੇ ਕੋਲ ਵਸਦੇ ਅਜ ਨਜ਼ਰ ਕਿਤੇ ਨਾ ਆਂਦੇ
ਨਿਕੇ ਨਿਕੇ ਓਦਰੇ ਹੋਏ, ਕੀਹਨੂੰ ਹੋਣਗੇ ਦਰਦ ਸੁਣਾਂਦੇ
ਵੇ ਲਭ ਤੇ ਸਹੀ -'ਨੂਰਪੁਰੀ' ਮੇਰੇ ਨੈਣਾਂ ਨੂੰ ਨੀਂਦ ਨਾ ਆਵੇ
ਅਧੀ ਰਾਤੀਂ ਮਾਂ ਗੁਜਰੀ

## ਕਵਿਤਾ



ਬਾਬੂ ਫ਼ੀਰੋਜ਼ਦੀਨ ਸ਼ਰਫ਼

ਪੰਜ ਪੰਜ ਘੁਟ ਪਾਣੀ ਖੰਡੇ ਦਾ ਪਿਆਲ ਕੇ
ਆਜਾ ਮੇਰੀ ਕਲਮ ਪਯਾਰੀ ਜਾਵਾਂ ਤੈਥੋਂ ਬਲਹਾਰੀ,
ਚੱਲ ਖਾਂ ਚਕੋਰ ਵਾਲੀ ਚਾਲ ਝੂਲ ਝਾਲ ਕੇ।
ਸੰਗਤਾਂ ਦੇ ਦਿਲਾਂ ਨੂੰ ਅਨੰਦ ਜ਼ਰਾ ਕਰ ਦੇਵੀਂ
ਕਲਗ਼ੀਧਰ ਤੇਗ਼ ਦਾ ਨਜ਼ਾਰਾ ਭੀ ਵਿਖਾਲ ਕੇ।
ਸ਼ਾਹੀ ਫੌਜਾਂ ਬਿਕਰਮੀ ਸਤਾਰਾਂ ਸੌ ਤੇ ਸੱਠ ਵਿੱਚ,
ਬੈਠੀਆਂ ਅਨੰਦ ਪੁਰ ਉੱਤੇ ਘੇਰਾ ਡਾਲ ਕੇ।
ਲਹਿੰਦੇ ਵਲ ਜਾਓ ਬੱਚਾ ਹੜ੍ਹ ਵਾਂਗੂੰ ਚੜ੍ਹ ਆਓ,
ਘੱਲਿਆ 'ਅਜੀਤ' ਜੀ ਨੂੰ ਪਿਤਾ ਨੇ ਸਿਖਾਲ ਕੇ।
ਦੂਜੀ ਗੁੱਠੋਂ ਆਪ ਆਏ ਚੜ੍ਹ ਕੇ ਹਨੇਰੀ ਵਾਂਗੂੰ,
ਉੱਚ ਵਾਲੇ ਸਿੰਘ ਪੀਰ ਨਾਲ ਲੈ ਕੇ ਬਾਲ ਕੇ।
ਸ਼ਾਹੀ ਫੌਜਾਂ ਨਾਲ ਆ ਕੇ ਹੋਯਾ ਐਸਾ ਟਾਕਰਾ ਸੀ,
ਕਾਲ ਦਿਉਤਾ ਨੱਸ ਗਿਆ ਜਾਨ ਨੂੰ ਸੰਭਾਲ ਕੇ।
ਤੇਗ਼ ਵਾਲੀ ਖੁੰਡੀ ਐਸੀ ਵਾਹੀ ਸੀ 'ਅਜੀਤ' ਜੀ ਨੇ,
ਖਿੱਦੋ ਵਾਂਗ ਸੀਸ ਸੁੱਟੇ ਧੜਾਂ ਤੋਂ ਉਛਾਲ ਕੇ।
ਜੇੜ੍ਹਾ ਆਯਾ ਸਾਮ੍ਹਣੇ ਉਹ ਇੱਕ ਦਾ ਬਣਾਯਾ ਦੋ,
ਮਾਂ ਜਾਯਾ ਪੁੱਤ ਨ ਕੋਈ ਵਾਰ ਗਿਆ ਟਾਲ ਕੇ।
ਗੋਰਾ ਗੋਰਾ ਮੁਖ ਜਿਨੂੰ ਤੇਗ਼ ਦਾ ਵਿਖਾਲ ਦਿੱਤਾ,
ਓਸੇ ਦਾ ਕਲੇਜਾ ਆਂਦਾ ਨਾਲੇ ਹੀ ਉਧਾਲ ਕੇ।
ਦੂਜੇ ਪਾਸੋਂ ਚੱਟਦੀ ਸੀ ਤੇਗ਼ ਦਸਮੇਸ਼ ਜੀ ਦੀ,
ਵੈਰੀਆਂ ਦੇ ਕਾਲਜੇ ਦਾ ਖ਼ੂਨ ਭਾਲ ਭਾਲ ਕੇ।
ਇੱਕੋ ਪਰ ਵਾਲੀ ਪਰੀ ਜੁੱਧ ਵਿੱਚ ਉੱਡ ਉੱਡ,
ਰੱਤ ਵਾਲੇ ਸੁੱਟਦੀ ਸੀ ਲਾਲ ਪਈ ਉਗਾਲ ਕੇ।
ਜਿਹੜਾ ਰਤਾ ਤੱਤਾ ਹੋਇਆ ਤੱਤੇ ਤੱਤੇ ਤਾ ਉਹਨੂੰ,
ਧਾਰ ਨਾਲ ਠੰਢਾ ਕੀਤਾ ਉੱਥੇ ਹੀ ਨੁਹਾਲ ਕੇ।
ਚੱਕੀਆਂ ਦੇ ਪੁੜਾਂ ਵਾਂਗੂੰ ਦੋਹਾਂ ਤੇਗਾਂ ਫਿਰ ਫਿਰ,
ਦਾਣੇ ਵਾਂਗ ਰੱਖ ਦਿੱਤੇ ਦੱਲ ਸੀ ਹੁਦਾਲ ਕੇ।
ਵੇਖ ਵੇਖ ਸੂਰਿਆਂ ਨੂੰ ਸੂਬਾ ਸਰਹੰਦ ਵਾਲਾ,
ਪੁੱਛੇ ਅਜਮੇਰ ਚੰਦ ਰਾਜੇ ਨੂੰ ਬਹਾਲ ਕੇ।
ਸਿੱਖਾਂ ਦੇ ਸਰੀਰਾਂ ਨੂੰ ਹੈ ਮਿੱਟੀ ਕੇਹੜੀ ਲੱਗੀ ਹੋਈ,
ਕਿਹੜੇ ਸੱਚੇ ਵਿੱਚ ਇਹ ਬਣਾਏ ਹੋਇ ਨੇ ਢਾਲ ਕੇ ?
ਪਿਛ੍ਹਾਂ ਭੀ ਇਹ ਹਟਦੇ ਨਹੀਂ ਉਂਞ ਭੀ ਇਹ ਘਟਦੇ ਨਹੀਂ,
ਅੱਕਦੇ ਨਹੀਂ ਥੱਕਦੇ ਨਹੀਂ ਖੂਹਣੀਆਂ ਭੀ ਗਾਲ ਕੇ।
ਅਜੇ ਤੀਕ ਮੱਤੇ ਹੋਏ ਅੱਖੀਆਂ ਉਘੇੜਦੇ ਨਹੀਂ,
ਸੁੱਸਰੀ ਦੇ ਵਾਂਗ ਸਾਡੇ ਦਿਲਾਂ ਨੂੰ ਸਵਾਲ ਕੇ।
ਪੈਰਾਂ ਤੋਂ ਪਿਆਦੇ ਭੀ ਇਹ ਜੁਧ ਵਿੱਚ ਹੰਬਦੇ ਨਹੀਂ,
ਮੁੱਕ ਗਏ ਖਜ਼ਾਨੇ ਸਾਡੇ ਕੋਤਲਾਂ ਨੂੰ ਪਾਲ ਕੇ।
ਮੁੱਠ ਮੁੱਠ ਛੋਲਿਆਂ ਤੇ ਜਾਨ ਪਏ ਵਾਰਦੇ ਨੇ,
ਵੇਖੋ ਅਸੀਂ ਉੱਜੜੇ ਹਾਂ ਬੱਕਰੇ ਖਵਾਲ ਕੇ।
ਅੱਗੋਂ ਇਹ ਜਵਾਬ ਦਿੱਤਾ ਰਾਜੇ ਅਜਮੇਰ ਚੰਦ,
ਲੰਮੇ ਸਾਰੇ ਹਾਉਕੇ ਲੈ ਤਨ ਮਨ ਜਾਲ ਕੇ।
'ਕੀ ਮੈਂ ਦੱਸਾਂ ਖਾਂ ਸਾਹਿਬ! ਇਹਨਾਂ ਨੂੰ ਕੀ ਕਰ ਦਿੱਤਾ,
ਪੰਜ ਪੰਜ ਘੁਟ ਪਾਣੀ ਗੁਰੂ ਨੇ ਪਿਆਲ ਕੇ ?
'ਚਾੜ੍ਹ ਦਿੱਤੀ ਪਾਣ ਕੋਈ ਜੱਗ ਕੋਲੋਂ ਵੱਖਰੀ ਹੀ,
ਤਿੱਖਾ ਜਿਹਾ ਖੰਡਾ ਵਿੱਚ ਲੋਹੇ ਦਾ ਹੰਗਾਲ ਕੇ।
'ਸ਼ਰਫ਼' ਅਜੇ ਵੇਖਿਆ ਕੀ ਜੋਸ਼ ਹੈ ਤੂੰ ਸੂਰਿਆਂ ਦਾ,
ਛੋਲਿਆਂ ਦੇ ਵਾਂਗ ਫੌਜਾਂ ਜਾਣਗੇ ਉਬਾਲ ਕੇ।

## ਕਵਿਤਾ

ਕਰਮਜੀਤ ਸਿੰਘ ਗਠਵਾਲਾ



ਸਾਹਿਬਜ਼ਾਦਾ ਜੋਰਾਵਰ ਸਿੰਘ ਵਜ਼ੀਦ ਖਾਂ ਨੂੰ,
ਮਾਰੇਂ ਦਮਗਜ਼ੇ ਗੁਰਾਂ ਨੂੰ ਕੈਦ ਕੀਤਾ,
ਉਹ ਤਾਂ ਪਰਗਟੇ 'ਤੇਗ਼' ਦੀ ਧਾਰ ਵਿੱਚੋਂ।
ਉਹਨੂੰ ਛੱਲਾਂ ਨੇ ਭਲਾ ਹੈ ਰੋਕਣਾ ਕੀ,
ਬੇੜੇ ਕੱਢਣੇ ਜਿਨ੍ਹੇ ਮੰਝਧਾਰ ਵਿੱਚੋਂ।
ਜੱਟ ਕਿਰਤੀ ਸ਼ੇਰ ਬਣਾਏ ਉਨ੍ਹਾਂ,
ਪਾ ਰਹੇ ਧਰਮ ਲਈ ਜੋ ਸ਼ਹੀਦੀਆਂ ਨੇ।
ਸਿੱਧੇ ਲੜਨ ਤੋਂ ਘੇਰਾ ਜੋ ਘੱਤ ਬੈਠੇ,
ਫੜਨੇ ਗੁਰੂ ਕੀ ਤੇਰੇ ਜਹੇ ਗੀਦੀਆਂ ਨੇ।
ਸਾਡੇ ਵੀਰ ਤੂੰ ਕਹੇਂ ਹਨ ਖੇਤ ਰਹੇ,
ਅਪਣਾ ਫ਼ਰਜ਼ ਉਹ ਕਰ ਅਦਾ ਗਏ ਨੇ।
ਦਾਦੇ ਸਾਡੇ ਨੇ ਸਿਰਹੁ ਦੀ ਗੱਲ ਕੀਤੀ,
ਸਿਰ ਦੇ ਉਹ ਸਿਦਕ ਨਿਭਾ ਗਏ ਨੇ।
ਪਿੱਛੇ ਆਉਂਦਿਆਂ ਨੂੰ ਨ੍ਹੇਰੀ ਰਾਤ ਅੰਦਰ,
ਦੀਵੇ ਧਰਮ ਦੇ ਉਹ ਜਗਾ ਗਏ ਨੇ।
ਸਵਾ ਲੱਖ ਨਾਲ ਇੱਕ ਲੜਾਉਣ ਵਾਲਾ,
ਪਿਤਾ ਵਾਲੜਾ ਵਚਨ ਪੁਗਾ ਗਏ ਨੇ।
ਮੌਤ ਕੋਲੋਂ ਨਹੀਂ ਅਸੀਂ ਹਾਂ ਡਰਨ ਵਾਲੇ
ਆਏ ਜਿੱਥੋਂ ਫਿਰ ਜਾਣ ਦਾ ਡਰ ਕਾਹਦਾ।
ਨਾ ਤੂੰ ਨਾ ਤੇਰਾ ਦਰਬਾਰ ਰਹਿਣਾ,
ਫ਼ੋਕਾ ਦਮ ਐਵੇਂ ਰਿਹੈਂ ਭਰ ਕਾਹਦਾ।
ਡਰਨ ਕਾਲ ਤੋਂ ਨੀਵੇਂ ਜੋ ਕੰਮ ਕਰਦੇ
ਕਾਲ ਕਰੇ ਸਿਜਦੇ ਕੰਮਾਂ ਉੱਚਿਆਂ ਨੂੰ।
ਉਹ ਉਨ੍ਹਾਂ ਨੂੰ ਇੰਜ ਸੰਭਾਲਦਾ ਏ,
ਮਾਲੀ ਸਾਂਭੇ ਜਿਉਂ ਫੁੱਲਾਂ ਸੁੱਚਿਆਂ ਨੂੰ।
ਬਹਿਸ਼ਤਾਂ ਜਿਹੜਿਆਂ ਦੀ ਤੂੰ ਗੱਲ ਕਰਦਾ
ਅਸੀਂ ਉਨ੍ਹਾਂ ਨੂੰ ਨਹੀਂ ਸਿਆਣਦੇ ਹਾਂ।
ਜਿੱਥੇ ਰੂਹ ਸਭਦੀ ਤਪਦੀ ਸ਼ਾਂਤ ਹੋਵੇ,
ਅਸੀਂ ਬਹਿਸ਼ਤ ਬਣਾਉਣੇ ਜਾਣਦੇ ਹਾਂ।
ਜਿਹੜੀ ਮਾਇਆ ਨਾਲ ਸਾਨੂੰ ਭਰਮਾ ਰਿਹਾ,
ਸਤਿਲੁਜ ਵਿੱਚ ਉਹ ਸਤਿਗੁਰਾਂ ਰੋੜ੍ਹ ਦਿੱਤੀ।
ਅਸੀਂ ਉਨ੍ਹਾਂ ਦੇ ਘਰ ਹਾਂ ਹੋਏ ਪੈਦਾ,
ਜਿੱਥੇ ਰੱਬ ਨੇ ਕੋਈ ਨਾ ਥੋੜ੍ਹ ਦਿੱਤੀ।
ਤੂੰ ਕਹੇਂ ਇਸਲਾਮ ਹੈ ਬਹੁਤ ਉੱਚਾ,
ਕਾਂਗਿਆਰੀ ਹੋ ਜਾਂਦੀ ਏ ਖੇਤ ਅੰਦਰ।
ਮੰਦੇ ਬੰਦਿਆਂ ਨੂੰ ਮੰਦੇ ਕਰਮ ਬਦਲੇ,
ਸਮੇਂ ਦੇਣਾ ਰਲਾ ਏ ਰੇਤ ਅੰਦਰ।
ਜੋ ਤੂੰ ਕਰਨਾ ਉਹ ਤਾਂ ਤੂੰ ਕਰਨਾ,
ਅਸਾਂ ਆਪਣਾ ਤੈਨੂੰ ਜਵਾਬ ਦਿੱਤਾ।
ਭਾਣਾ ਮੰਨਣਾ ਪੁਰਖ ਅਕਾਲ ਕਹਿਕੇ,
ਸਾਨੂੰ ਜੋ ਵੀ ਤੂੰ ਅਜ਼ਾਬ ਦਿੱਤਾ।

## ਕੌਮਾਂਤਰੀ ਕ੍ਰਿਕਟ ਤੋਂ ਸੰਨਿਆਸ ਲੈਣ 'ਤੇ ਕਿਸੇ ਤਰ੍ਹਾਂ ਦਾ ਅਫ਼ਸੋਸ ਨਹੀਂ: ਅਸ਼ਵਿਨ



ਚੇਨਈ/ਏ.ਟੀ.ਨਿਊਜ਼: ਆਸਟ੍ਰੇਲੀਆ ਖ਼ਿਲਾਫ਼ ਟੈਸਟ ਮੈਚਾਂ ਦੀ ਲੜੀ ਦੇ ਵਿਚਾਲੇ ਕੌਮਾਂਤਰੀ ਕ੍ਰਿਕਟ ਤੋਂ ਸੰਨਿਆਸ ਦਾ ਐਲਾਨ ਕਰਨ ਤੋਂ ਇੱਕ ਦਿਨ ਬਾਅਦ ਰਵਿਚੰਦਰਨ ਅਸ਼ਵਿਨ ਵਤਨ ਪਰਤੇ ਤਾਂ ਉਨ੍ਹਾਂ ਦਾ ਇੱਥੇ ਸ਼ਾਨਦਾਰ ਸਵਾਗਤ ਕੀਤਾ ਗਿਆ। ਉਨ੍ਹਾਂ ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਆਪਣੇ ਫ਼ੈਸਲੇ ਨੂੰ ਲੈ ਕੇ ਕਿਸੇ ਤਰ੍ਹਾਂ ਦਾ ਅਫ਼ਸੋਸ ਨਹੀਂ ਹੈ। ਅਸ਼ਵਿਨ ਚੇਨੱਈ ਦੇ ਕੌਮਾਂਤਰੀ ਹਵਾਈ ਅੱਡੇ ਪੁੱਜੇ ਜਿੱਥੋਂ ਸੂਬਾਈ ਕ੍ਰਿਕਟ ਐਸੋਸੀਏਸ਼ਨ ਦੇ ਅਧਿਕਾਰੀ ਉਨ੍ਹਾਂ ਨੂੰ ਬਾਹਰ ਲੈ ਕੇ ਆਏ। ਅਸ਼ਵਿਨ ਨੇ ਕਿਹਾ ਕਿ ਉਸ ਲਈ ਇਹ ਬਹੁਤ ਰਾਹਤ ਤੇ ਤਸੱਲੀ ਵਾਲੀ ਗੱਲ ਹੈ। ਉਹ ਪਿਛਲੇ ਕੁਝ ਸਮੇਂ ਤੋਂ ਇਸ ਬਾਰੇ ਵਿਚਾਰ ਕਰ ਰਿਹਾ ਸੀ। ਉਨ੍ਹਾਂ ਕਿਹਾ ਕਿ ਮੈਚ ਦੇ ਚੌਥੇ ਦਿਨ ਉਸ ਨੂੰ ਇਸ ਦਾ ਅਹਿਸਾਸ ਹੋਇਆ ਤੇ ਉਸ ਨੇ ਸੰਨਿਆਸ ਦਾ ਐਲਾਨ ਕਰ ਦਿੱਤਾ।

### ਸਾਲਾਨਾ ਰਾਸ਼ਟਰੀ ਸੰਸਦੀ ਬੈਡਮਿੰਟਨ ਟੂਰਨਾਮੈਂਟ

# ਸਾਂਸਦਾਂ ਦੇ ਬੈਡਮਿੰਟਨ ਟੂਰਨਾਮੈਂਟ 'ਚ ਮੀਤ ਹੇਅਰ ਨੇ ਕੀਤਾ ਪੰਜਾਬ ਦਾ ਨਾਂ ਰੌਸ਼ਨ, ਜਿੱਤੇ ਪੰਜ ਖ਼ਿਤਾਬ

ਨਵੀਂ ਦਿੱਲੀ/ਏ.ਟੀ.ਨਿਊਜ਼ : ਸੰਗਰੂਰ ਤੋਂ ਆਮ ਆਦਮੀ ਪਾਰਟੀ ਦੇ ਸੰਸਦ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ ਨੇ ਐਮ.ਪੀਜ਼. ਬੈਡਮਿੰਟਨ ਟੂਰਨਾਮੈਂਟ ਵਿੱਚ ਪੰਜ ਖ਼ਿਤਾਬ ਜਿੱਤ ਕੇ ਪੰਜਾਬ ਦਾ ਨਾਂ ਰੌਸ਼ਨ ਕੀਤਾ ਹੈ। ਮੀਤ ਹੇਅਰ ਨੇ ਕਾਂਸਟੀਟਿਊਸ਼ਨ ਕਲੱਬ ਆਫ਼ ਇੰਡੀਆ (ਸੀ.ਸੀ.ਆਈ.), ਨਵੀਂ ਦਿੱਲੀ ਵਿਖੇ ਆਯੋਜਿਤ ਸਾਲਾਨਾ ਨੈਸ਼ਨਲ ਪਾਰਲੀਮੈਂਟਰੀ ਬੈਡਮਿੰਟਨ ਟੂਰਨਾਮੈਂਟ ਵਿੱਚ ਪੰਜ ਵਰਗਾਂ ਵਿੱਚ ਭਾਗ ਲਿਆ ਅਤੇ ਸਾਰੀਆਂ ਸ਼੍ਰੇਣੀਆਂ ਵਿੱਚ ਖ਼ਿਤਾਬ ਜਿੱਤੇ। ਮੀਤ ਹੇਅਰ, ਜੋ ਕਿ ਐਮ.ਪੀ. ਬਣਨ ਤੋਂ ਪਹਿਲਾਂ ਪੰਜਾਬ ਦੇ ਖੇਡ ਮੰਤਰੀ ਵੀ ਸਨ, ਨੇ ਐਮਪੀਜ਼ ਸਿੰਗਲਜ਼ ਕੈਟਾਗਰੀ, ਡਬਲਜ਼ ਕੈਟਾਗਰੀ, ਮਿਕਸਡ ਡਬਲਜ਼ ਕੈਟਾਗਰੀ, ਐਮਪੀਜ਼ ਬਨਾਮ ਦਿੱਲੀ ਲਾਇਰਜ਼ ਟੀਮ ਅਤੇ ਐਮਪੀਜ਼ ਬਨਾਮ ਨਾਨ ਐਮਪੀਜ਼ ਟੀਮ ਦੇ ਮੁਕਾਬਲਿਆਂ ਵਿੱਚ ਭਾਗ ਲਿਆ ਅਤੇ ਸਾਰੇ ਫ਼ਾਈਨਲ ਜਿੱਤ ਕੇ ਖ਼ਿਤਾਬ ਹਾਸਲ ਕੀਤਾ। ਮੀਤ ਹੇਅਰ, ਜੋ ਕਿ ਬੈਡਮਿੰਟਨ ਅਤੇ



ਕ੍ਰਿਕਟ ਦਾ ਸ਼ਾਨਦਾਰ ਖਿਡਾਰੀ ਹੈ, ਇਸ ਤੋਂ ਪਹਿਲਾਂ ਚੰਡੀਗੜ੍ਹ ਵਿੱਚ ਪੰਜਾਬ ਅਤੇ ਹਰਿਆਣਾ ਦੇ ਵਿਧਾਇਕਾਂ ਦੇ ਮੈਚ ਵਿੱਚ 'ਮੈਨ ਆਫ਼ ਦਾ ਮੈਚ' ਰਹਿ ਚੁੱਕਾ ਹੈ। ਮੀਤ ਹੇਅਰ ਨੇ ਕਿਹਾ ਕਿ ਖੇਡਾਂ ਸਾਡੇ ਸਮਾਜ ਦਾ ਅਨਿੱਖੜਵਾਂ ਅੰਗ ਹਨ ਅਤੇ ਅੱਜ ਦੇ ਸਮੇਂ ਵਿੱਚ ਹਰ ਕਿਸੇ ਨੂੰ ਤੰਦਰੁਸਤੀ ਲਈ ਖੇਡਾਂ ਵਿੱਚ ਹਿੱਸਾ ਲੈਣਾ ਚਾਹੀਦਾ ਹੈ। ਇਸ ਨਾਲ ਨਾ ਸਿਰਫ਼ ਖਿਡਾਰੀਆਂ ਦਾ ਉਤਸ਼ਾਹ ਵਧਦਾ ਹੈ ਸਗੋਂ ਸਮਾਜ ਨੂੰ ਵੀ ਪ੍ਰੇਰਨਾ ਮਿਲਦੀ ਹੈ।

## ਚੈਂਪੀਅਨਜ਼ ਟਰਾਫ਼ੀ: ਭਾਰਤ ਨਿਰਪੱਖ ਸਥਾਨਾਂ 'ਤੇ ਖੇਡੇਗਾ ਆਪਣੇ ਮੈਚ

ਦੁਬਈ/ਏ.ਟੀ.ਨਿਊਜ਼: ਚੈਂਪੀਅਨਜ਼ ਟਰਾਫੀ ਦੀ ਮੇਜ਼ਬਾਨੀ ਨੂੰ ਲੈ ਕੇ ਬਣਿਆ ਜਮੂਦ ਖ਼ਤਮ ਹੋ ਗਿਆ, ਜਦੋਂ ਆਈ.ਸੀ.ਸੀ. ਨੇ ਐਲਾਨ ਕੀਤਾ ਕਿ 50 ਓਵਰਾਂ ਦੇ ਇਸ ਟੂਰਨਾਮੈਂਟ 'ਚ ਭਾਰਤ ਆਪਣੇ ਮੈਚ ਮੇਜ਼ਬਾਨ ਦੇਸ਼ ਪਾਕਿਸਤਾਨ ਦੀ ਬਜਾਏ ਕਿਸੇ ਨਿਰਪੱਖ ਸਥਾਨ 'ਤੇ ਖੇਡੇਗਾ। ਦੂਜੇ ਪਾਸੇ ਪਾਕਿਸਤਾਨ ਲਈ ਵੀ ਇਹੀ ਪ੍ਰਬੰਧ ਲਾਗੂ ਹੋਵੇਗਾ ਅਤੇ ਉਹ ਭਾਰਤ ਵਿੱਚ ਹੋਣ ਵਾਲੇ ਟੂਰਨਾਮੈਂਟਾਂ ਦੇ ਮੁਕਾਬਲੇ ਨਿਰਪੱਖ ਥਾਵਾਂ 'ਤੇ ਖੇਡੇਗਾ।

ਕੌਮਾਂਤਰੀ ਕ੍ਰਿਕਟ ਕੌਂਸਲ (ਆਈ.ਸੀ.ਸੀ.) ਨੇ ਬਿਆਨ 'ਚ ਕਿਹਾ, "ਆਈ.ਸੀ.ਸੀ. ਬੋਰਡ ਨੇ ਮਨਜ਼ੂਰੀ ਦੇ ਦਿੱਤੀ ਹੈ ਕਿ 2024 ਤੋਂ 2027 ਤੱਕ ਮੌਜੂਦਾ ਗੇੜ (ਜਿਸ ਦੀ ਮੇਜ਼ਬਾਨੀ ਭਾਰਤ ਤੇ ਪਾਕਿਸਤਾਨ ਨੇ ਕਰਨੀ ਹੈ) ਦੌਰਾਨ ਆਈ.ਸੀ.ਸੀ. ਟੂਰਨਾਮੈਂਟਾਂ ਵਿੱਚ ਭਾਰਤ ਤੇ ਪਾਕਿਸਤਾਨ ਵਿਚਾਲੇ ਹੋਣ ਵਾਲੇ ਸਾਰੇ ਮੁਕਾਬਲੇ ਟੂਰਨਾਮੈਂਟ ਦੇ ਮੇਜ਼ਬਾਨ ਵੱਲੋਂ ਤਜਵੀਜ਼ਤ ਨਿਰਪੱਖ ਸਥਾਨਾਂ 'ਤੇ ਖੇਡੇ ਜਾਣਗੇ।" ਇਹ ਪ੍ਰਬੰਧ ਚੈਂਪੀਅਨਜ਼ ਟਰਾਫੀ-2025 (ਪਾਕਿਸਤਾਨ), ਸਾਲ 2026 'ਚ ਭਾਰਤ ਹੋਣ ਵਾਲੇ (ਬਾਕੀ ਸਫ਼ਾ 31 'ਤੇ)

# ਸ਼ਤਰੰਜ 'ਚ ਨਾਮਣਾ ਕਮਾਉਣ ਵਾਲਾ ਮੈਗਨਸ ਕਾਰਲਸਨ



ਮਨਦੀਪ ਸਿੰਘ ਸੁਨਾਮ

ਸ਼ਤਰੰਜ ਦੁਨੀਆਂ ਦੀਆਂ ਪ੍ਰਾਚੀਨ ਖੇਡਾਂ ਵਿੱਚੋਂ ਖੇਡੀ ਜਾਣ ਇੱਕ ਇਹੋ ਜਿਹੀ ਖੇਡ ਹੈ ਜਿਸਨੂੰ ਧਰਤ ਗੋਲੇ ਦੇ ਹਰ ਇੱਕ ਖੂੰਜੇ ਵਿੱਚ ਖੇਡਿਆ ਜਾਂਦਾ ਹੈ। ਅਜੋਕੇ ਸਮੇਂ ਦੁਨੀਆਂ ਦੀ ਇਸ ਹਰਮਨਪਿਆਰੀ ਖੇਡ ਦਾ ਬਾਦਸ਼ਾਹ ਨਾਰਵੇ ਦਾ ਗਰੈਂਡ ਮਾਸਟਰ ਮੈਗਨਸ ਕਾਰਲਸਨ ਹੈ ਜੋ 1 ਜੁਲਾਈ 2011 ਤੋਂ ਹੁਣ ਤੱਕ ਫਿਡੇ ਦੀ ਵਿਸ਼ਵ ਸ਼ਤਰੰਜ ਦਰਜਾਬੰਦੀ ਵਿੱਚ ਪਹਿਲੇ ਸਥਾਨ ਉੱਤੇ ਕਾਬਜ਼ ਹੈ। 30 ਨਵੰਬਰ 1990 ਨੂੰ ਨਾਰਵੇ ਦੇ ਟੋਨਸਬਰਗ ਵਿੱਚ ਜੰਮਿਆ ਸਵੇਨ ਮੈਗਨਸ ਓਏਨ ਕਾਰਲਸਨ, ਜਿਸਨੇ ਕਿ ਆਪਣੇ ਪਿਤਾ ਤੋਂ ਪੰਜ ਸਾਲ ਦੀ ਉਮਰੇ ਸ਼ਤਰੰਜ ਖੇਡਣੀ ਸਿੱਖੀ। ਸ਼ੁਰੂਆਤ ਵਿੱਚ ਉਹ ਇਸਨੂੰ ਗੰਭੀਰਤਾ ਨਾਲ ਨਹੀਂ ਲੈਂਦਾ ਸੀ ਪਰ ਆਪਣੀ ਵੱਡੀ ਭੈਣ ਨੂੰ ਹਰਾਉਣ ਦੀ ਇੱਛਾ ਨੇ ਉਸਨੂੰ ਸ਼ਤਰੰਜ ਨਾਲ ਡੂੰਘਾ ਜੋੜਿਆ। ਬਚਪਨ ਤੋਂ ਹੀ ਬਿਹਤਰੀਨ ਯਾਦਦਾਸ਼ਤ ਵਾਲੇ ਮੈਗਨਸ ਨੇ ਆਪਣਾ ਪਹਿਲਾ ਟੂਰਨਾਮੈਂਟ 1999 ਵਿੱਚ 'ਨਾਰਵੇਈ ਸ਼ਤਰੰਜ ਚੈਂਪੀਅਨਸ਼ਿਪ' ਖੇਡਿਆ ਅਤੇ 6/11 ਦਾ ਸਕੋਰ ਕੀਤਾ।

ਕਾਰਲਸਨ ਨੇ 13 ਸਾਲ ਦੀ ਉਮਰੇ 'ਵਿਜਕ ਆਨ ਜ਼ੀ' ਵਿੱਚ 2004 ਦੇ 'ਕੋਰਸ ਸ਼ਤਰੰਜ ਟੂਰਨਾਮੈਂਟ' ਵਿੱਚ ਜਿੱਤ ਤੋਂ ਬਾਅਦ ਸੁਰਖ਼ੀਆਂ ਬਟੋਰੀਆਂ। 2008 ਵਿੱਚ ਕਾਰਲਸਨ 'ਵਿਸ਼ਵ ਰੈਪਿਡ ਸ਼ਤਰੰਜ ਚੈਂਪੀਅਨਸ਼ਿਪ ਦੇ ਫਾਈਨਲ ਵਿੱਚ ਪਹੁੰਚਿਆ ਅਤੇ ਮੌਜੂਦਾ ਚੈਂਪੀਅਨ ਵੀ ਆਨੰਦ ਤੋਂ 3-1 ਨਾਲ ਹਾਰ ਕੇ ਦੂਜੇ ਸਥਾਨ 'ਤੇ ਰਿਹਾ। ਸਾਲ ਦਰ ਸਾਲ ਕਾਰਲਸਨ ਆਪਣੀ ਖੇਡ ਨੂੰ ਦੁਨੀਆਂ ਭਰ ਵਿੱਚ ਹੁੰਦੇ ਅੰਤਰਰਾਸ਼ਟਰੀ ਰੇਟਿੰਗ ਮੁਕਾਬਲਿਆਂ ਅੰਦਰ ਨਿਖ਼ਾਰਦਾ ਰਿਹਾ। 2009 ਵਿੱਚ ਉਸਨੇ 2844 ਰੇਟਿੰਗ ਹਾਸਲ ਕੀਤੀ ਅਤੇ ਫਿਡੇ ਰੇਟਿੰਗ ਸੂਚੀ ਵਿੱਚ ਨੰਬਰ 1 'ਤੇ ਪਹੁੰਚਿਆ। 2009 ਵਿੱਚ ਹੀ ਉਸਨੇ ਸਾਬਕਾ ਵਿਸ਼ਵ ਚੈਂਪੀਅਨ ਗੈਰੀ ਕਾਸਪਾਰੋਵ ਨੂੰ ਵੀ ਆਪਣਾ ਗੁਰੂ ਧਾਰਿਆ ਤੇ ਉਸਤੋਂ ਸ਼ਤਰੰਜ ਦੇ ਗੁਰ ਹਾਸਲ ਕੀਤੇ। 2013 ਵਿੱਚ ਕਾਰਲਸਨ ਭਾਰਤ ਦੇ ਚੇਨਈ ਵਿਖੇ ਹੋਈ ਵਿਸ਼ਵ ਸ਼ਤਰੰਜ ਚੈਂਪੀਅਨਸ਼ਿਪ ਵਿੱਚ ਵੀ. ਆਨੰਦ ਨੂੰ ਹਰਾ ਕੇ ਨਵਾਂ ਵਿਸ਼ਵ ਚੈਂਪੀਅਨ ਬਣਿਆ ਤੇ ਅਗਲੇ ਹੀ ਸਾਲ 2014 ਵਿੱਚ ਉਸਨੇ ਮੁੜ ਤੋਂ ਆਨੰਦ ਨੂੰ ਹਰਾ ਵਿਸ਼ਵ ਚੈਂਪੀਅਨਸ਼ਿਪ ਆਪਣੇ ਨਾਮ ਕੀਤੀ। 2015 ਵਿੱਚ ਕਾਰਲਸਨ ਨੇ ਬਰਲਿਨ ਵਿੱਚ ਆਯੋਜਿਤ ਰੈਪਿਡ ਵਿਸ਼ਵ ਸ਼ਤਰੰਜ ਚੈਂਪੀਅਨਸ਼ਿਪ ਜਿੱਤ ਕੇ ਆਪਣੇ ਖ਼ਿਤਾਬ ਨੂੰ ਸੁਰੱਖਿਅਤ ਰੱਖਿਆ। 2016 ਦੀ ਵਿਸ਼ਵ ਸ਼ਤਰੰਜ ਚੈਂਪੀਅਨਸ਼ਿਪ 'ਚ ਕਾਰਲਸਨ ਦਾ ਸਾਹਮਣਾ ਰੂਸ ਦੇ 'ਸਰਗੇਈ ਕਰਜਾਕਿਨ' ਨਾਲ ਹੋਇਆ। 12 ਮੈਚਾਂ ਵਾਲੇ ਇਸ ਟੂਰਨਾਮੈਂਟ ਵਿੱਚ ਦੋਵੇਂ ਖਿਡਾਰੀ 6-6 ਮੈਚ ਜਿੱਤ ਕੇ ਬਰਾਬਰੀ ਉੱਤੇ ਰਹੇ ਪਰ ਟਾਈਬ੍ਰੇਕਿੰਗ ਖੇਡਾਂ ਵਿੱਚ ਕਾਰਲਸਨ ਨੇ 3-1 ਨਾਲ ਬਾਜ਼ੀ ਮਾਰ ਲਈ ਅਤੇ ਵਿਸ਼ਵ ਚੈਂਪੀਅਨ ਦਾ ਖ਼ਿਤਾਬ ਬਰਕਰਾਰ ਰੱਖਿਆ। 2018 ਦੀ ਵਿਸ਼ਵ ਸ਼ਤਰੰਜ ਚੈਂਪੀਅਨਸ਼ਿਪ, ਜੋ ਲੰਡਨ ਵਿੱਚ ਹੋਈ, ਵਿੱਚ ਕਾਰਲਸਨ ਦਾ ਮੁਕਾਬਲਾ ਅਮਰੀਕਾ ਦੇ 'ਫੈਬੀਆਨੋ ਕਾਰੂਆਨਾ' ਨਾਲ ਹੋਇਆ ਤੇ 12 ਦੀਆਂ 12 ਗੇਮਾਂ ਡਰਾਅ ਰਹੀਆਂ, ਮਗਰੋਂ ਟਾਈਬ੍ਰੇਕ ਦੀਆਂ 3 ਗੇਮਾਂ ਜਿੱਤ ਕੇ ਵਿਸ਼ਵ ਚੈਂਪੀਅਨ ਦਾ ਖ਼ਿਤਾਬ ਬਰਕਰਾਰ ਰੱਖਿਆ। 2021 ਵਿੱਚ ਵੀ ਉਹ ਵਿਸ਼ਵ ਚੈਂਪੀਅਨ ਬਣਿਆ। 2022 ਵਿੱਚ ਵਿਸ਼ਵ ਰੈਪਿਡ ਸ਼ਤਰੰਜ ਚੈਂਪੀਅਨਸ਼ਿਪ ਜਿੱਤੀ। ਉਹ ਪੇਸ਼ੇਵਰ ਮੁਕਾਬਲਿਆਂ ਵਿੱਚ ਨਿਰੰਤਰ ਭਾਗ ਲੈਂਦਾ ਆ ਰਿਹਾ ਹੈ ਤੇ 13 ਸਾਲ ਤੋਂ ਵੱਧ ਦੇ ਸਮੇਂ ਤੋਂ ਉਹ ਨੰਬਰ 1 ਦੀ ਕੁਰਸੀ ਉੱਤੇ ਕਾਬਜ਼ ਹੈ।


# ਹਾਕੀ ਨੂੰ ਬੁਲੰਦੀ 'ਤੇ ਪਹੁੰਚਾਉਣ ਵਾਲੇ ਉਲੰਪੀਅਨ ਮੋਹਿੰਦਰ ਸਿੰਘ ਮੁਣਸ਼ੀ

ਜਤਿੰਦਰ ਪੰਮੀ

ਕੌਮੀ ਖੇਡ ਹਾਕੀ 'ਚ ਦੋਆਬੇ ਨੇ ਕਈ ਉਲੰਪੀਅਨ ਤੇ ਅੰਤਰਰਾਸ਼ਟਰੀ ਪੱਧਰ ਦੇ ਖਿਡਾਰੀ ਪੈਦਾ ਕੀਤੇ ਹਨ। ਇਨ੍ਹਾਂ ਹਾਕੀ ਉਲੰਪੀਅਨਾਂ 'ਚੋਂ ਇੱਕ ਸਨ 'ਸ਼ੇਅਰ ਸ਼ਾਟ' ਅਖਵਾਉਣ ਵਾਲੇ ਖਿਡਾਰੀ ਉਲੰਪੀਅਨ ਮੋਹਿੰਦਰ ਸਿੰਘ ਮੁਣਸ਼ੀ। ਉਨ੍ਹਾਂ ਵੱਲੋਂ ਹਾਕੀ ਖੇਡ 'ਚ ਪਾਏ ਯੋਗਦਾਨ ਨੂੰ ਕਦੇ ਵੀ ਨਹੀਂ ਭੁਲਾਇਆ ਜਾ ਸਕਦਾ। ਜ਼ਿਲ੍ਹਾ ਜਲੰਧਰ ਦੀ ਤਹਿਸੀਲ ਸ਼ਾਹਕੋਟ ਦੇ ਪਿੰਡ ਨੰਗਲ ਅੰਬੀਆਂ ਨੂੰ ਦੁਨੀਆਂ ਦੇ ਨਕਸ਼ੇ ਉੱਪਰ ਲਿਆਉਣ ਵਾਲੇ ਉਲੰਪੀਅਨ ਮੋਹਿੰਦਰ ਸਿੰਘ ਮੁਣਸ਼ੀ ਨੇ 3 ਅਪ੍ਰੈਲ 1953 ਨੂੰ ਮਾਤਾ ਰੱਖੀ ਦੀ ਕੁੱਖੋਂ ਪਿਤਾ ਮੁਣਸ਼ੀ ਰਾਮ ਦੇ ਘਰ ਜਨਮ ਲਿਆ। ਉਸ ਅੰਦਰ ਛੁਪੇ ਖਿਡਾਰੀ ਦਾ ਜਨਮ ਜਲੰਧਰ ਦੇ ਦੁਆਬਾ ਖ਼ਾਲਸਾ ਸੀਨੀਅਰ ਸੈਕੰਡਰੀ ਸਕੂਲ ਦੇ ਖੇਡ ਮੈਦਾਨਾਂ ਵਿੱਚ ਹੋਇਆ, ਜਿੱਥੇ ਉਸ ਦੇ ਪਿਤਾ ਸੇਵਾਦਾਰ ਵਜੋਂ ਨੌਕਰੀ ਕਰਦੇ ਸਨ। ਆਪਣੇ ਪਿਤਾ ਜੀ ਦੇ ਕੰਮ ਵਿੱਚ ਹੱਥ ਵਟਾਉਣ ਮਗਰੋਂ ਕੰਧ ਜਾਂ ਬੋਰਡ ਉੱਪਰ ਚੱਕਰ ਬਣਾ ਕੇ ਉਸ ਵਿੱਚ ਗੇਂਦ ਮਾਰਨ ਦੀ ਮੁਹਾਰਤ ਹਾਸਲ ਕਰਦਿਆਂ ਪਨੈਲਟੀ ਸਟਰੋਕ ਕਲਾ 'ਚ ਨਿਪੁੰਨਤਾ ਪਾਈ। ਉਸ ਦੇ ਖੇਡ ਪ੍ਰਤੀ ਜ਼ਿਆਦਾ ਮੋਹ ਨੂੰ ਦੇਖਦੇ ਹੋਏ ਅਕਸਰ ਘਰਦਿਆਂ ਵੱਲੋਂ ਉਸ ਨੂੰ ਖੇਡਣ ਤੋਂ ਵਰਜਿਆ ਜਾਂਦਾ ਸੀ ਕਿ ਖੇਡਾਂ ਗ਼ਰੀਬ ਲੋਕਾਂ ਲਈ ਨਹੀਂ ਪਰ ਇਹ ਨਹੀਂ ਸੀ ਪਤਾ ਕਿ ਦ੍ਰਿੜ੍ਹ ਨਿਸ਼ਚੇ ਵਾਲਾ ਇਹ ਨਿੱਕਾ ਜਿਹਾ ਮੁੰਡਾ ਆਪਣੀ ਮਿਹਨਤ, ਹਿੰਮਤ ਸਦਕਾ ਖੇਡ ਜਗਤ ਦੇ ਅਸਮਾਨ ਉੱਪਰ ਸਿਤਾਰਾ ਬਣ ਚਮਕੇਗਾ।

**ਪੰਜਾਬ ਹਾਕੀ ਲਈ ਚੋਣ**

ਵਧੀਆ ਬਾਲ ਕੰਟਰੋਲ, ਸਹੀ ਸਮੇਂ ਬਾਲ ਦੇਣ-ਲੈਣ ਦੀ ਕਲਾ ਤੇ ਹਰ ਸਾਈਡ 'ਤੇ ਖੇਡਣ ਦੀ ਮੁਹਾਰਤ ਸਦਕਾ 16 ਸਾਲ ਦੀ ਉਮਰ ਵਿੱਚ ਮਹਿੰਦਰ ਮੁਣਸ਼ੀ ਨੂੰ 1969 ਵਿੱਚ ਪੰਜਾਬ ਹਾਕੀ ਟੀਮ ਲਈ ਚੁਣਿਆ ਗਿਆ। ਘਰ ਦੀਆਂ ਲੋੜਾਂ ਨੂੰ ਪੂਰਾ ਕਰਨ ਦੇ ਮਨੋਰਥ ਲਈ ਉਸ ਨੇ ਭਾਰਤੀ ਫ਼ੌਜ ਲਈ ਕਲਕੱਤੇ ਜਾ ਕੇ ਨੌਕਰੀ ਕਰਨੀ ਸ਼ੁਰੂ ਕੀਤੀ ਤੇ ਵੱਖ-ਵੱਖ ਖੇਡ ਮੁਕਾਬਲਿਆਂ ਵਿੱਚ ਭਾਗ ਲੈਂਦਾ ਰਿਹਾ। ਉਸ ਦੇ ਖੇਡ ਪ੍ਰਦਰਸ਼ਨ ਨੂੰ ਦੇਖਦਿਆਂ ਹਾਕੀ ਖੇਡ ਵਿਚ ਬਾਬਾ ਬੋਹੜ ਵਜੋਂ ਜਾਣੇ ਜਾਂਦੇ ਮਰਹੂਮ ਰਾਜ ਕੁਮਾਰ ਵੱਲੋਂ




ਮੋਹਿੰਦਰ ਸਿੰਘ ਨੂੰ 1970 ਵਿੱਚ ਪੰਜਾਬ ਪੁਲਿਸ ਵਿੱਚ ਸਿਪਾਹੀ ਵਜੋਂ ਭਰਤੀ ਕਰਵਾ ਦਿੱਤਾ ਗਿਆ। ਇਥੇ ਉਸ ਨੇ ਅਖ਼ੀਰ ਤੱਕ ਪੰਜਾਬ ਪੁਲਿਸ ਦੀ ਹਾਕੀ ਟੀਮ ਲਈ ਸੈਂਟਰ ਹਾਫ਼ ਵਜੋਂ ਖੇਡਦਿਆਂ ਵਧੀਆ ਤਕਨੀਕ ਤੇ ਬਾਲ ਕੰਟਰੋਲ ਸਦਕਾ ਮਧੂਬਨ, ਬੰਗਲੌਰ, ਜੈਪੁਰ, ਜਲੰਧਰ, ਸ੍ਰੀਲੰਕਾ ਵਿਖੇ ਹੋਏ ਟੂਰਨਾਮੈਂਟਾਂ ਵਿੱਚ ਜਿੱਤਾਂ ਦੁਆਈਆਂ ਅਤੇ ਆਪਣੀ ਵਧੀਆ ਖੇਡ ਦਾ ਨਮੂਨਾ ਪੇਸ਼ ਕਰਦੇ ਹੋਏ ਆਪਣਾ ਲੋਹਾ ਮੰਨਵਾਇਆ। ਉਸ ਨੂੰ ਛੋਟੀ ਉਮਰ ਵਿੱਚ ਤਰੱਕੀ ਦੇ ਕੇ ਸਿਪਾਹੀ ਤੋਂ ਸਬ-ਇੰਸਪੈਕਟਰ ਬਣਾ ਦਿੱਤਾ ਗਿਆ। 1970 ਦੀਆਂ ਬੈਂਕਾਕ ਏਸ਼ੀਅਨ ਖੇਡਾਂ ਵਿੱਚ ਕਾਂਸੀ ਦਾ ਤਗਮਾ ਜਿੱਤਣ ਵਾਲੀ ਭਾਰਤੀ ਹਾਕੀ ਟੀਮ ਵਿੱਚ ਮੋਹਿੰਦਰ ਮੁਣਸ਼ੀ ਸਭ ਤੋਂ ਛੋਟੀ ਉਮਰ (17 ਸਾਲ) ਦਾ ਖਿਡਾਰੀ ਸੀ। ਕੁਮੈਂਟੇਟਰ ਵੱਲੋਂ ਨਿੱਕੀ ਉਮਰ ਦਾ ਖਿਡਾਰੀ ਹੋਣ ਕਾਰਨ 'ਬੇਬੀ ਮਹਿੰਦਰ' ਵਜੋਂ ਮੁਖ਼ਾਤਿਬ ਹੋਣ ਵਾਲੇ ਮੋਹਿੰਦਰ ਨੇ ਮੁੜ ਕਦੇ ਪਿਛਾਂਹ ਮੁੜ ਕੇ ਨਹੀਂ ਦੇਖਿਆ। 1974 'ਚ ਉਹ ਹੈਦਰਾਬਾਦ ਵਿਖੇ ਭਾਰਤ ਤੇ ਏਸ਼ੀਅਨ ਹਾਕੀ ਟੀਮਾਂ ਵਿਚਾਲੇ ਹੋਏ ਮੈਚ ਵਿੱਚ ਖੇਡਿਆ।

**'ਸ਼ੇਅਰ-ਸ਼ੋਟ' ਦੇ ਨਾਂ ਨਾਲ ਮਿਲੀ ਪ੍ਰਸਿੱਧੀ**

ਫਿਰ 1975 ਵਿੱਚ ਕੁਆਲਾਲੰਪੁਰ ਸ਼ਹਿਰ ਵਿਖੇ ਹੋਏ ਤੀਸਰੇ ਵਿਸ਼ਵ ਕੱਪ ਵਿੱਚ ਮੋਹਿੰਦਰ ਮੁਣਸ਼ੀ ਵੱਲੋਂ ਬਾਲ-ਪਾਸ ਦੀ ਕਲਾ ਜਿੱਥੇ ਟੀਮ ਦੇ ਵਧੀਆ ਪ੍ਰਦਰਸ਼ਨ ਲਈ ਲਾਹੇਵੰਦ ਸਾਬਤ ਹੋਈ, ਉੱਥੇ ਉਸ ਅੰਦਰ ਹਰ ਪਨੈਲਟੀ ਸਟਰੋਕ ਨੂੰ ਗੋਲ ਵਿੱਚ ਤਬਦੀਲ ਕਰਨ ਦੀ ਮੁਹਾਰਤ ਨੇ ਵੱਖ-ਵੱਖ ਮੈਚਾਂ ਮੌਕੇ ਨਿਰਣਾਇਕ ਬਣਦਿਆਂ, ਭਾਰਤ ਨੂੰ 'ਸੰਸਾਰ ਕੱਪ' ਜੇਤੂ ਬਣਨ ਦਾ ਮਾਣ ਦਿਵਾਇਆ। ਵਧੀਆ ਕਾਰਗੁਜ਼ਾਰੀ ਸਦਕਾ ਉਸ ਨੂੰ 1976 ਵਿੱਚ ਮਾਂਟਰੀਅਲ ਉਲੰਪਿਕ ਖੇਡਾਂ ਲਈ ਚੁਣਿਆ ਗਿਆ, ਜਿਥੇ ਉਸ ਨੇ ਸ਼ਾਨਦਾਰ ਖੇਡ ਪ੍ਰਦਰਸ਼ਨ ਤੇ ਜਾਨਦਾਰ ਸਟਰੋਕ ਸਦਕਾ 'ਬੈਸਟ ਸਕੋਰਰ' ਦਾ ਮਾਣ ਹਾਸਲ ਕੀਤਾ। ਉਸ ਵੱਲੋਂ ਲਗਾਈ ਜਾਣ ਵਾਲੀ ਪੈਨਲਟੀ ਸਟਰੋਕ ਜਾਨਦਾਰ ਤੇ ਸਿਰਮੌਰ ਹੋਣ ਕਾਰਨ ਉਸ ਨੂੰ 'ਸ਼ੇਅਰ-ਸ਼ੋਟ' ਦੇ ਨਾਂ ਨਾਲ ਵੀ ਜਾਣਿਆ ਜਾਂਦਾ ਸੀ ਕਿਉਂਕਿ ਉਸ ਵੱਲੋਂ ਲਗਾਈ ਪੈਨਲਟੀ ਸਟਰੋਕ ਕਦੇ ਅਜ਼ਾਈਂ ਨਹੀਂ ਸੀ ਗਈ। ਅੱਜ ਤੱਕ ਉਸਦੀਆਂ ਯਾਦਾਂ ਨੂੰ ਆਪਣੇ ਸੀਨੇ ਅੰਦਰ ਸੰਜੋਈ ਬੈਠੇ ਸਾਥੀ ਖਿਡਾਰੀਆਂ ਤੇ ਖੇਡ ਪ੍ਰੇਮੀਆਂ ਵੱਲੋਂ ਉਹ ਦੇ ਵਰਗਾ ਹੋਰ ਜੁਝਾਰੂ ਖਿਡਾਰੀ ਪੈਦਾ ਕਰਨ ਦੇ ਮਨੋਰਥ ਨਾਲ ਹਰ ਸਾਲ ਦਸੰਬਰ ਮਹੀਨੇ ਸਕੂਲ ਪੱਧਰ ਦਾ ਹਾਕੀ ਟੂਰਨਾਮੈਂਟ ਕਰਵਾਇਆ ਜਾਂਦਾ ਹੈ। ਇਸ ਸਾਲ 24ਵਾਂ ਆਲ ਇੰਡੀਆ ਉਲੰਪੀਅਨ ਮੋਹਿੰਦਰ ਸਿੰਘ ਮੁਣਸ਼ੀ ਜੂਨੀਅਰ ਹਾਕੀ ਟੂਰਨਾਮੈਂਟ ਅੰਡਰ-19 ਬੁਆਏਜ਼ ਜਲੰਧਰ ਵਿਖੇ ਬੀ.ਐਸ.ਐਫ. ਪੰਜਾਬ ਫਰੰਟੀਅਰ ਦੇ ਮੁੱਖ ਦਫ਼ਤਰ ਸਥਿਤ ਹਾਕੀ ਮੈਦਾਨ 'ਤੇ ਕਰਵਾਇਆ ਗਿਆ

**ਵਿਸ਼ਵ ਕੱਪ ਜਿੱਤਣ 'ਚ ਅਹਿਮ ਭੂਮਿਕਾ**

19 ਸਤੰਬਰ 1977 ਵਾਲੇ ਦਿਨ ਇਸ ਜੁਝਾਰੂ ਹਾਕੀ ਖਿਡਾਰੀ ਨੂੰ ਪੀਲੀਏ ਦੇ ਰੋਗ ਨੇ ਨਿਗਲ ਲਿਆ। ਉਲੰਪੀਅਨ ਮੋਹਿੰਦਰ ਸਿੰਘ ਮੁਣਸ਼ੀ ਨੂੰ ਖੇਡ ਜਗਤ ਦੇ ਅਰਸ਼ੋਂ ਟੁੱਟਿਆ ਭਾਵੇਂ ਕਰੀਬ ਤਿੰਨ ਦਹਾਕੇ ਹੋ ਗਏ ਹਨ ਪਰੰਤੂ ਵੇਲੇ ਦੀਆ ਸਰਕਾਰਾਂ ਨੇ ਭਾਰਤ ਨੂੰ 1975 'ਚ ਇਕਲੌਤਾ ਸੰਸਾਰ ਕੱਪ ਜੇਤੂ ਬਣਾਉਣ ਵਿੱਚ ਅਹਿਮ ਰੋਲ ਅਦਾ ਕਰਨ ਵਾਲੇ ਉਸ ਸਿਤਾਰੇ ਨੂੰ ਅਣਗੌਲਿਆ ਕੀਤਾ ਹੋਇਆ ਹੈ। ਇਸ ਹੋਣਹਾਰ ਹਾਕੀ ਖਿਡਾਰੀ ਨੂੰ ਮਰਨ-ਉਪਰੰਤ ਕੋਈ ਸੂਬਾਈ ਜਾਂ ਕੌਮੀ ਪੱਧਰ ਦਾ ਖੇਡ ਪੁਰਸਕਾਰ ਹਾਲੇ ਤੱਕ ਨਹੀਂ ਦਿੱਤਾ ਗਿਆ। ਹਾਲਾਂਕਿ ਪਰਿਵਾਰਕ ਮੈਂਬਰ ਸਰਕਾਰਾਂ ਤੱਕ ਵਾਰ-ਵਾਰ ਪਹੁੰਚ ਕਰ ਚੁੱਕੇ ਹਨ। ਮੋਹਿੰਦਰ ਮੁਣਸ਼ੀ ਦੇ ਛੋਟੇ ਭਰਾ ਸਤਪਾਲ ਸਿੰਘ ਨੇ ਦੱਸਿਆ ਕਿ ਸਰਕਾਰਾਂ ਖੇਡਾਂ ਨੂੰ ਉੱਚਾ ਚੁੱਕਣ ਲਈ ਹਰ ਤਰ੍ਹਾਂ ਦੀ ਮਦਦ ਕਰਨ ਦੇ ਬਿਆਨ ਦੇਣੋਂ ਨਹੀਂ ਥੱਕਦੀਆਂ ਪਰ ਦੇਸ਼ ਦਾ ਨਾਂ ਚਮਕਾਉਣ ਵਾਲੇ ਜੁਝਾਰੂ ਖਿਡਾਰੀ, ਤੇ ਉਨ੍ਹਾਂ ਦੇ ਗ਼ਰੀਬ ਪਰਿਵਾਰਾਂ ਦੀ ਬਾਂਹ ਨਹੀਂ ਫੜਦੀਆਂ।

# ਜਸਪਾਲ ਭੱਟੀ
# ਸੀ ਕਾਮੇਡੀ ਦਾ ਬਾਦਸ਼ਾਹ

## ਸਭ ਨੂੰ ਹਸਾ ਕੇ ਰੁਆ ਗਿਆ ਕਲਾਕਾਰ ਜਸਪਾਲ ਭੱਟੀ



ਇਹ ਕਹਿਣਾ ਗ਼ਲਤ ਨਹੀਂ ਹੈ ਕਿ ਅੱਜ ਵੀ ਕੁਝ ਅਜਿਹੇ ਕਾਮੇਡੀਅਨ ਹਨ ਅਤੇ ਹੋਏ ਹਨ ਜਿਨ੍ਹਾਂ ਦੀ ਕਾਮੇਡੀ ਅਤੇ ਅਦਾਕਾਰੀ ਨੂੰ ਸਮਾਜ ਦੇ ਹਰ ਵਰਗ ਨੇ ਪਸੰਦ ਕੀਤਾ ਸੀ। ਇਸ ਲਿਸਟ 'ਚ ਇੱਕ ਅਜਿਹਾ ਨਾਂ ਵੀ ਸ਼ਾਮਲ ਹੈ, ਜਿਸ ਨੇ ਲੋਕਾਂ ਨੂੰ ਸਾਰੀ ਉਮਰ ਹਸਾਇਆ। ਹਾਲਾਂਕਿ ਉਸ ਦੀ ਅਚਾਨਕ ਹੋਈ ਮੌਤ ਨੇ ਸਭ ਨੂੰ ਹੈਰਾਨ ਕਰ ਦਿੱਤਾ। ਅਸੀਂ ਗੱਲ ਕਰ ਰਹੇ ਹਾਂ ਪੰਜਾਬ ਦੇ ਮਸ਼ਹੂਰ ਕਾਮੇਡੀਅਨ ਜਸਪਾਲ ਭੱਟੀ ਦੀ, ਜਿਨ੍ਹਾਂ ਦਾ ਵਿਅੰਗਮਈ ਹਾਸਰਸ ਅੱਜ ਵੀ ਲੋਕਾਂ ਨੂੰ ਯਾਦ ਹੈ।

3 ਮਾਰਚ 1952 ਨੂੰ ਅੰਮ੍ਰਿਤਸਰ, ਪੰਜਾਬ ਵਿੱਚ ਜਨਮੇ ਜਸਪਾਲ ਭੱਟੀ ਵਿਅੰਗ ਕਾਮੇਡੀ ਲਈ ਜਾਣੇ ਜਾਂਦੇ ਸਨ। ਉਸਨੇ ਚੰਡੀਗੜ੍ਹ ਦੇ ਇੰਜੀਨੀਅਰਿੰਗ ਕਾਲਜ ਤੋਂ ਆਪਣੀ ਪੜ੍ਹਾਈ ਪੂਰੀ ਕੀਤੀ। ਜਸਪਾਲ ਕਾਲਜ ਦੇ ਦਿਨਾਂ ਤੋਂ ਹੀ ਕਾਮੇਡੀ ਨੁੱਕੜ ਨਾਟਕ ਕਰਦਾ ਸੀ। ਉਹ ਸਮਾਜ ਵਿੱਚ ਫ਼ੈਲੇ ਭ੍ਰਿਸ਼ਟਾਚਾਰ ਅਤੇ ਰਾਜਨੀਤੀ 'ਤੇ ਕਾਮੇਡੀ ਦੀਆਂ ਚੁਟਕਲੀਆਂ ਬਣਾਉਂਦੇ ਸਨ। ਇਸ ਤੋਂ ਬਾਅਦ ਉਨ੍ਹਾਂ ਨੇ ਮਸ਼ਹੂਰ ਅਖ਼ਬਾਰ ਦੈਨਿਕ ਟ੍ਰਿਬਿਊਨ ਵਿੱਚ ਕਾਰਟੂਨਿਸਟ ਵਜੋਂ ਵੀ ਕੰਮ ਕੀਤਾ।

**ਅੱਸੀ ਦੇ ਦਹਾਕੇ ਵਿੱਚ ਟੈਲੀਵਿਜ਼ਨ 'ਤੇ ਸ਼ੋਅ**

ਰੰਗੀਨ ਟੈਲੀਵਿਜ਼ਨਾਂ ਦਾ ਦੌਰ ਅੱਸੀਵਿਆਂ ਵਿੱਚ ਸ਼ੁਰੂ ਹੋ ਗਿਆ ਸੀ। ਅਜਿਹੀ ਸਥਿਤੀ ਵਿੱਚ ਜਸਪਾਲ ਭੱਟੀ ਨੇ ਇਸ ਨੂੰ ਵੱਧ ਤੋਂ ਵੱਧ ਲੋਕਾਂ ਤੱਕ ਪਹੁੰਚਣ ਦਾ ਇੱਕ ਕਾਰਗਰ ਮਾਧਿਅਮ ਪਾਇਆ। ਉਸਨੇ ਇਸ ਸਮੇਂ ਦੌਰਾਨ ਟੈਲੀਵਿਜ਼ਨ 'ਉਲਟਾ-ਪੁਲਟਾ' ਸ਼ੁਰੂ ਕੀਤਾ। ਲੋਕਾਂ ਨੇ ਇਸ ਸ਼ੋਅ ਨੂੰ ਕਾਫ਼ੀ ਪਸੰਦ ਕੀਤਾ।

ਇਸ ਤੋਂ ਬਾਅਦ 90 ਦੇ ਦਹਾਕੇ 'ਚ ਉਹ ਆਪਣੀ ਪਤਨੀ ਸਵਿਤਾ ਦੀ ਮਦਦ ਨਾਲ 'ਫ਼ਲਾਪ ਸ਼ੋਅ' ਲੈ ਕੇ ਆਏ। ਇਹ ਸ਼ੋਅ ਆਮ ਆਦਮੀ ਦੀਆਂ ਰੋਜ਼ਾਨਾ ਸਮੱਸਿਆਵਾਂ 'ਤੇ ਆਧਾਰਿਤ ਸੀ। ਲੋਕਾਂ ਦੀਆਂ ਸਮੱਸਿਆਵਾਂ ਨੂੰ ਵਿਅੰਗਮਈ ਢੰਗ ਨਾਲ ਦਿਖਾ ਕੇ ਉਹ ਲੋਕਾਂ ਦੇ ਬਹੁਤ ਨੇੜੇ ਆਇਆ, ਜਿਸ ਤੋਂ ਬਾਅਦ ਉਸ ਨੇ ਦਰਸ਼ਕਾਂ 'ਤੇ ਅਨੋਖੀ ਛਾਪ ਛੱਡੀ ਅਤੇ ਉਸ ਨੂੰ ਕਾਮੇਡੀ ਕਿੰਗ ਕਿਹਾ ਜਾਣ ਲੱਗਿਆ।

**ਕਾਮੇਡੀ ਸ਼ੋਅ ਤੋਂ ਬਾਲੀਵੁੱਡ ਤੱਕ ਦਾ ਸਫ਼ਰ**



ਜਸਪਾਲ ਭੱਟੀ ਨੇ ਕਈ ਬਾਲੀਵੁੱਡ ਫ਼ਿਲਮਾਂ ਵਿੱਚ ਵੀ ਕੰਮ ਕੀਤਾ। ਇਨ੍ਹਾਂ ਵਿੱਚ 1999 ਵਿੱਚ ਰਿਲੀਜ਼ ਹੋਈਆਂ ਫ਼ਿਲਮਾਂ - ਜਾਨਮ ਸਮਝਾ ਕਰੋ, ਕਰਤੂਸ, ਹਮਾਰਾ ਦਿਲ ਆਪਕੇ ਪਾਸ, ਜਾਨੀ-ਦੁਸ਼ਮਨ, ਫ਼ਨਹਾ, ਆ ਅਬ ਲੌਟ ਚਲੇ, ਯੇ ਹੈ ਜਲਵਾ ਆਦਿ ਸ਼ਾਮਲ ਸਨ।

ਇਸ ਦੇ ਨਾਲ ਹੀ ਜਸਪਾਲ ਨੇ ਪੰਜਾਬੀ ਫ਼ਿਲਮਾਂ ਵਿੱਚ ਵੀ ਕੰਮ ਕੀਤਾ। ਇਨ੍ਹਾਂ 'ਚ 1991 'ਚ ਰਿਲੀਜ਼ ਹੋਈ ਫ਼ਿਲਮ 'ਜੀਜਾ ਜੀ' ਵੀ ਸ਼ਾਮਲ ਹੈ, ਜਿਸ ਨੂੰ ਦਰਸ਼ਕਾਂ ਨੇ ਕਾਫ਼ੀ ਪਸੰਦ ਕੀਤਾ ਸੀ। ਉਸ ਨੇ ਪੰਜਾਬੀ ਫ਼ਿਲਮ 'ਮਹੌਲ ਠੀਕ ਹੈ' ਦਾ ਨਿਰਦੇਸ਼ਨ ਵੀ ਕੀਤਾ। ਖਾਸ ਗੱਲ ਇਹ ਹੈ ਕਿ ਜਸਪਾਲ ਭੱਟੀ ਨੇ ਆਪਣੇ ਹੀ ਸ਼ੋਅ ਰਾਹੀਂ ਕਾਮੇਡੀ ਕਲਾਕਾਰ ਸੁਨੀਲ ਗਰੋਵਰ ਨੂੰ ਪਹਿਲਾ ਬ੍ਰੇਕ ਦਿੱਤਾ ਸੀ।

**ਸੜਕ ਹਾਦਸੇ ਵਿੱਚ ਹੋ ਗਈ ਸੀ ਮੌਤ**

ਦੇਸ਼ ਦੇ ਸਭ ਤੋਂ ਮਸ਼ਹੂਰ ਕਾਮੇਡੀਅਨਾਂ ਵਿੱਚੋਂ ਇੱਕ ਜਸਪਾਲ ਭੱਟੀ ਦੀ 2012 ਵਿੱਚ ਪੰਜਾਬ ਰਾਜ ਦੇ ਜਲੰਧਰ ਸ਼ਹਿਰ ਵਿੱਚ ਇੱਕ ਸੜਕ ਹਾਦਸੇ ਵਿੱਚ ਮੌਤ ਹੋ ਗਈ ਸੀ। 57 ਸਾਲਾ ਭੱਟੀ ਆਪਣੀ ਨਵੀਂ ਫ਼ਿਲਮ 'ਪਾਵਰ ਕੱਟ' ਦੇ ਪ੍ਰਚਾਰ ਲਈ ਮੋਗਾ ਤੋਂ ਜਲੰਧਰ ਜਾ ਰਹੇ ਸਨ। ਇਸ ਦੌਰਾਨ ਉਸ ਦੀ ਕਾਰ ਦਰੱਖਤ ਨਾਲ ਟਕਰਾ ਗਈ।

ਇਸ ਹਾਦਸੇ 'ਚ ਕਾਰ ਚਲਾ ਰਿਹਾ ਉਸ ਦਾ ਲੜਕਾ ਜਸਰਾਜ ਅਤੇ ਫ਼ਿਲਮ ਦੀ ਹੀਰੋਇਨ ਸੁਰੀਲੀ ਗੌਤਮ ਜ਼ਖਮੀ ਹੋ ਗਏ, ਜਦਕਿ ਜਸਪਾਲ ਭੱਟੀ ਹਾਦਸੇ 'ਚ ਬੁਰੀ ਤਰ੍ਹਾਂ ਜ਼ਖਮੀ ਹੋ ਗਿਆ ਅਤੇ ਹਸਪਤਾਲ 'ਚ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ।

**ਕਿਹੜੇ ਮੁੱਦਿਆਂ 'ਤੇ ਦਿੱਤਾ ਗਿਆ ਸੀ ਜ਼ੋਰ?**

ਕਾਮੇਡੀਅਨ ਨੇ ਭ੍ਰਿਸ਼ਟਾਚਾਰ, ਮਹਿੰਗਾਈ ਅਤੇ ਕੰਨਿਆ ਭਰੂਣ ਹੱਤਿਆ ਵਰਗੇ ਗੰਭੀਰ ਮੁੱਦਿਆਂ ਨੂੰ ਉਜਾਗਰ ਕਰਨ ਲਈ ਹਾਸੇ ਅਤੇ ਵਿਅੰਗ ਦੀ ਵਰਤੋਂ ਕੀਤੀ। ਉਸਨੇ ਸਟਰੀਟ ਥੀਏਟਰ ਵੀ ਕੀਤਾ ਅਤੇ 'ਮੌਕਕ ਪ੍ਰੈਸ ਕਾਨਫ਼ਰੰਸਾਂ' ਨੂੰ ਸੰਬੋਧਿਤ ਕੀਤਾ ਜਿਸ ਵਿੱਚ ਉਸਨੇ ਅਧਿਕਾਰੀਆਂ ਦੀਆਂ ਅਸਫ਼ਲਤਾਵਾਂ 'ਤੇ ਵਰ੍ਹਿਆ। ਸਾਲ 2013 ਵਿੱਚ, ਉਸਨੂੰ ਪਦਮ ਭੂਸ਼ਣ (ਮਰਨ ਉਪਰੰਤ) ਨਾਲ ਸਨਮਾਨਿਤ ਕੀਤਾ ਗਿਆ। ਇਸ ਦੇ ਨਾਲ ਹੀ ਉਨ੍ਹਾਂ ਨੂੰ ਭਾਰਤ ਦੇ ਤੀਜੇ ਸਭ ਤੋਂ ਵੱਡੇ ਨਾਗਰਿਕ ਪੁਰਸਕਾਰ ਸਿਵਲੀਅਨ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ।

## ਬਾਲੀਵੁੱਡ 'ਚ ਸ਼ਾਸਤਰੀ ਸੰਗੀਤ ਨੂੰ ਮਾਣ ਦੁਆਉਣ ਵਾਲਾ

# ਨੌਸ਼ਾਦ

ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ




ਹਿੰਦੀ ਸਿਨੇਮਾ ਵਿੱਚ ਸ਼ਾਸਤਰੀ ਸੰਗੀਤ ਨੂੰ ਵੱਡਾ ਮਾਣ ਦੁਆਉਣ ਲਈ ਨੌਸ਼ਾਦ ਸਾਹਿਬ ਨੂੰ ਹਮੇਸ਼ਾ ਯਾਦ ਕੀਤਾ ਜਾਂਦਾ ਰਹੇਗਾ। ਉਨ੍ਹਾਂ ਦੇ ਰਚੇ ਸੰਗੀਤ ਵਿੱਚੋਂ ਹਿੰਦੁਸਤਾਨੀ ਮਿੱਟੀ ਦੀ ਮਹਿਕ ਤੇ ਲੋਕ ਸੰਗੀਤ ਦੀ ਖ਼ੁਸ਼ਬੂ ਸਹਿਜ ਹੀ ਮਹਿਸੂਸ ਕੀਤੀ ਜਾ ਸਕਦੀ ਹੈ। ਭਾਰਤੀ ਫ਼ਿਲਮ ਸੰਗੀਤ ਜਗਤ ਨੌਸ਼ਾਦ ਸਾਹਿਬ ਵੱਲੋਂ ਰਚੇ ਗਏ ਸੁਰੀਲੇ, ਪਾਏਦਾਰ ਤੇ ਯਾਦਗਾਰੀ ਯੋਗਦਾਨ ਲਈ ਹਮੇਸ਼ਾ ਹੀ ਉਨ੍ਹਾਂ ਦਾ ਰਿਣੀ ਰਹੇਗਾ ਤੇ ਆਉਣ ਵਾਲੀਆਂ ਪੀੜ੍ਹੀਆਂ ਦੇ ਸੰਗੀਤਕਾਰ ਉਨ੍ਹਾਂ ਦੇ ਸੰਗੀਤ ਤੋਂ ਸਦਾ ਸੇਧ ਲੈਂਦੇ ਰਹਿਣਗੇ। ਬਾਲੀਵੁੱਡ ਦੇ ਦਿੱਗਜ ਅਦਾਕਾਰ ਤੇ ਨੌਸ਼ਾਦ ਸਾਹਿਬ ਦੇ ਸੰਗੀਤ ਨਾਲ ਸਜੀਆਂ 'ਲੀਡਰ', 'ਗੰਗਾ ਜਮੁਨਾ', 'ਨਇਆ ਦੌਰ' ਤੇ 'ਮੁਗ਼ਲੇ ਆਜ਼ਮ' ਆਦਿ ਜਿਹੀਆਂ ਅਨੇਕਾਂ ਫ਼ਿਲਮਾਂ ਕਰਨ ਵਾਲੇ ਦਿਲੀਪ ਕੁਮਾਰ ਨੇ 5 ਮਈ, 2006 ਨੂੰ ਹੋਏ ਨੌਸ਼ਾਦ ਸਾਹਿਬ ਦੇ ਇੰਤਕਾਲ ਮੌਕੇ ਉਨ੍ਹਾਂ ਨੂੰ ਅਕੀਦਤ ਦੇ ਫ਼ੁੱਲ ਭੇਟ ਕਰਦਿਆਂ ਇਹ ਅਲਫ਼ਾਜ਼ ਕਹੇ ਸਨ।

**ਬਚਪਨ ਤੋਂ ਸੀ ਸੰਗੀਤ 'ਚ ਦਿਲਚਸਪੀ**

25 ਦਸੰਬਰ, 1919 ਨੂੰ ਵਾਹਿਦ ਅਲੀ ਦੇ ਘਰ ਜਨਮੇ ਨੌਸ਼ਾਦ ਅਲੀ ਬਚਪਨ ਤੋਂ ਹੀ ਸੰਗੀਤ 'ਚ ਦਿਲਚਸਪੀ ਰੱਖਦੇ ਸਨ। ਬਚਪਨ 'ਚ ਉਹ ਲਖਨਊ ਨਜ਼ਦੀਕ ਪੈਂਦੇ ਬਾਰਾਬੰਕੀ ਇਲਾਕੇ 'ਚ ਸਥਿਤ 'ਦੇਵਾ ਸ਼ਰੀਫ਼' ਨਾਮਕ ਸਥਾਨ 'ਤੇ ਲੱਗਦੇ ਮੇਲੇ ਵਿੱਚ ਸ਼ਿਰਕਤ ਜ਼ਰੂਰ ਕਰਦੇ ਸਨ। ਮਾਪਿਆਂ ਤੋਂ ਉਨ੍ਹਾਂ ਨੇ ਉਸਤਾਦ ਗ਼ੁਰਬਤ ਅਲੀ, ਯੂਸਫ਼ ਅਲੀ, ਬੱਬਨ ਸਾਹਿਬ ਤੇ ਕੁਝ ਹੋਰ ਸੰਗੀਤਕਾਰਾਂ ਤੋਂ ਸੰਗੀਤ ਦੇ ਗੁਰ ਸਿੱਖੇ ਤੇ ਕੁਝ ਸਮੇਂ ਲਈ ਹਰਮੋਨੀਅਮ ਮੁਰੰਮਤ ਦਾ ਕੰਮ ਵੀ ਕੀਤਾ ਸੀ। ਰੋਜ਼ੀ-ਰੋਟੀ ਲਈ ਉਨ੍ਹਾਂ ਨੇ 'ਜੂਨੀਅਰ ਥੀਏਟਰੀਕਲ ਕਲੱਬ' ਵਿੱਚ ਬਤੌਰ ਸੰਗੀਤਕਾਰ ਕੰਮ ਕੀਤਾ ਕਿਉਂਕਿ ਉਨ੍ਹਾਂ ਨੂੰ ਵੱਖ-ਵੱਖ ਸੰਗੀਤਕ ਸਾਜ਼ ਵਜਾਉਣ 'ਚ ਮੁਹਾਰਤ ਹਾਸਿਲ ਸੀ। ਕੁਝ ਸਮੇਂ ਬਾਅਦ ਉਨ੍ਹਾਂ ਨੇ 'ਵਿੰਡਸਰ ਮਿਊਜ਼ਿਕ ਐਂਟਰਟੇਨਰਜ਼' ਨਾਮਕ ਕੰਪਨੀ ਸ਼ੁਰੂ ਕਰ ਲਈ ਤੇ ਫ਼ਿਰ ਉਹ 'ਸਟਾਰ ਥੀਏਟਰੀਕਲ ਕੰਪਨੀ' ਵਿੱਚ ਕੰਮ ਕਰਨ ਲੱਗ ਪਏ। ਇਸ ਦੌਰਾਨ ਉਨ੍ਹਾਂ ਨੇ ਉਸਤਾਦ ਲੁੱਡਨ ਖ਼ਾਨ ਸਾਹਿਬ ਤੋਂ ਸੰਗੀਤ ਦੀ ਬਾਰੀਕੀਆਂ ਸਿੱਖੀਆਂ ਤੇ ਉਕਤ ਕੰਪਨੀ ਨਾਲ ਭਾਰਤ ਦੇ ਵੱਖ-ਵੱਖ ਸੂਬਿਆਂ 'ਚ ਸ਼ੋਅ ਕਰਦਿਆਂ ਉਨ੍ਹਾਂ ਨੇ ਪੰਜਾਬ, ਰਾਜਸਥਾਨ, ਉੱਤਰ ਪ੍ਰਦੇਸ਼ ਸਮੇਤ ਹਰ ਸੂਬੇ ਦੇ ਲੋਕ ਸੰਗੀਤ ਨੂੰ ਨੇੜਿਓਂ ਹੋ ਕੇ ਸੁਣਿਆ, ਸਿੱਖਿਆ ਤੇ ਆਪਣੀ ਰੂਹ ਵਿੱਚ ਉਤਾਰ ਲਿਆ ਸੀ, ਜੋ ਬਾਅਦ 'ਚ ਉਨ੍ਹਾਂ ਵੱਲੋਂ ਰਚੇ ਫ਼ਿਲਮ ਸੰਗੀਤ ਵਿੱਚੋਂ ਸਾਫ਼ ਝਲਕਦਾ ਸੀ।

**ਬਾਲੀਵੁੱਡ ਪ੍ਰਤੀ ਖਿੱਚ**

ਨੌਸ਼ਾਦ ਸਾਹਿਬ ਉਦੋਂ ਸਿਰਫ਼ 12 ਵਰ੍ਹਿਆਂ ਦੇ ਸਨ, ਜਦੋਂ ਭਾਰਤ ਦੀ ਪਹਿਲੀ ਆਵਾਜ਼ ਯੁਕਤ ਫ਼ਿਲਮ 'ਆਲਮਆਰਾ' ਰਿਲੀਜ਼ ਹੋਈ ਸੀ। ਇਸ ਫ਼ਿਲਮ ਦੇ ਗੀਤ-ਸੰਗੀਤ ਨੇ ਨੌਸ਼ਾਦ ਹੁਰਾਂ ਅੰਦਰ ਬਾਲੀਵੁੱਡ ਪ੍ਰਤੀ ਖਿੱਚ ਜਿਹੀ ਪੈਦਾ ਕਰ ਦਿੱਤੀ ਸੀ। ਸਾਲ 1937 'ਚ ਉਹ ਅਠਾਰਾਂ ਸਾਲ ਦੀ ਉਮਰ ਦੇ ਸਨ, ਜਦੋਂ ਉਨ੍ਹਾਂ ਨੇ ਮੁੰਬਈ ਜਾ ਕੇ ਫ਼ਿਲਮ ਸੰਗੀਤ 'ਚ ਨਾਮਣਾ ਖੱਟਣ ਦਾ ਮਨ ਬਣਾ ਲਿਆ ਸੀ। ਮਾਪਿਆਂ ਨੂੰ ਕਿਸੇ ਦੂਜੇ ਸ਼ਹਿਰ ਜਾ ਕੇ ਨੌਕਰੀ ਕਰਨ ਦਾ ਝੂਠ ਬੋਲ ਕੇ ਉਹ ਪੁੱਜੇ ਤੇ ਇਥੇ ਕਈ ਦਿਨ ਉਨ੍ਹਾਂ ਨੂੰ ਰਾਤ



ਵੇਲੇ ਫ਼ੁੱਟਪਾਥ ਉੱਤੇ ਵੀ ਸੌਣਾ ਪਿਆ। ਸੰਘਰਸ਼ ਦੇ ਦਿਨਾਂ ਦੌਰਾਨ ਉਨ੍ਹਾਂ ਦੀ ਮੁਲਾਕਾਤ ਬਾਲੀਵੁੱਡ ਦੇ ਨਾਮਵਰ ਸੰਗੀਤਕਾਰ ਉਸਤਾਦ ਝੰਡੇ ਖ਼ਾਨ ਸਾਹਿਬ ਨਾਲ ਹੋਈ ਤੇ ਨੌਸ਼ਾਦ ਹੁਰਾਂ ਦਾ ਸੰਗੀਤਕ ਹੁਨਰ ਪਰਖ਼ ਕੇ ਝੰਡੇ ਖ਼ਾਨ ਸਾਹਿਬ ਨੇ ਉਸ ਨੂੰ ਚਾਲੀ ਰੁਪਏ ਪ੍ਰਤੀ ਮਹੀਨਾ ਤਨਖ਼ਾਹ 'ਤੇ ਆਪਣਾ ਸਹਾਇਕ ਨਿਯੁਕਤ ਕਰ ਲਿਆ। ਕੁਝ ਸਮੇਂ ਬਾਅਦ ਜਦੋਂ ਉਸ ਦੇ ਹੁਨਰ ਦੀ ਖ਼ੁਸ਼ਬੂ ਆਸੇ-ਪਾਸੇ ਪਸਰਨ ਲੱਗੀ ਤਾਂ ਉੱਘੇ ਸੰਗੀਤ ਨਿਰਦੇਸ਼ਕ ਖੇਮਚੰਦ ਪ੍ਰਕਾਸ਼ ਨੇ ਉਨ੍ਹਾਂ ਨੂੰ ਸੱਠ ਰੁਪਏ ਮਹੀਨਾਵਾਰ ਤਨਖ਼ਾਹ 'ਤੇ ਆਪਣਾ ਸਹਾਇਕ ਰੱਖ ਲਿਆ। ਖੇਮੰਚਦ ਹੁਰਾਂ ਨਾਲ ਨੌਸ਼ਾਦ ਨੇ ਪਹਿਲੀ ਫ਼ਿਮਲ 'ਕੰਚਨ' ਕੀਤੀ, ਜੋ ਆਪਣੇ ਸੰਗੀਤ ਕਰਕੇ ਹਿੱਟ ਰਹੀ ਸੀ। ਗੀਤਕਾਰ ਡੀ.ਐੱਨ. ਮਧੋਕ ਦੀ ਮਦਦ ਨਾਲ ਉਸ ਦਾ ਮੇਲ ਵੱਡੇ ਫ਼ਿਲਮ ਨਿਰਮਾਤਾ ਚੰਦੂ ਲਾਲ ਸ਼ਾਹ ਨਾਲ ਹੋਇਆ ਤੇ ਉਨ੍ਹਾਂ ਦੀ ਫ਼ਿਲਮ 'ਮਿਰਜ਼ਾ ਸਾਹਿਬਾ' ਲਈ 1939 'ਚ ਨੌਸ਼ਾਦ ਨੇ ਬਤੌਰ ਸਹਾਇਕ ਸੰਗੀਤ ਨਿਰਦੇਸ਼ਕ ਕੰਮ ਕਰਨ ਪਿੱਛੋਂ 1940 ਵਿੱਚ ਬਤੌਰ ਸੁਤੰਤਰ ਸੰਗੀਤ ਨਿਰਦੇਸ਼ਕ ਆਪਣੀ ਪਹਿਲੀ ਫ਼ਿਲਮ 'ਪ੍ਰੇਮ ਨਗਰ' ਕੀਤੀ, ਜੋ ਆਪਣੇ ਸੰਗੀਤ ਕਰਕੇ ਕਾਫ਼ੀ ਚਰਚਾ ਵਿੱਚ ਰਹੀ। ਉੱਘੇ ਫ਼ਿਲਮਕਾਰ ਏ.ਆਰ. ਕਾਰਦਾਰ ਦੀਆਂ ਦੋ ਫ਼ਿਲਮਾਂ 'ਨਈ ਦੁਨੀਆ' ਤੇ 'ਸ਼ਾਰਦਾ' ਲਈ ਨੌਸ਼ਾਦ ਵੱਲੋਂ 1942 ਵਿੱਚ ਰਚੇ ਸੁਰੀਲੇ ਸੰਗੀਤ ਨੇ ਹਰ ਪਾਸੇ ਧੁੰਮਾਂ ਪਾ ਦਿੱਤੀਆਂ। ਫ਼ਿਲਮ 'ਸ਼ਾਰਦਾ' ਵਿੱਚ ਗਾਇਕਾ ਸੁਰੱਈਆ ਤੋਂ ਉਸ ਦੇ ਕੈਰੀਅਰ ਦਾ ਪਹਿਲਾ ਗੀਤ ਗਵਾ ਕੇ ਉਸ ਨੇ 13 ਵਰ੍ਹਿਆਂ ਦੀ ਸੁਰੱਈਆ ਨੂੰ ਬਾਲੀਵੁੱਡ ਦੀ ਚਹੇਤੀ ਗਾਇਕਾ ਬਣਾ ਦਿੱਤਾ ਸੀ।

**ਸਭ ਤੋਂ ਮਹਿੰਗੇ ਸੰਗੀਤ ਨਿਰਦੇਸ਼ਕ ਬਣੇ**

1944 'ਚ ਉਨ੍ਹਾਂ ਨੂੰ ਫ਼ਿਲਮ 'ਰਤਨ' ਦੇ ਗੀਤਾਂ ਨੂੰ ਸੰਗੀਤਬੱਧ ਕਰਨ ਦਾ ਮੌਕਾ ਮਿਲਿਆ ਤੇ ਇਸ ਫ਼ਿਲਮ ਦੇ ਰਿਲੀਜ਼ ਹੁੰਦਿਆਂ ਹੀ ਸਾਰੇ ਦੇ ਸਾਰੇ ਗੀਤ ਹਰ ਗਲੀ-ਕੂਚੇ 'ਚ ਗੂੰਜਣ ਲੱਗ ਪਏ ਸਨ। ਇਸ ਫ਼ਿਲਮ ਨੇ ਨੌਸ਼ਾਦ ਦੇ ਜੀਵਨ 'ਚ ਤਿੰਨ ਯਾਦਗਾਰੀ ਘਟਨਾਵਾਂ ਨੂੰ ਜਨਮ ਦਿੱਤਾ ਸੀ। ਪਹਿਲੀ ਗੱਲ ਤਾਂ ਇਹ ਸੀ ਕਿ ਇਸ ਫ਼ਿਲਮ ਦੇ ਸੰਗੀਤ ਦੀ ਸਫ਼ਲਤਾ ਮਗਰੋਂ ਉਨ੍ਹਾਂ ਨੂੰ ਉਸ ਜ਼ਮਾਨੇ 'ਚ 25 ਹਜ਼ਾਰ ਰੁਪਏ ਫ਼ੀਸ ਮਿਲਣੀ ਸ਼ੁਰੂ ਹੋ ਗਈ ਸੀ ਤੇ ਉਹ ਬਾਲੀਵੁੱਡ ਦੇ ਸਭ ਤੋਂ ਮਹਿੰਗੇ ਸੰਗੀਤ ਨਿਰਦੇਸ਼ਕ ਹੋ ਗਏ ਸਨ। ਦੂਜੀ ਗੱਲ ਇਹ ਸੀ ਕਿ ਇਸ ਫ਼ਿਲਮ ਦੇ ਨਿਰਮਾਣ 'ਤੇ ਕੁੱਲ 75 ਹਜ਼ਾਰ ਰੁਪਏ ਦਾ ਖ਼ਰਚਾ ਆਇਆ ਸੀ ਤੇ ਇਸ ਫ਼ਿਲਮ ਦੇ ਗੀਤਾਂ ਦੇ ਤਵੇ ਵੇਚ ਕੇ ਇੱਕ ਹੀ ਸਾਲ ਵਿੱਚ ਫ਼ਿਲਮ ਦੇ ਨਿਰਮਾਤਾ ਨੇ ਤਿੰਨ ਲੱਖ ਰੁਪਏ ਕਮਾ ਲਏ ਸਨ। ਸਭ ਤੋਂ ਦਿਲਚਸਪ ਤੀਜੀ ਗੱਲ ਇਹ ਰਹੀ ਸੀ ਕਿ ਫ਼ਿਲਮ ਦੇ ਰਿਲੀਜ਼ ਹੋਣ ਪਿੱਛੋਂ ਨੌਸ਼ਾਦ ਸਾਹਿਬ ਜਦੋਂ ਆਪਣੇ ਪਿੰਡ ਵਾਪਸ ਗਏ ਤਾਂ ਉਨ੍ਹਾਂ ਦੇ ਪਿੰਡ ਜਾਂ ਰਿਸ਼ਤੇਦਾਰੀ 'ਚ ਕਿਸੇ ਨੂੰ ਵੀ ਉਨ੍ਹਾਂ ਦੀ ਇਸ ਵੱਡੀ ਪ੍ਰਾਪਤੀ ਦਾ ਇਲਮ ਨਹੀਂ ਸੀ ਕਿਉਂਕਿ ਉਨ੍ਹਾਂ ਕਿਸੇ ਨੂੰ ਵੀ ਆਪਣੇ ਫ਼ਿਲਮ ਸੰਗੀਤ ਨਿਰਦੇਸ਼ਕ ਹੋਣ ਬਾਰੇ ਦੱਸਿਆ ਨਹੀਂ ਸੀ। ਕਿੰਨੀ ਹੈਰਾਨੀ ਦੀ ਗੱਲ ਸੀ ਕਿ ਉਨ੍ਹਾਂ ਦੇ ਵਿਆਹ 'ਚ ਉਨ੍ਹਾਂ ਦੀ ਹੀ ਫ਼ਿਲਮ 'ਰਤਨ' ਦੇ ਗੀਤ ਵੱਜ ਰਹੇ ਸਨ ਪਰ ਉਨ੍ਹਾਂ ਦੇ ਰਿਸ਼ਤੇਦਾਰ ਉਕਤ ਸੰਗੀਤ ਪ੍ਰਤੀ ਆਲੋਚਨਾਤਮਕ ਸ਼ਬਦਾਵਲੀ ਵਰਤ ਰਹੇ ਸਨ। ਵਾਪਸ ਮੁੰਬਈ ਆ ਕੇ ਉਨ੍ਹਾਂ ਨੇ ਆਪਣੇ ਸੰਗੀਤ ਨੂੰ ਹੋਰ ਤਰਾਸ਼ਿਆ ਤੇ ਸੁਆਰਿਆ ਤੇ ਫ਼ਿਰ ਅਗਲੇ ਕਈ ਵਰ੍ਹਿਆਂ ਤੱਕ ਹਰ ਸਾਲ ਗੋਲਡਨ ਤੇ ਸਿਲਵਰ ਜੁਬਲੀ ਫ਼ਿਲਮਾਂ ਦਿੰਦੇ ਰਹੇ। ਉਨ੍ਹਾਂ ਨੇ ਆਪਣੇ ਸਮੁੱਚੇ ਕਰੀਅਰ ਦੌਰਾਨ 70 ਦੇ ਕਰੀਬ ਫ਼ਿਲਮਾਂ ਲਈ ਸੰਗੀਤ ਤਿਆਰ ਕੀਤਾ ਸੀ, ਜਿਨ੍ਹਾਂ ਵਿੱਚੋਂ ਆਪਣੇ ਮਨਮੋਹਕ ਸੰਗੀਤ ਦੀ ਬਦੌਲਤ 35 ਫ਼ਿਲਮਾਂ ਸਿਲਵਰ ਜੁਬਲੀ, 12 ਫ਼ਿਲਮਾਂ ਗੋਲਡਨ ਜੁਬਲੀ ਤੇ ਪੰਜ ਫ਼ਿਲਮਾਂ ਡਾਇਮੰਡ ਜੁਬਲੀ ਰਹੀਆਂ ਸਨ।

**ਦਿਲਕਸ਼ ਨਗ਼ਮੇ**

ਨੌਸ਼ਾਦ ਸਾਹਿਬ ਦੁਆਰਾ ਰਚੇ ਗਏ 'ਬਚਪਨ ਕੇ ਦਿਨ ਭੁਲਾ ਨਾ ਦੇਨਾ, ਮੇਰਾ ਪਿਆਰ ਭੀ ਤੂੰ ਹੈ ਯੇ ਬਹਾਰ ਭੀ ਤੂੰ ਹੈ, ਸੁਹਾਨੀ ਰਾਤ ਢਲ ਚੁਕੀ ਨਾ ਜਾਨੇ ਤੁਮ ਕਬ ਆਓਗੇ, ਆਵਾਜ਼ ਦੇ ਕਹਾਂ ਹੈ, ਤੇਰੀ ਮਹਿਫ਼ਲ ਮੇਂ ਕਿਸਮਤ ਅਜ਼ਮਾ ਕੇ ਹਮ ਭੀ ਦੇਖੇਂਗੇ, ਚਲਤੇ-ਚਲਤੇ ਯੂੰ ਹੀ ਕੋਈ ਮਿਲ ਗਿਆ ਥਾ, ਮੌਸਮ ਹੈ ਆਸ਼ਿਕਾਨਾ, ਆਜ ਕੀ ਰਾਤ ਮੇਰੇ ਦਿਲ ਕੀ ਸਲਾਮੀ ਲੇ ਲੇ, ਤੂੰ ਗੰਗਾ ਕੀ ਮੌਜ ਮੈਂ ਜਮੁਨਾ ਕਾ ਧਾਰਾ, ਮੁਹੱਬਤ ਕੀ ਝੂਠੀ ਕਹਾਨੀ ਪੇ ਰੋਏ, ਨੈਨ ਲੜ ਜਾਈ ਹੇ ਮਨਵਾ ਮੇਂ ਕਸਕ ਹੋਈ ਬੇ ਕਰੀ, ਓ ਦੁਨੀਆਂ ਕੇ ਰਖਵਾਲੇ, ਮੁਝੇ ਦੁਨੀਆਂ ਵਾਲੋ ਸ਼ਰਾਬੀ ਨਾ ਸਮਝੋ, ਦੁਨੀਆਂ ਮੇਂ 'ਗਰ ਆਏ ਹੈਂ ਤੋ ਜੀਨਾ ਹੀ ਪੜੇਗਾ, ਮੋਹੇ ਪਨਘਟ ਪੇ ਨੰਦ ਲਾਲ ਛੇੜ ਗਇਓ ਰੇ ਅਤੇ ਮਧੂਬਨ ਮੇਂ ਰਾਧਿਕਾ ਨਾਚੇ ਰੇ' ਆਦਿ ਜਿਹੇ ਸੁਰੀਲੇ ਤੇ ਦਿਲਕਸ਼ ਨਗ਼ਮੇ ਸਚਮੁੱਚ ਹੀ ਹਿੰਦੁਸਤਾਨੀ ਲੋਕ ਸੰਗੀਤ ਤੇ ਸ਼ਾਸਤਰੀ ਸੰਗੀਤ ਨਾਲ ਸਰਾਬੋਰ ਹਨ।

(ਬਾਕੀ ਸਫ਼ਾ 31 'ਤੇ)

## ਕੈਨੇਡਾ ਨੇ ਪੀ.ਆਰ. ਨੂੰ ਲੈ ਕੇ ਕੀਤਾ

ਮਿਲਰ ਨੇ ਕਿਹਾ ਕਿ ਸਾਨੂੰ ਅਜੇ ਵੀ ਇਮੀਗ੍ਰੇਸ਼ਨ ਦੀ ਲੋੜ ਹੈ ਪਰ ਸਾਨੂੰ ਕੈਨੇਡੀਅਨਾਂ ਨੂੰ ਇਹ ਕਹਿਣ ਦੇ ਯੋਗ ਹੋਣਾ ਚਾਹੀਦਾ ਹੈ ਕਿ ਅਸੀਂ ਉਨ੍ਹਾਂ ਦੀ ਗੱਲ ਸੁਣ ਰਹੇ ਹਾਂ ਅਤੇ ਜਦੋਂ ਅਸੀਂ ਦੇਖਦੇ ਹਾਂ ਕਿ ਚੀਜ਼ਾਂ ਜ਼ਿਆਦਾ ਤੇਜ਼ ਹੁੰਦੀਆਂ ਹਨ ਤਾਂ ਅਸੀਂ ਉਸ ਅਨੁਸਾਰ ਪ੍ਰਤੀਕ੍ਰਿਆ ਕਰਦੇ ਹਾਂ। ਮੰਤਰੀ ਦੀਆਂ ਨਜ਼ਰਾਂ ਵਿਚ, ਇਸ ਵਿੱਚ ਕੈਨੇਡਾ ਦੀ ਆਬਾਦੀ ਦੀ ਔਸਤ ਕੰਮ ਕਰਨ ਦੀ ਉਮਰ ਨੂੰ ਘਟਾਉਣ ਲਈ ਵਧੇਰੇ ਆਰਥਿਕ ਪਰਵਾਸੀਆਂ ਨੂੰ ਲਿਆਉਣਾ ਸ਼ਾਮਲ ਹੈ। ਅਸਥਾਈ ਕਰਮਚਾਰੀਆਂ ਦੀ ਗਿਣਤੀ 'ਚ ਵਾਧਾ ਮਹਾਂਮਾਰੀ ਤੋਂ ਬਾਅਦ ਸਭ ਤੋਂ ਵੱਡੇ ਮੁੱਦਿਆਂ 'ਚੋਂ ਇੱਕ ਹੈ। ਸ਼ੁਰੂ ਵਿੱਚ ਟੀਚਾ ਲੇਬਰ ਮਾਰਕੀਟ ਵਿੱਚ ਚੋਰ ਮੋਰੀਆਂ ਨੂੰ ਭਰਨ ਲਈ ਪ੍ਰੋਗਰਾਮ ਦੀ ਵਰਤੋਂ ਕਰਨਾ ਸੀ ਪਰ ਪ੍ਰੋਗਰਾਮ ਇੰਨੀ ਤੇਜ਼ੀ ਨਾਲ ਵਧਿਆ ਕਿ ਇਸ ਨੇ ਕਾਮਿਆਂ ਦੇ ਧੋਖੇ ਅਤੇ ਸ਼ੋਸ਼ਣ ਦੇ ਦਰਵਾਜ਼ੇ ਖੋਲ੍ਹ ਦਿੱਤੇ।

ਸਰਕਾਰ ਨੇ ਹਾਲ ਹੀ ਵਿੱਚ ਇੱਕ ਰੁਜ਼ਗਾਰ ਦਾਤਾ ਲਈ ਇੱਕ ਵਰਕ ਪਰਮਿਟ ਮਨਜ਼ੂਰ ਕਰਵਾਉਣਾ ਔਖਾ ਬਣਾਉਣ ਲਈ ਪ੍ਰੇਰਿਤ ਕੀਤਾ ਹੈ ਅਤੇ ਭੂਗੋਲਿਕ ਖੇਤਰਾਂ ਵਿੱਚ ਘੱਟ ਤਨਖਾਹ ਵਾਲੀਆਂ ਅਰਜ਼ੀਆਂ ਨੂੰ ਰੱਦ ਕਰ ਦਿੱਤਾ ਜਾਵੇਗਾ ਜਿੱਥੇ ਬੇਰੁਜ਼ਗਾਰੀ ਛੇ ਪ੍ਰਤੀਸ਼ਤ ਤੋਂ ਵੱਧ ਹੈ। ਲੇਬਰ ਮਾਰਕੀਟ ਪ੍ਰਭਾਵ ਮੁਲਾਂਕਣ, ਵਿਦੇਸ਼ਾਂ ਤੋਂ ਕਾਮੇ ਲਿਆਉਣ ਵਿੱਚ ਮਦਦ ਲਈ ਜ਼ਰੂਰੀ ਕਾਗਜ਼ੀ ਕਾਰਵਾਈ, ਸਥਾਈ ਨਿਵਾਸੀਆਂ ਲਈ ਕੈਨੇਡਾ ਦੇ ਪੁਆਇੰਟ ਆਧਾਰਿਤ ਐਕਸਪ੍ਰੈੱਸ ਐਂਟਰੀ ਸਿਸਟਮ ਵਿੱਚ ਵੀ ਕੀਮਤੀ 50 ਤੋਂ 200 ਪੁਆਇੰਟ ਹਨ। ਸੀ.ਬੀ.ਸੀ. ਨੇ ਹਾਲ ਹੀ ਵਿੱਚ ਇੱਕ ਜਾਂਚ ਪ੍ਰਕਾਸ਼ਿਤ ਕੀਤੀ ਜਿਸ ਵਿੱਚ ਉਹਨਾਂ ਮੁਲਾਂਕਣਾਂ ਦਾ ਪਰਦਾਫ਼ਾਸ਼ ਕੀਤਾ ਗਿਆ ਸੀ, ਜੋ ਕਈ ਵਾਰ ਹਜ਼ਾਰਾਂ ਡਾਲਰਾਂ ਵਿੱਚ ਵੇਚੇ ਜਾ ਰਹੇ ਸਨ।

***

## ਡੱਲੇਵਾਲ ਵੱਲੋਂ ਅੰਦੋਲਨ ਜਿੱਤਣ ਲਈ

ਤੌਰ 'ਤੇ ਭਾਵੇਂ ਮੌਤ ਨਾ ਹੋਵੇ ਪਰ ਸਿਆਸੀ ਤੌਰ 'ਤੇ ਮੌਤ ਜ਼ਰੂਰ ਹੋ ਜਾਵੇਗੀ। ਉਨ੍ਹਾਂ ਕਿਹਾ ਕਿ ਦਿੱਲੀ ਅੰਦੋਲਨ ਦੌਰਾਨ ਕਈ ਰਾਜਾਂ ਦਾ ਪੰਜਾਬ ਸਿਰ ਉਲਾਂਭਾ ਸੀ ਕਿ ਅੰਦੋਲਨ ਨੂੰ ਅਧੂਰਾ ਛੱਡਿਆ ਜਾ ਰਿਹਾ ਹੈ ਪਰ ਹੁਣ ਇਹੋ ਉਲਾਂਭਾ ਉਤਾਰਨ ਦੀ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਕਿਹਾ, "ਵੱਡਾ ਭਾਈ (ਪੰਜਾਬ) ਫੇਰ ਤੋਂ ਮੈਦਾਨ 'ਚ ਆਇਆ ਹੈ ਤੇ ਹੁਣ ਛੋਟੇ ਭਰਾਵਾਂ ਦੇ ਰੂਪ 'ਚ ਦੂਸਰੇ ਰਾਜਾਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਇਸ ਲੜਾਈ ਨੂੰ ਮਜ਼ਬੂਤੀ ਨਾਲ ਲੜਨ।" ਇਨਫੈਕਸ਼ਨ ਦੇ ਡਰ ਕਾਰਨ ਡਾਕਟਰਾਂ ਦੀ ਸਲਾਹ 'ਤੇ ਡੱਲੇਵਾਲ ਨੂੰ ਸ਼ੀਸ਼ੇ ਦੇ ਕੈਬਿਨ 'ਚ ਰੱਖਿਆ ਹੋਇਆ ਹੈ ਅਤੇ ਇਸੇ ਕੈਬਿਨ ਸਮੇਤ ਹੀ ਉਨ੍ਹਾਂ ਨੂੰ ਸਟੇਜ 'ਤੇ ਲਿਆਂਦਾ ਗਿਆ। ਢਾਬੀ ਗੁੱਜਰਾਂ ਬਾਰਡਰ 'ਤੇ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਦੇ ਸੂਬਾਈ ਚੇਅਰਮੈਨ ਸੁਰਜੀਤ ਸਿੰਘ ਫੂਲ ਨੇ ਕਿਹਾ ਕਿ ਡੱਲੇਵਾਲ ਨੇ ਸਮੂਹ ਕਿਸਾਨਾਂ, ਖਾਸ ਕਰਕੇ ਨੌਜਵਾਨਾਂ ਨੂੰ ਸੁਨੇਹਾ ਦਿੱਤਾ ਹੈ ਕਿ ਉਹ ਉਨ੍ਹਾਂ ਦੁਆਲੇ ਲਾਏ ਗਏ ਪਹਿਰੇ ਨੂੰ ਹੋਰ ਵਧੇਰੇ ਸਖ਼ਤ ਕਰ ਲੈਣ।

***

## ਐਸ.ਕੇ.ਐਮ. ਵੱਲੋਂ ਕੇਂਦਰ ਤੇ ਪੰਜਾਬ ਸਰਕਾਰ ਦੇ 'ਉਦਾਸੀਨ

ਉਭਾਰਨ ਲਈ 9 ਜਨਵਰੀ ਨੂੰ ਪੰਜਾਬ ਦੇ ਮੋਗਾ ਵਿਚ ਰੈਲੀ ਕੀਤੀ ਜਾਵੇਗੀ। ਸੰਯੁਕਤ ਕਿਸਾਨ ਮੋਰਚਾ ਦੇ ਆਗੂਆਂ ਨੇ ਹਾਲਾਂਕਿ ਸਾਫ਼ ਕਰ ਦਿੱਤਾ ਕਿ ਉਨ੍ਹਾਂ ਦੀ ਸ਼ੰਭੂ ਤੇ ਖਨੌਰੀ ਬਾਰਡਰਾਂ ਉੱਤੇ ਚੱਲ ਰਹੇ ਸੰਘਰਸ਼ ਜਾਂ 30 ਦਸੰਬਰ ਨੂੰ ਦਿੱਤੇ ਪੰਜਾਬ ਬੰਦ ਦੇ ਸੱਦੇ ਵਿਚ ਸ਼ਾਮਲ ਹੋਣ ਦੀ ਕੋਈ ਯੋਜਨਾ ਨਹੀਂ ਹੈ। ਮੋਰਚੇ ਦੇ ਆਗੂਆਂ ਨੇ ਕੇਂਦਰ ਦੀ ਕੌਮੀ ਖੇਤੀ ਮਾਰਕੀਟ ਪਾਲਿਸੀ ਦੇ ਹਵਾਲੇ ਨਾਲ ਖ਼ਦਸ਼ਾ ਜਤਾਇਆ ਕਿ ਇਹ ਰੱਦ ਕੀਤੇ ਖੇਤੀ ਕਾਨੂੰਨਾਂ ਨੂੰ ਮੁੜ ਲਿਆਉਣ ਦੀ ਇਕ ਹੋਰ ਕੋਸ਼ਿਸ਼ ਹੈ। ਡੱਲੇਵਾਲ ਦੇ ਮਰਨ ਵਰਤ ਬਾਰੇ ਭੰਗੂ ਨੇ ਕਿਹਾ, "ਅਸੀਂ ਕੇਂਦਰ ਤੇ ਪੰਜਾਬ ਸਰਕਾਰ ਵੱਲੋਂ ਧਾਰੀ ਚੁੱਪੀ ਦੀ ਨਿਖੇਧੀ ਕਰਦੇ ਹਾਂ। ਨਾ ਪੰਜਾਬ ਦੇ ਮੁੱਖ ਮੰਤਰੀ ਤੇ ਨਾ ਹੀ ਉਨ੍ਹਾਂ ਦੇ ਮੰਤਰੀਆਂ ਨੂੰ ਕੋਈ ਫਿਕਰ ਹੈ। ਕੇਂਦਰ ਤੇ ਪੰਜਾਬ ਸਰਕਾਰ ਨੂੰ ਹੁਣ ਤੱਕ ਇਸ ਮਾਮਲੇ ਵਿਚ ਦਖ਼ਲ ਦੇ ਦੇਣਾ ਚਾਹੀਦਾ ਸੀ।" ਇਸ ਤੋਂ ਪਹਿਲਾਂ ਅੱਜ ਦਿਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਆਪਣੀ 'ਹੱਠਧਰਮੀ' ਛੱਡ ਕੇ ਧਰਨਾਕਾਰੀ ਕਿਸਾਨਾਂ ਨਾਲ ਗੱਲਬਾਤ ਕਰੇ।

***

## ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਬਨਾਮ

ਇਸ ਦੇ ਨਾਲ ਹੀ ਕਿਸਾਨ ਮੱਧ ਵਰਗ ਵਿੱਚ ਵੱਡੀ ਗਿਣਤੀ ਵਿੱਚ ਕਿਸਾਨ ਆ ਜਾਂਦੇ ਹਨ। ਬਾਜ਼ਾਰਾਂ ਵਿੱਚ ਹੁਣ ਜਦੋਂ ਵੀ ਕਿਸੇ ਕੱਪੜੇ ਜਾਂ ਹੋਰ ਸਾਮਾਨ ਦੀ ਨਵੀਂ ਰੇਂਜ ਆਉਂਦੀ ਹੈ ਤਾਂ ਉਸ ਦੇ ਸਭ ਤੋਂ ਪਹਿਲੇ ਖਰੀਦਦਾਰ ਕਿਸਾਨਾਂ ਦੇ ਪੁੱਤ ਹੀ ਤਾਂ ਹੁੰਦੇ ਨੇ। ਸਿਰਫ਼ ਪੰਜਾਬ ਹੀ ਨਹੀਂ ਸਗੋਂ ਭਾਰਤ ਦੇ ਹੋਰਨਾਂ ਸੂਬਿਆਂ ਦੇ ਅਨੇਕਾਂ ਕਿਸਾਨਾਂ ਦੇ ਕਾਕੇ ਐਸ਼ਪ੍ਰਸਤੀ ਦੀ ਜ਼ਿੰਦਗੀ ਬਤੀਤ ਕਰ ਰਹੇ ਹਨ। ਹੋਰਨਾਂ ਸੂਬਿਆਂ ਵਿੱਚ ਵੀ ਕਿਸਾਨਾਂ ਦੀ ਹਾਲਤ ਭਾਵੇਂ ਪੰਜਾਬ ਦੇ ਕਿਸਾਨਾਂ ਤੋਂ ਵੱਖਰੀ ਨਹੀਂ ਹੈ, ਪਰ ਉਥੇ ਵੀ ਅਨੇਕਾਂ ਕਿਸਾਨਾਂ ਦੇ ਕਾਕੇ ਟ੍ਰੈਕਟਰਾਂ 'ਤੇ 50-50 ਹਜ਼ਾਰ ਦੇ ਡੈੱਕ ਜਾਂ ਸਟੀਰੀਓ ਲਗਵਾਈ ਫਿਰਦੇ ਹਨ। ਇਸ ਤੋਂ ਇਲਾਵਾ ਪੰਜਾਬ ਸਮੇਤ ਹੋਰਨਾਂ ਸੂਬਿਆਂ ਦੇ ਕਈ ਕਿਸਾਨਾਂ ਨੇ ਟ੍ਰੈਕਟਰ ਟਰਾਲੀਆਂ ਨੂੰ ਪੂਰੀ ਤਰ੍ਹਾਂ ਸ਼ਿੰਗਾਰਿਆ ਹੁੰਦਾ ਹੈ। ਕਈ ਕਿਸਾਨਾਂ ਨੇ ਤਾਂ ਟਰਾਲੀਆਂ ਵਿੱਚ ਆਧੁਨਿਕ ਸਹੂਲਤਾਂ ਵੀ ਮੁਹੱਈਆ ਕਰਵਾਈਆਂ ਹੁੰਦੀਆਂ ਹਨ, ਜਦੋਂ ਕਿ ਵੱਡੀ ਗਿਣਤੀ ਟਰਾਲੀਆਂ ਦੀ ਹਾਲਤ ਅਜਿਹੀ ਹੈ ਕਿ ਉਹਨਾਂ ਦੇ ਪਿਛਲੇ ਪਾਸੇ ਰਿਫਲੈਕਟਰ ਵੀ ਨਹੀਂ ਹੁੰਦੇ, ਜਿਸ ਕਾਰਨ ਰਾਤ ਸਮੇਂ ਇਹ ਟਰਾਲੀਆਂ ਹੋਰਨਾਂ ਵਾਹਨ ਚਾਲਕਾਂ ਨੂੰ ਦਿਖਾਈ ਨਹੀਂ ਦਿੰਦੀਆਂ, ਜਿਸ ਕਾਰਨ ਅਕਸਰ ਸੜਕ ਹਾਦਸੇ ਵਾਪਰਨ ਦਾ ਖਤਰਾ ਪੈਦਾ ਹੋ ਜਾਂਦਾ ਹੈ।

ਜਿਹੜੇ ਕਿਸਾਨਾਂ ਨੇ ਪੰਜਾਬ ਦੀ ਧਰਤੀ ਉੱਪਰ ਚਿੱਟਾ ਤੇ ਹਰਾ ਇਨਕਲਾਬ ਲਿਆਂਦਾ, ਉਹਨਾਂ ਦੀ ਹਾਲਤ 'ਚ ਸੁਧਾਰ ਲਈ ਫ਼ੋਕੀ ਸ਼ੁਹਰਤ ਬਾਜੀ ਵਾਲੇ ਬਿਆਨ ਦੇਣ ਦੀ ਥਾਂ ਠੋਸ ਰੂਪ ਵਿੱਚ ਕਾਰਵਾਈ ਕਰਨ ਦੀ ਲੋੜ ਹੈ। ਇਸ ਦੇ ਨਾਲ ਹੀ ਸਰਕਾਰ ਨੂੰ ਖਰਾਬ ਹੋਈਆਂ ਫ਼ਸਲਾਂ ਦੇ ਯੋਗ ਮੁਆਵਜ਼ੇ ਦੇ ਨਾਲ ਹੀ ਕਿਸਾਨਾਂ ਸਮੇਤ ਸਮਾਜ ਦੇ ਹਰ ਵਰਗ ਦੇ ਲੋਕਾਂ ਦੇ ਬੱਚਿਆਂ ਲਈ ਹੀ ਰੁਜ਼ਗਾਰ ਦੇ ਵਸੀਲੇ ਹੋਰ ਪੈਦਾ ਕਰਨੇ ਚਾਹੀਦੇ ਹਨ। ਕਿਸਾਨਾਂ ਨੂੰ ਵੀ ਚਾਹੀਦਾ ਹੈ ਕਿ ਉਹ ਖੇਤੀ ਦੇ ਨਾਲ- ਨਾਲ ਸਹਾਇਕ ਧੰਦਿਆਂ ਨੂੰ ਵੀ ਅਪਨਾਉਣ ਤਾਂ ਕਿ ਕੁਦਰਤੀ ਆਫ਼ਤਾਂ ਸਮੇਂ ਜੇ ਫ਼ਸਲ ਖਰਾਬ ਹੋ ਜਾਵੇ ਤਾਂ ਸਰਕਾਰ ਦੀ ਸਹਾਇਤਾ ਉਡੀਕਣ ਦੀ ਥਾਂ ਦੂਜੇ ਸਹਾਇਕ ਧੰਦਿਆਂ ਕਾਰਨ ਕਿਸਾਨਾਂ ਦੇ ਘਰਾਂ ਦਾ ਖਰਚ ਤਾਂ ਚੱਲ ਸਕੇ। ਇਸ ਤਰ੍ਹਾਂ ਕਿਸਾਨਾਂ ਲਈ ਰੁਜ਼ਗਾਰ ਦੇ ਹੋਰ ਵਸੀਲੇ ਪੈਦਾ ਕਰਕੇ ਕਿਸਾਨਾਂ ਦੀ ਆਰਥਿਕ ਹਾਲਤ 'ਚ ਸੁਧਾਰ ਹੋਵੇਗਾ ਅਤੇ ਉਹ ਖੁਦਕੁਸ਼ੀ ਵਰਗੇ ਰਾਹ ਅਪਨਾਉਣ ਤੋਂ ਗੁਰੇਜ਼ ਕਰਨਗੇ। ਖੇਤਾਂ 'ਚ ਮਿੱਟੀ ਨਾਲ ਮਿੱਟੀ ਹੋਏ ਕਿਸਾਨਾਂ ਦੇ ਸੁਪਨੇ ਮਿੱਟੀ ਹੋਣ ਤੋਂ ਬਚਾਉਣ ਲਈ ਸਾਂਝੇ ਤੌਰ 'ਤੇ ਉਪਰਾਲੇ ਕਰਨ ਦੀ ਲੋੜ ਹੈ।

***

## ਜ਼ਹਿਰੀਲੇ ਖਾਣੇ ਕਾਰਨ ਦੇਸ਼

ਦੂਸਰੇ ਪਾਸੇ ਮਿਲਾਵਟਖੋਰੀ ਨਾਲ ਲੋਕਾਂ ਦੀ ਸਿਹਤ ਨਾਲ ਖਿਲਵਾੜ ਕਰਨ ਵਾਲੇ ਮੁਨਾਫ਼ਾਖੋਰਾਂ 'ਤੇ ਕਰੜਾ ਸ਼ਿਕੰਜ਼ਾ ਕੱਸਣ ਦੀ ਲੋੜ ਹੈ।

**ਕੀ ਕਹਿੰਦੇ ਹਨ ਖੇਤੀ ਮਾਹਿਰ ?**

ਡਾ. ਅੰਮ੍ਰਿਤ ਸਾਗਰ ਮਿੱਤਲ (ਵਾਈਸ ਚੇਅਰਮੈਨ ਸੋਨਾਲੀਕਾ) ਆਖਦੇ ਹਨ ਕਿ ਬਠਿੰਡਾ, ਮਾਨਸਾ ਅਤੇ ਲੁਧਿਆਣਾ ਦੇ ਖੇਤਾਂ ਵਿਚੋਂ 60 ਫ਼ੀਸਦੀ ਮਿੱਟੀ ਦੇ ਨਮੂਨਿਆਂ ਵਿੱਚ ਐਂਡੋਸਲਫ਼ਾਨ ਅਤੇ ਕਾਰਬੋਫ਼ਿਊਰਾਨ ਵਰਗੇ ਜ਼ਹਿਰੀਲੇ ਰਸਾਇਣਕ ਕੀਟਨਾਸ਼ਕਾਂ ਦੀ ਰਹਿੰਦ-ਖੂੰਹਦ ਪਾਈ ਗਈ ਹੈ। ਇਹ ਖ਼ਤਰਾ ਟਾਈਮ ਬੰਬ ਵਾਂਗ ਚਿਤਾਵਨੀ ਹੈ ਜੋ ਨਾ ਸਿਰਫ਼ ਸਾਡੀਆਂ ਫ਼ਸਲਾਂ ਨੂੰ ਜ਼ਹਿਰ ਦੇ ਰਿਹਾ ਹੈ ਸਗੋਂ ਆਉਣ ਵਾਲੀਆਂ ਪੀੜ੍ਹੀਆਂ ਲਈ ਵੀ ਖ਼ਤਰੇ ਦਾ ਸੰਕੇਤ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਪੰਜਾਬ ਦੇ 85 ਫ਼ੀਸਦੀ ਤੋਂ ਵੱਧ ਰਕਬੇ ਵਿੱਚ ਝੋਨੇ ਅਤੇ ਕਣਕ ਦੀ ਖੇਤੀ 'ਤੇ ਨਿਰਭਰ ਪੰਜਾਬ ਵਿੱਚ ਰਸਾਇਣਕ ਕੀਟਨਾਸ਼ਕਾਂ ਦੀ ਵਧ ਰਹੀ ਖਪਤ ਚਿੰਤਾਜਨਕ ਹੈ। ਰਾਸ਼ਟਰੀ ਪੱਧਰ 'ਤੇ ਕੀਟਨਾਸ਼ਕਾਂ ਦੀ ਖਪਤ 62 ਕਿਲੋ ਪ੍ਰਤੀ ਹੈਕਟੇਅਰ ਹੈ, ਜਦੋਂ ਕਿ ਪੰਜਾਬ ਵਰਗਾ ਛੋਟਾ ਰਾਜ, ਜੋ ਪ੍ਰਤੀ ਹੈਕਟੇਅਰ 77 ਕਿਲੋ ਕੀਟਨਾਸ਼ਕਾਂ ਦੀ ਖਪਤ ਕਰਦਾ ਹੈ, ਯੂ.ਪੀ. ਅਤੇ ਮਹਾਰਾਸ਼ਟਰ ਵਰਗੇ ਵੱਡੇ ਰਾਜਾਂ ਤੋਂ ਬਾਅਦ ਦੇਸ਼ ਵਿੱਚ ਤੀਜੇ ਸਥਾਨ 'ਤੇ ਹੈ। ਇਸ ਪਾਗਲਪਨ ਦੇ ਨਤੀਜੇ ਤਬਾਹਕੁੰਨ ਹਨ। ਸਾਡੀ ਉਪਜਾਊ ਜ਼ਮੀਨ ਬੰਜਰ ਹੁੰਦੀ ਜਾ ਰਹੀ ਹੈ। ਮਿੱਟੀ ਵਿੱਚ ਕੁਦਰਤੀ ਉਪਜਾਊ ਸ਼ਕਤੀ ਨੂੰ ਕਾਇਮ ਰੱਖਣ ਵਾਲੇ ਸੂਖਮ ਜੀਵਾਣੂ ਰਸਾਇਣਕ ਕੀਟਨਾਸ਼ਕਾਂ ਦੀ ਜ਼ਿਆਦਾ ਵਰਤੋਂ ਕਾਰਨ 30 ਤੋਂ 50 ਫ਼ੀਸਦੀ ਤੱਕ ਨਸ਼ਟ ਹੋ ਚੁੱਕੇ ਹਨ। ਇਸ ਦਾ ਸਿੱਧਾ ਅਸਰ ਮਿੱਟੀ ਦੀ ਗੁਣਵੱਤਾ ਅਤੇ ਫ਼ਸਲਾਂ ਦੀ ਪੌਸ਼ਟਿਕ ਸਮਰੱਥਾ 'ਤੇ ਪਿਆ ਹੈ। ਉਹ ਆਖਦੇ ਹਨ ਕਿ ਪੈਸਟੀਸਾਈਡ ਮੈਨੇਜਮੈਂਟ 'ਤੇ ਅੰਤਰਰਾਸ਼ਟਰੀ ਕੋਡ ਆਫ਼ ਕੰਡਕਟ ਦੀਆਂ ਹਦਾਇਤਾਂ ਅਨੁਸਾਰ ਸਰਕਾਰਾਂ ਅਤੇ ਨਿਰਮਾਣ ਕੰਪਨੀਆਂ ਨੂੰ ਕਿਸਾਨਾਂ ਨੂੰ ਸਹੀ ਸਿਖਲਾਈ ਅਤੇ ਜਾਣਕਾਰੀ ਦੇਣੀ ਚਾਹੀਦੀ ਹੈ, ਪਰ ਇਨ੍ਹਾਂ ਹਦਾਇਤਾਂ ਦੀ ਪਾਲਣਾ ਕਰਨ ਲਈ ਸਖਤੀ ਕਰਨ ਦੀ ਲੋੜ ਹੈ।

ਰਸਾਇਣਕ ਕੀਟਨਾਸ਼ਕਾਂ ਨਾਲ ਸਾਡੇ ਭੋਜਨ ਅਤੇ ਖ਼ੂਨ ਵਿੱਚ ਘੁਲਦਾ ਜ਼ਹਿਰ ਸਾਡੀਆਂ ਅਗਲੀਆਂ ਪੀੜ੍ਹੀਆਂ ਲਈ ਤਬਾਹੀ ਮਚਾ ਸਕਦਾ ਹੈ। ਸੁਰੱਖਿਅਤ ਅਤੇ ਟਿਕਾਊ ਖੇਤੀ ਨੂੰ ਯਕੀਨੀ ਬਣਾਉਣ ਦਾ ਇਕੋ-ਇੱਕ ਤਰੀਕਾ ਹੈ ਅੰਤਰਰਾਸ਼ਟਰੀ ਮਾਪਦੰਡਾਂ ਅਨੁਸਾਰ ਕਿਸਾਨ-ਕੇਂਦ੍ਰਿਤ ਕਾਨੂੰਨੀ ਢਾਂਚਾ ਸਥਾਪਤ ਕਰਨਾ।

ਡਾ. ਐੱਸ.ਪੀ. ਐੱਸ ਬਰਾੜ ਸੇਵਾਮੁਕਤ ਡਾਇਰੈਕਟਰ ਪੰਜਾਬ ਐਗਰੀਕਲਚਰ ਐਕਸਟੈਨਸ਼ਨ ਐਂਡ ਟ੍ਰੇਨਿੰਗ ਇੰਸਟੀਚਿਊਟ ਆਖਦੇ ਹਨ ਕਿ ਸਮੱਸਿਆ ਹੈ ਸਾਡੇ ਪੀਣ ਵਾਲੇ ਪਾਣੀ ਵਿੱਚ ਜਿਹੜਾ ਸ਼ਹਿਰਾਂ ਦੇ ਸੀਵਰ ਤੇ ਸਨਅਤ ਨੇ ਖ਼ਰਾਬ ਕੀਤਾ ਹੈ। ਅੱਜ ਪੰਜਾਬ ਵਿੱਚ ਧਰਤੀ ਹੇਠਲੇ ਪਾਣੀ ਦੇ 29 ਫ਼ੀਸਦੀ ਨਮੂਨਿਆਂ ਵਿੱਚ ਯੂਰੇਨੀਅਮ 30 ਪੀਪੀਬੀ ਤੋਂ ਵੱਧ ਪਾਇਆ ਗਿਆ ਜੋ ਭਾਰੀ ਧਾਤ ਹੈ। ਇਹ ਸਿਹਤ ਲਈ ਹਾਨੀਕਾਰਕ ਹੈ। ਸਮੱਸਿਆ ਸਾਡੀ ਐਂਟੀਬਾਇਟਿਕ ਦੀ ਵਰਤੋਂ ਵਿੱਚ ਹੈ। ਕਦੇ ਇਨ੍ਹਾਂ ਦੀ ਗੁਣਵੱਤਾ ਨੂੰ ਜਾਂਚਿਆ ਹੀ ਨਹੀਂ ਜਾਂਦਾ। ਸਮੱਸਿਆ ਸਾਡੇ ਪ੍ਰਾਸੈਸਡ ਫ਼ੂਡ ਵਿੱਚ ਵੀ ਹੈ ਜਿਨ੍ਹਾਂ ਵਿੱਚ ਲੰਬੇ ਸਮੇਂ ਲਈ ਸੁਰੱਖਿਅਤ ਰੱਖਣ ਲਈ ਰਸਾਇਣ ਪਾਏ ਜਾਂਦੇ ਹਨ। ਇਨ੍ਹਾਂ ਤੋਂ ਧਿਆਨ ਹਟਾਉਣ ਲਈ ਸਾਰਾ ਦੋਸ਼ ਕਿਸਾਨੀ ਸਿਰ ਮੜ੍ਹਿਆ ਜਾ ਰਿਹਾ ਹੈ।

***

## ਚੋਣ ਨਿਯਮਾਂ 'ਚ ਸੋਧ ਨੂੰ

ਕੇਂਦਰ ਸਰਕਾਰ ਨੇ ਸੀਸੀਟੀਵੀ ਕੈਮਰੇ ਅਤੇ ਵੈੱਬਕਾਸਟਿੰਗ ਫੁਟੇਜ ਦੇ ਨਾਲ- ਨਾਲ ਉਮੀਦਵਾਰਾਂ ਦੀਆਂ ਵੀਡੀਓ ਰਿਕਾਰਡਿੰਗਾਂ ਵਰਗੇ ਕੁਝ ਇਲੈਕਟ੍ਰਾਨਿਕ ਦਸਤਾਵੇਜ਼ਾਂ ਦੀ ਜਨਤਕ ਨਿਰੀਖਣ ਨੂੰ ਰੋਕਣ ਲਈ ਚੋਣ ਸਬੰਧੀ ਨਿਯਮਾਂ ਵਿੱਚ ਸੋਧ ਕੀਤੀ ਤਾਂ ਜੋ ਉਨ੍ਹਾਂ ਦੀ ਦੁਰਵਰਤੋਂ ਰੋਕੀ ਜਾ ਸਕੇ। ਚੋਣ ਕਮਿਸ਼ਨ (ਈਸੀ) ਦੀਆਂ ਸਿਫ਼ਾਰਸ਼ਾਂ 'ਤੇ ਕੇਂਦਰੀ ਕਾਨੂੰਨ ਮੰਤਰਾਲੇ ਨੇ ਜਨਤਕ ਨਿਰੀਖਣ ਲਈ ਰੱਖੇ ਜਾਣ ਵਾਲੇ 'ਕਾਗਜ਼ਾਂ' ਜਾਂ ਦਸਤਾਵੇਜ਼ਾਂ ਆਦਿ 'ਤੇ ਪਾਬੰਦੀ ਲਾਉਣ ਲਈ ਚੋਣ ਕਰਵਾਉਣ ਸਬੰਧੀ ਨਿਯਮ-1961 ਦੇ ਨਿਯਮ 93 ਵਿੱਚ ਸੋਧ ਕੀਤੀ ਹੈ।

***

## ਫ਼ਤਹਿਗੜ੍ਹ ਸਾਹਿਬ ਵਿਖੇ ਮਾਤਾ ਗੁਜਰ ਕੌਰ ਜੀ

ਉਨ੍ਹਾਂ ਲੰਗਰ ਕਮੇਟੀਆਂ ਨੂੰ ਅਪੀਲ ਕੀਤੀ ਕਿ ਲੰਗਰਾਂ ਵਿੱਚ ਪਲਾਸਟਿਕ ਤੋਂ ਬਣੇ ਭਾਂਡਿਆਂ ਦੀ ਵਰਤੋਂ ਨਾ ਕੀਤੀ ਜਾਵੇ ਅਤੇ ਲੰਗਰਾਂ ਦਾ ਗਿੱਲਾ ਤੇ ਸੁੱਕਾ ਕੂੜਾ ਵੱਖ-ਵੱਖ ਕਰਕੇ ਰੱਖਿਆ ਜਾਵੇ। ਉਨ੍ਹਾਂ ਕਿਹਾ ਕਿ ਲੰਗਰਾਂ ਵਿੱਚ ਲਾਊਡ ਸਪੀਕਰਾਂ ਦੀ ਵਰਤੋਂ ਨਾ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸ਼ਨ ਸੰਗਤ ਦੀ ਸਹੂਲਤ ਲਈ ਪੂਰੀ ਵਚਨਬੱਧਤਾ ਨਾਲ ਕੰਮ ਕਰ ਰਿਹਾ ਹੈ ਤੇ ਸੰਗਤ ਦੀ ਸਹੂਲਤ ਵਿੱਚ ਕੋਈ ਕਮੀ ਨਹੀਂ ਆਵੇਗੀ।

ਜ਼ਿਲ੍ਹਾ ਪੁਲਿਸ ਮੁਖੀ ਡਾ: ਰਵਜੋਤ ਗਰੇਵਾਲ ਨੇ ਦੱਸਿਆ ਕਿ ਸ਼ਹੀਦੀ ਸਭਾ ਦੌਰਾਨ ਲਗਭਗ 3000 ਪੁਲਿਸ ਅਧਿਕਾਰੀ ਤੇ ਮੁਲਾਜ਼ਮ ਤਾਇਨਾਤ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਸ਼ਹੀਦੀ ਸਭਾ ਦੇ ਸਮੁੱਚੇ ਇਲਾਕੇ ਵਿੱਚ ਡਰੋਨ ਕੈਮਰਿਆਂ ਰਾਹੀਂ ਵੀ ਸਖ਼ਤ ਨਿਗ੍ਹਾ ਰੱਖੀ ਜਾਵੇਗੀ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪੁਲਿਸ ਸੰਗਤ ਦੀ ਸੁਰੱਖਿਆ ਤੇ ਸਹੂਲਤ ਲਈ ਪੂਰੀ ਵਚਨਬੱਧਤਾ ਨਾਲ ਕੰਮ ਕਰ ਰਹੀ ਹੈ ਅਤੇ ਸ਼ਹੀਦੀ ਸਭਾ ਦੌਰਾਨ ਸੰਗਤ ਨੂੰ ਕਿਸੇ ਕਿਸਮ ਦੀ ਮੁਸ਼ਕਿਲ ਨਹੀਂ ਆਉਣ ਦਿੱਤੀ ਜਾਵੇਗੀ। ਜ਼ਿਲ੍ਹਾ ਪੁਲਿਸ ਵੱਲੋਂ ਸ਼ਹੀਦੀ ਸਭਾ ਦੌਰਾਨ ਨਿਰਵਿਘਨ ਆਵਾਜਾਈ ਲਈ ਪੂਰੇ ਸ਼ਹਿਰ ਨੂੰ ਵਨ ਵੇਅ ਟਰੈਫਿਕ ਜ਼ੋਨ ਬਣਾਇਆ ਗਿਆ ਹੈ ਤੇ ਸ਼ਹਿਰ ਦੇ ਚਾਰੇ ਪਾਸੇ ਪੈਂਦੀਆਂ ਪ੍ਰਮੁੱਖ ਸੜਕਾਂ 'ਤੇ ਮੁਫਤ ਪਾਰਕਿੰਗ ਸਥਾਪਤ ਕੀਤੀਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪੁਲਿਸ ਵੱਲੋਂ ਸ਼ਹੀਦੀ ਸਭਾ ਦੌਰਾਨ ਮਾੜੇ ਅਨਸਰਾਂ 'ਤੇ ਤਿੱਖੀ ਨਜ਼ਰ ਰੱਖਣ ਲਈ ਸ਼ਹੀਦੀ ਸਭਾ ਦੇ ਸਮੁੱਚੇ ਏਰੀਏ ਵਿੱਚ ਸੀ.ਸੀ.ਟੀ.ਵੀ. ਕੈਮਰੇ ਲਗਾਏ ਗਏ ਹਨ। ਉਨ੍ਹਾਂ ਦੱਸਿਆ ਕਿ ਪੁਲਿਸ ਵੱਲੋਂ ਬਣਾਏ ਜਾਣ ਵਾਲੇ 06 ਪੁਲਿਸ ਸਹਾਇਤਾ ਕੇਂਦਰ ਪੁਲਿਸ ਚੌਂਕੀ ਵਾਂਗ ਕੰਮ ਕਰਨਗੇ ਅਤੇ ਜੇਕਰ ਕਿਸੇ ਸ਼ਰਧਾਲੂ ਨੂੰ ਕਿਸੇ ਕਿਸਮ ਦੀ ਕੋਈ ਪ੍ਰੇਸ਼ਾਨੀ ਪੇਸ਼ ਆਉਂਦੀ ਹੈ ਤਾਂ ਪੁਲਿਸ ਦੇ ਕਿਸੇ ਵੀ ਵਰਦੀਧਾਰੀ ਮੁਲਾਜ਼ਮ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

***

## ਪੰਥਕ ਜਥੇਬੰਦੀਆਂ ਵਿੱਚ ਸ਼੍ਰੋਮਣੀ ਕਮੇਟੀ

ਸ੍ਰ. ਗੁਰਤੇਜ ਸਿੰਘ ਆਈ.ਏ.ਐਸ. ਦਾ ਕਹਿਣਾ ਹੈ ਕਿ ਸਿੱਖ ਸੰਗਤ ਵਿੱਚ ਜਥੇਦਾਰ ਅਕਾਲ ਤਖ਼ਤ ਸਾਹਿਬ ਖ਼ਿਲਾਫ਼ ਰੋਸ ਹੈ ਕਿ ਉਹ ਬਾਦਲ ਦਲ ਨੂੰ ਘੜੀ ਮੁੜੀ ਸਮਾਂ ਕਿਉਂ ਵਧਾ ਰਹੇ ਹਨ? ਇਸ ਕਾਰਨ ਪੰਥ ਵਿੱਚ ਸ਼ੰਕਾਵਾਂ ਪੈਦਾ ਹੋ ਰਹੀਆਂ ਹਨ। ਬਾਦਲ ਦਲ ਦੇ ਆਗੂਆਂ ਨੂੰ ਗੁਰਮਤੇ ਦੀ ਉਲੰਘਣਾ ਕਾਰਨ ਤਨਖ਼ਾਹੀਆ ਕਿਉਂ ਨਹੀਂ ਐਲਾਨਿਆ ਜਾ ਰਿਹਾ? ਗੁਰਤੇਜ ਸਿੰਘ ਦਾ ਕਹਿਣਾ ਹੈ ਕਿ ਸਿੰਘ ਸਾਹਿਬਾਨ ਦੀ ਜਥੇਦਾਰ ਵਿਰਸਾ ਸਿੰਘ ਵਿਰੁੱਧ ਕਾਰਵਾਈ ਦੀ ਜੋ ਵੀਡੀਓ ਰਿਕਾਰਡਿੰਗ ਲੀਕ ਹੋਈ ਹੈ ਉਸ ਬਾਰੇ ਜਥੇਦਾਰ ਅਕਾਲ ਤਖ਼ਤ ਸਾਹਿਬ ਜਾਂਚ ਕਰਵਾਉਣ, ਕਿਉਂਕਿ ਇਹ ਜਥੇਦਾਰ ਅਕਾਲ ਤਖ਼ਤ ਸਾਹਿਬ ਦੇ ਕੋਲ ਸੀਲਬੰਦ ਪਈ ਹੋਈ ਹੈ ਲੇਕਿਨ ਜੋ ਵੀਡੀਓ ਲੀਕ ਹੋਈ ਉਹ ਕਿਵੇਂ ਤੇ ਕਿਥੋਂ ਹੋਈ ਇਹ ਬਹੁਤ ਸ਼ੱਕੀ ਮਸਲਾ ਹੈ। ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਦੱਸ ਚੁੱਕੇ ਹਨ ਕਿ ਵੀਡੀਓ ਰਿਕਾਰਡਿੰਗ ਸ਼੍ਰੋਮਣੀ ਕਮੇਟੀ ਦੇ ਆਈ.ਟੀ. ਸੈੱਲ ਰਾਹੀਂ ਹੋਈ ਸੀ ਲੇਕਿਨ ਇਸ ਦੀ ਰਿਕਾਰਡਿੰਗ ਸਾਰੇ ਪਾਸਿਓਂ ਖ਼ਤਮ ਕਰਵਾ ਕੇ ਇਸ ਦੀ ਸੀਲਬੰਦ ਕਾਪੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਕੋਲ ਰੱਖੀ ਗਈ ਸੀ। ਲੇਕਿਨ ਹੁਣ ਸਮਝਿਆ ਇਹ ਜਾ ਰਿਹਾ ਹੈ ਕਿ ਇਸ ਦੀ ਕਾਪੀ ਸਿੰਘ ਸਾਹਿਬ ਤੋਂ ਇਲਾਵਾ ਕਿਸੇ ਹੋਰ ਨੇ ਵੀ ਰੱਖੀ ਹੋਈ ਸੀ।

**

## ਯੋਗਿੰਦਰ ਯਾਦਵ ਨੂੰ ਸਿੱਖ ਧਰਮ ਤੇ ਰਾਜਨੀਤੀ

ਕਿ ਮਾਸਟਰ ਤਾਰਾ ਸਿੰਘ ਨੇ ਤਕਰੀਬਨ ਚਾਰ ਦਹਾਕਿਆਂ ਤੱਕ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ 'ਤੇ ਆਪਣਾ ਚਮਤਕਾਰੀ ਸਿੱਕਾ ਚਲਾਇਆ ਪਰ ਉਨ੍ਹਾਂ ਦੇ ਜੀਵਨ ਕਾਲ ਦੌਰਾਨ ਉਨ੍ਹਾਂ ਦੀ ਸੰਤਾਨ ਵਿੱਚੋਂ ਕੋਈ ਵੀ ਚੋਣ ਨਹੀਂ ਲੜ ਸਕਿਆ ਅਤੇ ਨਾ ਹੀ ਸ਼੍ਰੋਮਣੀ ਕਮੇਟੀ ਜਾਂ ਅਕਾਲੀ ਦਲ ਵਿੱਚ ਕੋਈ ਅਹੁਦਾ ਸੰਭਾਲ ਸਕਿਆ। ਇਸ ਇਤਿਹਾਸ ਤੋਂ ਅਕਾਲੀ ਦਲ ਨੂੰ ਸੇਧ ਲੈਣ ਦੀ ਲੋੜ ਹੈ।

ਯਾਦਵ ਦੀ ਸਮਝ ਸਿੱਖ ਪਰੰਪਰਾ, ਦਾਰਸ਼ਨਿਕਤਾ ਤੇ ਇਤਿਹਾਸ ਪ੍ਰਤੀ ਕੋਰੀ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਮਕਸਦ ਕੌਮ ਨੂੰ ਆਸਥਾ ਨਾਲ ਸਬੰਧਿਤ ਮਾਮਲਿਆਂ ਵਿੱਚ ਸੇਧ ਪ੍ਰਦਾਨ ਕਰਨਾ ਹੈ। ਉਹ ਇੱਕ ਰਾਜਨੀਤਿਕ ਪਾਰਟੀ ਦੇ ਪੁਨਰਗਠਨ ਦਾ ਆਦੇਸ਼ ਦੇਣ ਦਾ ਅਧਿਕਾਰ ਨਹੀਂ ਰਖਦਾ।

ਜਦ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖ ਪੰਥ ਦਾ ਰਾਜਨੀਤਕ ਤਖ਼ਤ ਸਾਹਿਬ ਹੈ ਜਿਥੋਂ ਮੀਰੀ ਪੀਰੀ ਸਿਧਾਂਤ ਅਨੁਸਾਰ ਸਿੱਖ ਕੌਮ ਆਪਣਾ ਵਜੂਦ ਕਾਇਮ ਰਖਦੀ ਹੈ। ਇਸ ਅਨੁਸਾਰ ਰਾਜਨੀਤੀ ਉੱਪਰ ਨੈਤਿਕਤਾ ਤੇ ਧਰਮ ਦਾ ਕੁੰਡਾ ਰਖਣਾ ਹੈ। ਇਸ ਨੂੰ ਕੋਈ ਦੁਨਿਆਵੀਂ ਤਾਕਤ ਨਹੀਂ ਬਦਲ ਸਕਦੀ। ਸ੍ਰੀ ਅਕਾਲ ਤਖ਼ਤ ਸਾਹਿਬ ਸਥਾਪਨਾ ਤੋਂ ਲੈ ਕੇ ਅੱਜ ਤੱਕ ਸਿੱਖੀ ਦੇ ਸਿਧਾਂਤਕ ਸਮੂਹ ਦੀ ਪ੍ਰਤੀਨਿਧਤਾ ਕਰਨ ਵਾਲਾ ਚੇਤਨਾਮਈ ਕੇਂਦਰ ਰਿਹਾ ਹੈ। ਇਹ ਤਖ਼ਤ ਜਿੱਥੇ ਸਿੱਖ ਕੌਮ ਦੇ ਹਰ ਤਰ੍ਹਾਂ ਦੇ ਧਾਰਮਿਕ, ਸੱਭਿਆਚਾਰਕ ਤੇ ਰਾਜਨੀਤਕ ਮਸਲਿਆਂ ਨਾਲ ਸੰਬੰਧਿਤ ਰਿਹਾ ਹੈ ਉਥੇ ਗੁਰਮਤਿ ਵਿਚਾਰਧਾਰਾ ਦਾ ਅਜਿਹਾ ਅਟੁੱਟ ਅਤੇ ਪ੍ਰਗਟ ਅੰਗ ਹੈ ਜਿਹੜਾ ਸਮੁੱਚੀ ਸਿੱਖ ਚੇਤਨਾ ਦੀ ਪ੍ਰਾਪਤੀ ਹੋ ਚੁੱਕਾ ਹੈ। ਇਹ ਗੁਰੂ ਸਾਹਿਬਾਨ ਦਾ ਅਟਲ ਫ਼ਲਸਫ਼ਾ ਹੈ, ਉਹ ਕਿਸੇ ਕਨੂੰਨ ਦਾ ਹਵਾਲਾ ਦੇਕੇ ਬਦਲਿਆ ਨਹੀਂ ਜਾ ਸਕਦਾ। ਅਕਾਲੀ ਦਲ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਇੱਕ ਭਾਗ ਹੈ। ਇਹ ਫ਼ਲਸਫ਼ਾ ਸਮਝੇ ਬਿਨਾਂ ਵਿਦਵਾਨ ਸੱਜਣ ਯਾਦਵ ਨੂੰ ਸਿੱਖ ਰਾਜਨੀਤੀ ਤੇ ਅਕਾਲ ਤਖ਼ਤ ਸਾਹਿਬ ਉੱਪਰ ਤਲਖ ਟਿਪਣੀ ਕਰਨੀ ਸ਼ੋਭਨੀਕ ਨਹੀਂ ਹੈ।




## ਦਿੱਲੀ ਦੇ ਨਿਰਮਾਣ ’ਚ ਪੰਜਾਬੀਆਂ

ਜਿੱਥੇ ਆਖਰਕਾਰ ਉਸਦੀ ਮੌਤ ਹੋ ਗਈ। ਅਫ਼ਸੋਸ ਦੀ ਗੱਲ ਹੈ ਕਿ ਜਦੋਂ ਨਵੀਂ ਦਿੱਲੀ ਬਣਾਉਣ ਦੀ ਚਰਚਾ ਕੀਤੀ ਜਾਂਦੀ ਹੈ, ਤਾਂ ਚਿਹਰੇ ਰਹਿਤ ਕਾਮਿਆਂ ਦੀ ਭੂਮਿਕਾ ਨੂੰ ਅਕਸਰ ਨਜ਼ਰਅੰਦਾਜ਼ ਕੀਤਾ ਜਾਂਦਾ ਹੈ। ਜ਼ਿਆਦਾਤਰ ਮਜ਼ਦੂਰਾਂ ਨੂੰ ਜੈਪੁਰ, ਜੋਧਪੁਰ, ਭੀਲਵਾੜਾ ਅਤੇ ਰਾਜਸਥਾਨ ਦੇ ਹੋਰ ਹਿੱਸਿਆਂ ਤੋਂ ਦਿੱਲੀ ਲਿਆਂਦਾ ਗਿਆ ਸੀ। ਉਹ ਆਪਣੇ ਪਰਿਵਾਰਾਂ ਸਮੇਤ ਆਏ ਸਨ। ਸ਼ੁਰੂ ਵਿੱਚ ਉਨ੍ਹਾਂ ਨੂੰ ਪਹਾੜਗੰਜ ਵਿੱਚ ਰੱਖਿਆ ਗਿਆ ਸੀ। ਉਹ ਆਪਣੇ ਪਿੰਡਾਂ ਤੋਂ ਦਿੱਲੀ ਤੱਕ ਦਾ ਸਾਰਾ ਰਸਤਾ ਪੈਦਲ ਹੀ ਤੈਅ ਕਰਕੇ ਆਏ ਸਨ। ਇਹ ਸਾਧਾਰਨ ਮਜ਼ਦੂਰ ਇੱਕ ਰੁਪਿਆ ਦਿਹਾੜੀ ਕਮਾਉਂਦੇ ਸਨ, ਜਦੋਂ ਕਿ ਮਹਿਲਾ ਮਜ਼ਦੂਰਾਂ ਨੂੰ ਅੱਠ ਆਨੇ (ਅੱਧਾ ਰੁਪਿਆ) ਮਿਲਦਾ ਸੀ। ਸਰਕਾਰ ਨੇ ਕਰੋਲ ਬਾਗ ਦੇ ਰਾਗੀਪੁਰਾ ਖੇਤਰ ਵਿੱਚ ਉਨ੍ਹਾਂ ਨੂੰ ਛੋਟੇ ਪਲਾਟ ਅਲਾਟ ਕਰਨੇ ਸ਼ੁਰੂ ਕਰ ਦਿੱਤੇ। ਜਦੋਂ ਕਿ ਜ਼ਿਆਦਾਤਰ ਮਜ਼ਦੂਰ ਰਾਜਸਥਾਨ ਦੇ ਸਨ, ਪੱਥਰ ਬਣਾਉਣ ਵਾਲੇ ਆਗਰਾ ਅਤੇ ਮਿਰਜ਼ਾਪੁਰ ਤੋਂ ਆਏ ਸਨ, ਕੁਝ ਭਰਤਪੁਰ ਤੋਂ। ਉਹ ਪੱਥਰ ਦੀ ਨੱਕਾਸ਼ੀ ਅਤੇ ਜਾਲੀ ਦੇ ਕੰਮ ਵਿੱਚ ਮਾਹਰ ਸਨ। ਉਨ੍ਹਾਂ ਦੇ ਪੂਰਵਜਾਂ ਨੇ ਤਾਜ ਮਹਿਲ, ਲਾਲ ਕਿਲ੍ਹਾ ਅਤੇ ਜਾਮਾ ਮਸਜਿਦ ਵਰਗੇ ਮਹੱਤਵਪੂਰਨ ਸਮਾਰਕ ਬਣਾਏ ਸਨ। ਭਾਰਤ ਦੀ ਨਵੀਂ ਰਾਜਧਾਨੀ, ਨਵੀਂ ਦਿੱਲੀ, ਦਾ ਉਦਘਾਟਨ 13
ਫਰਵਰੀ, 1931 ਨੂੰ ਕੀਤਾ ਗਿਆ ਸੀ। ਡੀ ਜੌਹਨਸਨ ਅਤੇ ਰਿਚਰਡ ਵਾਟਸਨ ਦੀ ਕਿਤਾਬ ਨਵੀਂ ਦਿੱਲੀ: ਦ ਲਾਸਟ ਇੰਪੀਰੀਅਲ ਸਿਟੀ ਦੇ ਅਨੁਸਾਰ, ਕਿੰਗ ਜਾਰਜ ਪੰਜਵੇਂ ਨੇ 31 ਦਸੰਬਰ, 1926 ਨੂੰ ਇਸ ਦੇ ਉਦਘਾਟਨ ਤੋਂ ਪਹਿਲ ਨਵੀਂ ਰਾਜਧਾਨੀ ਦਾ ਨਾਮ ਨਵੀਂ ਦਿੱਲੀ ਰੱਖਣ ਦੀ ਪ੍ਰਵਾਨਗੀ ਦਿੱਤੀ ਸੀ। ਨਵੀਂ ਦਿੱਲੀ ਨੂੰ ਅੰਤਿਮ ਰੂਪ ਦੇਣ ਤੋਂ ਪਹਿਲਾਂ, ਇੰਪੀਰੀਅਲ ਦਿੱਲੀ, ਰਾਇਸੀਨਾ ਅਤੇ ਦਿੱਲੀ ਦੱਖਣੀ ਵਰਗੇ ਨਾਵਾਂ ’ਤੇ ਵਿਚਾਰ ਕੀਤਾ ਗਿਆ ਸੀ। ਹਾਲਾਂਕਿ, ਇਹ ਸਹਿਮਤੀ ਬਣੀ ਸੀ ਕਿ ਨਾਮ ਵਿੱਚ ਦਿੱਲੀ ਸ਼ਾਮਲ ਹੋਣਾ ਚਾਹੀਦਾ ਹੈ। ਫੈਸਲੇ ਤੋਂ ਬਾਅਦ ਅਧਿਕਾਰਤ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ। ਉਦੋਂ ਤੱਕ, ਵਾਇਸਰਾਏ ਹਾਊਸ (ਹੁਣ ਰਾਸ਼ਟਰਪਤੀ ਭਵਨ), ਕੌਂਸਲ ਹਾਊਸ (ਸੰਸਦ ਭਵਨ), ਦੱਖਣੀ ਅਤੇ ਉੱਤਰੀ ਬਲਾਕ ਅਤੇ ਨਵੀਂ ਦਿੱਲੀ ਦੀਆਂ ਕਈ ਸੜਕਾਂ ਲਗਭਗ ਮੁਕੰਮਲ ਹੋ ਚੁੱਕੀਆਂ ਸਨ। ਕਨਾਟ ਪਲੇਸ ਮੁਕੰਮਲ ਹੋਣ ਦੇ ਨੇੜੇ ਸੀ ਅਤੇ ਇਹ 1933 ਵਿੱਚ ਖੋਲ੍ਹਿਆ ਗਿਆ।

****

## ਅਕਾਲੀ ਦਲ ਪੰਜਾਬ ਦੀ ਰਾਜਸੀ ਸਿੱਖ

ਗੁਰਦੁਆਰਾ ਸੁਧਾਰ ਕਾਰਜਾਂ ਨੂੰ ਲਗਭਗ ਨੇਪਰੇ ਚਾੜ੍ਹਨ ਮਗਰੋਂ ਹੁਣ ਅਕਾਲੀ ਦਲ ਮੁੱਖ ਰੂਪ ’ਚ ਸਿੱਖਾਂ ਦੀ ਰਾਜਨੀਤਕ ਸ਼ਕਤੀ ਵਜੋਂ ਰਾਜ ਜਾਂ ਦੇਸ਼ ਦੇ ਹੋਰਨਾਂ ਰਾਜਨੀਤਕ ਮਸਲਿਆਂ ’ਚ ਦਿਲਚਸਪੀ ਲੈਣ ਲੱਗਾ। ਸ਼੍ਰੋਮਣੀ ਅਕਾਲੀ ਦਲ ਸਿੱਖਾਂ ਦੀ ਰਾਜਨੀਤਕ ਸ਼ਕਤੀ ਵਜੋਂ ਪ੍ਰਚਾਰਿਆ ਪ੍ਰਸਾਰਿਆ ਜਾਣ ਲੱਗਾ। ਸੰਨ 1937 ’ਚ ਭਾਰਤ ਸਰਕਾਰ ਦੇ ਐਕਟ 1935 ਦੇ ਅਧੀਨ ਚੋਣਾਂ ’ਚ ਹਿੱਸਾ ਲੈ ਕੇ ਪੂਰਨ ਰੂਪ ’ਚ ਇੱਕ ਸਿਆਸੀ ਦਲ ਬਣ ਗਿਆ। ਸੰਨ 1947 ਦੀ ਆਜ਼ਾਦੀ ਮਗਰੋਂ ਪੰਜਾਬ ਇੱਕ ਨਵਾਂ ਰਾਜ ਬਣਿਆ, ਜਿੱਥੇ ਹਿੰਦੂ ਮੁਸਲਿਮ ਤਬਕੇ ਤੋਂ ਇਲਾਵਾ ਸਿੱਖ ਬਹੁ-ਗਿਣਤੀ ’ਚ ਸਨ ਅਤੇ ਇਹੋ ਮੂਲ ਕਾਰਨ ਸ਼੍ਰੋਮਣੀ ਅਕਾਲੀ ਦਲ ਦਾ ਸਿੱਖ ਸਿਆਸਤ ’ਚ ਸਿੱਖਾਂ ਦੀ ਨੁਮਾਇੰਦਗੀ ਦਾ ਅਸਲ ਕਾਰਨ ਵੀ ਸੀ। ਨਤੀਜੇ ਵਜੋਂ ਸ਼੍ਰੋਮਣੀ ਅਕਾਲੀ ਦਲ ਇੱਕ ਮਜ਼ਬੂਤ ਸਿਆਸੀ ਦਲ ਵਜੋਂ ਉੱਭਰਿਆ। ਸੰਨ 1977 ਦੀਆਂ ਸੰਸਦੀ ਚੋਣਾਂ ਸ਼੍ਰੋਮਣੀ ਅਕਾਲੀ ਦਲ ਨੇ ਐਮਰਜੈਂਸੀ ਦੇ ਵਿਰੋਧ ਵਜੋਂ ਜੀਅ-ਜਾਨ ਨਾਲ ਲੜੀਆਂ। ਪੰਜਾਬ ਦੇ ਸਿਆਸੀ ਖੇਮੇ ’ਚ ਹੋਰ ਉਭਾਰ 4 ਅਗਸਤ 1982 ਨੂੰ ਆਰੰਭ ਹੋਏ ਧਰਮ ਯੁੱਧ ਮੋਰਚੇ ਨਾਲ ਆਇਆ। ਸ਼੍ਰੋਮਣੀ ਅਕਾਲੀ ਦਲ ਨੂੰ ਸਿੱਖਾਂ ਦੀ ਪ੍ਰਤੀਨਿਧਤਾ ਲਈ ਆਪ ਮੁਹਾਰੇ ਸਵੀਕਾਰ ਕਰਦਿਆਂ 1985 ਦੀ ਬਰਨਾਲਾ ਸਰਕਾਰ ਨੂੰ ਆਪਣੇ ਦਮ-ਖਮ ’ਤੇ ਰਾਜ ਕਰਨ ਵਰਗੀ ਸ਼ਕਤੀ ਤੱਕ ਲੈ ਆਂਦਾ। ਉਸ ਸਮੇਂ ਅਸੈਂਬਲੀ ਚੋਣਾਂ ’ਚ 73 ਸੀਟਾਂ ਜਿੱਤ ਕੇ ਅਕਾਲੀ ਦਲ ਦੇਸ਼ ਪੱਧਰ ’ਤੇ ਇੱਕ ਸਿਆਸੀ ਸ਼ਕਤੀ ਵਜੋਂ ਉਭਰਿਆ। ਬਿਨਾਂ ਸ਼ੱਕ ਸ਼੍ਰੋਮਣੀ ਅਕਾਲੀ ਦਲ ਨੇ ਸੂਬਾਈ ਅਤੇ ਰਾਸ਼ਟਰੀ ਰਾਜਨੀਤੀ ’ਚ ਇੱਕ ਮਹੱਤਵਪੂਰਨ ਯੋਗਦਾਨ ਪਾਇਆ। ਦਲ ਦੇ ਪਹਿਲੇ ਪ੍ਰਧਾਨ ਸ. ਸੁਰਮੁੱਖ ਸਿੰਘ ਝੱਬਰ ਤੋਂ ਲੈ ਕੇ ਕੌਮੀ ਸਿੱਖ ਲੀਡਰਾਂ ’ਚ ਮਾਸਟਰ ਤਾਰਾ ਸਿੰਘ, ਸੰਤ ਫਤਹਿ ਸਿੰਘ, ਗਿਆਨੀ ਕਰਤਾਰ ਸਿੰਘ, ਬਾਬੂ ਲਾਭ ਸਿੰਘ, ਮੋਹਨ ਸਿੰਘ ਤੁੜ, ਹਰਚੰਦ ਸਿੰਘ ਲੌਂਗੋਵਾਲ, ਜਗਦੇਵ ਸਿੰਘ ਤਲਵੰਡੀ, ਸੁਰਜੀਤ ਸਿੰਘ ਅਤੇ ਸਦੀ ਦੇ ਸ਼ਕਤੀਸ਼ਾਲੀ ਸਿੱਖ ਨੇਤਾ ਵਜੋਂ ਉੱਭਰੇ ਪ੍ਰਕਾਸ਼ ਸਿੰਘ ਬਾਦਲ ਤੱਕ ਸ਼੍ਰੋਮਣੀ ਅਕਾਲੀ ਦਲ ਦਾ ਸਫਰਨਾਵਾਂ ਅਨੇਕਾਂ ਇਤਿਹਾਸਕ ਗਾਥਾਵਾਂ ਦਾ ਬਣਿਆ ਭਾਵੇਂ ਇਸ ਸਫਰ ਦੌਰਾਨ ਕਈ ਵਾਰੀ ਅਕਾਲੀ ਦਲ ਗੁੱਟਬੰਦੀ ਦਾ ਸ਼ਿਕਾਰ ਵੀ ਹੋਇਆ ਅਤੇ ਹੋਰਨਾਂ ਧੜਿਆਂ ’ਚ ਵੀ ਵੰਡਿਆ ਰਿਹਾ ਪਰ ਇਸ ਦੇ ਬਾਵਜੂਦ ਸਮੇਂ ਦੇ ਘਟਨਾਕ੍ਰਮ ਅਨੁਸਾਰ ਅਕਾਲੀ ਦਲ ਨੇ ਪੰਜਾਬ ਨੂੰ ਛੇ ਮੁੱਖ ਮੰਤਰੀ ਅਤੇ ਸੱਤ ਵਾਰ ਰਾਜ ਸੱਤਾ ’ਤੇ ਸਰਕਾਰਾਂ ਬਣਾਉਣ ਦਾ ਸਬੱਬ ਦਿੱਤਾ। ਜਿਸ ਸਮੇਂ ਦੌਰਾਨ ਗੁਰਨਾਮ ਸਿੰਘ, ਸੁਰਜੀਤ ਸਿੰਘ ਬਰਨਾਲਾ ਅਤੇ ਸਭ ਤੋਂ ਵੱਧ ਸਮੇਂ ਸ਼੍ਰੋਮਣੀ ਅਕਾਲੀ ਦਲ ਦੀਆਂ ਸਰਕਾਰਾਂ ਦੀ ਵਾਗਡੋਰ ਪ੍ਰਕਾਸ਼ ਸਿੰਘ ਬਾਦਲ ਹੋਰਾਂ ਨੇ ਸੰਭਾਲੀ। ਸੰਨ 2012 ਤੋਂ 2017 ਤੀਕ ਤਾਂ ਪੰਜਾਬ ਦੀ ਸਿਆਸਤ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਇਤਿਹਾਸ ’ਚ ਇੱਕ ਐਸਾ ਅਧਿਆਏ ਜੁੜਿਆ, ਜਿਸ ਦੀ ਕਲਪਨਾ ਪੰਜਾਬ ਦੀ ਕਿਸੇ ਵੀ ਸਿਆਸੀ ਧਿਰ ਨੇ ਨਹੀਂ ਕੀਤੀ ਸੀ। ਜਦੋਂ ਅਕਾਲੀ ਦਲ ਲਗਾਤਾਰ 2007 ਤੋਂ 2017 ਤੱਕ ਲਗਾਤਾਰ 10 ਸਾਲ ਸੱਤਾ ’ਤੇ ਕਾਬਜ਼ ਰਿਹਾ। ਇਹ ਪੰਜਾਬ ਦੀ ਐਸੀ ਰਾਜਸੀ ਧਿਰ ਸੀ, ਜੋ ਸੱਤਾ ਵਿੱਚ ਲਗਾਤਾਰਤਾ ’ਚ ਵਾਪਸੀ ਕਰ ਸਕੀ ਸੀ। ਐਸੇ ਸ਼ਕਤੀਸ਼ਾਲੀ ਰਾਜ ਸ਼ਾਸ਼ਨ ਦੇ ਬਾਵਜੂਦ ਸਵਾ ਸੌ ਸਾਲ ਹੰਢਾ ਚੁੱਕੀ ਇਹ ਸਿਆਸੀ ਪਾਰਟੀ ਅੱਜ ਬੜੇ ਵੱਡੇ ਸਿਆਸੀ ਸੰਕਟ ’ਚੋਂ ਗੁਜ਼ਰ ਰਹੀ ਹੈ, ਜਿਸ ਦੇ ਸਿੱਟੇ ਵਜੋਂ ਸਿੱਖਾਂ ਦੀ ਸ਼ਕਤੀ ਦੀ ਦੁਰਦਸ਼ਾ ਲਈ ਭਾਵੇਂ ਰਾਜ ਸੱਤਾ ਦੌਰਾਨ ਆਈਆਂ ਊਣਤਾਈਆਂ ਜ਼ਿੰਮੇਵਾਰ ਹਨ ਪਰ ਪੰਜਾਬੀਆਂ ਦੇ ਹੱਕਾਂ ਦੀ ਪਹਿਰੇਦਾਰ ਰਹੀ ਦੇਸ਼ ਦੀ ਪਹਿਲੀ ਰਾਜਸੀ ਸਿੱਖ ਜਥੇਬੰਦੀ ਅੱਜ ਸਿੱਖਾਂ ਦੀ ਏਕਤਾ ਦੀ ਥੁੜ੍ਹ ਕਾਰਨ ਪੰਜਾਬੀਆਂ ਤੋਂ ਮੁੜ ਸੁਰਜੀਤੀ ਅਤੇ ਚੜ੍ਹਦੀਕਲਾ ਲਈ ਸਹਿਯੋਗ ਦੀ ਅਪੀਲ ਕਰਦੀ ਜਾਪ ਰਹੀ ਹੈ। ਸ਼ਾਲਾ ਇਤਿਹਾਸਕ ਜਥੇਬੰਦੀ ਸਮਾਂ ਰਹਿੰਦਿਆਂ ਪੰਜਾਬੀਆਂ ਦੀ ਸਿਰਮੌਰ ਰਾਜਸੀ ਸੱਥ ਵਜੋਂ ਮੁੜ ਸਥਾਪਤ ਹੋਵੇ, ਪਰ ਇਸ ਲਈ ਲੀਡਰਸ਼ਿਪ ਨੂੰ ਤਿਆਗ ਕੇ ਕੁਰਬਾਨੀ ਦੀ ਭਾਵਨਾ ਨਾਲ ਕੰਮ ਕਰਨਾ ਪਵੇਗਾ।

***

## ਸ੍ਰੀ ਗੁਰੂ ਗੋਬਿੰਦ ਸਿੰਘ ਦੇ ਪਰਿਵਾਰ ਦੀਆਂ

ਇਸ ਤੋਂ ਪਹਿਲਾਂ ਕਿ ਫ਼ੌਜੀ ਬੀਬੀ ਨੂੰ ਫੜ ਲੈਂਦੇ, ਉਸ ਨੇ ਬਲਦੀ ਚਿਖਾ ਵਿੱਚ ਛਾਲ ਮਾਰ ਕੇ ਆਪਣੀ ਕੁਰਬਾਨੀ ਦੇ ਦਿੱਤੀ। ਬਾਕੀ ਸਿੰਘਾਂ ਨੇ ਸ਼ਾਹੀ ਫ਼ੌਜਾਂ ਦਾ ਮੁਕਾਬਲਾ ਕਰਦਿਆਂ ਸ਼ਹੀਦੀਆਂ ਪ੍ਰਾਪਤ ਕੀਤੀਆਂ। ਗੁਰੂ ਜੀ ਰਾਹ ਦੇ ਦੁੱਖਾਂ-ਤਕਲੀਫ਼ਾਂ ਨੂੰ ਝੱਲਦਿਆਂ ਖਿਦਰਾਣੇ ਦੀ ਢਾਬ ਪੁੱਜੇ। ਉਦੋਂ ਤੱਕ ਵਿੱਛੜੇ ਕੁਝ ਸਾਥੀ ਅਤੇ ਇਲਾਕੇ ਦੀ ਸੰਗਤ ਉਨ੍ਹਾਂ ਦੇ ਨਾਲ ਹੋ ਗਈ। ਜ਼ਾਲਮ ਦੀ ਫ਼ੌਜ ਵੀ ਪਿੱਛਾ ਕਰਦੀ ਹੋਈ ਇਥੇ ਪੁੱਜ ਗਈ। ਘਮਸਾਣ ਦਾ ਯੁੱਧ ਹੋਇਆ। ਮਜ਼ਲੂਮ ਸਮਝੀਆਂ ਜਾਂਦੀਆਂ ਚਿੜੀਆਂ ਨੇ ਜ਼ਾਲਮ ਬਾਜਾਂ ਦਾ ਡੱਟ ਕੇ ਮੁਕਾਬਲਾ ਕੀਤਾ। ਮਰਜੀਵੜਿਆਂ ਦੀ ਇਸ ਥੋੜ੍ਹੀ ਜਿਹੀ ਗਿਣਤੀ ਨੇ ਸ਼ਾਹੀ ਫ਼ੌਜਾਂ ਨੂੰ ਮੁੜਨ ਲਈ ਮਜਬੂਰ ਕਰ ਦਿੱਤਾ। ਮੁੜ ਸ਼ਾਹੀ ਫ਼ੌਜ ਦਾ ਗੁਰੂ ਜੀ ਉੱਤੇ ਹਮਲਾ ਕਰਨ ਦਾ ਕਦੇ ਵੀ ਹੌਸਲਾ ਨਹੀਂ ਹੋਇਆ। ਇਸ ਯੁੱਧ ’ਚ ਉਨ੍ਹਾਂ 40 ਸਿੰਘਾਂ ਨੇ ਵੀ ਬਹਾਦਰੀ ਨਾਲ ਲੜਦਿਆਂ ਸ਼ਹੀਦੀ ਪ੍ਰਾਪਤ ਕੀਤੀ ਜਿਹੜੇ ਆਨੰਦਪੁਰ ਸਾਹਿਬ ਤੋਂ ਬੇਦਾਵਾ ਲਿਖ ਕੇ ਦੇ ਆਏ ਸਨ। ਗੁਰੂ ਜੀ ਦੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ (9 ਸਾਲ) ਤੇ ਬਾਬਾ ਫ਼ਤਹਿ ਸਿੰਘ (7 ਸਾਲ) ਆਪਣੀ ਦਾਦੀ ਮਾਤਾ ਗੁਜਰੀ ਜੀ ਨਾਲ ਸਰਸਾ ਨਦੀ ਪਾਰ ਕਰਦੇ ਹੋਏ ਗੁਰੂ ਜੀ ਤੋਂ ਵਿੱਛੜ ਗਏ ਸਨ। ਉਨ੍ਹਾਂ ਨਾਲ ਸਿਰਫ਼ ਗੁਰੂ ਘਰ ਦਾ ਰਸੋਈਆ ਗੰਗੂ ਸੀ। ਉਹ ਇਨ੍ਹਾਂ ਨੂੰ ਮੋਰਿੰਡੇ ਲਾਗੇ ਪੈਂਦੇ ਆਪਣੇ ਪਿੰਡ ਸਹੇੜੀ ਲੈ ਗਿਆ। ਕੁਝ ਸ਼ਾਹੀ ਫ਼ੌਜ ਦਾ ਡਰ ਅਤੇ ਕੁਝ ਇਨਾਮ ਮਿਲਣ ਦੇ ਲਾਲਚ ਨਾਲ ਉਸ ਦੀ ਨੀਅਤ ਵਿਗੜ ਗਈ। ਉਸ ਨੇ ਮਾਤਾ ਜੀ ਤੇ ਬੱਚਿਆਂ ਨੂੰ ਗ੍ਰਿਫ਼ਤਾਰ ਕਰਵਾ ਦਿੱਤਾ। ਇੱਕ ਬਜ਼ੁਰਗ ਔਰਤ ਅਤੇ ਦੋ ਮਾਸੂਮ ਬੱਚੇ ਮੁਲਜ਼ਮਾਂ ਦੇ ਰੂਪ ਵਿੱਚ ਸਰਹਿੰਦ ਦੇ ਸੂਬੇਦਾਰ ਵਜ਼ੀਰ ਖਾਨ ਦੇ ਸਾਹਮਣੇ ਪੇਸ਼ ਕੀਤੇ ਗਏ। ਇਸਲਾਮ ਕਬੂਲਣ ਲਈ ਡਰਾਇਆ ਤੇ ਧਮਕਾਇਆ ਗਿਆ, ਤਸੀਹੇ ਦਿੱਤੇ ਗਏ। ਜਦੋਂ ਡਰ ਅਤੇ ਤਸੀਹੇ ਇਨ੍ਹਾਂ ਮਹਾਨ ਰੂਹਾਂ ਨੂੰ ਡਰਾ ਨਾ ਸਕੇ ਤਾਂ ਲਾਲਚ ਦਿੱਤੇ ਗਏ ਪਰ ਸਾਹਿਬਜ਼ਾਦੇ ਅਟਲ ਰਹੇ। ਇਸ ਤੋਂ ਵੱਡੀ ਸਿਰੜ ਤੇ ਸਿਦਕ ਦੀ ਕੋਈ ਹੋਰ ਮਿਸਾਲ ਨਹੀਂ ਹੋ ਸਕਦੀ। ਸੂਬੇਦਾਰ ਨੇ ਗੁੱਸੇ ਵਿੱਚ ਆ ਕੇ ਸਾਹਿਬਜ਼ਾਦਿਆਂ ਨੂੰ ਕੰਧਾਂ ਵਿੱਚ ਚਿਣਵਾਉਣ ਦਾ ਹੁਕਮ ਸੁਣਾ ਦਿੱਤਾ।

ਸੂਬੇਦਾਰ ਨੂੰ ਉਮੀਦ ਸੀ ਕਿ ਸਜ਼ਾ ਸੁਣ ਕੇ ਬੱਚੇ ਡੋਲ ਜਾਣਗੇ ਤੇ ਇਸਲਾਮ ਕਬੂਲ ਕਰ ਲੈਣਗੇ ਪਰ ਬੱਚਿਆਂ ਦੇ ਮੁੱਖ ਉੱਤੇ ਇੱਕ ਇਲਾਹੀ ਨੂਰ ਸੀ, ਉਹ ਸ਼ਹੀਦੀ ਦਾ ਜਾਮ ਪੀਣ ਲਈ ਤਿਆਰ ਸਨ। ਬੱਚੇ ਅਡੋਲ ਖੜ੍ਹੇ ਸਨ ਤੇ ਰਾਜ ਇੱਟਾਂ ਚਿਣ ਰਿਹਾ ਸੀ। ਇਸ ਤੋਂ ਵੱਡਾ ਸ਼ਾਇਦ ਕੋਈ ਹੋਰ ਜ਼ੁਲਮ ਹੋ ਹੀ ਨਹੀਂ ਸਕਦਾ ਅਤੇ ਇਸ ਤੋਂ ਵੱਡੀ ਹੋਰ ਕੋਈ ਕੁਰਬਾਨੀ ਹੋ ਨਹੀਂ ਸਕਦੀ। ਜਦੋਂ ਇਹ ਖ਼ਬਰ ਮਾਤਾ ਗੁਜ਼ਰੀ ਜੀ ਕੋਲ ਪੁੱਜੀ ਤਾਂ ਉਨ੍ਹਾਂ ਨੇ ਅਕਾਲ ਪੁਰਖ ਦਾ ਸ਼ੁਕਰ ਕਰਦਿਆਂ ਆਪਣੇ ਪ੍ਰਾਣ ਤਿਆਗ ਦਿੱਤੇ। ਇੰਝ ਦਸਮੇਸ਼ ਪਿਤਾ ਨੇ ਖ਼ਾਲਸੇ ਦੀ ਸਿਰਜਣਾ ਸ਼ਹੀਦੀ ਰੂਪੀ ਇੱਟਾਂ ਨਾਲ ਕੀਤੀ।

***

## ਇੱਕ ਇਤਿਹਾਸਕ ਮੋੜ

ਪੰਜਾਬ ਵਿੱਚ ਬੇਗੁਨਾਹਾਂ ਸਿੱਖਾਂ ਦੇ ਕਾਤਲਾ ਨੂੰ ਵੀ ਸਜ਼ਾ ਨਹੀਂ ਮਿਲੀ ਅਤੇ ਨਾ ਹੀ ਭਾਈਚਾਰਕ ਸਾਂਝ ਮਜ਼ਬੂਤ ਕਰਨ ਲਈ ਉਦਮ ਹੀ ਹੋਇਆ ਹੈ। ਇਨ੍ਹਾਂ ਦੀ ਅਣਦੇਖੀ ਕਾਰਨ ਹੀ ਸ਼ਾਇਦ ਪਿਛਲੇ 100 ਸਾਲ ਤੋਂ ਸ਼੍ਰੋਮਣੀ ਅਕਾਲੀ ਦਲ ਜੋ ਕਿ ਸਿੱਖ ਧਰਮ ਦੀ ਅਗਵਾਈ ਕਰਦਾ ਰਿਹਾ ਹੈ, ਸਮੇਂ ਸਮੇਂ ਸਿਰ ਲੋਕਾਂ ਵੱਲੋਂ ਅਜਮਾਏ ਜਾਣ ਤੋਂ ਬਾਅਦ, ਹਾਸ਼ੀਏ ’ਤੇ ਜਾ ਚੁੱਕਾ ਹੈ ਅਤੇ ਇਹ ਆਗੂ ਜਿੱਥੇ ਵਿਧਾਨਸਭਾ ਦੀਆਂ 75 ਸੀਟਾਂ ਤੇ ਲੋਕ ਸਭਾ ਦੀਆਂ 13 ਦੀਆਂ 13 ਸੀਟਾਂ ਜਿੱਤਣ ਦੇ ਸਮਰੱਥ ਸਨ ਹੁਣ ਬਹੁਤੀਆਂ ਸੀਟਾਂ ’ਤੇ ਜਮਾਨਤ ਵੀ ਬਚਾਉਣ ਦੇ ਜੋਗੇ ਨਹੀਂ ਰਹੇ। ਸਿੱਖ ਸਮਾਜ ਮੁੱਖ ਤੌਰ ’ਤੇ ਤਿੰਨ ਹਿੱਸਿਆਂ ਵਿੱਚ ਵੰਡਿਆ ਹੋਇਆ ਹੈ, ਵੱਡਾ ਹਿੱਸਾ 1.60 ਕਰੋੜ ਪੰਜਾਬ ਵਿੱਚ ਵਸਦਾ ਹੈ। 50 ਲੱਖ ਦੇ ਕਰੀਬ ਭਾਰਤ ਦੇ ਹੋਰ ਸੂਬਿਆਂ ਵਿੱਚ ਅਤੇ 30 ਲੱਖ ਦੇ ਕਰੀਬ ਵਿਦੇਸ਼ਾਂ ਵਿੱਚ ਵਸਦੇ ਹਨ। ਪੰਜਾਬ ਦਾ ਸਿੱਖ ਅਕਾਲੀ ਦਲ ਤੋਂ ਦੂਰ ਹੋ ਚੁੱਕਿਆ ਹੈ। ਪੰਜਾਬ ਤੋਂ ਬਾਹਰ ਭਾਰਤ ਦੇ ਦੂਜੇ ਸੂਬਿਆਂ ਵਿੱਚ ਵਸਦਾ ਸਿੱਖ ਇੱਕ ਲੜੀ ਵਿੱਚ ਪਰੋਇਆ ਨਹੀਂ ਹੋਇਆ ਅਤੇ ਰਾਜਨੀਤਕ ਤੌਰ ’ਤੇ ਹਾਸ਼ੀਏ ਤੇ ਹੈ। ਵਿਦੇਸ਼ ਵਿੱਚ ਵਸਦੇ ਸਿੱਖਾਂ ਦਾ ਵੀ ਪੰਜਾਬ ਦੇ ਵਿਕਾਸ ਵਿੱਚ ਕੋਈ ਯੋਗਦਾਨ ਨਹੀਂ ਰਿਹਾ, ਪਰ ਉਹ ਪੰਜਾਬ ਦੀ ਰਾਜਨੀਤੀ ਵਿੱਚ ਦਖਲ ਅੰਦਾਜੀ ਜਰੂਰ ਕਰਦੇ ਹਨ। ਵਿਦੇਸ਼ੀ ਵਸਦੇ ਸਿੱਖਾਂ ਨੇ ਨਾ ਤਾਂ ਪੰਜਾਬ ਵਿੱਚ ਖੇਤੀ ਬਾਰੇ ਖੋਜ ਕਰਨ ਤੇ ਕੇਂਦਰ ਬਨਾਉਣ ਵਾਸਤੇ ਕੋਈ ਮੱਦਦ ਕੀਤੀ ਹੈ, ਨਾ ਹੀ ਕੋਈ ਕਾਰਖਾਨਾ ਲਾਇਆ ਹੈ ਤੇ ਨਾ ਹੀ ਕੋਈ ਵੱਡਾ ਕਾਰੋਬਾਰ ਨੌਜਵਾਨਾਂ ਨੂੰ ਰੋਜ਼ਗਾਰ ਦੇਣ ਲਈ ਆਰੰਭ ਕੀਤਾ ਹੈ, ਇਥੋਂ ਤੱਕ ਕਿ ਆਪਣੇ ਜੱਦੀ ਪਿੰਡ ਦੀ ਤਰੱਕੀ ਲਈ ਵੀ ਬਹੁਤਿਆਂ ਵੱਲੋਂ ਸ਼ਾਇਦ ਹੀ ਕੋਈ ਉਪਰਾਲਾ ਕੀਤਾ ਗਿਆ ਹੋਵੇ।

ਸ੍ਰੀ ਦਰਬਾਰ ਸਾਹਿਬ ਦੇ ਬਾਹਰ ਇੱਕ ਤਨਖਾਹੀਆ ਜਦੋਂ ਸੇਵਾ ਕਰ ਰਿਹਾ ਸੀ ਤਾਂ ਇੱਕ ਹੋਰ ਸਿੱਖ ਵੱਲੋਂ, ਉਸਨੂੰ ਮਾਰਨ ਲਈ ਗੋਲੀ ਚਲਾਉਣਾ, ਇਸ ਤੋਂ ਵੀ ਵੱਡੀ ਚਿੰਤਾ ਦਾ ਵਿਸ਼ਾ ਹੈ, ਇੱਕ ਜ਼ਿੰਮੇਵਾਰ ਅਹੁਦੇ ’ਤੇ ਬੈਠੇ ਸਿੱਖ ਆਗੂ ਵੱਲੋਂ ਇੱਕ ਸਿੱਖ ਬੀਬੀ ਆਗੂ ਬਾਰੇ ਮਾੜੇ ਸ਼ਬਦਾਂ ਦੀ ਵਰਤੋਂ, ਸਿੱਖਾਂ ਵਿੱਚ ਸਿਧਾਂਤ ਰਹਿਤ ਆਪਸੀ ਗ੍ਰਹਿ ਯੁੱਧ ਵਰਗੇ ਹਾਲਾਤ ਵੱਲ ਇਸ਼ਾਰਾ ਕਰਦੇ ਹਨ। ਅਮਨ ਪਸੰਦ ਸਿੱਖ ਵਿਦਵਾਨ ਤੇ ਸਿੱਖ ਚਿੰਤਕ, ਡਰ ਕੇ ਘਰ ਬੈਠ ਗਏ ਹਨ, ਇਸ ਤਰ੍ਹਾਂ ਸਿੱਖ ਧਰਮ ਤੇ ਰਾਜਨੀਤੀ ਵਿੱਚ ਖਲਾਅ ਪੈਦਾ ਹੋ ਗਿਆ ਹੈ। ਜਿੱਥੇ ਖਲਾਅ ਹੋਵੇ, ਉਥੇ ਹਨੇਰੀ, ਜਿਸ ਵਿੱਚ ਧੂੜ ਮਿੱਟੀ ਹੁੰਦੀ ਹੈ, ਇਸਨੂੰ ਭਰਦੀ ਹੈ, ਪਰ ਉਹ ਉਦੋਂ ਤੱਕ ਆਬੋ ਹਵਾ ਨੂੰ ਹੋਰ ਵਿਗਾੜ ਦਿੰਦੀ ਹੈ, ਜਦੋਂ ਤੱਕ ਬਾਰਿਸ਼ ਨਾ ਹੋਵੇ, ਇਸ ਲਈ ਸਿੱਖ ਪੰਥ ਦੇ ਧਾਰਮਿਕ ਤੇ ਰਾਜਸੀ ਅਗਵਾਈ ਦੇ ਖਲਾਅ ਵਿੱਚ ਕਿਤੇ ਧੂੜ ਮਿਟੀ ਹੀ ਨਾ ਆ ਜਾਵੇ, ਬਾਰੇ ਸੁਹਿਰਦ ਤੇ ਪੰਥ ਪ੍ਰਸਤ ਲੋਕਾਂ ਨੂੰ ਚਿੰਤਨ ਕਰਕੇ, ਇੱਕ ਸਪੱਸ਼ਟ ਨੀਤੀ ਬਨਾਉਣ ਲਈ ਅੱਗੇ ਆਉਣ ਦੀ ਲੋੜ ਹੈ। ਪੰਜਾਬ ਵਿੱਚ ਕੋਈ ਬਦ—ਅਮਨੀ ਨਾ ਹੋਵੇ ਤੇ ਪੰਜਾਬ ਦੀ ਖੇਤੀ ਤੇ ਉਦਯੋਗ ਵਿਕਸਿਤ ਹੋ ਕੇ, ਨੌਜਵਾਨਾਂ ਨੂੰ ਰੋਜ਼ਗਾਰ ਦੇ ਕੇ, ਪੰਜਾਬ ਦੀ ਆਰਥਿਕਤਾ ਨੂੰ ਮਜ਼ਬੂਤ ਕਰੇ, ਇਹ ਰਸਤਾ ਸਪਸ਼ਟ ਕਰਨਾ ਪਵੇਗਾ।

ਰਾਜਸੀ ਆਗੂ ਧਰਮ ਦੀ, ਰਾਜਨੀਤੀ ਲਈ, ਵਰਤੋਂ ਨਾ ਕਰਨ, ਇਹ ਵੀ ਵਿਚਾਰ ਦਾ ਵਿਸ਼ਾ ਹੈ, ਪੰਜਾਬ ਨੂੰ ਮੁੜ ਅੱਗੇ ਵਧਾਉਣ ਲਈ, ਸਿੱਖ ਕੌਮ ਨੂੰ ਅਮਨ ਸ਼ਾਂਤੀ ਦਾ ਰਾਹ ਫ਼ੜਨਾ ਪਵੇਗਾ। ਭੁੱਲੇ—ਭਟਕੇ ਲੋਕਾਂ ਨੂੰ ਦੁਬਾਰਾ ਸਮਾਜ ਵਿੱਚ ਜੋੜਨ ਲਈ ਉਹਨਾਂ ਦੀ ਮਾਨਸਿਕਤਾ ਬਦਲਣੀ ਵੀ ਜਰੂਰੀ ਹੈ। ਸਿੱਖ ਨੌਜਵਾਨ ਪਤਿਤ ਕਿਉਂ ਹੋ ਰਿਹਾ ਹੈ ਤੇ ਪੰਜਾਬੀ ਭਾਸ਼ਾ ਤੋਂ ਅਨਜਾਣ ਕਿਉਂ ਹੈ ਇਹ ਵੀ ਵਿਚਾਰਨਯੋਗ ਮੁੱਦੇ ਹਨ। ਪਿਛਲੇ 70 ਸਾਲਾਂ ਵਿੱਚ ਹੋਏ ਨੁਕਸਾਨ ਦੀ ਭਰਪਾਈ ਕਰਨ ਦੀ ਥਾਂ ਕਿਧਰੇ ਹੋਰ ਨੁਕਸਾਨ ਨਾ ਹੋ ਜਾਵੇ, ਬਾਰੇ ਸੋਚਣਾ ਬਣਦਾ ਹੈ।

ਸਿੱਖ ਧਰਮ ਚੜ੍ਹਦੀ ਕਲਾ ਦਾ ਧਰਮ ਹੈ, ਪੰਜਾਬ ਤੇ ਪੰਥ ਦੇ ਵਿਕਾਸ ਲਈ, ਗੁਰਮਤਿ ਅਨੁਸਾਰ ਜਿਉਣ ਦੀ ਲੋੜ ਹੈ, ਮਰਨ ਦੀ ਨਹੀਂ। ਆਪ ਚੰਗੇ ਬਣਿਐ ਦੂਜਿਆਂ ਨੂੰ ਬੁਰਾ ਆਖਣ ਦੀ ਲੋੜ ਨਹੀਂ। ਜੇਕਰ ਅਜੇ ਵੀ ਨਾ ਸਮਝੇ ਤਾਂ ਕਿਧਰੇ ਡਾਕਟਰ ਮੁਹੰਮਦ ਇਕਬਾਲ ਦਾ ਇਹ ਸ਼ੇਅਰ ਸੱਚ ਨਾ ਹੋ ਜਾਵੇ।

ਨ ਸਮਝੋਗੇ ਤੋ ਮਿਟ ਜਾਓਗੇ ਐ ਹਿੰਦੋਸਤਾਂ (ਕੌਮ) ਵਾਲੋ
ਤੁਮਹਾਰੀ ਦਾਸਤਾਂ ਤੱਕ ਭੀ ਨ ਹੋਗੀ ਦਾਸਤਾਨੋਂ ਮੇਂ।

(ਚੇਅਰਮੈਨ, ਕੌਮੀ ਘੱਟਗਿਣਤੀ ਕਮਿਸ਼ਨ, ਭਾਰਤ ਸਰਕਾਰ)

***

## ਬਾਲੀਵੁੱਡ ’ਚ ਸ਼ਾਸਤਰੀ ਸੰਗੀਤ

### ਸ਼ਲਾਘਾਯੋਗ ਹੈ ਭਾਰਤੀ ਫ਼ਿਲਮ ਸੰਗੀਤ ’ਚ ਯੋਗਦਾਨ

ਨੌਸ਼ਾਦ ਸਾਹਿਬ ਬਾਲੀਵੁੱਡ ਦੇ ਪਹਿਲੇ ਸੰਗੀਤ ਨਿਰਦੇਸ਼ਕ ਸਨ, ਜਿਨ੍ਹਾਂ ਨੇ 1952 ’ਚ ਬਣੀ ਫ਼ਿਲਮ ‘ਆਨ’ ਲਈ 100 ਸਾਜਿੰਦਿਆਂ ਵਾਲਾ ਆਰਕੈਸਟਰਾ ਵਰਤਿਆ ਸੀ ਤੇ ਫ਼ਿਲਮ ‘ਮੁਗ਼ਲੇ ਆਜ਼ਮ’ ਲਈ 100 ਬੰਦਿਆਂ ਵੱਲੋਂ ਗਾਇਆ ਕੋਰਸ ਰਿਕਾਰਡ ਕਰਵਾਇਆ ਸੀ। ਫ਼ਿਲਮ ‘ਗੰਗਾ ਜਮੁਨਾ’ ਲਈ ਉਨ੍ਹਾਂ ਨੇ ਬਾਲੀਵੁੱਡ ’ਚ ਪਹਿਲੀ ਵਾਰ ਸ਼ੁੱਧ ਭੋਜਪੁਰੀ ਭਾਸ਼ਾ ਵਿੱਚ ਨੈਨ ਲੜ ਜਈ ਹੈਂ ਤੋ ਮਨਵਾ ਮੇਂ ਕਸਕ ਹੂਈ ਬੇ ਕਰੀ’ ਨਾਮਕ ਗੀਤ ਰਿਕਾਰਡ ਕਰਵਾਇਆ ਸੀ। ਸੁਪਰਹਿੱਟ ਫ਼ਿਲਮ ‘ਮੇਰੇ ਮਹਿਬੂਬ’ ਦੇ ਟਾਈਟਲ ਗੀਤ ਦੀ ਰਿਕਾਰਡਿੰਗ ਵਿੱਚ ਉਨ੍ਹਾਂ ਨੇ ਸਿਰਫ਼ ਛੇ ਸਾਜਿੰਦਿਆਂ ਦੀ ਵਰਤੋਂ ਕਰ ਕੇ ਹੈਰਾਨੀਜਨਕ ਪਰ ਸਫ਼ਲ ਤਜਰਬਾ ਕੀਤਾ ਸੀ। ਬਹੁਤ ਘੱਟ ਲੋਕ ਜਾਣਦੇ ਹਨ ਕਿ ਬਤੌਰ ਲੇਖਕ ਉਨ੍ਹਾਂ ਨੇ ‘ਪਾਲਕੀ’ ਅਤੇ ‘ਤੇਰੀ ਪਾਇਲ ਮੇਰੇ ਗੀਤ’ ਨਾਮਕ ਦੋ ਫ਼ਿਲਮਾਂ ਲਿਖੀਆਂ ਸਨ ਤੇ ਬਤੌਰ ਨਿਰਮਾਤਾ ਉਨ੍ਹਾਂ ਨੇ ‘ਮਾਲਿਕ’, ‘ਉੜਨ ਖਟੋਲਾ’ ਤੇ ‘ਬਾਬੁਲ’ ਜਿਹੀਆਂ ਸਫ਼ਲ ਤੇ ਸਾਰਥਿਕ ਫ਼ਿਲਮਾਂ ਵੀ ਬਣਾਈਆਂ ਸਨ। ਉਹ ‘ਇੰਡੀਅਨ ਪਰਫ਼ਾਰਮਿੰਗ ਰਾਈਟਸ ਸੁਸਾਇਟੀ’ ਸਣੇ ਕਈ ਨਾਮਵਰ ਬਾਲੀਵੁੱਡ ਸਬੰਧਿਤ ਸੰਸਥਾਵਾਂ ਦੇ ਮੁਖੀ ਵੀ ਰਹੇ। ਭਾਰਤੀ ਫ਼ਿਲਮ ਸੰਗੀਤ ’ਚ ਉਨ੍ਹਾਂ ਦਾ ਯੋਗਦਾਨ ਅਮਰ ਤੇ ਸ਼ਲਾਘਾਯੋਗ ਹੈ।

### ਮਾਣ-ਸਨਮਾਨ

ਉਨ੍ਹਾਂ ਨੂੰ ਮਿਲੇ ਇਨਾਮਾਂ-ਸਨਮਾਨਾਂ ਦੀ ਸੂਚੀ ਕਾਫ਼ੀ ਲੰਮੀ ਹੈ ਪਰ ਸੰਗੀਤ ਪ੍ਰੇਮੀਆਂ ਨੇ ਉਨ੍ਹਾਂ ਨੂੰ ਜਿਹੜੀ ਮੁਹੱਬਤ ਦਿੱਤੀ, ਉਹ ਲਫ਼ਜ਼ਾਂ ਵਿੱਚ ਬਿਆਨ ਨਹੀਂ ਕੀਤੀ ਜਾ ਸਕਦੀ। ਉਹ ਬਾਲੀਵੁੱਡ ਦੇ ਸਭ ਤੋਂ ਸਤਿਕਾਰਤ ਸੰਗੀਤ ਨਿਰਦੇਸ਼ਕ ਕਹੇ ਜਾਂਦੇ ਸਨ। ਉਨ੍ਹਾਂ ਦੇ ਮਧੁਰ ਸੰਗੀਤ ਨਾਲ ਸਜੀ ਤੇ ਸਾਲ 1957 ’ਚ ਰਿਲੀਜ਼ ਹੋਈ ਫ਼ਿਲਮ ‘ਮਦਰ ਇੰਡੀਆ’ ਬਾਲੀਵੁੱਡ ਦੀ ਉਹ ਪਹਿਲੀ ਫ਼ਿਲਮ ਸੀ, ਜੋ ‘ਆਸਕਰ ਪੁਰਸਕਾਰ’ ਲਈ ਨਾਮਜ਼ਦ ਹੋਈ ਸੀ। ਫ਼ਿਲਮ ‘ਬੈਜੂ ਬਾਵਰਾ’ ਦੇ ਅਮਰ ਸੰਗੀਤ ਲਈ ਉਨ੍ਹਾਂ ਨੂੰ ‘ਫ਼ਿਲਮ-ਫ਼ੇਅਰ ਸਰਬੋਤਮ ਸੰਗੀਤ ਨਿਰਦੇਸ਼ਕ’ ਦਾ ਪੁਰਸਕਾਰ ਦੇ ਕੇ ਸਨਮਾਨਿਤ ਕੀਤਾ ਗਿਆ ਸੀ। 1981 ਵਿੱਚ ਉਨ੍ਹਾਂ ਨੂੰ ‘ਦਾਦਾ ਸਹਿਬ ਫ਼ਾਲਕੇ ਪੁਰਸਕਾਰ’ ਨਾਲ ਨਿਵਾਜਿਆ ਗਿਆ ਤੇ ਭਾਰਤ ਸਰਕਾਰ ਦੇ ਡਾਕ ਵਿਭਾਗ ਨੇ 2013 ’ਚ ਯਾਦਗਾਰੀ ਡਾਕ ਟਿਕਟ ਜਾਰੀ ਕਰ ਕੇ ਉਨ੍ਹਾਂ ਪ੍ਰਤੀ ਆਪਣੀ ਅਕੀਦਤ ਦਾ ਪ੍ਰਗਟਾਵਾ ਕੀਤਾ ਸੀ। ਆਪਣੇ ਸੰਸਾਰਕ ਜੀਵਨ ਦੇ ਅਖ਼ੀਰਲੇ ਵਰ੍ਹਿਆਂ ’ਚ ਉਨ੍ਹਾਂ ਨੇ ਟੀਵੀ ਲੜੀਵਾਰਾਂ ‘ਅਕਬਰ ਦਿ ਗ੍ਰੇਟ’ ਅਤੇ ‘ਦਿ ਸਵੋਰਡ ਆਫ਼ ਟੀਪੂ ਸੁਲਤਾਨ’ ਲਈ ਸੰਗੀਤ ਤਿਆਰ ਕੀਤਾ ਸੀ। 86 ਸਾਲ ਦੀ ਉਮਰ ’ਚ ਅਦਾਕਾਰ-ਨਿਰਦੇਸ਼ਕ ਅਕਬਰ ਖ਼ਾਨ ਦੀ ਫ਼ਿਲਮ ‘ਤਾਜ ਮਹਿਲ-ਐਨ ਇਟਰਨਲ ਸਟੋਰੀ’ ਲਈ ਉਨ੍ਹਾਂ ਨੇ ਸੰਗੀਤ ਨਿਰਦੇਸ਼ਨ ਕੀਤਾ ਸੀ। 5 ਮਈ, 2006 ਨੂੰ ਉਹ ਇਸ ਜਹਾਨੇ-ਫ਼ਾਨੀ ਨੂੰ ਅਲਵਿਦਾ ਆਖ਼ ਗਏ ਸਨ।

***

## ਚੈਂਪੀਅਨਜ਼ ਟਰਾਫ਼ੀ: ਭਾਰਤ ਨਿਰਪੱਖ ਸਥਾਨਾਂ

ਮਹਿਲਾ ਕ੍ਰਿਕਟ ਵਿਸ਼ਵ ਕੱਪ ਅਤੇ ਸ੍ਰੀਲੰਕਾ ’ਚ ਹੋਣ ਵਾਲੇ ਟੀ-20 ਵਿਸ਼ਵ ਕੱਪ ’ਚ ਲਾਗੂ ਹੋਵੇਗਾ। ਇਸ ਦੇ ਨਾਲ ਹੀ ਆਈ.ਸੀ.ਸੀ. ਨੇ ਕਿਹਾ ਕਿ ਚੈਂਪੀਅਨਸ ਟਰਾਫ਼ੀ-2025 ਦੇ ਪ੍ਰੋਗਰਾਮ ਦਾ ਐਲਾਨ ਜਲਦੀ ਹੀ ਕੀਤਾ ਜਾਵੇਗਾ। ਦੱਸਣਯੋਗ ਹੈ ਭਾਰਤ ਨੇ ਸੁਰੱਖਿਆ ਫਿਕਰਾਂ ਦੇ ਮੱਦੇਨਜ਼ਰ ਫਰਵਰੀ-ਮਾਰਚ ’ਚ ਹੋਣ ਵਾਲੀ ਚੈਂਪੀਅਨਜ਼ ਟਰਾਫੀ ਲਈ ਪਾਕਿਸਤਾਨ ਦਾ ਦੌਰਾ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਭਾਰਤ ਨੇ 2008 ਦੇ ਮੁੰਬਈ ਦਹਿਸ਼ਤੀ ਹਮਲੇ ਤੋਂ ਮਗਰੋਂ ਪਾਕਿਸਤਾਨ ’ਚ ਕੋਈ ਵੀ ਮੈਚ ਨਹੀਂ ਖੇਡਿਆ।

****

## ਹਰਿਆਣਾ ਗੁਰਦੁਆਰਾ ਕਮੇਟੀ ਦੀਆਂ

ਬਲਦੇਵ ਸਿੰਘ ਕੈਮਪੁਰੀ ਦੀ ਪ੍ਰਧਾਨਗੀ ਹੇਠ ਹਰਿਆਣਾ ਦੀਆਂ ਕੁੱਲ 40 ਵਾਰਡਾਂ ਦੀਆਂ ਸੀਟਾਂ ’ਤੇ ਸਿੱਖ ਪੰਥਕ ਦਲ ਦੇ ਉਮੀਦਵਾਰ ਖੜ੍ਹੇ ਕੀਤੇ ਜਾਣਗੇ। ਜਗਜੀਤ ਸਿੰਘ ਮੱਕੜ ਤੇ ਸੁਖਬੀਰ ਸਿੰਘ ਬਿੱਟਾ ਨੇ ਕਿਹਾ ਕਿ ਮਨਜੀਤ ਸਿੰਘ ਪੜ੍ਹਿਆ-ਲਿਖਿਆ ਉਮੀਦਵਾਰ ਹੈ।

ਮਨਜੀਤ ਸਿੰਘ ਖ਼ਾਲਸਾ ਨੇ ਸਮੂਹ ਪਤਵੰਤਿਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਜੋ ਜ਼ਿੰਮੇਵਾਰੀ ਉਨ੍ਹਾਂ ਨੂੰ ਸੌਂਪੀ ਗਈ ਹੈ, ਉਸ ਨੂੰ ਉਹ ਇਮਾਨਦਾਰੀ ਨਾਲ ਨਿਭਾਉਣਗੇ। ਇਸ ਮੌਕੇ ਸਾਬਕਾ ਕੌਂਸਲਰ ਨਿਛਾਬਰ ਸਿੰਘ, ਮਾਸਟਰ ਹਰਭਜਨ ਸਿੰਘ ਸੇਠੀ, ਕੌਂਸਲਰ ਪ੍ਰਭਜੀਤ ਸਿੰਘ ਤਨੇਜਾ, ਸੁਰਜੀਤ ਸਿੰਘ ਜੁਨੇਜਾ, ਹਰਵਿੰਦਰ ਸਿੰਘ ਬਿੰਦਰਾ, ਬਲਿਹਾਰ ਸਿੰਘ, ਰਣਬੀਰ ਸਿੰਘ ਧਾਰੀਵਲ, ਨਵਨੀਤ ਸਿੰਘ ਗਾਬਾ, ਸੁਰਜੀਤ ਸਿੰਘ ਨੰਬਰਦਾਰ ਮੌਜੂਦ ਸਨ।

***

## ਵਿਦੇਸ਼ੀ ਧਰਤੀ ’ਤੇ ਸਿੱਖ ਨੌਜਵਾਨ ਸੁਖਵੀਰ

ਹੋ ਕੇ ਇੱਥੋਂ ਦੀ ਜਨਤਾ ਦੀ ਸੇਵਾ ਕਰਦੇ ਹਨ। ਮੈਨੂੰ ਇਹ ਬਹੁਤ ਵਧੀਆ ਲੱਗਿਆ ਹੈ। ਇਸ ਮੌਕੇ ਸੁਖਵੀਰ ਗਰੇਵਾਲ ਨੇ ਆਪਣੇ ਪੂਰੇ ਕਰੀਅਰ ’ਚ ਭਾਈਚਾਰਿਆਂ ਦੀ ਰੱਖਿਆ ਤੇ ਸੇਵਾ ਕਰਨ ਦਾ ਪ੍ਰਣ ਲਿਆ ਤੇ ਕਿਹਾ ਕਿ ਉਸ ਦੇ ਵਿਸ਼ਵਾਸ ਨੇ ਉਸ ਨੂੰ ਦੂਜਿਆਂ ਦੀ ਸੇਵਾ ਕਰਨ ਲਈ ਸੇਧ ਦਿੱਤੀ ਹੈ। ਇਸ ਤੋਂ ਪਹਿਲਾਂ ਗਰੇਵਾਲ ਅਲਾਇੰਸ ਪੁਲਿਸ ਵਿਭਾਗ ਲਈ ਵੀ ਕੰਮ ਕਰ ਚੁੱਕਿਆ ਹੈ ਤੇ ਉਹ ਓਹੀਓ ਸਟੇਟ ਦੀ ਨੈਸ਼ਨਲ ਗਾਰਡ ਵਿੱਚ ਸੇਵਾ ਨਿਭਾਅ ਚੁੱਕਿਆ ਹੈ। ਉਹ ਚਾਰ ਭਾਸ਼ਾਵਾਂ ਵੀ ਬੋਲਦਾ ਹੈ। ਉਸ ਨੇ ਕਿਹਾ ਕਿ ਸਿੱਖ ਧਰਮ ਦਾ ਇੱਕ ਵੱਡਾ ਹਿੱਸਾ ਨਿਰਸਵਾਰਥ ਹੈ। ਉਹ ਆਪਣੇ ਕਰੀਅਰ ਖੇਤਰ ਵਿੱਚ ਇਸਦਾ ਸਮਰਥਨ ਵੀ ਕਰਦਾ ਹੈ।


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com